ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ | ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ

ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Monday, 5 May, 2025) ਪਟਿਆਲਾ ਸੋਮਵਾਰ, 5 ਮਈ, 2025, 23 ਵੈਸਾਖ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 123 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com


## ਫ਼ੌਜ ਨੂੰ ਮਿਲੇਗਾ ਮੋਢੇ 'ਤੇ ਰੱਖ ਕੇ ਚਲਾਉਣ ਵਾਲਾ ਨਵੀਂ ਪੀੜ੍ਹੀ ਦਾ ਏਅਰ ਡਿਫੈਂਸ ਸਿਸਟਮ

ਨਵੀਂ ਦਿੱਲੀ, 4 ਮਈ (ਚ.ਨ.ਸ.) : ਭਾਰਤੀ ਫੌਜ ਨੇ ਦੁਸ਼ਮਣ ਦੇ ਡਰੋਨ, ਹੈਲੀਕਾਪਟਰ ਅਤੇ ਲੜਾਕੂ ਜਹਾਜ਼ਾਂ ਨੂੰ ਮਾਰ ਡੇਗਣ ਲਈ ਮੋਢੇ 'ਤੇ ਰੱਖ ਕੇ ਚਲਾਏ ਜਾਣ ਵਾਲੇ ਨਵੀਂ ਪੀੜ੍ਹੀ ਦੇ ਏਅਰ ਡਿਫੈਂਸ ਸਿਸਟਮ ਨੂੰ ਖਰੀਦਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਰੱਖਿਆ ਅਧਿਕਾਰੀਆਂ ਅਨੁਸਾਰ ਇਹ ਸਿਸਟਮ 'ਮੇਕ ਇਨ

(ਬਾਕੀ ਸਫ਼ਾ 2 'ਤੇ)

'84 ਸਿੱਖ ਨਸਲਕੁਸ਼ੀ 'ਤੇ ਸਾਬਕਾ ਕਾਂਗਰਸ ਪ੍ਰਧਾਨ ਦਾ ਵੱਡਾ ਬਿਆਨ

## ਕਾਂਗਰਸ ਵੱਲੋਂ 80ਵਿਆਂ 'ਚ ਕੀਤੀਆਂ ਗ਼ਲਤੀਆਂ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਹਾਂ: ਰਾਹੁਲ

ਚੜ੍ਹਦੀਕਲਾ ਬਿਊਰੋ

===============

ਨਵੀਂ ਦਿੱਲੀ, 4 ਮਈ : ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਤੇ ਸਾਬਕਾ ਕਾਂਗਰਸ ਪ੍ਰਧਾਨ



ਰਾਹੁਲ ਗਾਂਧੀ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਬਾਰੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਨੇ ਪਹਿਲਾਂ ਬਹੁਤ ਸਾਰੀਆਂ ਗਲਤੀਆਂ ਕੀਤੀਆਂ ਸਨ ਜਦੋਂ ਉਹ ਪਾਰਟੀ ਵਿੱਚ ਨਹੀਂ ਸਨ, ਪਰ ਉਹ ਪਾਰਟੀ ਨੇ ਆਪਣੇ ਇਤਿਹਾਸ ਵਿੱਚ ਜੋ ਵੀ ਗਲਤੀ ਕੀਤੀ ਹੈ, ਉਸ ਦੀ ਜ਼ਿੰਮੇਵਾਰੀ ਖੁਸ਼ੀ ਨਾਲ ਸਵੀਕਾਰ ਕਰਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਪਹਿਲਾਂ ਉਨ੍ਹਾਂ ਜਨਤਕ ਤੌਰ 'ਤੇ ਕਿਹਾ ਸੀ ਕਿ 1980 ਦੇ ਦਹਾਕੇ ਵਿੱਚ ਜੋ ਹੋਇਆ ਉਹ ਗਲਤ ਸੀ। ਰਾਹੁਲ ਗਾਂਧੀ ਨੇ ਇਹ ਟਿੱਪਣੀ 21 ਅਪ੍ਰੈਲ ਨੂੰ ਅਮਰੀਕਾ ਦੀ ਬ੍ਰਾਊਨ ਯੂਨੀਵਰਸਿਟੀ ਵਿਖੇ ਵਾਟਸਨ ਇੰਸਟੀਚਿਊਟ ਫਾਰ ਇੰਟਰਨੈਸ਼ਨਲ ਐਂਡ ਪਬਲਿਕ ਅਫੇਅਰਜ਼ ਵਿਖੇ ਇੱਕ ਸੰਵਾਦ ਸੈਸ਼ਨ ਦੌਰਾਨ ਕੀਤੀ। ਗੱਲਬਾਤ ਦਾ ਵੀਡੀਓ ਸ਼ਨੀਵਾਰ ਨੂੰ ਵਾਟਸਨ ਇੰਸਟੀਚਿਊਟ ਫਾਰ ਇੰਟਰਨੈਸ਼ਨਲ ਐਂਡ ਪਬਲਿਕ ਅਫੇਅਰਜ਼ ਦੇ ਯੂਟਿਊਬ ਚੈਨਲ 'ਤੇ ਅਪਲੋਡ ਕੀਤਾ ਗਿਆ ਸੀ। ਯੂਨੀਵਰਸਿਟੀ 'ਚ ਇਕ ਸਵਾਲ-ਜਵਾਬ ਦੇ ਸੈਸ਼ਨ ਦੌਰਾਨ ਇਕ ਸਿੱਖ ਨੌਜਵਾਨ ਨੇ ਰਾਹੁਲ ਗਾਂਧੀ ਦੇ ਪਹਿਲੇ ਦੇ ਬਿਆਨ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਤੋਂ ਸਵਾਲ ਪੁੱਛੇ। ਉਸ ਨੌਜਵਾਨ ਨੇ ਉਨ੍ਹਾਂ ਨੂੰ ਕਿਹਾ ਕਿ ਭਾਰਤ 'ਚ ਲੜਾਈ ਇਸ ਗੱਲ 'ਤੇ ਕਿ ਕੀ ਸਿੱਖ ਨੂੰ ਪੱਗੜੀ ਪਹਿਨਣ ਦੀ ਮਨਜ਼ੂਰੀ ਦਿੱਤੀ ਜਾਵੇਗੀ, ਕੀ ਸਿੱਖ ਨੂੰ ਕੜਾ ਪਹਿਨਣ ਦੀ ਮਨਜ਼ੂਰੀ ਦਿੱਤੀ ਜਾਵੇਗੀ ਜਾਂ ਗੁਰਦੁਆਰੇ ਜਾਣ ਦੀ ਮਨਜ਼ੂਰੀ ਦਿੱਤੀ ਜਾਵੇਗੀ। ਉਸ ਨੌਜਵਾਨ ਨੇ ਰਾਹੁਲ ਤੋਂ ਪੁੱਛਿਆ ਕਿ ਤੁਸੀਂ ਸਿੱਖਾਂ ਚ ਇਹ ਡਰ ਪੈਦਾ ਕਰਦੇ ਹੋ ਕਿ ਭਾਜਪਾ ਕਿਵੇਂ ਦਿਖੇਗੀ, ਤੁਸੀਂ ਕਿਹਾ ਕਿ ਰਾਜਨੀਤੀ 'ਚ ਨਿਡਰ ਹੋਣਾ ਚਾਹੀਦਾ। ਅਸੀਂ ਸਿਰਫ਼ ਕੜਾ ਪਹਿਨਣਾ ਨਹੀਂ ਚਾਹੁੰਦੇ, ਅਸੀਂ ਸਿਰਫ਼ ਪੱਗੜੀ ਬੰਨ੍ਹਣਾ ਨਹੀਂ ਚਾਹੁੰਦੇ ਅਸੀਂ ਬੋਲਣ ਦੀ ਆਜ਼ਾਦੀ ਚਾਹੁੰਦੇ ਹਾਂ, ਜੋ ਅਤੀਤ 'ਚ ਕਾਂਗਰਸ ਪਾਰਟੀ ਦੇ ਸ਼ਾਸਨ 'ਚ ਨਹੀਂ ਦਿੱਤੀ ਗਈ। ਉਸ ਨੌਜਵਾਨ ਨੇ ਸਾਬਕਾ ਕਾਂਗਰਸ ਆਗੂ ਸੱਜਣ ਕੁਮਾਰ ਦਾ ਜ਼ਿਕਰ ਕੀਤਾ, ਜਿਸ ਨੂੰ 1984 ਦੇ ਦੰਗਿਆਂ

(ਬਾਕੀ ਸਫ਼ਾ 2 'ਤੇ)

ਭਾਰਤ ਵੱਲੋਂ ਵਾਟਰ ਸਟ੍ਰਾਈਕ

# ਸਿੰਧੂ ਜਲ ਸੰਧੀ ਦੀ ਮੁਅੱਤਲੀ ਮਗਰੋਂ ਬਗਲੀਹਾਰ ਡੈਮ ਤੋਂ ਪਾਣੀ ਰੋਕਿਆ



ਚੜ੍ਹਦੀਕਲਾ ਬਿਊਰੋ

===============

ਨਵੀਂ ਦਿੱਲੀ, 4 ਮਈ : ਭਾਰਤ ਨੇ ਚਿਨਾਬ ਨਦੀ 'ਤੇ ਬਗਲੀਹਾਰ ਡੈਮ ਰਾਹੀਂ ਪਾਣੀ ਦਾ ਪ੍ਰਵਾਹ ਰੋਕ ਦਿੱਤਾ ਹੈ ਅਤੇ ਜੇਹਲਮ ਨਦੀ ਉੱਤੇ ਬਣੇ ਕਿਸ਼ਨਗੰਗਾ ਡੈਮ 'ਤੇ ਵੀ ਇਸੇ ਤਰ੍ਹਾਂ ਦੀ ਪੇਸ਼ਬੰਦੀ ਦੀ ਯੋਜਨਾ ਬਣਾ ਰਿਹਾ ਹੈ। ਇਸ ਮਾਮਲੇ ਤੋਂ ਜਾਣੂ ਸੂਤਰ ਨੇ ਕਿਹਾ ਕਿ ਇਹ ਪਣਬਿਜਲੀ ਡੈਮ- ਜੰਮੂ ਦੇ ਰਾਮਬਨ ਵਿੱਚ ਬਗਲੀਹਾਰ ਅਤੇ ਉੱਤਰੀ ਕਸ਼ਮੀਰ ਵਿੱਚ ਕਿਸ਼ਨਗੰਗਾ- ਭਾਰਤ ਨੂੰ ਪਾਣੀ ਛੱਡਣ ਦੇ ਸਮੇਂ ਨੂੰ ਨਿਯਮਤ ਕਰਨ ਦੇ ਸਮਰੱਥ ਬਣਾਉਂਦੇ ਹਨ। ਭਾਰਤ ਨੇ ਜੰਮੂ ਕਸ਼ਮੀਰ ਦੇ ਪਹਿਲਗਾਮ 'ਚ ਅੱਤਵਾਦੀ ਹਮਲੇ ਤੋਂ ਬਾਅਦ ਦਹਾਕਿਆਂ ਪੁਰਾਣੀ ਸੰਧੀ ਨੂੰ ਮੁਅੱਤਲ ਕਰਨ ਦਾ ਫ਼ੈਸਲਾ ਕੀਤਾ। ਇਸ ਹਮਲੇ 'ਚ 26 ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ 'ਚ ਜ਼ਿਆਦਾਤਰ ਸੈਲਾਨੀ ਸਨ। ਵਿਸ਼ਵ ਬੈਂਕ ਦੀ ਵਿਚੋਲਗੀ ਵਾਲੀ ਸਿੰਧੂ ਜਲ ਸੰਧੀ ਨੇ 1960 ਤੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਿੰਧੂ ਨਦੀ ਅਤੇ ਉਸ ਦੀਆਂ ਸਹਾਇਕ ਨਦੀਆਂ ਦੀ ਵਰਤੋਂ ਨੂੰ ਕੰਟਰੋਲ ਕੀਤਾ ਹੈ। ਬਗਲਿਹਾਰ ਬੰਨ੍ਹ ਦੋਵੇਂ ਗੁਆਂਢੀਆਂ ਵਿਚਾਲੇ ਲੰਬੇ ਸਮੇਂ ਤੋਂ ਵਿਵਾਦ ਦਾ ਵਿਸ਼ਾ ਰਿਹਾ ਹੈ। ਪਾਕਿਸਤਾਨ ਇਸ ਮਾਮਲੇ 'ਚ ਵਿਸ਼ਵ ਬੈਂਕ ਦੀ ਵਿਚੋਲਗੀ ਦੀ ਮੰਗ ਕਰ ਚੁੱਕਿਆ ਹੈ। ਪਾਕਿਸਤਾਨ ਨੂੰ ਕਿਸ਼ਨਗੰਗਾ ਬੰਨ੍ਹ ਨੂੰ ਲੈ ਕੇ ਖ਼ਾਸ ਕਰ ਕੇ ਜੇਹਲਮ ਦੀ ਸਹਾਇਕ ਨਦੀ ਨੀਲਮ 'ਤੇ ਇਸ ਦੇ ਪ੍ਰਭਾਵ ਕਾਰਨ ਇਤਰਾਜ਼ ਹੈ। ਭਾਰਤ ਤੋਂ ਪਾਕਿਸਤਾਨ ਵੱਲ ਵਗਣ ਵਾਲੀਆਂ ਇਨ੍ਹਾਂ ਨਦੀਆਂ ਨੂੰ ਦੇਸ਼ ਦੀਆਂ ਜੀਵਨ ਰੇਖਾਵਾਂ ਮੰਨਿਆ ਜਾਂਦਾ ਹੈ ਕਿਉਂਕਿ ਇਹ ਸਿੰਚਾਈ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਇਨ੍ਹਾਂ 'ਤੇ ਨਿਰਭਰ ਕਰਦਾ ਹੈ। ਭਾਰਤ ਦੇ ਇਨ੍ਹਾਂ ਕਦਮਾਂ ਨੇ ਪਾਕਿਸਤਾਨ ਵਿੱਚ ਚਿੰਤਾ ਦੀ ਲਹਿਰ ਪੈਦਾ ਕਰ ਦਿੱਤੀ ਹੈ। ਪਾਕਿਸਤਾਨ ਨੇ ਭਾਰਤ ਦੇ ਪਾਣੀਆਂ ਦੇ ਫੈਸਲਿਆਂ ਨੂੰ ਜੰਗ ਵਰਗੀ ਕਾਰਵਾਈ ਕਰਾਰ

(ਬਾਕੀ ਸਫ਼ਾ 2 'ਤੇ)

## ਭਾਰਤ-ਪਾਕਿ ਸਰਹੱਦ 'ਤੇ ਵਧਿਆ ਤਣਾਅ ! ਫ਼ੌਜ ਨੇ ਦਿੱਤੀ ਚੇਤਾਵਨੀ

ਚੜ੍ਹਦੀਕਲਾ ਬਿਊਰੋ

================

ਪਾਕਿ ਵੱਲੋਂ ਕੰਟਰੋਲ ਰੇਖਾ ਦੇ ਨਾਲ 8 ਥਾਵਾਂ 'ਤੇ ਗੋਲੀਬੰਦੀ ਦੀ ਉਲੰਘਣਾ

ਜੰਮੂ, 4 ਮਈ : ਪਹਿਲਗਾਮ ਹਮਲੇ ਮਗਰੋਂ ਭਾਰਤ-ਪਾਕਿ ਸਰਹੱਦ 'ਤੇ ਤਣਾਅ ਵਧਦਾ ਜਾ ਰਿਹਾ ਹੈ। ਪਾਕਿਸਤਾਨੀ ਫ਼ੌਜ ਵੱਲੋਂ ਬਿਨਾ ਕਿਸੇ ਉਕਸਾਵੇ ਦੇ ਲਗਾਤਾਰ ਜੰਗਬੰਦੀ ਦੀ ਉਲੰਘਣਾ ਕੀਤੀ ਜਾ ਰਹੀ ਹੈ। ਇਸ ਸਬੰਧੀ ਭਾਰਤੀ ਫ਼ੌਜ ਵੱਲੋਂ ਪਾਕਿਸਤਾਨ ਦੇ ਡਾਇਰੈਕਟਰ ਜਨਰਲ ਆਫ਼ ਮਿਲਟਰੀ ਆਪ੍ਰੇਸ਼ਨਜ਼ ਨੂੰ ਹੌਟਲਾਈਨ ਰਾਹੀਂ ਚੇਤਾਵਨੀ ਵੀ ਦਿੱਤੀ ਗਈ ਹੈ, ਇਸ ਦੇ ਬਾਵਜੂਦ ਗੋਲੀਬਾਰੀ ਨਹੀਂ ਰੁੱਕ ਰਹੀ। ਇਸ ਸਬੰਧੀ ਅਧਿਕਾਰੀਆਂ ਨੇ ਕਿਹਾ ਕਿ ਪਾਕਿਸਤਾਨ ਨੇ ਸ਼ਨਿੱਚਰਵਾਰ ਤੇ ਐਤਵਾਰ ਦੀ ਦਰਮਿਆਨੀ ਰਾਤ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਪੰਜ ਜ਼ਿਲ੍ਹਿਆਂ ਵਿਚ ਅੱਠ ਥਾਵਾਂ 'ਤੇ ਗੋਲੀਬੰਦੀ ਦੀ ਉਲੰਘਣਾ ਕੀਤੀ ਹੈ, ਜਿਸ ਦਾ ਭਾਰਤੀ ਫੌਜ ਨੇ ਢੁੱਕਵਾਂ ਜਵਾਬ ਦਿੱਤਾ। ਉਂਝ ਇਸ ਦੌਰਾਨ ਕਿਸੇ ਜਾਨੀ ਨੁਕਸਾਨ

(ਬਾਕੀ ਸਫ਼ਾ 2 'ਤੇ)

## ਭਾਰਤ ਤੇ ਪਾਕਿ 'ਚ ਵਧਦੇ ਤਣਾਅ ਦਰਮਿਆਨ ਹਵਾਈ ਸੈਨਾ ਮੁਖੀ ਵੱਲੋਂ ਮੋਦੀ ਨਾਲ ਮੁਲਾਕਾਤ

ਚੜ੍ਹਦੀਕਲਾ ਬਿਊਰੋ

===============

ਨਵੀਂ ਦਿੱਲੀ, 4 ਮਈ : ਪਹਿਲਗਾਮ ਦਹਿਸ਼ਤੀ ਹਮਲੇ ਨੂੰ ਲੈ ਕੇ ਸ਼ਨਿੱਚਰਵਾਰ ਨੂੰ ਜਲ ਸੈਨਾ ਮੁਖੀ ਐਡਮਿਰਲ ਡੀ.ਕੇ. ਤ੍ਰਿਪਾਠੀ ਵੀ ਪ੍ਰਧਾਨ ਮੰਤਰੀ ਮੋਦੀ ਨੂੰ ਮਿਲੇ ਹਨ। ਜਲ ਸੈਨਾ ਮੁਖੀ ਨੇ ਪ੍ਰਧਾਨ ਮੰਤਰੀ ਨੂੰ



ਭਾਰਤ ਅਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਦਰਮਿਆਨ ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਏ.ਪੀ. ਸਿੰਘ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਹੈ। ਇਸ ਤੋਂ ਪਹਿਲਾਂ ਅਰਬ ਸਾਗਰ ਵਿੱਚ ਨਾਜ਼ੁਕ ਸਮੁੰਦਰੀ ਮਾਰਗਾਂ ਦੀ ਸਮੁੱਚੀ ਸਥਿਤੀ ਬਾਰੇ ਜਾਣਕਾਰੀ ਦਿੱਤੀ ਸੀ। ਇਹ ਮੁਲਾਕਾਤਾਂ ਇਸ ਲਈ ਅਹਿਮ ਹਨ ਕਿਉਂਕਿ ਫਰਵਰੀ 2019 ਵਿੱਚ

(ਬਾਕੀ ਸਫ਼ਾ 2 'ਤੇ)

## ਸਿੱਖਾਂ ਦੇ ਮਸਲੇ ਅਦਾਲਤਾਂ ਦੀ ਥਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲਿਆਂਦੇ ਜਾਣ : ਗਿ. ਗੜਗੱਜ

ਹਰਪ੍ਰੀਤ ਕੌਰ ਟਿਵਾਣਾ

===================

ਫਤਿਹਗੜ੍ਹ ਸਾਹਿਬ, 4 ਮਈ: ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੱਡਾ ਬਿਆਨ ਦਿੰਦਿਆਂ ਕਿਹਾ ਕਿ ਸਿੱਖਾਂ ਦੇ ਮਸਲਿਆਂ ਨੂੰ ਅਦਾਲਤਾਂ ਵਿੱਚ ਲਿਜਾਣ ਦੀ ਬਜਾਏ ਸ਼੍ਰੀ ਅਕਾਲ ਤਖਤ ਸਾਹਿਬ 'ਤੇ ਲਿਆਉਣੇ ਚਾਹੀਦੇ ਹਨ, ਕਿਉਂਕਿ ਗੁਰਮਤਿ ਦੇ ਸਿਧਾਂਤ 'ਤੇ ਚਲਦਿਆਂ ਹੋਇਆਂ ਹਰ ਮਸਲੇ ਦਾ ਹੱਲ ਸੰਵਾਦ ਰਾਹੀਂ ਕੱਢਿਆ ਜਾ ਸਕਦਾ ਹੈ, ਤਾਂ ਹੀ ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਹਰਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਨਾ ਕੀਤੀ ਗਈ ਸੀ ਤਾਂ ਜੋ ਇੱਥੇ ਬੈਠ ਕੇ ਸਿੱਖਾਂ ਦੇ ਮਸਲਿਆਂ ਦੇ ਹੱਲ ਕੱਢੇ ਜਾ ਸਕਣ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਖਮਾਣੋ ਦੇ ਇਤਿਹਾਸਿਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ



ਦਸਵੀਂ ਗੁਰਦੁਆਰਾ ਸ੍ਰੀ ਗੋਬਿੰਦਗੜ੍ਹ ਸਾਹਿਬ ਰਾਣਵਾ ਸਾਹਿਬ ਵਿਖੇ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਸਨ। ਉਹਨਾਂ ਮਾਨਵਤਾ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਦਿੱਤੀਆਂ ਗਈਆਂ ਸਿੱਖਿਆਵਾਂ 'ਤੇ ਪਹਿਰਾ ਦਿੱਤਾ ਜਾਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਮੀਰੀ ਪੀਰੀ ਦੇ ਮਾਲਕ ਸ੍ਰੀ ਹਰਗੋਬਿੰਦ ਸਾਹਿਬ ਨੇ ਹਰ ਸਿੱਖ ਨੂੰ ਆਪਣੇ ਕੋਲ ਰਵਾਇਤੀ ਹਥਿਆਰ (ਸ੍ਰੀ ਸਾਹਿਬ) ਰੱਖਣ ਦਾ ਹੁਕਮ ਦਿੱਤਾ ਸੀ, ਜਿਸ 'ਤੇ ਅੱਜ ਦੇ ਮਾਹੌਲ ਨੂੰ ਦੇਖਦੇ ਹੋਏ ਸਮੁੱਚੀ ਸੰਗਤ ਨੂੰ ਅਮਲ ਕਰਨ ਦੀ ਲੋੜ ਹੈ ਤੇ ਹਰ ਸਿੱਖ ਨੂੰ ਆਪਣੇ ਕੋਲ ਸ੍ਰੀ ਸਾਹਿਬ ਵਰਗੇ ਹਥਿਆਰ ਰੱਖਣ ਦੀ ਲੋੜ ਹੈ ਤਾਂ ਜੋ ਲੋੜ ਪੈਣ 'ਤੇ ਮਜਲੂਮਾਂ ਦੀ ਰੱਖਿਆ ਕੀਤੀ ਜਾ ਸਕੇ ਅਤੇ ਨਾਲ ਹੀ ਅੰਮ੍ਰਿਤ ਛਕ ਕੇ

(ਬਾਕੀ ਸਫ਼ਾ 2 'ਤੇ)

## 'ਇੱਕ ਦੇਸ਼ ਇੱਕ ਚੋਣ' ਦੇ ਵਿੱਤੀ ਪ੍ਰਭਾਵ ਦਾ ਮੁਲਾਂਕਣ ਕਰੇਗਾ ਆਈ.ਸੀ.ਏ.ਆਈ.

ਨਵੀਂ ਦਿੱਲੀ, 4 ਮਈ (ਚ.ਨ.ਸ.) : ਇੰਸਟੀਚਿਊਟ ਆਫ ਚਾਰਟਰਡ ਅਕਾਊਂਟੈਂਟਸ ਆਫ ਇੰਡੀਆ (ਆਈ.ਸੀ.ਏ.ਆਈ.) ਪ੍ਰਸਤਾਵਿਤ 'ਇਕ ਦੇਸ਼ ਇਕ ਚੋਣ' ਸੁਧਾਰ ਦੇ ਵਿੱਤੀ ਪਹਿਲੂਆਂ ਦਾ ਮੁਲਾਂਕਣ ਕਰੇਗਾ। ਇਸ ਨਾਲ ਸਬੰਧਤ ਬਿੱਲ ਦੀ ਜਾਂਚ ਕਰਨ ਵਾਲੀ ਸੰਸਦੀ ਕਮੇਟੀ ਨੂੰ ਇਸ ਦੇ ਵਿੱਤੀ ਪ੍ਰਭਾਵ ਬਾਰੇ ਸਮਝ ਬਣਾਉਣ 'ਚ ਮਦਦ ਮਿਲੇਗੀ। ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਪ੍ਰਧਾਨਗੀ ਵਾਲੀ ਇਕ ਉੱਚ ਪੱਧਰੀ ਕਮੇਟੀ ਨੇ ਮਾਰਚ-2024 'ਚ ਆਪਣੀ ਰਿਪੋਰਟ ਪੇਸ਼ ਕੀਤੀ ਸੀ, ਜਿਸ 'ਚ ਲੋਕਸਭਾ, ਵਿਧਾਨਸਭਾ ਅਤੇ ਸਥਾਨਕ ਬਾਡੀਜ਼ ਦੀ ਚੋਣ ਇਕੱਠੀ ਕਰਵਾਉਣ ਦੀ ਸਿਫਾਰਿਸ਼ ਕੀਤੀ ਗਈ ਹੈ। ਇਸ ਤੋਂ ਬਾਅਦ ਸਰਕਾਰ ਨੇ ਪਿਛਲੇ ਸਾਲ ਦਸੰਬਰ 'ਚ ਸੰਸਦੀ ਅਤੇ ਵਿਧਾਨਸਭਾ ਚੋਣ ਇਕੱਠੀ ਕਰਵਾਉਣ ਨੂੰ ਕਾਨੂੰਨੀ

(ਬਾਕੀ ਸਫ਼ਾ 2 'ਤੇ)

## ਕਾਂਗਰਸ ਨੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਢਾਹਿਆ ਪਰ ਸੁਖਬੀਰ ਨੇ ਸਿਧਾਂਤ ਨੂੰ ਹੀ ਢਹਿ-ਢੇਰੀ ਕੀਤਾ: ਗਿ. ਹਰਪ੍ਰੀਤ ਸਿੰਘ

ਅੰਮ੍ਰਿਤਪਾਲ ਸਿੰਘ

===============

ਚੰਡੀਗੜ੍ਹ, 4 ਮਈ : ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਪੰਜ ਮੈਂਬਰੀ ਭਰਤੀ ਕਮੇਟੀ ਮੈਂਬਰਾਂ ਮਨਪ੍ਰੀਤ ਸਿੰਘ ਇਯਾਲੀ ਅਤੇ ਜੱਥੇਦਾਰ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਅਹਿਮ ਮੀਟਿੰਗ ਹਲਕਾ ਖਰੜ ਦੇ ਬਲਾਕ ਮਾਜਰੀ ਵਿੱਚ ਹੋਈ। ਇਸ ਮੀਟਿੰਗ ਵਿੱਚ ਸਾਬਕਾ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਸੰਗਤ ਦੇ ਸੱਦੇ ਤੇ ਉਚੇਚੇ ਤੌਰ ਤੇ ਹਾਜ਼ਰ ਰਹੇ।



ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਉੱਤੇ ਨਿਸ਼ਾਨੇ ਸਾਧਦੇ ਹੋ ਏ ਕਿਹਾ ਹੈ ਕਿ ਅਕਾਲੀ ਦਲ ਬਣਾਉਣ ਲਈ ਕੁਰਬਾਨੀਆਂ ਦਿੱਤੀਆਂ ਪਰ ਹੁਣ ਬਾਦਲ ਪਰਿਵਾਰ ਇਸ ਨੂੰ ਨਿੱਜੀ ਪਾਰਟੀ ਬਣਾ ਕੇ ਰੱਖ ਦਿੱਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸੁਮੇਧ ਸੈਣੀ ਵਰਗੇ ਵਿਅਕਤੀ ਨੂੰ ਡੀ.ਜੀ.ਪੀ. ਲਗਾ ਕੇ ਬੱਚਿਆ ਦਾ ਘਾਣ ਕਰਵਾਇਆ। ਅਕਾਲੀ ਦਲ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ 15 ਸਾਲ ਲਗਾ ਕੇ ਪਰਿਵਾਰ ਨੂੰ ਨੰਬਰ 1 ਬਣਾਇਆ ਹੈ ਹੁਣ ਤੁਸੀ ਪੰਜਾਬ ਨੂੰ ਨੰਬਰ ਵਨ ਬਣਾਉਣ ਦੀ ਗੱਲ ਕਰਦੇ ਪਏ ਹੋ। ਉਨ੍ਹਾਂ ਨੇ ਕਿਹਾ ਹੈ ਕਿ ਭਗੌੜੇ ਦਲ ਦਾ ਪ੍ਰਧਾਨ ਸੁਖਬੀਰ ਬਾਦਲ ਕਹਿੰਦਾ ਤੁਸੀਂ ਬੀਜੇਪੀ ਨਾਲ ਮਿਲੇ ਹੋਏ ਹੋ, ਅਸੀਂ ਕਹਿੰਦੇ ਹਾਂ ਤੁਸੀਂ ਬੀ.ਜੇ.ਪੀ. ਦੇ ਖਿਲਾਫ਼ ਬੋਲੋ ਅਸੀਂ ਤੁਹਾਡੇ ਨਾਲ 100 ਫੀਸਦ ਚੱਲਾਂਗੇ।

(ਬਾਕੀ ਸਫ਼ਾ 2 'ਤੇ)

## ਪਾਕਿ ਨੂੰ ਖ਼ੁਫ਼ੀਆ ਜਾਣਕਾਰੀ ਭੇਜਣ ਵਾਲੇ ਦੋ ਗ੍ਰਿਫ਼ਤਾਰ

ਅੰਮ੍ਰਿਤਸਰ, 4 ਮਈ (ਬਬਲੂ ਮਹਾਜਨ) : ਭਾਰਤ-ਪਾਕਿਸਤਾਨ ਸਰਹੱਦ ਉੱਤੇ ਪੈਦਾ ਹੋਏ



ਤਣਾਅ ਦੌਰਾਨ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਮੁਸਤੈਦੀ ਤੋਂ ਕੰਮ ਵਿਖਾਉਂਦੇ ਹੋਏ ਸਰਹੱਦੀ ਪੱਟੀ ਵਿੱਚ ਰਹਿਣ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਕਿ ਭਾਰਤੀ ਫੌਜ, ਬੀਐਸਐਫ, ਪੁਲਿਸ ਅਤੇ ਏਅਰ ਫੋਰਸ ਦੀ ਖੁਫ਼ੀਆ ਜਾਣਕਾਰੀ ਪਾਕਿਸਤਾਨ ਦੇ ਹੈਂਡਲਰ ਨਾਲ ਸਾਂਝੀਆਂ ਕਰਦੇ ਸਨ। ਇਸ ਸਬੰਧੀ ਜਾਣਕਾਰੀ ਦਿੰਦੇ ਜ਼ਿਲ੍ਹਾ ਪੁਲਿਸ ਮੁਖੀ ਸਤਿੰਦਰ ਸਿੰਘ

(ਬਾਕੀ ਸਫ਼ਾ 2 'ਤੇ)

## ਪੰਜਾਬ ਤੇ ਹਰਿਆਣਾ ਵਿੱਚ ਮੀਂਹ ਤੇ ਗੜੇਮਾਰੀ

### ਮੰਡੀਆਂ 'ਚ ਕਣਕ ਭਿੱਜੀ; ਮੌਸਮ ਵਿਭਾਗ ਵੱਲੋਂ 5 ਮਈ ਲਈ ਓਰੈਂਜ ਤੇ ਅਗਲੇ ਚਾਰ ਦਿਨ ਲਈ ਯੈਲੋ ਅਲਰਟ ਜਾਰੀ

ਚੜ੍ਹਦੀਕਲਾ ਬਿਊਰੋ

===============

ਚੰਡੀਗੜ੍ਹ, 4 ਮਈ : ਪੰਜਾਬ ਤੇ ਹਰਿਆਣਾ ਵਿੱਚ ਅੱਜ ਮੀਂਹ ਤੇ ਗੜੇਮਾਰੀ ਹੋਈ। ਮੀਂਹ ਕਰਕੇ ਸੂਬੇ ਦਾ ਤਾਪਮਾਨ ਵੀ 5 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ ਹੈ। ਇਸ ਦੌਰਾਨ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਉੱਥੇ ਹੀ ਮੰਡੀਆਂ ਵਿੱਚ ਪਈ ਕਣਕ ਦੀ ਫ਼ਸਲ ਭਿੱਜ ਗਈ ਅਤੇ ਕਈ ਥਾਵਾਂ 'ਤੇ ਵਾਧੂ ਮੀਂਹ ਪੈਣ ਕਰਕੇ ਮੰਡੀਆਂ ਵਿੱਚ ਪਾਣੀ ਖੜ੍ਹਾ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸ਼ਾਮ ਸਮੇਂ ਬਠਿੰਡਾ ਤੇ ਜਲੰਧਰ ਦੇ ਕੁਝ ਇਲਾਕਿਆਂ ਵਿੱਚ ਮੀਂਹ ਦੇ ਨਾਲ-ਨਾਲ ਗੜੇਮਾਰੀ ਵੀ ਹੋਈ ਹੈ। ਇਸ ਤੋਂ ਇਲਾਵਾ ਚੰਡੀਗੜ੍ਹ, ਅੰਮ੍ਰਿਤਸਰ, ਲੁਧਿਆਣਾ, ਪਠਾਨਕੋਟ, ਪਟਿਆਲਾ, ਫਤਹਿਗੜ੍ਹ ਸਾਹਿਬ ਤੇ ਰੋਪੜ ਇਲਾਕੇ ਵਿੱਚ ਮੀਂਹ ਪਿਆ ਹੈ। ਉੱਧਰ ਮੌਸਮ ਵਿਭਾਗ ਨੇ ਪੰਜਾਬ ਵਿੱਚ ਇਹ ਪੂਰਾ ਹਫ਼ਤਾ ਮੌਸਮ ਖਰਾਬ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਲਈ ਮੌਸਮ ਵਿਭਾਗ ਨੇ 5 ਮਈ ਨੂੰ ਓਰੈਂਜ ਅਲਰਟ ਅਤੇ ਅਗਲੇ 4-5 ਦਿਨਾਂ ਲਈ ਯੈਲੋ ਅਲਰਟ ਜਾਰੀ ਕਰ ਦਿੱਤਾ ਹੈ। ਇਸ ਦੌਰਾਨ ਗਰਜ਼ ਤੇ ਚਮਕ ਨਾਲ ਤੇਜ਼



ਹਵਾਵਾਂ ਚੱਲ ਸਕਦੀਆਂ ਹਨ ਅਤੇ ਦਰਮਿਆਨਾ ਮੀਂਹ ਪੈ ਸਕਦਾ ਹੈ। ਪੰਜਾਬ ਦੀਆਂ ਮੰਡੀਆਂ ਵਿੱਚ ਕਣਕ ਦੇ ਅੰਬਾਰ ਲੱਗੇ ਹੋਏ ਹਨ। ਸੂਬਾ ਸਰਕਾਰ ਵੱਲੋਂ ਮੰਡੀਆਂ ਵਿੱਚ ਆਉਣ ਵਾਲੀ ਕਣਕ ਦੀ ਖਰੀਦ ਭਾਵੇਂ ਨਾਲੋਂ-ਨਾਲ ਕੀਤੀ ਜਾ ਰਹੀ ਹੈ, ਪਰ ਲਿਫਟਿੰਗ ਹੌਲੀ ਹੋਣ ਕਰਕੇ ਮੰਡੀਆਂ ਵਿੱਚ ਲੱਗੇ ਕਣਕ ਦੇ ਢੇਰ ਭਿੱਜ ਗਏ ਹਨ। ਮੀਂਹ ਕਰਕੇ ਸਰਕਾਰ ਵੱਲੋਂ ਖਰੀਦੀ ਗਈ ਫ਼ਸਲ ਦਾ ਨੁਕਸਾਨ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਹਾਲਾਂਕਿ ਹਾਲੇ ਪੰਜਾਬ ਵਿੱਚ ਕੁਝ ਕੁ ਕਿਸਾਨਾਂ ਵੱਲੋਂ ਆਪਣੀ ਫ਼ਸਲ ਵੇਚੀ ਨਹੀਂ ਗਈ ਹੈ। ਉਨ੍ਹਾਂ ਕਿਸਾਨਾਂ ਨੂੰ ਜ਼ਰੂਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ।

## ਭਗਵਾਨ ਦੇ ਦਰਸ਼ਨ ਕਰਨ ਗਏ ਕਾਂਗਰਸੀ ਵਿਧਾਇਕ ਦੀ ਕੱਟੀ ਗਈ ਜੇਬ !

ਬਦਰੀਨਾਥ, 4 ਮਈ (ਚੜ੍ਹਦੀਕਲਾ ਬਿਊਰੋ) : ਬਦਰੀਨਾਥ ਧਾਮ ਦੇ ਐਤਵਾਰ ਨੂੰ ਕਿਵਾੜ ਖੁੱਲ੍ਹਣ ਦੌਰਾਨ ਮੌਕੇ ਤੇ ਮੌਜੂਦ ਕਾਂਗਰਸੀ ਵਿਧਾਇਕ ਲਖਪਤ ਬੁਟੋਲਾ ਦੀ ਜੇਬ ਕੱਟ ਗਈ ਅਤੇ ਉਨ੍ਹਾਂ ਦੇ ਕਰੀਬ 50 ਹਜ਼ਾਰ ਰੁਪਏ ਚੋਰੀ ਹੋ ਗਏ। ਸਰਦੀਆਂ 'ਚ 6 ਮਹੀਨੇ ਬੰਦ ਰਹਿਣ ਤੋਂ ਬਾਅਦ ਸਵੇਰੇ 6 ਵਜੇ ਮੰਦਰ ਦੇ ਕਿਵਾੜ ਸ਼ਰਧਾਲੂਆਂ ਲਈ ਖੋਲ੍ਹ ਦਿੱਤੇ ਗਏ। ਇਸ ਮੌਕੇ ਬਦਰੀਨਾਥ ਦੇ ਵਿਧਾਇਕ ਬੁਟੋਲਾ ਵੀ ਆਪਣੇ ਪਰਿਵਾਰ ਨਾਲ ਭਗਵਾਨ ਦੇ ਦਰਸ਼ਨ ਕਰਨ ਲਈ ਮੰਦਰ ਪਹੁੰਚੇ। ਇਸੇ ਦੌਰਾਨ ਕਿਸੇ ਨੇ ਉਨ੍ਹਾਂ ਦੀ ਜੇਬ ਕੱਟ ਦਿੱਤੀ। ਵੱਡੀ ਗਿਣਤੀ 'ਚ ਪੁਲਿਸ ਫ਼ੋਰਸ ਦੀ ਮੌਜੂਦਗੀ ਦੇ ਬਾਵਜੂਦ ਪਹਿਲੇ ਦਿਨ ਹੀ ਬਦਰੀਨਾਥ 'ਚ ਇਹ ਘਟਨਾ ਵਾਪਰੀ। ਵਿਧਾਇਕ ਨੇ ਇਸ ਮੁੱਦੇ ਨੂੰ ਜ਼ਿਆਦਾ ਨਾ ਵਧਾਉਣ ਦੀ ਬੇਨਤੀ ਕਰਦੇ ਹੋਏ ਪੱਤਰਕਾਰਾਂ ਨਾਲ ਗੱਲਬਾਤ

(ਬਾਕੀ ਸਫ਼ਾ 2 'ਤੇ)

## ਮੁਰਸ਼ਿਦਾਬਾਦ ਦੰਗੇ: ਰਾਜਪਾਲ ਨੇ ਕੇਂਦਰ ਨੂੰ ਰਿਪੋਰਟ ਸੌਂਪੀ

### *ਹਾਲਾਤ ਖਰਾਬ ਹੋਣ ਬਾਰੇ ਸੂਬਾ ਸਰਕਾਰ ਨੂੰ ਜਾਣਕਾਰੀ ਸੀ: ਬੋਸ*

ਚੜ੍ਹਦੀਕਲਾ ਬਿਊਰੋ

===============

ਕੋਲਕਾਤਾ, 4 ਮਈ : ਪੱਛਮੀ ਬੰਗਾਲ ਦੇ ਰਾਜਪਾਲ ਸੀ.ਵੀ. ਆਨੰਦ ਬੋਸ ਨੇ ਮੁਰਸ਼ਿਦਾਬਾਦ ਜ਼ਿਲ੍ਹੇ



ਵਿੱਚ ਹਾਲ ਹੀ ਵਿੱਚ ਹੋਏ ਦੰਗਿਆਂ ਬਾਰੇ ਗ੍ਰਹਿ ਮੰਤਰਾਲੇ ਨੂੰ ਇੱਕ ਰਿਪੋਰਟ ਸੌਂਪੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਕੱਟੜਵਾਦ ਅਤੇ ਅਤਿਵਾਦ ਦੀ ਦੋਹਰੀ ਸਮੱਸਿਆ ਸੂਬੇ ਲਈ ਇੱਕ ਗੰਭੀਰ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਹਾਲਾਤ ਖਰਾਬ ਹੋਣ ਬਾਰੇ ਸੂਬਾ ਸਰਕਾਰ ਨੂੰ ਜਾਣਕਾਰੀ ਸੀ ਤੇ ਇਹ ਦੰਗੇ ਪੂਰਵ ਨਿਰਧਾਰਿਤ ਜਾਪਦੇ ਹਨ। ਉਨ੍ਹਾਂ ਰਿਪੋਰਟ ਵਿੱਚ ਬੰਗਲਾਦੇਸ਼ ਦੀ ਸਰਹੱਦ ਨਾਲ ਲੱਗਦੇ ਜ਼ਿਲ੍ਹਿਆਂ ਵਿੱਚ ਇੱਕ ਜਾਂਚ ਕਮਿਸ਼ਨ ਅਤੇ ਕੇਂਦਰੀ ਬਲਾਂ ਜਾਂ ਬੀ.ਐਸ.ਐਫ. ਦੀਆਂ ਚੌਕੀਆਂ ਬਣਾਉਣ ਤੇ ਕੁਝ ਹੋਰ ਸੁਝਾਅ ਦਿੱਤੇ ਹਨ। ਇੱਕ ਅਧਿਕਾਰੀ ਨੇ ਦੱਸਿਆ ਕਿ ਰਾਜਪਾਲ ਨੇ ਧਾਰਾ 356 ਨੂੰ ਲਾਗੂ ਕਰਨ ਦਾ ਪ੍ਰਸਤਾਵ ਨਹੀਂ ਦਿੱਤਾ ਹੈ। ਉਸ ਦਾ ਅਰਥ ਸੀ ਕਿ ਜੇਕਰ ਸੂਬੇ ਵਿੱਚ ਸਥਿਤੀ ਹੋਰ ਵਿਗੜਦੀ ਹੈ ਤਾਂ ਧਾਰਾ 356 ਲਾਉਣ ਦੀਆਂ ਵਿਵਸਥਾਵਾਂ ਕੇਂਦਰ ਲਈ ਖੁੱਲ੍ਹੀਆਂ ਹਨ। ਦੂਜੇ ਪਾਸੇ ਟੀਐਮਸੀ ਨੇ

(ਬਾਕੀ ਸਫ਼ਾ 2 'ਤੇ)

## ਬਦਰੀਨਾਥ ਦੇ ਕਿਵਾੜ ਛੇ ਮਹੀਨੇ ਬਾਅਦ ਖੁੱਲ੍ਹੇ

ਬਦਰੀਨਾਥ, 4 ਮਈ (ਚੜ੍ਹਦੀਕਲਾ ਬਿਊਰੋ) : ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ 'ਚ ਸਥਿਤ ਬਦਰੀਨਾਥ ਮੰਦਰ ਦੇ ਕਿਵਾੜ ਛੇ ਮਹੀਨਿਆਂ ਬਾਅਦ ਅੱਜ ਸ਼ਰਧਾਲੂਆਂ ਲਈ ਖੋਲ੍ਹ



ਦਿੱਤੇ ਗਏ। ਇਸ ਤੋਂ ਪਹਿਲਾਂ ਵੈਦਿਕ ਜਾਪ ਕੀਤੇ ਗਏ ਤੇ ਭਗਵਾਨ ਵਿਸ਼ਨੂੰ ਨੂੰ ਸਮਰਪਿਤ ਮੰਦਰ ਦੇ ਦਰਵਾਜ਼ੇ ਸਵੇਰੇ 6 ਵਜੇ ਖੋਲ੍ਹੇ ਗਏ। ਇਸ ਮੌਕੇ ਵੱਖ-ਵੱਖ ਕਿਸਮਾਂ ਦੇ ਪੰਦਰਾਂ ਟਨ ਫੁੱਲਾਂ ਨਾਲ ਮੰਦਰ ਨੂੰ ਸ਼ਿੰਗਾਰਿਆ ਗਿਆ ਅਤੇ ਭਾਰਤੀ ਫੌਜ ਨੇ ਇਸ ਮੌਕੇ ਭਗਤੀ ਸੰਗੀਤ ਵਜਾਇਆ। ਇਸ ਮੌਕੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ, ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸੂਬਾ ਇਕਾਈ

(ਬਾਕੀ ਸਫ਼ਾ 2 'ਤੇ)

## ਸਰਹੱਦ 'ਤੇ ਤਣਾਅ ਕਾਰਨ ਗੋਲਾ-ਬਾਰੂਦ ਬਣਾਉਣ ਵਾਲੀਆਂ ਆਰਡੀਨੈਂਸ ਫੈਕਟਰੀਆਂ 'ਚ ਛੁੱਟੀਆਂ ਰੱਦ

ਚੜ੍ਹਦੀਕਲਾ ਬਿਊਰੋ

===============

ਨਵੀਂ ਦਿੱਲੀ, 4 ਮਈ : ਭਾਰਤ ਅਤੇ ਪਾਕਿਸਤਾਨ ਦਰਮਿਆਨ ਵਧਦੇ ਤਣਾਅ ਵਿਚਕਾਰ ਮਹਾਰਾਸ਼ਟਰ ਦੇ ਚੰਦਰਪੁਰ ਜ਼ਿਲ੍ਹੇ ਵਿੱਚ ਆਰਡੀਨੈਂਸ ਫੈਕਟਰੀ ਚੰਦਾ ਅਤੇ ਮੱਧ ਪ੍ਰਦੇਸ਼ ਦੇ ਜਬਲਪੁਰ ਜ਼ਿਲ੍ਹੇ ਵਿੱਚ ਆਰਡਨੈਂਸ ਫੈਕਟਰੀ ਖਮਾਰੀਆ (ਓ.ਐੱਫ.ਕੇ.) ਵਿੱਚ ਕੰਮ ਕਰਨ ਵਾਲੇ ਸਾਰੇ ਮੁਲਾਜ਼ਮਾਂ ਦੀਆਂ ਛੁੱਟੀਆਂ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤੀਆਂ ਗਈਆਂ ਹਨ। ਇਹ ਕਦਮ ਅਜਿਹੇ ਸਮੇਂ ਚੁੱਕਿਆ ਗਿਆ ਹੈ ਜਦੋਂ ਦੇਸ਼ ਭਰ ਵਿੱਚ ਰੱਖਿਆ ਤਿਆਰੀਆਂ ਵਧੀਆਂ ਹਨ। ਆਰਡੀਨੈਂਸ ਫੈਕਟਰੀ ਚੰਦਾ ਵੱਲੋਂ ਜਾਰੀ ਇੱਕ ਸਰਕੂਲਰ ਵਿੱਚ ਕਿਹਾ ਗਿਆ ਹੈ ਕਿ ਇਹ ਹੁਕਮ ਮਨੀਸ਼ਨਜ਼ ਇੰਡੀਆ ਲਿਮਿਟਡ (ਐੱਮ.ਆਈ.ਐੱਲ.) ਦੇ ਚੇਅਰਮੈਨ ਅਤੇ





ਪ੍ਰਬੰਧ ਨਿਰਦੇਸ਼ਕ ਦੇ ਨਿਰਦੇਸ਼ਾਂ ਹੇਠ ਜਾਰੀ ਕੀਤਾ ਗਿਆ ਹੈ। ਸਰਕੂਲਰ ਵਿੱਚ ਕਿਹਾ ਗਿਆ ਹੈ ਕਿ ਹਰ ਤਰ੍ਹਾਂ ਦੀਆਂ ਛੁੱਟੀਆਂ ਰੱਦ ਕੀਤੀਆਂ ਜਾਂਦੀਆਂ ਹਨ ਅਤੇ ਸਾਰੇ ਕਰਮਚਾਰੀਆਂ ਲਈ ਬਿਨਾਂ ਕਿਸੇ ਦੇਰੀ ਦੇ ਡਿਊਟੀ ਤੇ ਰਿਪੋਰਟ ਕਰਨਾ ਲਾਜ਼ਮੀ ਹੈ। ਆਦੇਸ਼ ਵਿੱਚ ਕਿਹਾ ਗਿਆ ਹੈ, ਸਾਰੇ ਕਰਮਚਾਰੀਆਂ ਨੂੰ ਇਸ ਨਾਜ਼ੁਕ ਸਮੇਂ ਦੌਰਾਨ ਬਿਨਾਂ ਕਿਸੇ ਅਸਫਲਤਾ ਦੇ ਡਿਊਟੀ ਤੇ ਰਿਪੋਰਟ ਕਰਨ ਅਤੇ ਰਾਸ਼ਟਰੀ ਜ਼ਰੂਰਤਾਂ ਅਨੁਸਾਰ ਨਿਰਵਿਘਨ ਹਾਜ਼ਰੀ ਅਤੇ ਯੋਗਦਾਨ ਨੂੰ ਯਕੀਨੀ ਬਣਾਉਣ ਦੀ ਲੋੜ ਹੈ। ਸਰਕੂਲਰ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਛੋਟ ਸਿਰਫ਼ ਬਹੁਤ ਜ਼ਰੂਰੀ ਹਾਲਾਤਾਂ ਵਿੱਚ ਹੀ ਦਿੱਤੀ ਜਾਵੇਗੀ। ਜਬਲਪੁਰ ਸਥਿਤ ਆਰਡਨੈਂਸ ਫੈਕਟਰੀ ਖਮਾਰੀਆ ਵਿੱਚ ਦੋ ਦਿਨਾਂ ਤੋਂ ਵੱਧ ਦੇ ਅਧਿਕਾਰੀਆਂ

(ਬਾਕੀ ਸਫ਼ਾ 2 'ਤੇ)

## ਭਾਰਤ-ਪਾਕਿ ਸਰਹੱਦ 'ਤੇ ਤਣਾਅ, ਸਰਹੱਦੀ ਪਿੰਡਾਂ 'ਚ ਹੋਇਆ ਬਲੈਕ ਆਊਟ !

ਪਹਿਲਗਾਮ ਹਮਲੇ ਮਗਰੋਂ ਭਾਰਤ-ਪਾਕਿਸਤਾਨ 'ਤੇ ਵਧਦੇ ਤਣਾਅ ਵਿਚਾਲੇ ਬਲੈਕਆਊਟ ਅਭਿਆਸ ਸ਼ੁਰੂ ਹੋ ਗਿਆ ਹੈ। ਸਰਹੱਦ 'ਤੇ ਲਗਾਤਾਰ ਬਦਲਦੇ ਹਾਲਾਤ ਨੂੰ ਵੇਖਦੇ ਹੋਏ ਲੋਕਾਂ ਨੇ ਰਾਸ਼ਨ ਤੇ ਹੋਰ ਖਾਣ-ਪੀਣ ਵਾਲੀ ਸਮੱਗਰੀ ਜੁਟਾਉਣਾ ਸ਼ੁਰੂ ਕਰ ਦਿੱਤਾ ਹੈ। ਲੋਕਾਂ ਵਿਚ ਇਹ ਡਰ ਹੈ ਕਿ ਐਮਰਜੰਸੀ ਦੀ ਸਥਿਤੀ ਵਿਚ ਬਾਜ਼ਾਰ ਪੂਰੀ ਤਰ੍ਹਾਂ ਬੰਦ ਹੋ ਸਕਦੇ ਹਨ। ਫਿਰੋਜ਼ਪੁਰ ਵਿਚ ਪਹਿਲਾਂ ਵੀ ਕਈ ਵਾਰ ਅਜਿਹੇ ਹਾਲਾਤ ਬਣੇ

(ਬਾਕੀ ਸਫ਼ਾ 2 'ਤੇ)

## ਸਵੇਰੇ-ਸਵੇਰੇ ਲੱਗੇ ਭੂਚਾਲ ਦੇ ਝਟਕੇ, ਅਮਰੀਕਾ ਤੋਂ ਭਾਰਤ ਤੱਕ ਕੰਬੀ ਧਰਤੀ

ਵਾਸ਼ਿੰਗਟਨ, 4 ਮਈ (ਚੜ੍ਹਦੀਕਲਾ ਬਿਊਰੋ) : ਅੱਜ ਸਵੇਰੇ ਅਮਰੀਕਾ ਤੇ ਭਾਰਤ ਦੇ ਕਈ ਹਿੱਸਿਆਂ ਵਿੱਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਭਾਵੇਂ ਹੁਣ ਤੱਕ ਕਿਸੇ ਵੀ ਥਾਂ ਤੋਂ ਜਾਨ-ਮਾਲ ਦੇ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ ਪਰ ਵਾਰ-ਵਾਰ ਆ ਰਹੇ ਭੂਚਾਲਾਂ ਨੇ ਲੋਕਾਂ ਦੇ ਮਨਾਂ ਵਿੱਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਅਮਰੀਕਾ ਵਿੱਚ ਪਹਿਲਾ ਜ਼ੋਰਦਾਰ ਭੂਚਾਲ ਸਵੇਰੇ 7:17 ਵਜੇ ਆਇਆ। ਰਿਕਟਰ ਪੈਮਾਨੇ ਤੇ ਇਸਦੀ ਤੀਬਰਤਾ 5.4 ਮਾਪੀ ਗਈ। ਭੂਚਾਲ ਦਾ ਕੇਂਦਰ ਨਿਊ ਮੈਕਸੀਕੋ ਦੇ ਕਾਰਲਸਬੈਡ ਸ਼ਹਿਰ ਤੋਂ ਲਗਭਗ 89 ਕਿਲੋਮੀਟਰ ਦੂਰ ਵ੍ਹਾਈਟ ਸਿਟੀ ਖੇਤਰ ਵਿੱਚ ਸੀ। ਭੂਚਾਲ ਦਾ ਕੇਂਦਰ ਜ਼ਮੀਨ ਦੀ ਸਤ੍ਹਾ ਤੋਂ 7.5 ਕਿਲੋਮੀਟਰ ਦੀ ਡੂੰਘਾਈ ਤੇ ਸਥਿਤ ਸੀ। ਚੰਗੀ ਗੱਲ ਇਹ ਹੈ ਕਿ ਇਸ ਭੂਚਾਲ ਕਾਰਨ ਕਿਸੇ ਵੀ ਤਰ੍ਹਾਂ ਦੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਖ਼ਬਰ

(ਬਾਕੀ ਸਫ਼ਾ 2 'ਤੇ)

ਈ.ਡੀ. ਦੀਆਂ ਸ਼ਕਤੀਆਂ ਦਾ ਮਾਮਲਾ

## ਸੁਪਰੀਮ ਕੋਰਟ ਨੇ ਮੁੜ ਬਣਾਇਆ ਤਿੰਨ ਜੱਜਾਂ ਦਾ ਬੈਂਚ , ਪਟੀਸ਼ਨਾਂ 'ਤੇ ਸੁਣਵਾਈ 7 ਨੂੰ

ਚੜ੍ਹਦੀਕਲਾ ਬਿਊਰੋ

===============

ਨਵੀਂ ਦਿੱਲੀ, 4 ਮਈ : ਦੇਸ਼ ਦੀ ਸਰਵਉਚ ਅਦਾਲਤ ਨੇ ਮਨੀ ਲਾਂਡਰਿੰਗ ਰੋਕਥਾਮ ਐਕਟ ਤਹਿਤ ਈ.ਡੀ. ਵੱਲੋਂ ਸੰਪਤੀਆਂ ਨੂੰ ਕੁਰਕ ਕਰਨ ਦੀਆਂ ਸ਼ਕਤੀਆਂ ਖ਼ਿਲਾਫ਼ ਪਾਈਆਂ ਪਟੀਸ਼ਨਾਂ ਬਾਰੇ ਸੁਣਵਾਈ ਸੱਤ ਮਈ ਨੂੰ ਕੀਤੀ ਜਾਵੇਗੀ ਤੇ ਸੁਪਰੀਮ ਕੋਰਟ ਨੇ ਇਹ ਤੈਅ ਕਰਨ ਲਈ ਤਿੰਨ ਜੱਜਾਂ ਦੇ ਬੈਂਚ ਦਾ ਪੁਨਰਗਠਨ ਕੀਤਾ ਹੈ ਜਿਸ ਵਿਚ ਵਿਚਾਰਿਆ ਜਾਵੇਗਾ ਕਿ ਕੀ ਅਜਿਹੀਆਂ ਸ਼ਕਤੀਆਂ ਨੂੰ ਬਰਕਰਾਰ ਰੱਖਣ ਵਾਲੇ ਉਸ ਦੇ 2022 ਦੇ ਫੈਸਲੇ 'ਤੇ ਪੁਨਰਵਿਚਾਰ ਦੀ ਲੋੜ ਹੈ। ਤਿੰਨ ਮੈਂਬਰੀ ਬੈਂਚ ਵਿਚ ਜਸਟਿਸ ਸੂਰਿਆਕਾਂਤ, ਜਸਟਿਸ ਉੱਜਲ ਭੂਈਆਂ ਤੇ ਜਸਟਿਸ ਐੱਨ.ਕੋਟਿਸ਼ਵਰ ਸਿੰਘ ਹੋਣਗੇ। ਇਸ ਤੋਂ ਪਹਿਲਾਂ ਜਸਟਿਸ ਸੂਰਿਆ ਕਾਂਤ, ਜਸਟਿਸ ਭੂਈਆਂ ਤੇ ਜਸਟਿਸ ਸੀ.ਟੀ. ਰਵੀਕੁਮਾਰ ਦਾ ਬੈਂਚ ਇਸ ਮਾਮਲੇ ਦੀ ਸੁਣਵਾਈ ਕਰ ਰਿਹਾ ਸੀ। ਜਸਟਿਸ ਰਵੀਕੁਮਾਰ 5 ਜਨਵਰੀ ਨੂੰ ਸੇਵਾਮੁਕਤ ਹੋ ਗਏ ਸਨ। ਜਸਟਿਸ ਕਾਂਤ ਨੇ ਕਿਹਾ ਸੀ ਕਿ ਇਸ ਬੈਂਚ ਨੂੰ ਗਲਤ ਤਰੀਕੇ ਨਾਲ ਸੂਚੀਬੱਧ ਕੀਤਾ ਗਿਆ ਅਤੇ ਉਨ੍ਹਾਂ ਵਕੀਲਾਂ ਨੂੰ ਭਰੋਸਾ ਦਿੱਤਾ ਸੀ ਕਿ ਜਲਦੀ ਹੀ ਇਕ ਨਵਾਂ ਤਿੰਨ ਜੱਜਾਂ



(ਬਾਕੀ ਸਫ਼ਾ 2 'ਤੇ)

## ਸੁਪਰੀਮ ਕੋਰਟ ਵੱਲੋਂ ਵਕਫ਼ ਕਾਨੂੰਨ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਅੱਜ

ਨਵੀਂ ਦਿੱਲੀ, 4 ਮਈ (ਚੜ੍ਹਦੀਕਲਾ ਬਿਊਰੋ) : ਦੇਸ਼ ਦੀ ਸਰਵਉਚ ਅਦਾਲਤ ਵਕਫ਼ (ਸੋਧ) ਕਾਨੂੰਨ ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਬਾਰੇ ਪੰਜ ਮਈ ਨੂੰ ਸੁਣਵਾਈ ਕਰੇਗੀ। ਇਸ ਸੋਧ ਐਕਟ ਦੇ ਪਾਸ ਹੋਣ ਤੋਂ ਬਾਅਦ ਇਸ ਦਾ ਦੇਸ਼ ਭਰ ਵਿਚ ਵਿਰੋਧ ਹੋਇਆ ਸੀ ਤੇ ਇਸ ਸਬੰਧੀ ਸੁਪਰੀਮ ਕੋਰਟ ਵਿਚ ਪਟੀਸ਼ਨਾਂ ਪਾਈਆਂ ਗਈਆਂ ਸਨ। ਇਸ ਤੋਂ ਬਾਅਦ ਕੇਂਦਰ ਨੇ 17 ਅਪਰੈਲ ਨੂੰ ਸੁਪਰੀਮ

(ਬਾਕੀ ਸਫ਼ਾ 2 'ਤੇ)

# ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਹਰਜੋਤ ਬੈਂਸ ਵੱਲੋਂ ਲਗਾਤਾਰ ਚੌਥੇ ਦਿਨ ਨੰਗਲ ਡੈਮ ਦਾ ਦੌਰਾ

## ਬਰਸਾਤ ਦੇ ਮੌਸਮ ਦੌਰਾਨ ਹੜ੍ਹਾਂ ਨੂੰ ਰੋਕਣ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ

ਚੰਡੀਗੜ੍ਹ/ ਨੰਗਲ, 4 ਮਈ, (ਚ.ਨ.ਸ.) : ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਮੋਹਰੀ ਭੂਮਿਕਾ ਨਿਭਾ ਰਹੇ ਪੰਜਾਬ ਦੇ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਲਗਾਤਾਰ ਚੌਥੇ ਦਿਨ ਨੰਗਲ ਵਿਖੇ ਭਾਖੜਾ ਡੈਮ ਦਾ ਦੌਰਾ ਕੀਤਾ ਤਾਂ ਜੋ ਹਰਿਆਣਾ ਨੂੰ ਵਾਧੂ ਪਾਣੀ ਨਾ ਛੱਡਿਆ ਜਾਵੇ।



ਡੈਮ ਉੱਤੇ ਜਾਇਜ਼ਾ ਲੈਣ ਉਪਰੰਤ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਖੇਤੀਬਾੜੀ 'ਤੇ ਨਿਰਭਰ ਪੰਜਾਬ ਦੀ ਆਰਥਿਕਤਾ ਲਈ ਪਾਣੀ ਬੇਹੱਦ ਅਹਿਮ ਹੈ। ਉਨ੍ਹਾਂ ਨੇ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਾਣੀ ਸਬੰਧੀ ਲਏ ਗਏ ਫ਼ੈਸਲੇ 'ਤੇ ਅਡੋਲ ਹੈ।

ਸਿੱਖਿਆ ਮੰਤਰੀ ਨੇ ਸਪੱਸ਼ਟ ਕੀਤਾ ਕਿ ਸਥਿਤੀ 'ਤੇ ਨੇੜਿਓਂ ਪੂਰੀ ਨਜ਼ਰ ਰੱਖੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਨੰਗਲ ਡੈਮ ਦਾ ਦੌਰਾ ਕਰ ਚੁੱਕੇ ਹਨ ਅਤੇ ਇਸ ਮੁੱਦੇ ਦੇ ਹੱਲ ਲਈ ਭਲਕੇ 5 ਮਈ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਹੈ। ਪੰਜਾਬ ਦੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਪੰਜਾਬ ਸਰਕਾਰ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਅਤੇ ਰਾਜ ਸਰਕਾਰਾਂ ਪੰਜਾਬ ਦੇ ਹੱਕਾਂ ਉਤੇ ਡਾਕਾ ਨਹੀਂ ਮਾਰ ਸਕਦੀਆਂ। ਆਮ ਆਦਮੀ ਪਾਰਟੀ ਦੇ ਵਰਕਰ ਨਿਰੰਤਰ ਨੰਗਲ ਡੈਮ ਉਤੇ ਪਹਿਰਾ ਦੇ ਰਹੇ ਹਨ ਤਾਂ ਜੋ ਗ਼ੈਰ ਕਾਨੂੰਨੀ ਤਰੀਕੇ ਨਾਲ ਹੋਰ ਰਾਜਾਂ ਨੂੰ ਉਨ੍ਹਾਂ ਦੇ ਹਿੱਸੇ ਤੋਂ ਵੱਧ ਪਾਣੀ ਨਾ ਦਿੱਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਝੋਨੇ ਦੀ ਲਵਾਈ ਦਾ ਸੀਜ਼ਨ ਨੇੜੇ ਹੈ ਅਤੇ ਸੂਬੇ ਦੇ ਕਿਸਾਨਾਂ ਨੂੰ ਪਾਣੀ ਦੀ ਬਹੁਤ ਲੋੜ ਹੈ ਅਤੇ ਇਸ ਲਈ ਕਿਸੇ ਹੋਰ ਸੂਬੇ ਨੂੰ ਵਾਧੂ ਪਾਣੀ ਨਹੀਂ ਛੱਡਿਆ ਜਾ ਸਕਦਾ।

ਉਨ੍ਹਾਂ ਨੇ ਅਧਿਕਾਰੀਆਂ ਤੋਂ ਨੰਗਲ ਡੈਮ ਤੋਂ ਪਾਣੀ ਛੱਡਣ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਸੂਬਾ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਹਿੱਤ ਸੁਰੱਖਿਅਤ ਹਨ।

ਹਰਜੋਤ ਸਿੰਘ ਬੈਂਸ ਨੇ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਬਾਰਸ਼ਾਂ ਦੌਰਾਨ ਵਾਧੂ ਪਾਣੀ ਕਾਰਨ ਪੈਦਾ ਹੋਣ ਵਾਲੀਆਂ ਚੁਣੌਤੀਆਂ ਦੀ ਗੱਲ ਕਰਦਿਆਂ ਕਿਹਾ ਕਿ ਮੌਨਸੂਨ ਦੌਰਾਨ ਅਕਸਰ ਸਵਾਂ ਨਦੀ ਵਿੱਚ ਅਚਾਨਕ ਹੜ੍ਹ ਆਉਣ ਨਾਲ ਪੰਜਾਬ ਦੇ ਪਿੰਡ ਪ੍ਰਭਾਵਿਤ ਹੁੰਦੇ ਹਨ। ਉਨ੍ਹਾਂ ਸਵਾਲ ਕੀਤਾ ਕਿ ਗੁਆਂਢੀ ਰਾਜ ਉਸ ਸਮੇਂ ਵਾਧੂ ਪਾਣੀ ਲੈਣ ਲਈ ਹਾਮੀ ਕਿਉਂ ਨਹੀਂ ਭਰਦੇ ? ਹੁਣ ਜਦੋਂ ਝੋਨੇ ਦੇ ਸੀਜ਼ਨ ਸਦਕਾ ਸਾਡੇ ਸੂਬੇ ਦੇ ਕਿਸਾਨਾਂ ਨੂੰ ਪਾਣੀ ਦੀ ਬਹੁਤ ਲੋੜ ਹੈ, ਤਾਂ ਉਹ ਪੰਜਾਬ ਤੋਂ ਉਮੀਦ ਕਰਦੇ ਹਨ ਕਿ ਉਹਨਾਂ ਨੂੰ ਪਾਣੀ ਦਿੱਤਾ ਜਾਵੇ।

ਉਨ੍ਹਾਂ ਦੱਸਿਆ ਕਿ ਸਾਡੀ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਸਦਕਾ ਇਸ ਸਾਲ 10 ਹਜ਼ਾਰ ਏਕੜ ਹੋਰ ਰਕਬੇ ਵਿੱਚ ਸਿੰਜਾਈ ਸਹੂਲਤ ਦਾ ਪ੍ਰਬੰਧ ਕਰ ਸਕੇ ਹਾਂ। ਭਵਿੱਖੀ ਯੋਜਨਾਵਾਂ ਵਿੱਚ ਅਰਧ-ਪਹਾੜੀ ਚੰਗਰ ਖੇਤਰ ਨੂੰ ਲਾਭ ਪਹੁੰਚਾਉਣ ਲਈ ਪਾਈਪਲਾਈਨ ਰਾਹੀਂ ਲਿਫਟ ਸਿੰਜਾਈ ਯੋਜਨਾ ਲਿਆਂਦੀ ਜਾਵੇਗੀ।

ਬਰਸਾਤ ਦੇ ਮੌਸਮ ਦੌਰਾਨ ਹੜ੍ਹਾਂ ਨੂੰ ਰੋਕਣ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਬੈਂਸ ਨੇ ਕਿਹਾ ਕਿ ਸੂਬਾ ਸਰਕਾਰ ਜਲ ਸਰੋਤਾਂ ਦੀ ਚੌਕਸੀ ਨਾਲ ਨਿਗਰਾਨੀ ਕਰ ਰਹੀ ਹੈ ਅਤੇ ਕਮਜ਼ੋਰ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

# ਮੋਦੀ ਦੀ ਅਗਵਾਈ ਹੇਠ ਭਾਰਤ ਡਰੱਗ ਕਾਰਟੈਲਸ ਨੂੰ ਖ਼ਤਮ ਕਰ ਰਿਹੈ : ਅਮਿਤ ਸ਼ਾਹ

ਅੰਮ੍ਰਿਤਸਰ, 4 ਮਈ, (ਚ.ਨ.ਸ.) : ਐਨਸੀਬੀ ਦੀ ਅੰਮ੍ਰਿਤਸਰ ਜ਼ੋਨਲ ਯੂਨਿਟ ਨੇ 4 ਰਾਜਾਂ ਵਿੱਚ 4 ਮਹੀਨੇ ਚੱਲੇ ਆਪ੍ਰੇਸ਼ਨ ਦੌਰਾਨ ਡਰੱਗ ਡਾਇਵਰਜ਼ਨ ਕਾਰਟੇਲ ਨੂੰ ਖ਼ਤਮ ਕਰ ਦਿੱਤਾ, 547 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਅਤੇ 15 ਨੂੰ ਗ੍ਰਿਫਤਾਰ ਕੀਤਾ।



ਇਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਜ਼ਨ ਤਹਿਤ ਨਸ਼ਾ ਮੁਕਤ ਭਾਰਤ ਬਣਾਉਣ ਵੱਲ ਇੱਕ ਵੱਡਾ ਕਦਮ ਹੈ, ਇਸਦੇ ਲਈ ਐਨਸੀਬੀ ਟੀਮ ਨੂੰ ਵਧਾਈਆਂ।

ਕੇਂਦਰੀ ਗ੍ਰਿਹ ਅਤੇ ਸਹਿਕਾਰਤਾ ਮੰਤਰੀ, ਅਮਿਤ ਸ਼ਾਹ ਨੇ ਕਿਹਾ ਹੈ ਕਿ, ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ, ਭਾਰਤ ਕਰੂਰਤਾ ਨਾਲ ਡਰੱਗ ਕਾਰਟੈਲਸ ਨੂੰ ਖ਼ਤਮ ਕਰ ਰਿਹਾ ਹੈ।

ਐਕਸ ਪਲੈਟਫਾਰਮ 'ਤੇ ਇੱਕ ਪੋਸਟ ਵਿੱਚ, ਕੇਂਦਰੀ ਗ੍ਰਿਹ ਅਤੇ ਸਹਿਕਾਰਤਾ ਮੰਤਰੀ, ਸ਼੍ਰੀ ਅਮਿਤ ਸ਼ਾਹ ਨੇ ਕਿਹਾ ਕਿ ਐਨਸੀਬੀ ਦੀ ਅੰਮ੍ਰਿਤਸਰ ਜ਼ੋਨਲ ਯੂਨਿਟ ਨੇ 4 ਰਾਜਾਂ ਵਿੱਚ 4 ਮਹੀਨੇ ਚੱਲੇ ਆਪ੍ਰੇਸ਼ਨ ਰਾਹੀਂ ਇੱਕ ਡਰੱਗ ਡਾਇਵਰਸ਼ਨ ਕਾਰਟੇਲ ਨੂੰ ਖ਼ਤਮ ਕਰ ਦਿੱਤਾ, 547 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਅਤੇ 15 ਨੂੰ ਗ੍ਰਿਫਤਾਰ ਕੀਤਾ। ਇਹ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੇ ਵਿਜ਼ਨ ਤਹਿਤ ਇੱਕ ਨਸ਼ਾ ਮੁਕਤ ਭਾਰਤ ਬਣਾਉਣ ਵੱਲ ਇੱਕ ਵੱਡਾ ਕਦਮ ਹੈ। ਇਸ ਦੇ ਐਨਸੀਬੀ ਟੀਮ ਨੂੰ ਵਧਾਈਆਂ।

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਸਰਕਾਰ ਦੇ ਜ਼ੀਰੋ ਟੌਲਰੈਂਸ ਨੀਤੀ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਨਾਰਕੋਟਿਕਸ ਕੰਟਰੋਲ ਬਿਊਰੋ ਨੇ ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਵਿੱਚ ਇੱਕ ਵਿਤਰਕ ਤੋਂ 1.36 ਕਰੋੜ ਸਾਈਕੋਟਰੋਪਿਕ ਟੈਬਲੇਟਸ ਜ਼ਬਤ ਕੀਤੀਆਂ ਹਨ। ਐਨਸੀਬੀ ਨੇ ਉਤਰਾਖੰਡ ਦੇ ਹਰਿਦੁਆਰ ਵਿੱਚ ਇੱਕ ਨਿਰਮਾਤਾ ਤੋਂ 11,693 ਬੋਤਲਾਂ ਅਤੇ 2.9 ਕਿਲੋਗ੍ਰਾਮ ਟ੍ਰਾਮਾਡੋਲ ਪਾਊਡਰ ਵੀ ਜ਼ਬਤ ਕੀਤਾ ਹੈ। ਜ਼ਬਤ ਕੀਤੀਆਂ ਗਈਆਂ ਦਵਾਈਆਂ ਦੀ ਕੁੱਲ ਕੀਮਤ ਲਗਭਗ 547 ਕਰੋੜ ਰੁਪਏ ਹੈ।

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਨਸ਼ਾ ਮੁਕਤ ਭਾਰਤ ਦੇ ਦ੍ਰਿਸ਼ਟੀਕੋਣ ਦੀ ਪਾਲਣਾ ਕਰਦੇ ਹੋਏ, ਐਨਸੀਬੀ ਦੀ ਅੰਮ੍ਰਿਤਸਰ ਜ਼ੋਨਲ ਯੂਨਿਟ ਨੇ ਪੰਜਾਬ, ਉੱਤਰਾਖੰਡ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਵਿੱਚ ਗ਼ੈਰ-ਮੈਡੀਕਲ ਵਰਤੋਂ ਲਈ ਫਾਰਮਾਸਿਊਟੀਕਲ ਦਵਾਈਆਂ ਦੀ ਗੈਰ-ਕਾਨੂੰਨੀ ਡਾਇਵਰਜ਼ਨ ਅਤੇ ਵੰਡ ਵਿੱਚ ਸ਼ਾਮਲ ਵੱਡੇ ਨੈਟਵਰਕਾਂ ਦਾ ਪਰਦਾਫਾਸ਼ ਕੀਤਾ ਹੈ।

ਕੇਂਦਰੀ ਗ੍ਰਿਹ ਅਤੇ ਸਹਿਕਾਰਤਾ ਮੰਤਰੀ, ਸ਼੍ਰੀ ਅਮਿਤ ਸ਼ਾਹ ਦੀ ਅਗਵਾਈ ਹੇਠ, ਦਸੰਬਰ 2024 ਤੋਂ ਅਪ੍ਰੈਲ 2025 ਤੱਕ ਮਾਮਲਿਆਂ ਦੀ ਜਾਂਚ ਵਿੱਚ ਇੱਕ ਨਿਰੰਤਰ ਖੁਫੀਆ ਜਾਣਕਾਰੀ-ਅਧਾਰਤ ਆਪ੍ਰੇਸ਼ਨ ਅਤੇ ਟੌਪ ਟੂ ਬੌਟਮ ਅਤੇ ਬੌਟਮ ਟੂ ਟੌਪ ਪਹੁੰਚ ਦੇ ਨਤੀਜੇ ਵਜੋਂ ਮਹੱਤਵਪੂਰਨ ਜ਼ਬਤੀਆਂ ਅਤੇ ਗ੍ਰਿਫਤਾਰੀਆਂ ਹੋਈਆਂ, ਜਿਸ ਨਾਲ ਨਿਰਮਾਤਾਵਾਂ, ਸਟਾਕਿਸਟਾਂ ਅਤੇ ਫਰੰਟ ਆਪਰੇਟਰਾਂ ਵਿਚਕਾਰ ਇੱਕ ਗੁੰਝਲਦਾਰ ਗਠਜੋੜ ਦਾ ਪਰਦਾਫਾਸ਼ ਹੋਇਆ।

20-21 ਅਪ੍ਰੈਲ, 2025 ਨੂੰ, ਉਤਰਾਖੰਡ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਵਿੱਚ ਛਾਪੇ ਮਾਰੇ ਗਏ। ਉਤਰਾਖੰਡ ਵਿੱਚ ਤਲਾਸ਼ੀ ਦੇ ਨਤੀਜੇ ਵਜੋਂ ਜੇਆਰ ਫਾਰਮਾਸਿਊਟੀਕਲਜਸ ਤੋਂ 11,693 ਸੀਬੀਸੀਐਸ ਬੋਤਲਾਂ ਅਤੇ 2.9 ਕਿਲੋਗ੍ਰਾਮ ਟ੍ਰਾਮਾਡੋਲ ਪਾਊਡਰ ਜ਼ਬਤ ਕੀਤਾ ਗਿਆ। ਮੁੱਖ ਵਿਤਰਕ, ਐਮਬਿਟ ਬਾਇਓ ਮੈਡਿਕਸ, ਹਿਮਾਚਲ ਪ੍ਰਦੇਸ਼ ਦੇ ਪਰਿਸਰ ਦੀ ਤਲਾਸ਼ੀ ਦੇ ਨਤੀਜੇ ਵਜੋਂ 19,25,200 ਗੋਲੀਆਂ ਜ਼ਬਤ ਕੀਤੀਆਂ ਗਈਆਂ ਅਤੇ ਆਸ਼ੀ ਫਾਰਮਾਸਿਊਟੀਕਲ, ਬਵਾਨਾ, ਦਿੱਲੀ ਦੇ ਪਰਿਸਰ ਦੀ ਤਲਾਸ਼ੀ ਦੌਰਾਨ ਟ੍ਰਾਮਾਡੋਲ ਅਤੇ ਅਲਪ੍ਰਾਜ਼ੋਲਮ ਦੀਆਂ 1.17 ਕਰੋੜ ਗੋਲੀਆਂ ਜ਼ਬਤ ਕੀਤੀਆਂ ਗਈਆਂ ਜੋ ਕਿ ਫਾਰਮਾਸਿਊਟੀਕਲ ਦਵਾਈ ਦੇ ਵੱਡੇ ਪੱਧਰ 'ਤੇ ਅਣਅਧਿਕਾਰਤ ਕਬਜ਼ੇ ਅਤੇ ਗੈਰ-ਕਾਨੂੰਨੀ ਵੰਡ ਨੂੰ ਦਰਸਾਉਂਦੀਆਂ ਹਨ। ਐਮਬਿਟ ਬਾਇਓ ਮੈਡਿਕਸ ਦੇ ਮਾਲਕ ਨੂੰ ਪਹਿਲਾਂ 18 ਅਪ੍ਰੈਲ ਨੂੰ ਦਿੱਲੀ ਦੇ ਇੰਦਰਾ ਗਾਂਧੀ ਹਵਾਈ ਅੱਡੇ ਤੇ ਵੀਅਤਨਾਮ ਭੱਜਣ ਦੀ ਕੋਸ਼ਿਸ਼ ਕਰਦੇ ਹੋਏ ਗ੍ਰਿਫਤਾਰ ਕੀਤਾ ਗਿਆ ਸੀ।

ਜਾਂਚ ਤੋਂ ਪਤਾ ਲੱਗਾ ਕਿ ਹਿਮਾਚਲ ਪ੍ਰਦੇਸ਼ ਦੀ ਐਮਬਿਟ ਬਾਇਓ ਮੈਡਿਕਸ ਦਾ ਮਾਲਕ ਪਹਿਲਾਂ ਦਿੱਲੀ ਵਿੱਚ ਕੰਮ ਕਰਦਾ ਸੀ, ਜਿੱਥੇ ਉਸਦਾ ਡਰੱਗ ਲਾਇਸੈਂਸ ਦਸੰਬਰ 2022 ਵਿੱਚ ਰੱਦ ਕਰ ਦਿੱਤਾ ਗਿਆ ਸੀ। ਇਸ ਨੂੰ ਛੁਪਾਉਂਦੇ ਹੋਏ, ਉਸਨੇ ਹਿਮਾਚਲ ਪ੍ਰਦੇਸ਼ ਵਿੱਚ ਇੱਕ ਨਵਾਂ ਲਾਇਸੈਂਸ ਪ੍ਰਾਪਤ ਕੀਤਾ ਅਤੇ ਦਿੱਲੀ ਵਿੱਚ ਇੱਕ ਹੋਰ ਫਰਮ ਵੀ ਸ਼ੁਰੂ ਕੀਤੀ, ਜੋ ਇੱਕ ਸਹਿਯੋਗੀ ਦੇ ਨਾਂ 'ਤੇ ਆਸ਼ੀ ਫਾਰਮਾਸਿਊਟੀਕਲ ਦੇ ਅਧੀਨ ਰਜਿਸਟਰਡ ਸੀ। ਜਾਂਚ ਚਾਰ ਮਹੀਨੇ ਪਹਿਲਾਂ ਉਦੋਂ ਸ਼ੁਰੂ ਹੋਈ ਸੀ ਜਦੋਂ ਇੱਕ ਡਾਕਟਰੀ ਪੇਸ਼ੇਵਰ ਦਾ ਰੂਪ ਧਾਰਨ ਕਰਨ ਵਾਲੇ ਵਿਅਕਤੀ ਨੂੰ ਅੰਮ੍ਰਿਤਸਰ ਵਿੱਚ 2,280 ਅਲਪ੍ਰਾਜ਼ੋਲਮ ਅਤੇ 1,220 ਟ੍ਰਾਮਾਡੋਲ ਗੋਲੀਆਂ ਨਾਲ ਰੋਕਿਆ ਗਿਆ ਸੀ। ਹੋਰ ਜਾਂਚ ਵਿੱਚ ਇੱਕ ਸਥਾਨਕ ਵੰਡ ਲੜੀ ਦਾ ਖੁਲਾਸਾ ਹੋਇਆ, ਜਿਸਦੇ ਨਤੀਜੇ ਵਜੋਂ ਕਈ ਗ੍ਰਿਫ਼ਤਾਰੀਆਂ ਹੋਈਆਂ ਅਤੇ ਫਾਲੋ-ਅੱਪ ਤਲਾਸ਼ੀਆਂ ਹੋਈਆਂ ਜਿਸਦੇ ਨਤੀਜੇ ਵਜੋਂ 21,400 ਹੋਰ ਟ੍ਰਾਮਾਡੋਲ ਗੋਲੀਆਂ ਅਤੇ 43,000 ਅਲਪ੍ਰਾਜ਼ੋਲਮ ਗੋਲੀਆਂ ਬਰਾਮਦ ਹੋਈਆਂ। ਫਰਵਰੀ 2025 ਵਿੱਚ ਇੱਕ ਹੋਰ ਮਾਮਲੇ ਵਿੱਚ, ਅੰਮ੍ਰਿਤਸਰ ਵਿੱਚ 5,000 ਟ੍ਰਾਮਾਡੋਲ ਹਾਈਡ੍ਰੋਕਲੋਰਾਈਡ (ਟ੍ਰੇਕਮ-100) ਗੋਲੀਆਂ ਦੀ ਇੱਕ ਵੱਖਰੀ ਜ਼ਬਤੀ ਨੇ ਜਾਂਚਕਰਤਾਵਾਂ ਨੂੰ ਤਰਨਤਾਰਨ, ਦੇਹਰਾਦੂਨ ਅਤੇ ਮਾਨਾਵਾਲਾ ਤੱਕ ਫੈਲੀ ਇੱਕ ਲੜੀ ਵੱਲ ਲੈ ਗਈ। ਸਰੋਤ ਟ੍ਰੇਲ ਉਨ੍ਹਾਂ ਵਿਅਕਤੀਆਂ ਦੁਆਰਾ ਫਾਰਮਾਸਿਊਟੀਕਲ ਦਵਾਈਆਂ ਦੀ ਗੈਰ-ਕਾਨੂੰਨੀ ਸਪਲਾਈ ਵੱਲ ਇਸ਼ਾਰਾ ਕਰਦਾ ਸੀ।

## ਭਾਰਤ-ਪਾਕਿ ਸਰਹੱਦ 'ਤੇ ਵਧਿਆ ਤਣਾਅ ! ਫ਼ੌਜ ਨੇ ਦਿੱਤੀ ਚੇਤਾਵਨੀ

ਤੋਂ ਬਚਾਅ ਰਿਹਾ। ਪਹਿਲਗਾਮ ਦਹਿਸ਼ਤੀ ਹਮਲੇ, ਜਿਸ ਵਿਚ 26 ਸੈਲਾਨੀਆਂ ਦੀ ਜਾਨ ਜਾਂਦੀ ਰਹੀ ਸੀ, ਮਗਰੋਂ ਦੋਵਾਂ ਮੁਲਕਾਂ ਦਰਮਿਆਨ ਬਣੇ ਵਧਦੇ ਤਣਾਅ ਦਰਮਿਆਨ ਇਹ ਲਗਾਤਾਰ ਦਸਵੀਂ ਰਾਤ ਹੈ ਜਦੋਂ ਜੰਮੂ ਕਸ਼ਮੀਰ ਵਿਚ ਸਰਹੱਦ ਪਾਰੋਂ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਕੀਤੀ ਗਈ ਹੈ। ਰੱਖਿਆ ਤਰਜਮਾਨ ਨੇ ਕਿਹਾ, "3 ਤੇ 4 ਮਈ ਦੀ ਦਰਮਿਆਨੀ ਰਾਤ ਨੂੰ ਪਾਕਿਸਤਾਨ ਦੀਆਂ ਫੌਜੀ ਚੌਕੀਆਂ ਤੋਂ ਕੰਟਰੋਲ ਰੇਖਾ ਦੇ ਨਾਲ ਕੁਪਵਾੜਾ, ਬਾਰਾਮੂਲਾ, ਪੁਣਛ, ਰਾਜੌਰੀ, ਮੇਂਧੜ, ਨੌਸ਼ਹਿਰਾ, ਸੁੰਦਰਬਨੀ ਤੇ ਅਖਨੂਰ ਸੈਕਟਰਾਂ ਵਿਚ ਬਿਨਾਂ ਕਿਸੇ ਭੜਕਾਹਟ ਦੇ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ ਗਈ। ਭਾਰਤੀ ਥਲ ਸੈਨਾ ਨੇ ਇਸ ਦਾ ਢੁੱਕਵਾਂ ਜਵਾਬ ਦਿੱਤਾ।" ਭਾਰਤ ਅਤੇ ਪਾਕਿਸਤਾਨ ਵੱਲੋਂ 25 ਫਰਵਰੀ, 2021 ਨੂੰ ਜੰਗਬੰਦੀ ਸਮਝੌਤਾ ਨਵਿਆਉਣ ਮਗਰੋਂ ਕੰਟਰੋਲ ਰੇਖਾ ਅਤੇ ਕੌਮਾਂਤਰੀ ਸਰਹੱਦ 'ਤੇ ਗੋਲੀਬੰਦੀ ਦੀ ਉਲੰਘਣਾ ਬਹੁਤ ਘੱਟ ਹੋਈ ਹੈ। ਉਧਰ ਨਿੱਤ ਦੀ ਗੋਲੀਬਾਰੀ ਤੋਂ ਘਬਰਾਏ ਸਰਹੱਦੀ ਪਿੰਡਾਂ ਦੇ ਲੋਕਾਂ ਨੇ ਸਾਵਧਾਨੀ ਵਜੋਂ ਆਪਣੇ ਸਾਂਝੇ ਅਤੇ ਵਿਅਕਤੀਗਤ ਬੰਕਰਾਂ ਦੀ ਸਾਫ਼ ਸਫਾਈ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਬਾਅਦ ਰਾਜੌਰੀ ਜ਼ਿਲ੍ਹੇ ਦੇ ਸੁੰਦਰਬਨੀ ਅਤੇ ਨੌਸ਼ਹਿਰਾ ਸੈਕਟਰਾਂ ਵਿੱਚ ਕੰਟਰੋਲ ਰੇਖਾ ਦੇ ਨਾਲ ਲੱਗਦੀਆਂ ਕਈ ਚੌਕੀਆਂ 'ਤੇ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ ਗਈ। ਮਗਰੋਂ ਗੋਲੀਬਾਰੀ ਪੁਣਛ ਜ਼ਿਲ੍ਹੇ ਦੇ ਮੇਂਧੜ ਅਤੇ ਜੰਮੂ ਜ਼ਿਲ੍ਹੇ ਦੇ ਪਰਗਵਾਲ ਸੈਕਟਰ ਵਿੱਚ ਕੌਮਾਂਤਰੀ ਸਰਹੱਦ ਤੱਕ ਫੈਲ ਗਈ।

## ਫ਼ੌਜ ਨੂੰ ਮਿਲੇਗਾ ਮੋਢੇ 'ਤੇ ਰੱਖ ਕੇ ਚਲਾਉਣ ਵਾਲਾ ਨਵੀਂ ਪੀੜ੍ਹੀ ਦਾ ਏਅਰ ਡਿਫੈਂਸ ਸਿਸਟਮ

ਇੰਡੀਆ' ਦੇ ਤਹਿਤ ਖਰੀਦੇ ਜਾਣਗੇ। ਫੌਜ ਨੇ ਇਸ ਸਿਸਟਮ ਲਈ ਟੈਂਡਰ ਜਾਰੀ ਕਰ ਦਿੱਤਾ ਹੈ, ਜਿਸ 'ਚ 48 ਲਾਂਚਰ ਅਤੇ ਨਵੀਂ ਪੀੜ੍ਹੀ ਦੀਆਂ ਅਤਿਆਧੁਨਿਕ 85 ਮਿਜ਼ਾਈਲਾਂ ਅਤੇ ਉਸ ਨਾਲ ਜੁੜੇ ਜ਼ਰੂਰੀ ਯੰਤਰ ਸ਼ਾਮਲ ਹਨ। ਇਸ ਦੀ ਵਰਤੋਂ ਬੇਹੱਦ ਘੱਟ ਦੂਰੀ 'ਤੇ ਉੱਡ ਰਹੇ ਦੁਸ਼ਮਣ ਦੇ ਜਹਾਜ਼ਾਂ, ਹੈਲੀਕਾਪਟਰਾਂ ਅਤੇ ਡਰੋਨ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਨੂੰ ਹਵਾ 'ਚ ਹੀ ਖਤਮ ਕਰਨ ਲਈ ਕੀਤੀ ਜਾਵੇਗੀ। ਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਕਦਮ ਭਾਰਤੀ ਹਵਾਈ ਸਰਹੱਦ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰੇਗਾ, ਖਾਸ ਕਰ ਕੇ ਸਰਹੱਦੀ ਇਲਾਕਿਆਂ 'ਚ ਜਿੱਥੋਂ ਡਰੋਨ ਅਤੇ ਹੈਲੀਕਾਪਟਰ ਰਾਹੀਂ ਘੁਸਪੈਠ ਦਾ ਖਦਸ਼ਾ ਬਣਿਆ ਰਹਿੰਦਾ ਹੈ। ਫੌਜ ਦਾ ਇਹ ਫੈਸਲਾ ਦੇਸ਼ ਦੀ ਆਤਮ-ਨਿਰਭਰ ਰੱਖਿਆ ਨੀਤੀ ਨੂੰ ਵੀ ਮਜ਼ਬੂਤੀ ਦੇਵੇਗਾ।

## ਕਾਂਗਰਸ ਵੱਲੋਂ 80ਵਿਆਂ 'ਚ ਕੀਤੀਆਂ ਗ਼ਲਤੀਆਂ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਹਾਂ: ਰਾਹੁਲ

ਨਾਲ ਜੁੜੇ ਕਤਲਾਂ ਲਈ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਕਿਹਾ ਕਿ ਕਾਂਗਰਸ ਪਾਰਟੀ ਚ ਕਈ ਹੋਰ ਸੱਜਣ ਕੁਮਾਰ ਬੈਠੇ ਹਨ। ਨੌਜਵਾਨ ਦੇ ਸਵਾਲਾਂ ਦੇ ਜਵਾਬ ਚ ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਸਿੱਖਾਂ ਨੂੰ ਕਿਸੇ ਗੱਲ ਦਾ ਡਰ ਲੱਗਦਾ ਹੈ। ਮੈਂ ਜੋ ਬਿਆਨ ਦਿੱਤਾ ਸੀ ਉਹ ਇਹ ਸੀ ਕਿ ਕੀ ਅਸੀਂ ਅਜਿਹਾ ਭਾਰਤ ਚਾਹੁੰਦੇ ਹਾਂ, ਜਿੱਥੇ ਲੋਕ ਆਪਣੇ ਧਰਮ ਨੂੰ ਜ਼ਾਹਰ ਕਰਨ ਚ ਅਸਹਿਜ ਹੋਣ ? ਜਿੱਥੇ ਤੱਕ ਕਾਂਗਰਸ ਪਾਰਟੀ ਦੀਆਂ ਗਲਤੀਆਂ ਦਾ ਸਵਾਲ ਹੈ, ਉਨ੍ਹਾਂ ਚੋਂ ਬਹੁਤ ਸਾਰੀਆਂ ਉਦੋਂ ਹੋਈਆਂ ਜਦੋਂ ਮੈਂ ਉੱਥੇ ਨਹੀਂ ਸੀ ਪਰ ਮੈਂ ਕਾਂਗਰਸ ਪਾਰਟੀ ਵਲੋਂ ਆਪਣੇ ਇਤਿਹਾਸ ਚ ਕੀਤੀ ਗਈ ਹਰ ਗਲਤੀ ਦੀ ਜ਼ਿੰਮੇਵਾਰੀ ਲੈਣ ਚ ਬਹੁਤ ਖੁਸ਼ ਹਾਂ।

## ਸਿੰਧੂ ਜਲ ਸੰਧੀ ਦੀ ਮੁਅੱਤਲੀ ਮਗਰੋਂ ਬਗਲੀਹਾਰ ਡੈਮ ਤੋਂ ਪਾਣੀ ਰੋਕਿਆ

ਦਿੱਤਾ ਹੈ। ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਨੇ ਭਾਰਤ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸਿੰਧੂ ਦਾ ਪਾਣੀ ਰੋਕਿਆ ਗਿਆ ਤਾਂ ਸਿੰਧੂ ਵਿੱਚ ਪਾਣੀ ਨਹੀਂ, ਖੂਨ ਵਹੇਗਾ। ਭਾਰਤ ਨੇ ਪਹਿਲਾਂ ਪਾਕਿਸਤਾਨ ਨਾਲ ਕੂਟਨੀਤਕ ਸਬੰਧਾਂ ਨੂੰ ਘਟਾ ਦਿੱਤਾ ਸੀ ਅਤੇ ਆਯਾਤ ਪਾਬੰਦੀਆਂ ਅਤੇ ਭਾਰਤੀ ਬੰਦਰਗਾਹਾਂ ਰਾਹੀਂ ਪਾਕਿਸਤਾਨੀ ਜਹਾਜ਼ਾਂ ਦੇ ਦਾਖਲੇ 'ਤੇ ਪਾਬੰਦੀ ਵੀ ਲਗਾਈ ਸੀ। ਇਸ ਦੌਰਾਨ, ਕੰਟਰੋਲ ਰੇਖਾ ਅਤੇ ਅੰਤਰਰਾਸ਼ਟਰੀ ਸਰਹੱਦ 'ਤੇ ਵੀ ਤਣਾਅ ਵਧਦਾ ਜਾ ਰਿਹਾ ਹੈ। ਪਾਕਿਸਤਾਨ ਵੱਲੋਂ ਪਿਛਲੇ ਦਸ ਰਾਤਾਂ ਤੋਂ ਲਗਾਤਾਰ ਜੰਗਬੰਦੀ ਦੀ ਉਲੰਘਣਾ ਕੀਤੀ ਜਾ ਰਹੀ ਹੈ, ਜਿਸਦਾ ਭਾਰਤੀ ਫੌਜ ਨੇ ਢੁਕਵਾਂ ਜਵਾਬ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਹਫ਼ਤੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਭਾਰਤ ਇਸ ਹਮਲੇ ਦੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਨਿਆਂ ਦੇ ਕਟਹਿਰੇ ਵਿੱਚ ਲਿਆਵੇਗਾ। ਭਾਰਤ ਵੱਲੋਂ ਜਲ ਸਰੋਤਾਂ ਦੀ ਕੂਟਨੀਤਕ ਹਥਿਆਰ ਵਜੋਂ ਵਰਤੋਂ ਨੂੰ ਇੱਕ ਰਣਨੀਤਕ ਤਬਦੀਲੀ ਵਜੋਂ ਦੇਖਿਆ ਜਾ ਰਿਹਾ ਹੈ। ਸਿੰਧੂ, ਜੇਹਲਮ ਅਤੇ ਚਨਾਬ ਵਰਗੀਆਂ ਨਦੀਆਂ ਪਾਕਿਸਤਾਨ ਲਈ ਸਿੰਚਾਈ ਅਤੇ ਪੀਣ ਵਾਲੇ ਪਾਣੀ ਦੇ ਮੁੱਖ ਸਰੋਤ ਹਨ ਅਤੇ ਇਸਲਾਮਾਬਾਦ ਵਿੱਚ ਭਾਰਤ ਦੀ ਇਨ੍ਹਾਂ ਨੂੰ ਕੰਟਰੋਲ ਕਰਨ ਦੀ ਯੋਗਤਾ ਬਾਰੇ ਬਹੁਤ ਬੇਚੈਨੀ ਹੈ। ਸਿੰਧੂ ਜਲ ਸਮਝੌਤਾ 1960 ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਇਆ ਸੀ, ਜਿਸ ਵਿੱਚ ਵਿਸ਼ਵ ਬੈਂਕ ਨੇ ਵਿਚੋਲੇ ਵਜੋਂ ਕੰਮ ਕੀਤਾ ਸੀ। ਹੁਣ ਤੱਕ ਇਹ ਦੱਖਣੀ ਏਸ਼ੀਆ ਵਿੱਚ ਪਾਣੀ ਨਾਲ ਸਬੰਧਤ ਵਿਵਾਦਾਂ ਤੋਂ ਬਚਣ ਦਾ ਮੁੱਖ ਸਾਧਨ ਰਿਹਾ ਹੈ।

## ਭਾਰਤ ਤੇ ਪਾਕਿ 'ਚ ਵਧਦੇ ਤਣਾਅ ਦਰਮਿਆਨ ਹਵਾਈ ਸੈਨਾ ਮੁਖੀ ਵੱਲੋਂ ਮੋਦੀ ਨਾਲ ਮੁਲਾਕਾਤ

ਪੁਲਵਾਮਾ ਵਿੱਚ ਹੋਏ ਆਖਰੀ ਵੱਡੇ ਦਹਿਸ਼ਤੀ ਹਮਲੇ ਦਾ ਜਵਾਬ ਭਾਰਤੀ ਹਵਾਈ ਸੈਨਾ ਨੇ ਦਿੱਤਾ ਸੀ, ਜਿਸ ਵਿੱਚ ਜੈੱਟ ਜਹਾਜ਼ਾਂ ਨੇ ਪਾਕਿਸਤਾਨ ਦੇ ਬਾਲਾਕੋਟ ਵਿੱਚ ਬੰਬਾਰੀ ਕੀਤੀ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਅਤੇ ਹਵਾਈ ਰੱਖਿਆ ਦੇ ਮਾਮਲੇ ਵਿੱਚ ਭਾਰਤੀ ਹਵਾਈ ਸੈਨਾ ਦੀ ਤਾਕਤ ਕਈ ਗੁਣਾਂ ਵਧੀ ਹੈ। ਬਾਲਾਕੋਟ ਹਮਲੇ ਤੋਂ ਬਾਅਦ ਰਾਫੇਲ ਜੈੱਟਾਂ ਵਿੱਚ ਅਜਿਹੀਆਂ ਮਿਜ਼ਾਈਲਾਂ ਸ਼ਾਮਲ ਹਨ, ਜੋ ਆਪਣੇ ਨਿਸ਼ਾਨੇ ਨੂੰ ਪੂਰੀ ਸਟੀਕਤਾ ਨਾਲ ਢੁੰਡ ਸਕਦੀਆਂ ਹਨ। ਰੂਸ ਦੀ ਬਣੀ ਐਸ-400 ਹਵਾਈ ਰੱਖਿਆ ਪ੍ਰਣਾਲੀ ਕਈ ਖਤਰਿਆਂ ਨੂੰ ਟਰੈਕ ਅਤੇ ਨਿਸ਼ਾਨਾ ਬਣਾ ਸਕਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਰਤੀ ਹਵਾਈ ਸੈਨਾ ਦੇ ਮੁਖੀ ਨਾਲ ਬੈਠਕ ਤੇ ਲੰਘੇ ਦਿਨ ਜਲ ਸੈਨਾ ਦੇ ਮੁਖੀ ਨਾਲ ਬੈਠਕ ਵਿਚ, ਪਹਿਲਗਾਮ ਵਿੱਚ 22 ਅਪਰੈਲ ਨੂੰ ਹੋਏ ਦਹਿਸ਼ਤੀ ਹਮਲੇ ਦਾ ਜਵਾਬ ਦੇਣ ਲਈ ਭਾਰਤ ਵੱਲੋਂ ਵਰਤੇ ਜਾ ਸਕਣ ਵਾਲੇ ਵੱਖ-ਵੱਖ ਵਿਕਲਪਾਂ 'ਤੇ ਵਿਚਾਰ ਕਰਨਗੇ। ਇਸ ਹਫ਼ਤੇ ਦੇ ਸ਼ੁਰੂ ਵਿੱਚ ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਨੇ ਮੀਡੀਆ ਹਾਊਸ 'ਫੌਕਸ ਨਿਊਜ਼' ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਸੀ, "ਅਸੀਂ ਉਮੀਦ ਕਰਦੇ ਹਾਂ ਕਿ ਭਾਰਤ ਇਸ ਦਹਿਸ਼ਤੀ ਹਮਲੇ ਦਾ ਜਵਾਬ ਇਸ ਢੰਗ ਤਰੀਕੇ ਨਾਲ ਦੇਵੇਗਾ ਜਿਸ ਨਾਲ ਖਿੱਤੇ ਵਿਚ ਵਿਸ਼ਾਲ ਖੇਤਰੀ ਟਕਰਾਅ ਨਾ ਹੋਵੇ।" ਉਨ੍ਹਾਂ ਨੇ ਪਾਕਿਸਤਾਨ ਨੂੰ ਇਹ ਸਲਾਹ ਵੀ ਦਿੱਤੀ ਸੀ ਕਿ "ਸੱਚ ਕਹਾਂ ਤਾਂ, ਅਸੀਂ ਇਹ ਵੀ ਉਮੀਦ ਕਰਦੇ ਹਾਂ ਕਿ ਪਾਕਿਸਤਾਨ, ਆਪਣੀ ਜ਼ਿੰਮੇਵਾਰੀ ਮੁਤਾਬਕ, ਭਾਰਤ ਨਾਲ ਸਹਿਯੋਗ ਕਰੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਤਿਵਾਦੀ, ਜੋ ਕਈ ਵਾਰ ਉਸ ਦੇ ਖੇਤਰ ਤੋਂ ਕੰਮ ਕਰਦੇ ਹਨ, ਨੂੰ ਖ਼ਤਮ ਕੀਤਾ ਜਾਵੇ।"

## ਸਿੱਖਾਂ ਦੇ ਮਸਲੇ ਅਦਾਲਤਾਂ ਦੀ ਥਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲਿਆਂਦੇ ਜਾਣ : ਗਿ. ਗੜਗੱਜ ਗੁਰੂ ਵਾਲੇ ਬਣਿਆ ਜਾਵੇ ।

ਇਸ ਮੌਕੇ ਤੇ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨੌਜਵਾਨੀ ਨੂੰ ਗੁਰੂ ਦੇ ਲੜ ਲੱਗ ਕੇ ਸਿੰਘ ਸਜਣ ਦੀ ਅਪੀਲ ਕਰਦਿਆਂ ਕਿਹਾ ਕਿ ਸਮਾਜਿਕ ਕੁਰੀਤੀਆਂ ਤੇ ਪਤਿਤਪੁਣੇ ਨੂੰ ਦੂਰ ਕਰਨ ਵਿੱਚ ਅਹਿਮ ਯੋਗਦਾਨ ਅਦਾ ਕੀਤਾ ਜਾਵੇ। ਉਹਨਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੱਡੇ ਪੱਧਰ ਤੇ ਯਤਨ ਕੀਤੇ ਜਾ ਰਹੇ ਹਨ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ ਵੱਲੋਂ ਪਿੰਡ ਪਿੰਡ ਪੱਧਰ ਤੇ ਪਹੁੰਚ ਕੇ ਗੁਰਮਤਿ ਕੈਂਪ ਲਗਾ ਕੇ ਛੋਟੇ ਬੱਚਿਆਂ ਨੂੰ ਹੀ ਸਿੱਖੀ ਨਾਲ ਜੋੜਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਸ ਮੌਕੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਅਵਤਾਰ ਸਿੰਘ ਰਿਆ ਨੇ ਆਈਆਂ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕਿਹਾ ਕਿ ਅੱਜ ਲੋੜ ਹੈ ਆਪਣੀ ਨੌਜਵਾਨੀ ਨੂੰ ਗੁਰੂ ਸਾਹਿਬਾਨ ਵੱਲੋਂ ਦਰਸਾਏ ਗਏ ਮਾਰਗ ਤੇ ਚੱਲ ਸਮਾਜਿਕ ਕੁਰੀਤੀਆਂ ਤੋਂ ਦੂਰ ਕਰ ਵਿੱਚ ਯੋਗਦਾਨ ਪਾਇਆ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਲਕਾ ਇੰਚਾਰਜ ਦਰਬਾਰਾ ਸਿੰਘ ਗੁਰੂ, ਹਲਕਾ ਫਤਿਹਗੜ੍ਹ ਸਾਹਿਬ ਦੇ ਇੰਚਾਰਜ ਜਗਦੀਪ ਸਿੰਘ ਚੀਮਾ, ਅਵਤਾਰ ਸਿੰਘ ਰਿਆ ਮੈਂਬਰ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਕਮੇਟੀ ਦੇ ਅੰਤਰਿੰਗ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ, ਸਰਨਜੀਤ ਸਿੰਘ ਚਨਾਰਥਲ ਜ਼ਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਫਤਿਹਗੜ੍ਹ ਸਾਹਿਬ ਦਿਹਾਤੀ, ਗੁਰਦੀਪ ਸਿੰਘ ਕੰਗ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮੈਨੇਜਰ, ਸੁਪਰਵਾਈਜ਼ਰ ਜੋਗਾ ਸਿੰਘ, ਸੁਖਦੇਵ ਸਿੰਘ ਮੈਨੇਜਰ ਗੁਰਦੁਆਰਾ ਸ਼੍ਰੀ ਰਾਣਵਾਂ ਸਾਹਿਬ, ਇਸਤਰੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਬੀਰ ਕੌਰ ਸੁਹਾਵੀ ਅਤੇ ਹੋਰ ਆਗੂ ਵੀ ਹਾਜ਼ਰ ਸਨ।

## 'ਇੱਕ ਦੇਸ਼ ਇੱਕ ਚੋਣ' ਦੇ ਵਿੱਤੀ ਪ੍ਰਭਾਵ ਦਾ ਮੁਲਾਂਕਣ ਕਰੇਗਾ ਆਈ.ਸੀ.ਏ.ਆਈ.

ਢਾਂਚਾ ਪ੍ਰਦਾਨ ਕਰਨ ਲਈ ਲੋਕਸਭਾ 'ਚ 2 ਬਿੱਲ ਪੇਸ਼ ਕੀਤੇ। ਭਾਜਪਾ ਮੈਂਬਰ ਪੀ.ਪੀ. ਚੌਧਰੀ ਦੀ ਪ੍ਰਧਾਨਗੀ ਵਾਲੀ 39 ਮੈਂਬਰੀ ਸੰਯੁਕਤ ਸੰਸਦੀ ਕਮੇਟੀ ਹੁਣ ਬਿੱਲਾਂ ਦੇ ਮਸੌਦੇ ਦੀ ਜਾਂਚ ਕਰ ਰਹੀ ਹੈ, ਜੋ ਕੋਵਿੰਦ ਪੈਨਲ ਦੀਆਂ ਸਿਫਾਰਿਸ਼ਾਂ 'ਤੇ

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਪਹਿਲੇ ਸ.ਫ਼ੇ ਦੀ ਬਾਕੀ

ਆਧਾਰਿਤ ਹੈ। ਚਾਰਟਰਡ ਅਕਾਊਂਟੈਂਟ ਦੀ ਟਾਪ ਬਾਡੀ ਆਈ.ਸੀ.ਏ.ਆਈ. ਦੇ ਪ੍ਰਧਾਨ ਚਰਣਜੋਤ ਸਿੰਘ ਨੰਦਾ ਨੇ ਦੱਸਿਆ ਕਿ ਸੰਸਥਾਨ 'ਇਕ ਦੇਸ਼ ਇਕ ਚੋਣ' ਸੁਧਾਰ ਦੇ ਵੱਖ-ਵੱਖ ਵਿੱਤੀ ਪਹਿਲੂਆਂ ਦਾ ਮੁਲਾਂਕਣ ਕਰੇਗਾ। ਮੁਲਾਂਕਣ ਦੀ ਰਿਪੋਰਟ ਸੰਸਦੀ ਕਮੇਟੀ ਨੂੰ ਸੌਂਪੀ ਜਾਵੇਗੀ। ਲੱਗਭੱਗ 4.50 ਲੱਖ ਮੈਂਬਰਾਂ ਵਾਲਾ ਇਹ ਸੰਸਥਾਨ ਇਕ ਪ੍ਰਮੁੱਖ ਬਾਡੀ ਹੈ, ਜੋ ਵੱਖ-ਵੱਖ ਵਿੱਤੀ ਬਿੱਲਾਂ ਅਤੇ ਸਰਕਾਰ ਦੀਆਂ ਟੈਕਸ ਕੁਲੈਕਸ਼ਨ ਕੋਸ਼ਿਸ਼ਾਂ ਲਈ ਜ਼ਰੂਰੀ ਜਾਣਕਾਰੀ ਪ੍ਰਦਾਨ ਕਰਨ 'ਚ ਮਦਦ ਕਰਦਾ ਹੈ । ਕੋਵਿੰਦ ਪੈਨਲ ਅਨੁਸਾਰ, ਇਕੱਠੇ ਚੋਣ ਕਰਵਾਉਣ ਨਾਲ ਚੁਣਾਵੀ ਪ੍ਰਕਿਰਿਆ ਅਤੇ ਪੂਰਨ ਸ਼ਾਸਨ 'ਚ ਮੌਲਕ ਬਦਲਾਅ ਆਵੇਗਾ ਅਤੇ ਨਾਲ ਹੀ ਸੀਮਿਤ ਸੰਸਾਧਨਾਂ ਦੀ ਜ਼ਿਆਦਾ ਵਰਤੋਂ ਹੋਵੇਗੀ ਅਤੇ ਵੋਟਰ ਵੱਡੀ ਗਿਣਤੀ 'ਚ ਚੁਣਾਵੀ ਪ੍ਰਕਿਰਿਆ 'ਚ ਹਿੱਸਾ ਲੈਣ ਲਈ ਉਤਸ਼ਾਹਿਤ ਹੋਣਗੇ।

## ਕਾਂਗਰਸ ਨੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਢਾਹਿਆ ਪਰ ਸੁਖਬੀਰ ਨੇ ਸਿਧਾਂਤ ਨੂੰ ਹੀ ਢਹਿ-ਢੇਰੀ ਕੀਤਾ: ਗਿ. ਹਰਪ੍ਰੀਤ ਸਿੰਘ

ਅੰਦਰ ਖਾਤੇ ਸਮਝੌਤਾ ਕਰਨ ਲਈ ਅਕਾਲੀ ਦਲ ਬੀਜੇਪੀ ਦੀਆਂ ਮਿੰਨਤਾਂ ਕਰਦਾ ਪਿਆ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਕੇਂਦਰ ਸਰਕਾਰ ਨਾਲ ਮਿਲੀ ਹੋਈ ਹੈ ਇਸ ਲਈ ਸ਼੍ਰੋਮਣੀ ਕਮੇਟੀ ਦੀ ਚੋਣ ਨਹੀਂ ਹੋਣ ਦਿੰਦੇ। ਇਸ ਦਾ ਸਿੱਧਾ ਲਾਭ ਅਕਾਲੀ ਦਲ ਨੂੰ ਹੋ ਰਿਹਾ ਹੈ। ਪੰਜਾਬ ਦੇ ਪਾਣੀਆਂ ਦੇ ਮੁੱਦੇ ਨੂੰ ਲੈ ਕੇ ਕਿਹਾ ਹੈ ਕਿ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਹੀ ਪਾਣੀ ਨੂੰ ਲੁਟਾਉਣ ਲਈ ਬਰਾਬਰ ਦੀਆਂ ਜ਼ਿੰਮੇਵਾਰ ਹਨ ਕਿਸੇ ਇਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ॥ ਉਨ੍ਹਾਂ ਨੇ ਕਿਹਾ ਹੈ ਕਿ ਜਦੋਂ ਡੈਮ ਸੈਫ਼ਟੀ ਐਕਟ ਪਾਸ ਹੋਇਆ ਉਦੋਂ ਪੰਜਾਬ ਦੇ ਸਾਂਸਦ ਕੀ ਕਰਦੇ ਸਨ, ਇਹ ਦੱਸਣ ਹੱਕ ਵਿੱਚ ਜਾਂ ਵਿਰੋਧ ਵਿੱਚ ਵੋਟ ਪਾਈ ਸੀ। ਇਹਨਾਂ ਸਾਰਿਆਂ ਨੇ ਰਲ ਕੇ ਲੋਕਾਂ ਨੂੰ ਮੂਰਖ ਬਣਾਇਆ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਜੇ ਕਾਂਗਰਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਢਾਹਿਆ ਹੈ ਸੁਖਬੀਰ ਬਾਦਲ ਨੇ ਤਾਂ ਸਿਧਾਂਤ ਹੀ ਢਹਿ ਢੇਰੀ ਕਰ ਦਿੱਤੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਪੰਥ ਨੂੰ ਇਕਜੁੱਟ ਹੋਣਾ ਪਵੇਗਾ।

## ਪਾਕਿ ਨੂੰ ਖ਼ੁਫ਼ੀਆ ਜਾਣਕਾਰੀ ਭੇਜਣ ਵਾਲੇ ਦੋ ਗ੍ਰਿਫ਼ਤਾਰ

ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਅਤੇ ਡੀਜੀਪੀ ਸ੍ਰੀ ਗੌਰਵ ਯਾਦਵ ਦੀਆਂ ਹਦਾਇਤਾਂ ਉੱਤੇ ਸਾਡੀ ਪੁਲਿਸ ਸਰਹੱਦੀ ਪੱਟੀ ਵਿੱਚ ਬਹੁਤ ਚੌਕਸੀ ਨਾਲ ਕੰਮ ਕਰ ਰਹੀ ਹੈ । ਉਹਨਾਂ ਦੱਸਿਆ ਕਿ ਇਸੇ ਦੌਰਾਨ ਐਸ ਪੀ ਇਨਵੈਸਟੀਗੇਸ਼ਨ ਸ੍ਰੀ ਅਦਿਤਿਆ ਵਾਰੀਅਰ ਅਤੇ ਡੀਐਸਪੀ ਅਜਨਾਲਾ ਸ੍ਰੀ ਗੁਰਵਿੰਦਰ ਸਿੰਘ ਨੇ ਅਜਨਾਲਾ ਖੇਤਰ ਵਿੱਚੋਂ ਦੋ ਵਿਅਕਤੀਆਂ ਨੂੰ ਗਿ$ਫਤਾਰ ਕੀਤਾ ਹੈ ਜੋ ਕਿ ਭਾਰਤੀ ਰੱਖਿਆ ਫੋਰਸਾਂ ਦੀ ਜਾਣਕਾਰੀ ਵਟਸ ਐਪ ਜ਼ਰੀਏ ਪਾਕਿਸਤਾਨ ਨੂੰ ਭੇਜਦੇ ਸਨ। ਉਹਨਾਂ ਦੱਸਿਆ ਕਿ ਇਹਨਾਂ ਦੀ ਪਛਾਣ ਫਲਕ ਸ਼ੇਰ ਮਸੀਹ ਪੁੱਤਰ ਜਿੰਦਰ ਮਸੀਹ ਅਤੇ ਸੂਰਜ ਮਸੀਹ ਪੁੱਤਰ ਚੁਗਾ ਮਸੀਹ ਵਾਸੀ ਪਿੰਡ ਬੱਲੜਵਾਲ ਥਾਣਾ ਅਜਨਾਲਾ ਵੱਲੋਂ ਹੋਈ ਹੈ

## ਭਗਵਾਨ ਦੇ ਦਰਸ਼ਨ ਕਰਨ ਗਏ ਕਾਂਗਰਸੀ ਵਿਧਾਇਕ ਦੀ ਕੱਟੀ ਗਈ ਜੇਬ !

ਦੌਰਾਨ ਕਿਹਾ ਕਿ ਜਦੋਂ ਉਹ ਭਗਵਾਨ ਦੇ ਦਰਸ਼ਨ ਕਰ ਰਹੇ ਸਨ ਤਾਂ ਉਨ੍ਹਾਂ ਦੀ ਜੇਬ ਚੋਂ 48 ਹਜ਼ਾਰ ਰੁਪਏ ਗਾਇਬ ਹੋ ਗਏ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਬਾਰੇ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ। ਮੰਦਰ ਦੇ ਕਿਵਾੜ ਖੁੱਲ੍ਹਣ ਤੋਂ ਬਾਅਦ, ਭਗਵਾਨ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਭਾਰੀ ਭੀੜ ਇਕੱਠੀ ਹੋ ਰਹੀ ਹੈ। ਮੌਕੇ ਤੇ ਮੌਜੂਦ ਪੁਲਸ ਸ਼ਰਧਾਲੂਆਂ ਨੂੰ ਜੇਬ ਕਤਰਿਆਂ ਤੋਂ ਸਾਵਧਾਨ ਰਹਿਣ ਦੀ ਅਪੀਲ ਕਰ ਰਹੀ ਹੈ।

## ਮੁਰਸ਼ਿਦਾਬਾਦ ਦੰਗੇ: ਰਾਜਪਾਲ ਨੇ ਕੇਂਦਰ ਨੂੰ ਰਿਪੋਰਟ ਸੌਂਪੀ

ਇਸ ਰਿਪੋਰਟ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ ਜਦਕਿ ਭਾਜਪਾ ਨੇ ਇਸ ਰਿਪੋਰਟ ਦੀ ਸ਼ਲਾਘਾ ਕੀਤੀ ਹੈ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਹ ਦੰਗੇ ਪੂਰਵ-ਨਿਰਧਾਰਤ ਜਾਪਦੇ ਸਨ ਅਤੇ ਰਾਜ ਸਰਕਾਰ ਕਾਨੂੰਨ ਅਤੇ ਵਿਵਸਥਾ ਲਈ ਖਤਰੇ ਦੇ ਕਾਰਨਾਂ ਤੋਂ ਜਾਣੂ ਸੀ।ਉਨ੍ਹਾਂ ਕਿਹਾ, ਕੱਟੜਵਾਦ ਅਤੇ ਅਤਿਵਾਦ ਦੀ ਦੋਹਰੀ ਸਮੱਸਿਆ ਪੱਛਮੀ ਬੰਗਾਲ ਲਈ ਇੱਕ ਗੰਭੀਰ ਚੁਣੌਤੀ ਹੈ।

## ਬਦਰੀਨਾਥ ਦੇ ਕਿਵਾੜ ਛੇ ਮਹੀਨੇ ਬਾਅਦ ਖੁੱਲ੍ਹੇ

ਦੇ ਪ੍ਰਧਾਨ ਮਹਿੰਦਰ ਭੱਟ ਅਤੇ ਟੀਹਰੀ ਦੇ ਵਿਧਾਇਕ ਕਿਸ਼ੋਰ ਉਪਾਧਿਆਏ ਮੌਜੂਦ ਸਨ। ਇਸ ਮੰਦਰ 'ਤੇ ਕਰੀਬ 10 ਮਿੰਟ ਤੱਕ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ। ਢੋਲ ਦੀਆਂ ਧੁਨਾਂ, ਆਰਮੀ ਬੈਂਡ ਦੀਆਂ ਧੁਨਾਂ ਅਤੇ ਹਜ਼ਾਰਾਂ ਸ਼ਰਧਾਲੂਆਂ ਨੇ 'ਜੈ ਬਦਰੀ' ਦੇ ਨਾਅਰੇ ਲਾਏ।

ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਨੇ ਇੱਕ ਸੁਰੱਖਿਅਤ ਅਤੇ ਨਿਰਵਿਘਨ ਚਾਰਧਾਮ ਯਾਤਰਾ ਲਈ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਹਨ। ਉਨ੍ਹਾਂ ਸ਼ਰਧਾਲੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਯਾਤਰਾ ਨੂੰ ਹਰਿਆ ਭਰਿਆ ਅਤੇ ਸਾਫ਼ ਸੁਥਰਾ ਬਣਾਉਣ ਲਈ ਸਰਕਾਰ ਦੇ ਯਤਨਾਂ ਵਿੱਚ ਸਹਿਯੋਗ ਕਰਨ। ਮੰਦਰ ਵਿੱਚ ਸਭ ਤੋਂ ਪਹਿਲਾਂ ਬਦਰੀਨਾਥ ਧਾਮ ਦੇ ਮੁੱਖ ਪੁਜਾਰੀ ਰਾਵਲ, ਧਰਮਾਧਿਕਾਰੀ ਅਤੇ ਵੇਦਪਾਠੀਆਂ ਵੱਲੋਂ ਵਿਸ਼ੇਸ਼ ਪ੍ਰਾਰਥਨਾ ਕੀਤੀ ਗਈ। ਰੀਤੀ ਰਿਵਾਜਾਂ ਅਨੁਸਾਰ ਦੇਵੀ ਲਕਸ਼ਮੀ ਨੂੰ ਪਾਵਨ ਅਸਥਾਨ ਤੋਂ ਬਾਹਰ ਕੱਢਿਆ ਗਿਆ ਅਤੇ ਬਾਅਦ ਵਿੱਚ ਲਕਸ਼ਮੀ ਮੰਦਰ ਦੇ ਅੰਦਰ ਬਿਰਾਜਮਾਨ ਕੀਤਾ ਗਿਆ। ਇਸ ਤੋਂ ਬਾਅਦ ਭਗਵਾਨ ਕੁਬੇਰ ਅਤੇ ਭਗਵਾਨ ਊਧਵ ਬਦਰੀਨਾਥ ਮੰਦਰ ਦੇ ਪਾਵਨ ਅਸਥਾਨ 'ਚ ਬਿਰਾਜਮਾਨ ਹੋਏ।

## ਸਰਹੱਦ 'ਤੇ ਤਣਾਅ ਕਾਰਨ ਗੋਲਾ-ਬਾਰੂਦ ਬਣਾਉਣ ਵਾਲੀਆਂ ਆਰਡੀਨੈਂਸ ਫੈਕਟਰੀਆਂ 'ਚ ਛੁੱਟੀਆਂ ਰੱਦ

ਅਤੇ ਕਰਮਚਾਰੀਆਂ ਦੀ ਛੁੱਟੀ ਵੀ ਸ਼ੁੱਕਰਵਾਰ ਨੂੰ ਰੱਦ ਕਰ ਦਿੱਤੀ ਗਈ ਹੈ। ਓ.ਐੱਫ.ਕੇ. ਦੇ ਪੀ.ਆਰ.ਓ. ਅਵਿਨਾਸ਼ ਸ਼ੰਕਰ ਨੇ ਫ਼ੋਨ ਤੇ ਗੱਲ ਕਰਦੇ ਹੋਏ ਇਸ ਜਾਣਕਾਰੀ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ,ਇਸ ਵਿੱਤੀ ਸਾਲ ਲਈ ਸਾਡਾ ਟੀਚਾ ਬਹੁਤ ਵੱਡਾ ਹੈ ਅਤੇ ਅਸੀਂ ਅਪ੍ਰੈਲ ਮਹੀਨੇ ਵਿੱਚ ਟੀਚਾਬੱਧ ਉਤਪਾਦਨ ਪ੍ਰਾਪਤ ਨਹੀਂ ਕਰ ਸਕੇ ਹਾਂ। ਇਸ ਸਥਿਤੀ ਦੀ ਭਰਪਾਈ ਲਈ ਸਾਨੂੰ ਹੈੱਡਕੁਆਰਟਰ ਤੋਂ ਛੁੱਟੀਆਂ ਰੱਦ ਕਰਨ ਦੇ ਨਿਰਦੇਸ਼ ਪ੍ਰਾਪਤ ਹੋਏ ਹਨ ਤਾਂ ਜੋ ਅਸੀਂ ਢੁਕਵੇਂ ਕਾਰਜਬਲ ਅਤੇ ਨਿਗਰਾਨੀ ਨੂੰ ਯਕੀਨੀ ਬਣਾ ਸਕੀਏ। ਓ.ਐੱਫ.ਕੇ.ਵਿੱਚ ਲਗਭਗ 4,000 ਲੋਕ ਕੰਮ ਕਰਦੇ ਹਨ ਅਤੇ ਇਹ ਮਿਨੀਸ਼ਨਜ਼ ਇੰਡੀਆ ਲਿਮਟਿਡ (ਐੱਮ.ਆਈ.ਐੱਲ.) ਦੀਆਂ ਸਭ ਤੋਂ ਵੱਡੀਆਂ ਇਕਾਈਆਂ ਵਿੱਚੋਂ ਇੱਕ ਹੈ, ਜੋ ਭਾਰਤੀ ਹਥਿਆਰਬੰਦ ਸੈਨਾਵਾਂ ਨੂੰ ਗੋਲਾ-ਬਾਰੂਦ ਸਪਲਾਈ ਕਰਦੀ ਹੈ। ਫੈਕਟਰੀ ਵਿੱਚ ਤੋਪਾਂ ਦੇ ਗੋਲੇ, ਬੰਬ, ਰਾਕੇਟ ਅਤੇ ਹੋਰ ਰੱਖਿਆ ਸਮੱਗਰੀ ਬਣਾਈ ਜਾਂਦੀ ਹੈ।

## ਭਾਰਤ-ਪਾਕਿ ਸਰਹੱਦ 'ਤੇ ਤਣਾਅ, ਸਰਹੱਦੀ ਪਿੰਡਾਂ 'ਚ ਹੋਇਆ ਬਲੈਕ ਆਊਟ !

ਹਨ, ਜਦੋਂ ਕਰਫਿਊ ਲਾਇਆ ਗਿਆ ਸੀ। ਭਾਰਤ ਅਤੇ ਪਾਕਿਸਤਾਨ ਵਿਚਕਾਰ ਪਿਛਲੀਆਂ ਜੰਗਾਂ ਦੇ ਤਜ਼ਰਬਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਲੋਕਾਂ ਨੇ ਰਾਸ਼ਨ ਸਟੋਰ ਕਰਨਾ ਸ਼ੁਰੂ ਕਰ ਦਿੱਤਾ ਹੈ। ਜੰਗ ਦੀ ਮੌਜੂਦਾ ਸਥਿਤੀ ਨੂੰ ਵੇਖਦੇ ਹੋਏ ਇਲਾਕੇ ਵਿਚ ਬਲੈਕਆਊਟ ਅਭਿਆਸ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਦੇ ਲਈ ਅਨਾਊਂਸਮੈਂਟ ਵੀ ਹੋ ਰਹੀ ਹੈ। ਫਿਰੋਜ਼ਪੁਰ ਕੈਂਟ ਏਰੀਆ ਤੇ ਸਰਹੱਦੀ ਪਿੰਡਾਂ ਵਿਚ ਬੈਲਕਆਊਟ ਰਿਹਰਸਲ ਕੀਤੀ ਜਾਏਗੀ। ਇਸ ਦੌਰਾਨ ਕੈਂਟ ਏਰੀਆ ਦੇ ਨਾਲ ਲੱਗੇ ਪਿੰਡਾਂ ਵਿਚ ਐਤਵਾਰ (4 ਮਈ) ਨੂੰ ਰਾਤ 9 ਤੋਂ ਸਾਢੇ 9 ਵਜੇ ਤੱਕ ਬਲੈਕਆਊਟ ਰਿਹਾ। ਕੇਂਟੋਨਮੈਂਟ ਬੋਰਡ ਦੇ ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਪੱਤਰ ਲਿਖ ਕੇ ਇਸ ਦੀ ਜਾਣਕਾਰੀ ਦਿੱਤੀ । ਇਸ ਵਿਚ ਲਿਖਿਆ ਹੈ ਕਿ ਲੋਕ ਰਾਤ 9 ਵਜੇ ਤੋਂ 9.30 ਤੱਕ ਘਰਾਂ ਵਿਚ ਰਹੋ ਅਤੇ ਇਸ ਦੌਰਾ ਲਾਈਟਾਂ ਬੰਦ ਰੱਖੋ। ਇਹ ਵੀ ਹਿਦਾਇਤ ਵੀ ਦਿੱਤੀ ਗਈ ਕਿ ਲੋਕ ਜਨਰੇਟਰ ਅਤੇ ਇਨਵਰਟਰ ਦਾ ਵੀ ਯੂਜ਼ ਨਾ ਕਰੋ। ਮੌਕ ਡਰਿੱਲ ਦੀ ਸੂਚਨਾ ਦੇਣ ਲਈ ਫਿਰੋਜ਼ਪੁਰ ਕੈਂਟ ਪ੍ਰਸ਼ਾਸਨ ਨੇ ਮੁਨਾਦੀ ਵੀ ਕਰਵਾਈ ਤਾਂਕਿ ਲੋਕ ਡਰਨ ਨਾ। ਆਟੋ 'ਤੇ ਸਪੀਕਰ ਲਗਾ ਕੇ ਦੱਸਿਆ ਗਿਆ ਕਿ ਲੋਕ ਘਬਰਾਉਣ ਨਾ, ਰਾਤ ਨੂੰ ਬਲੈਕਆਊਟ ਤਹਿਤ ਘਰਾਂ ਦੀ ਲਾਈਟ ਨਾ ਜਗਾਓ। ਇਸ ਦੌਰਾਨ 30 ਮਿੰਟ ਤੱਕ ਹੂਟਰ ਵੀ ਵੱਜੇਗਾ। ਇਹ ਸੁਰੱਖਿਆ ਦੇ ਮੱਦੇਨਜ਼ਰ ਇੱਕ ਅਭਿਆਸ ਸੀ। ਇਸ ਨੂੰ ਪੂਰਾ ਕਰਨ ਵਿਚ ਲੋਕ ਸਹਿਯੋਗ ਦੇਣ। ਲੋਕਾਂ ਤੋਂ ਆਪਣੀਆਂ ਦੁਕਾਨਾਂ ਵੀ ਟਾਈਮ ਨਾਲ ਬੰਦ ਕਰਨ ਦੀ ਬੇਨਤੀ ਕੀਤੀ ਗਈ।

## ਸਵੇਰੇ-ਸਵੇਰੇ ਲੱਗੇ ਭੂਚਾਲ ਦੇ ਝਟਕੇ, ਅਮਰੀਕਾ ਤੋਂ ਭਾਰਤ ਤੱਕ ਕੰਬੀ ਧਰਤੀ

ਨਹੀਂ ਹੈ। ਹਾਲਾਂਕਿ ਇਸ ਸਾਲ ਮਿਆਂਮਾਰ ਅਤੇ ਥਾਈਲੈਂਡ ਵਿੱਚ ਆਏ ਭਿਆਨਕ ਭੂਚਾਲਾਂ ਅਤੇ ਇੰਡੋਨੇਸ਼ੀਆ, ਅਰਜਨਟੀਨਾ ਅਤੇ ਚਿਲੀ ਵਿੱਚ 6 ਤੋਂ 7 ਤੀਬਰਤਾ ਦੇ ਭੂਚਾਲਾਂ ਤੋਂ ਬਾਅਦ ਇਸ ਭੂਚਾਲ ਨੇ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਸੀ। ਅਮਰੀਕਾ ਵਿੱਚ ਆਏ ਭੂਚਾਲ ਤੋਂ ਬਾਅਦ ਲੋਕ ਡਰ ਕੇ ਘਰਾਂ ਤੋਂ ਬਾਹਰ ਆ ਗਏ ਅਤੇ ਕਈ ਘੰਟਿਆਂ ਤੱਕ ਸੜਕਾਂ ਤੇ ਘੁੰਮਦੇ ਰਹੇ। ਨੈਸ਼ਨਲ ਸੈਂਟਰ ਫਾਰ ਸੀਸਮੋਲੋਜੀ ਅਤੇ ਯੂਨਾਈਟਿਡ ਸਟੇਟਸ ਜੀਓਲੌਜੀਕਲ ਸਰਵੇ ਨੇ ਇਸ ਭੂਚਾਲ ਦੀ ਪੁਸ਼ਟੀ ਕੀਤੀ ਹੈ। ਅੱਜ ਭਾਰਤ ਵਿੱਚ ਵੀ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਰਾਜਸਥਾਨ ਦੇ ਝੁਨਝੁਨੂ ਵਿੱਚ ਸਵੇਰੇ 9.30 ਵਜੇ ਦੇ ਕਰੀਬ ਲੋਕਾਂ ਨੇ ਹਲਕੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ। ਇਸ ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ ਤੇ 3.1 ਦਰਜ ਕੀਤੀ ਗਈ। ਭਾਵੇਂ ਭੂਚਾਲ ਹਲਕੇ ਸਨ, ਪਰ ਲੋਕਾਂ ਨੇ ਉਨ੍ਹਾਂ ਨੂੰ ਮਹਿਸੂਸ ਕੀਤਾ ਅਤੇ ਸਾਵਧਾਨੀ ਨਾਲ ਆਪਣੇ ਘਰਾਂ ਤੋਂ ਬਾਹਰ ਨਿਕਲ ਆਏ। ਇੱਥੇ ਵੀ ਕਿਸੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਇਸ ਭੂਚਾਲ ਦਾ ਕੇਂਦਰ ਜ਼ਮੀਨ ਤੋਂ 10 ਕਿਲੋਮੀਟਰ ਹੇਠਾਂ ਦੀ ਡੂੰਘਾਈ ਵਿੱਚ ਸੀ। ਰਾਜਸਥਾਨ ਤੋਂ ਪਹਿਲਾਂ ਮੇਘਾਲਿਆ ਵਿੱਚ ਵੀ ਸਵੇਰੇ 7:56 ਵਜੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ।

## ਸੁਪਰੀਮ ਕੋਰਟ ਨੇ ਮੁੜ ਬਣਾਇਆ ਤਿੰਨ ਜੱਜਾਂ ਦਾ ਬੈਂਚ , ਪਟੀਸ਼ਨਾਂ 'ਤੇ ਸੁਣਵਾਈ 7 ਨੂੰ

ਦਾ ਬੈਂਚ ਮਾਮਲੇ 'ਤੇ ਸੁਣਵਾਈ ਕਰੇਗਾ। ਦੱਸਣਾ ਬਣਦਾ ਹੈ ਕਿ ਜੁਲਾਈ, 2022 ਵਿੱਚ ਸਰਵਉਚ ਅਦਾਲਤ ਨੇ ਮਨੀ ਲਾਂਡਰਿੰਗ ਰੋਕਥਾਮ ਐਕਟ (ਪੀ.ਐੱਮ.ਐੱਲ.ਏ.) ਤਹਿਤ ਮਨੀ ਲਾਂਡਰਿੰਗ ਵਿੱਚ ਸ਼ਾਮਲ ਗ੍ਰਿਫ਼ਤਾਰੀ ਤੇ ਸੰਪਤੀ ਦੀ ਕੁਰਕੀ, ਤਲਾਸ਼ੀ ਅਤੇ ਜ਼ਬਤੀ ਦੀ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀਆਂ ਸ਼ਕਤੀਆਂ ਨੂੰ ਬਰਕਰਾਰ ਰੱਖਿਆ ਸੀ।

## ਸੁਪਰੀਮ ਕੋਰਟ ਵੱਲੋਂ ਵਕਫ਼ ਕਾਨੂੰਨ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਅੱਜ

ਕੋਰਟ ਨੂੰ ਭਰੋਸਾ ਦਿਵਾਇਆ ਸੀ ਕਿ ਉਹ 5 ਮਈ ਤੱਕ ਨਾ ਤਾਂ ਵਕਫ਼ ਸੰਪਤੀਆਂ ਨੂੰ ਡੀਨੋਟੀਫਾਈ ਕਰੇਗਾ ਅਤੇ ਨਾ ਹੀ ਕੇਂਦਰੀ ਵਕਫ਼ ਕੌਂਸਲ ਅਤੇ ਬੋਰਡਾਂ ਵਿੱਚ ਕੋਈ ਨਿਯੁਕਤੀ ਕੀਤੀ ਜਾਵੇਗੀ। ਕੇਂਦਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਚੀਫ਼ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਸੰਜੇ ਕੁਮਾਰ ਅਤੇ ਕੇਵੀ ਵਿਸ਼ਵਨਾਥਨ ਦੇ ਬੈਂਚ ਨੂੰ ਸੂਚਿਤ ਕਰਦੇ ਹੋਏ ਭਰੋਸਾ ਦਿਵਾਇਆ ਕਿ ਸੰਸਦ ਵਲੋਂ ਉਚਿਤ ਵਿਚਾਰ-ਵਟਾਂਦਰੇ ਨਾਲ ਪਾਸ ਕੀਤੇ ਗਏ ਕਾਨੂੰਨ ਨੂੰ ਸਰਕਾਰ ਦੀ ਸੁਣਵਾਈ ਤੋਂ ਬਿਨਾਂ ਰੋਕਿਆ ਨਹੀਂ ਜਾਣਾ ਚਾਹੀਦਾ। ਕੇਂਦਰ ਨੇ ਕੇਂਦਰੀ ਵਕਫ਼ ਕੌਂਸਲ ਅਤੇ ਬੋਰਡਾਂ ਵਿੱਚ ਗੈਰ-ਮੁਸਲਮਾਨਾਂ ਨੂੰ ਸ਼ਾਮਲ ਕਰਨ ਦੀ ਆਗਿਆ ਦੇਣ ਵਾਲੇ ਪ੍ਰਬੰਧ ਨੂੰ ਰੋਕਣ ਤੋਂ ਇਲਾਵਾ ਵਕਫ਼ ਸੰਪਤੀਆਂ ਦੇ ਡੀਨੋਟੀਫਿਕੇਸ਼ਨ ਵਿਰੁੱਧ ਅੰਤਰਿਮ ਆਦੇਸ਼ ਪਾਸ ਕਰਨ ਦੇ ਸੁਪਰੀਮ ਕੋਰਟ ਦੇ ਪ੍ਰਸਤਾਵ ਦਾ ਵੀ ਸਖ਼ਤ ਵਿਰੋਧ ਕੀਤਾ ਸੀ। ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਕੇਂਦਰ ਨੂੰ ਕਾਨੂੰਨ ਦੀ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦਾ ਜਵਾਬ ਦਾਖ਼ਲ ਕਰਨ ਲਈ ਇੱਕ ਹਫ਼ਤੇ ਦਾ ਸਮਾਂ ਦਿੱਤਾ ਸੀ ਅਤੇ ਮਾਮਲੇ ਦੀ ਸੁਣਵਾਈ 5 ਮਈ ਨੂੰ ਪਾ ਦਿੱਤੀ ਸੀ।

# ਸਰਬਜੀਤ ਸਿੰਘ ਰਿੰਕੂ ਬਣੇ ਸਰਬ ਸੰਮਤੀ ਨਾਲ ਗੁਰਦੁਆਰਾ ਸਾਹਿਬ ਦੇ ਪ੍ਰਧਾਨ

ਅੰਮ੍ਰਿਤਸਰ, 4 ਮਈ, (ਬਬਲੂ ਮਹਾਜਨ) : ਪਿੰਡ ਵਰਪਾਲ ਪੱਤੀ ਧੀਰ ਕੀ ਗੁਰਦੁਆਰਾ ਸਾਹਿਬ ਦੇ ਪਿੱਛੇ ਰਹਿ ਚੁੱਕੇ ਪ੍ਰਧਾਨ ਮਰਹੂਮ ਜਥੇਦਾਰ ਜਗੀਰ ਸਿੰਘ ਦੀ ਮੌਤ ਹੋ ਜਾਣ ਮਗਰੋਂ ਉਹਨਾਂ ਦੇ ਸਪੁੱਤਰ ਸਰਬਜੀਤ ਸਿੰਘ ਰਿੰਕੂ ਨੂੰ ਗੁਰਦੁਆਰਾ ਸਾਹਿਬ ਦੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਪ੍ਰਧਾਨ ਬਣਾ ਕੇ ਨਿਵਾਜ਼ਿਆ ਹੈ। ਕਮੇਟੀ ਮੈਂਬਰ ਹਰਨੇਕ ਸਿੰਘ ਨੇ ਸਿਰਪਾਉ ਦੀ ਬਖਸ਼ਿਸ਼ ਦੇ ਕੇ ਨਿਵਾਜ਼ਿਆ। ਕਮੇਟੀ ਮੈਂਬਰਾਂ ਤੇ ਹੋਰ ਮੋਹਤਬਰ ਵਿਅਕਤੀਆਂ ਨੇ ਵਧਾਈਆਂ ਦਿੱਤੀਆਂ। ਇਸ ਮੌਕੇ ਬੋਲਦਿਆਂ ਪ੍ਰਧਾਨ ਸਰਬਜੀਤ ਸਿੰਘ ਰਿੰਕੂ ਨੇ ਕਿਹਾ ਕਿ ਮੈਂ ਗੁਰਦੁਆਰਾ ਸਾਹਿਬ ਕਮੇਟੀ ਦੇ ਪ੍ਰਧਾਨ ਹੋਣ ਨਾਤੇ ਰਹਿਦੇ ਕੰਮਾਂ ਨੂੰ ਤਨਦੇਹੀ ਨਾਲ ਨਿਭਾਵਾਂਗਾ ਤੇ ਜੋ ਮੈਨੂੰ ਕਮੇਟੀ ਮੈਂਬਰ ਹੁਕਮ ਲਾਉਣਗੇ। ਉਸ ਉੱਤੇ ਚੱਲਣ ਦੀ ਕੋਸ਼ਿਸ਼ ਕਰਾਂਗਾ। ਇਸ ਮੌਕੇ ਪ੍ਰਧਾਨ ਸਰਬਜੀਤ ਸਿੰਘ ਰਿੰਕੂ, ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ, ਖਜ਼ਾਨਚੀ ਕਸ਼ਮੀਰ ਸਿੰਘ,ਮੈਂਬਰ ਪ੍ਰੇਮ ਸਿੰਘ, ਮੈਂਬਰ ਸਰਵਣ ਸਿੰਘ, ਮੈਂਬਰ ਸੁਖਦੀਪ ਸਿੰਘ, ਮੈਂਬਰ ਦਿਲਬਾਗ ਸਿੰਘ, ਮੈਂਬਰ ਹਰਨੇਕ ਸਿੰਘ, ਮੈਂਬਰ ਵਿਰਸਾ ਸਿੰਘ, ਮੈਂਬਰ ਪ੍ਰਤਾਪ ਸਿੰਘ, ਮੈਂਬਰ ਗੁਰਮੇਜ ਸਿੰਘ, ਮੈਂਬਰ ਗੁਰਦੇਵ ਸਿੰਘ, ਮੁੱਲਖਜੀਤ ਸਿੰਘ ਲਾਟੀ, ਕਰਮ ਸਿੰਘ, ਸੁਰਿੰਦਰ ਪਾਲ ਸਿੰਘ, ਅਮਨਦੀਪ ਸਿੰਘ ਰੀਟਾ, ਨਿਰਮਲ ਸਿੰਘ, ਸਮਸ਼ੇਰ ਸਿੰਘ, ਅਮਨਦੀਪ ਸਿੰਘ ਲਾਲੀ, ਮੇਜਰ ਸਿੰਘ, ਕੁਲਦੀਪ ਸਿੰਘ, ਮੇਜਰ ਸਿੰਘ, ਜਗਦੀਸ਼ ਸਿੰਘ ਆਦਿ ਹਾਜ਼ਰ ਸਨ।



# ਵਰ੍ਹਦੇ ਮੀਂਹ 'ਚ ਸ੍ਰੀ ਦਰਬਾਰ ਸਾਹਿਬ ਵਿਖੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਮੱਥਾ ਟੇਕਿਆ

ਅੰਮ੍ਰਿਤਸਰ, 4 ਮਈ, (ਬਬਲੂ ਮਹਾਜਨ) : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜਿੱਥੇ ਕਿ ਰੋਜ਼ਾਨਾ ਹੀ ਹਜ਼ਾਰਾਂ-ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋਣ ਪਹੁੰਚਦੀਆਂ ਹਨ ਇਸ ਪਵਿੱਤਰ ਗੁਰੂ ਘਰ ਵਿਖੇ ਸੰਗਤਾਂ ਆਪਣੇ ਪਰਿਵਾਰ ਦੀ ਸੁੱਖ-ਸ਼ਾਂਤੀ ਲਈ ਅਰਦਾਸ ਕਰਦੀਆਂ ਹਨ ਅਤੇ ਵਾਹਿਗੁਰੂ ਦੇ ਚਰਨਾਂ ਵਿੱਚ ਆ ਕੇ ਸੀਸ ਝੁਕਾਉਂਦੀਆਂ ਹਨ।ਸੰਗਤਾਂ ਆਪਣੇ ਮਨ ਵਿੱਚ ਗੁਰੂ ਘਰ ਪ੍ਰਤੀ ਸਤਿਕਾਰ ਅਤੇ ਸ਼ਰਧਾ ਨੂੰ ਮੁੱਖ ਰੱਖਦੇ ਹੋਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੂਰੋਂ-ਦੂਰੋਂ ਨਤਮਸਤਕ ਹੋਣ ਪਹੁੰਚਦੀਆਂ ਹਨ ਅਤੇ ਵਾਹਿਗੁਰੂ ਦੇ ਦਰ 'ਤੇ ਸੇਵਾ ਆਦਿ ਕਰਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ ਅਤੇ ਇਸ ਰੂਹਾਨੀਅਤ ਦੇ ਕੇਂਦਰ ਵਿਖੇ ਆ ਕੇ ਮਨ ਨੂੰ ਅਲੌਕਿਕ ਸਕੂਨ ਅਤੇ ਸ਼ਾਂਤੀ ਦਾ ਵੀ ਅਹਿਸਾਸ ਮਿਲਦਾ ਹੈ ।ਉੱਥੇ ਹੀ ਵਰ੍ਹਦੇ ਮੀਂਹ ਦੇ ਦੌਰਾਨ ਵੀ ਸੰਗਤਾਂ ਦਾ ਸੈਲਾਬ ਨਹੀਂ ਰੁਕਿਆ ਅਤੇ ਸੰਗਤਾਂ ਗੁਰੂਘਰ ਵਿਖੇ ਆਪਣੀਆਂ- ਆਪਣੀਆਂ ਹਾਜ਼ਰੀਆਂ ਭਰਨ ਪਹੁੰਚਦੀਆਂ ਹੋਈਆਂ ਵਿਖਾਈ ਦਿੱਤੀਆਂ । ਇਸ ਅਦਭੁੱਤ ਨਜ਼ਾਰੇ ਨੂੰ ਹਰ ਕੋਈ ਆਪਣੇ ਫੋਨ ਦੇ ਵਿੱਚ ਕੈਦ ਕਰਦਾ ਹੋਇਆ ਵਿਖਾਈ ਦਿੱਤਾ । ਵਾਹਿਗੁਰੂ ਦੇ ਦਰ 'ਤੇ ਆ ਕੇ ਠੰਡੀਆਂ ਹਵਾਵਾਂ ਦਾ ਆਨੰਦ ਮਾਣਦਿਆਂ ਹੋਇਆਂ ਸੰਗਤਾਂ ਦੇ ਚਿਹਰੇ 'ਤੇ ਵਿਲੱਖਣ ਨੂਰ ਸੀ ਅਤੇ ਹਰ ਇੱਕ ਦੀਆਂ ਨਿਗਾਹਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵੱਲ ਹੀ ਟਿੱਕੀਆਂ ਹੋਈਆਂ ਸਨ । ਹਰ ਕੋਈ ਇਸ ਨਜ਼ਾਰੇ ਦਾ ਵੀ ਆਨੰਦ ਮਾਨ ਰਿਹਾ ਸੀ ਅਤੇ ਵਾਹਿਗੁਰੂ ਦੇ ਅੱਗੇ ਅਰਦਾਸ ਬੇਨਤੀ ਵੀ ਕਰ ਰਿਹਾ ਸੀ ।



# ਮੁੱਖ ਮੰਤਰੀ ਨੇ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਦੋ ਜਾਸੂਸਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੰਜਾਬ ਪੁਲਿਸ ਦੀ ਕੀਤੀ ਸ਼ਲਾਘਾ



ਚੰਡੀਗੜ੍ਹ, 4 ਮਈ, (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਾਸੂਸੀ ਵਿੱਚ ਸ਼ਾਮਲ ਗੱਦਾਰਾਂ ਨੂੰ ਗ੍ਰਿਫਤਾਰ ਕਰ ਕੇ ਪ੍ਰਭਾਵਸ਼ਾਲੀ ਪੁਲਿਸਿੰਗ ਬਾਰੇ ਇੱਕ ਹੋਰ ਮਾਪਦੰਡ ਸਥਾਪਤ ਕਰਨ ਲਈ ਪੰਜਾਬ ਪੁਲਿਸ ਦੀ ਸ਼ਲਾਘਾ ਕੀਤੀ।

ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਪੰਜਾਬ ਪੁਲਿਸ ਦੀ ਵੱਡੀ ਪ੍ਰਾਪਤੀ ਹੈ, ਜਿਸ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਨੂੰ ਖਤਰੇ ਵਿੱਚ ਪਾਉਣ ਦੇ ਇਰਾਦੇ ਨਾਲ ਕੀਤੀ ਗਈ। ਇਸ ਦੇਸ਼ ਵਿਰੋਧੀ ਗਤੀਵਿਧੀ ਨੂੰ ਨਾਕਾਮ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਇਸ ਸਾਜ਼ਿਸ਼ ਨੂੰ ਨਾਕਾਮ ਕਰ ਕੇ ਸ਼ਲਾਘਾਯੋਗ ਕੰਮ ਕੀਤਾ ਹੈ, ਜੋ ਸਾਡੇ ਲਈ ਮਾਣ ਅਤੇ ਤਸੱਲੀ ਵਾਲੀ ਗੱਲ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਹੱਦੀ ਸੂਬਾ ਹੋਣ ਦੇ ਨਾਤੇ ਪੰਜਾਬ ਪੁਲਿਸ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਚੌਕਸ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਦੇਸ ਦੀਆਂ ਸਰਹੱਦਾਂ ਦੀ ਰਾਖੀ ਕਰਨਾ ਸਾਡਾ ਨੈਤਿਕ ਫਰਜ਼ ਹੈ ਅਤੇ ਅਸੀਂ ਇਸ ਨੂੰ ਪੂਰੇ ਜੋਸ਼ ਨਾਲ ਨਿਭਾ ਰਹੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਹਮੇਸ਼ਾ ਦੇਸ਼ ਦੀ ਖੜਗ ਭੁਜਾ ਰਿਹਾ ਹੈ ਅਤੇ ਸੂਬਾ ਇਸ ਸ਼ਾਨਦਾਰ ਪਰੰਪਰਾ ਨੂੰ ਬਰਕਰਾਰ ਰੱਖੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਹਾਦਰ ਅਤੇ ਚੌਕਸ ਪੰਜਾਬ ਪੁਲਿਸ ਦੇਸ ਦੀ ਸੁਰੱਖਿਆ ਨੂੰ ਭੰਗ ਕਰਨ ਦੇ ਇਰਾਦੇ ਨਾਲ ਕੀਤੇ ਗਏ। ਅਜਿਹੇ ਸਾਰੇ ਯਤਨਾਂ ਨੂੰ ਨਾਕਾਮ ਕਰ ਕੇ ਆਪਣੀ ਅਮੀਰ ਵਿਰਾਸਤ ਨੂੰ ਕਾਇਮ ਰੱਖ ਰਹੀ ਹੈ।

# ਪਿਛਲੀਆਂ ਸਰਕਾਰਾਂ ਨੇ ਨਸ਼ਾ ਤਸਕਰ ਪਾਲੇ, ਮਾਨ ਸਰਕਾਰ ਨੇ ਨਸ਼ਾ ਤਸਕਰਾਂ ਦੇ ਘਰ ਤੇ ਹੌਸਲੇ ਤੋੜੇ : ਕੈਬਨਿਟ ਮੰਤਰੀ



ਚੰਡੀਗੜ੍ਹ, 4 ਮਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਫ਼ੈਸਲਾਕੁੰਨ ਦੌਰ 'ਚ ਪੁੱਜ ਗਈ ਹੈ। ਮਾਨ ਸਰਕਾਰ ਨਸ਼ਿਆਂ ਵਿਰੁੱਧ ਜੰਗ ਵਿੱਚ ਉਤਰ ਗਈ ਹੈ ਅਤੇ ਸਮੂਹ ਕੈਬਨਿਟ ਮੰਤਰੀਆਂ ਨੇ ਮੋਰਚਾ ਸੰਭਾਲਦਿਆਂ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰੀ ਪ੍ਰੋਗਰਾਮਾਂ ਅਤੇ ਪਿੰਡ ਰੱਖਿਆ ਕਮੇਟੀਆਂ ਰਾਹੀਂ ਜਾਗਰੂਕਤਾ ਫੈਲਾਈ।ਨਸ਼ਿਆਂ ਵਿਰੁੱਧ ਸਾਰਾ ਪੰਜਾਬ ਇੱਕਜੁਟ ਹੋ ਗਿਆ ਹੈ ਅਤੇ ਇਹ ਹੁਣ ਲੋਕ ਲਹਿਰ ਬਣ ਗਈ ਹੈ।

ਅੱਜ ਪੰਜਾਬ ਦੇ ਸਮੂਹ ਕੈਬਨਿਟ ਮੰਤਰੀਆਂ ਵੱਲੋਂ ਸੂਬੇ ਭਰ ਵਿੱਚ ਵੱਖੋ-ਵੱਖ ਥਾਵਾਂ ਉੱਤੇ ਨਸ਼ਿਆਂ ਖਿਲਾਫ ਜਾਗਰੂਕ ਮੀਟਿੰਗਾਂ ਵਿੱਚ ਸ਼ਿਰਕਤ ਕਰਦਿਆਂ ਜ਼ੋਰ ਨਾਲ ਕਿਹਾ ਗਿਆ ਕਿ ਮਾਨ ਸਰਕਾਰ ਨੇ ਜਿੱਥੇ ਨਸ਼ਾ ਤਸਕਰਾਂ ਦੇ ਘਰ 'ਤੇ ਹੌਂਸਲੇ ਤੋੜੇ ਹਨ, ਉੱਥੇ ਹੀ ਪਿਛਲੀਆਂ ਸਰਕਾਰਾਂ ਨੇ ਨਸ਼ਾ ਤਸਕਰ ਪਾਲੇ ਹੋਏ ਸਨ।

ਅੱਜ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਸਿਹਤ ਮੰਤਰੀ ਡਾ ਬਲਬੀਰ ਸਿੰਘ ਨੇ ਪਟਿਆਲਾ, ਪ੍ਰਸ਼ਾਸਕੀ ਸੁਧਾਰ ਮੰਤਰੀ ਅਮਨ ਅਰੋੜਾ ਤੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਬਠਿੰਡਾ, ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਹੀਦ ਭਗਤ ਸਿੰਘ ਨਗਰ, ਐਨ.ਆਰ.ਆਈ. ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਠਾਨਕੋਟ, ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਰਵਜੋਤ ਸਿੰਘ ਨੇ ਪਠਾਨਕੋਟ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਗੁਰਦਾਸਪੁਰ, ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਤੇ ਮਾਲ ਤੇ ਮੁੜ ਵਸੇਬਾ ਮੰਤਰੀ ਹਰਦੀਪ ਸਿੰਘ ਮੁੰਡੀਆ ਨੇ ਅੰਮ੍ਰਿਤਸਰ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਸਮਾਜਿਕ ਸੁਰੱਖਿਆ ਤੇ ਇਸਤਰੀ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਮਾਲੇਰਕੋਟਲਾ ਅਤੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਫਾਜ਼ਿਲਕਾ ਵਿਖੇ ਸਮਾਗਮਾਂ ਵਿੱਚ ਸ਼ਿਰਕਤ ਕੀਤੀ।

ਮੰਤਰੀਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਬਣੀ ਲੋਕ ਲਹਿਰ ਨੂੰ ਕਾਮਯਾਬ ਕਰਕੇ ਪੰਜਾਬ ਨੂੰ ਦੇਸ਼ ਦਾ ਪਹਿਲਾ ਨਸ਼ਾ ਮੁਕਤ ਸੂਬਾ ਬਣਾਇਆ ਜਾਵੇ। ਸਰਕਾਰ ਦੀ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਦਾ ਖੁਲਾਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰੀ 'ਚ ਕਿਸੇ ਦੀ ਵੀ ਸ਼ਮੂਲੀਅਤ ਸਾਹਮਣੇ ਆਈ ਤਾਂ ਉਹ ਬਖ਼ਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਸਿਆਸੀ ਹੋਵੇ ਜਾਂ ਅਫ਼ਸਰਸ਼ਾਹੀ 'ਚੋਂ ਹੋਵੇ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਨਸ਼ਿਆਂ ਦਾ ਧੰਦਾ ਕਰਨ ਵਾਲਿਆਂ ਲਈ ਕੋਈ ਥਾਂ ਨਹੀਂ ਹੈ।

ਪੰਜਾਬ ਦੀ ਧਰਤੀ ਜੁਝਾਰੂ ਲੋਕਾਂ ਦੀ ਧਰਤੀ ਹੈ ਅਤੇ ਪੰਜਾਬੀ ਨਸ਼ਿਆ ਖਿਲਾਫ਼ ਸ਼ੁਰੂ ਕੀਤੀ ਜੰਗ ਵਿੱਚ ਪੰਜਾਬ ਸਰਕਾਰ ਦਾ ਡਟ ਕੇ ਸਾਥ ਦੇ ਰਹੇ ਹਨ। ਇਸ ਮੌਕੇ ਕੈਬਨਿਟ ਮੰਤਰੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੀ.ਬੀ.ਐਮ.ਬੀ. ਦੇ ਮੁੱਦੇ 'ਤੇ ਲਏ ਸਖ਼ਤ ਸਟੈਂਡ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੂੰ ਪਾਣੀਆਂ ਦਾ ਅਸਲ ਰਾਖਾ ਕਰਾਰ ਦਿੱਤਾ।

# ਦਰਿਆਈ ਪਾਣੀਆਂ ਦੇ ਮੁੱਦੇ 'ਤੇ ਸੁਖਬੀਰ ਸਿੰਘ ਬਾਦਲ ਨੇ ਮੋਦੀ ਨੂੰ ਪੱਤਰ ਲਿਖਿਆ



ਚੰਡੀਗੜ੍ਹ, 4 ਮਈ, (ਚ.ਨ.ਸ.) : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ। ਸ੍ਰੀ ਬਾਦਲ ਨੇ ਪੱਤਰ ਰਾਹੀਂ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਕੋਈ ਵਿਵਾਦ ਨਹੀਂ ਬਲਕਿ ਦੇਸ਼ ਭਗਤ ਲੋਕਾਂ ਦੇ ਸਰਹੱਦੀ ਸੂਬੇ ਦੀ ਸਿੱਧੀ ਲੁੱਟ ਹੈ। ਸ੍ਰੀ ਬਾਦਲ ਨੇ ਕਿਹਾ ਕਿ ਰਾਜਸਥਾਨ ਤੇ ਹਰਿਆਣਾ, ਪੰਜਾਬ ਦੇ ਇਕਲੌਤੇ ਕੁਦਰਤੀ ਸਰੋਤ ਦਰਿਆਈ ਪਾਣੀਆਂ ਦੇ ਗੈਰ ਕਾਨੂੰਨੀ ਲਾਭ ਪਾਤਰ ਰਹੇ ਹਨ ਤੇ ਇਹ ਰਿਪੇਰੀਅਨ ਸਿਧਾਂਤ ਜੋ ਕਿ ਦਰਿਆਈ ਪਾਣੀਆਂ ਦੀ ਵੰਡ ਵਾਸਤੇ ਕੌਮੀ ਤੇ ਕੌਮਾਂਤਰੀ ਮਾਮਲਿਆਂ ਵਿਚ ਲਾਗੂ ਹੋਣ ਵਾਲੇ ਸਿਧਾਂਤ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਨਾ ਤਾਂ ਹਰਿਆਣਾ ਤੇ ਨਾ ਹੀ ਰਾਜਸਥਾਨ ਰਿਪੇਰੀਅਨ ਰਾਜ ਹਨ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਨੂੰ ਸੁਪਰੀਮ ਕੋਰਟ ਨੇ ਪੰਜਾਬ ਨੂੰ ਇਹ ਹੁਕਮ ਤਾਂ ਦੇ ਦਿੱਤਾ ਕਿ ਉਹ ਸਤਲੁੱਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਸ਼ੁਰੂ ਕਰੇ ਪਰ ਇਸ ਬੁਨਿਆਦੀ ਗੱਲ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ ਕਿ ਜਦ ਪਾਣੀ ਹੀ ਨਹੀਂ ਹੈ ਤਾਂ ਨਹਿਰ ਕਿਉਂ ਬਣਾਈ ਜਾਏ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਇਹ ਹੁਕਮ ਲਾਗੂ ਕਰਨ ਤੋਂ ਸਪੱਸ਼ਟ ਇਨਕਾਰ ਕਰਦਿਆਂ ਕਿਹਾ ਕਿ ਉਹ ਪੰਜਾਬ ਦੇ ਹੱਕਾਂ ਨਾਲ ਸਮਝੌਤਾ ਕਰਨ ਦੀ ਥਾਂ ਜੇਲ੍ਹ ਜਾਣ ਨੂੰ ਤਰਜੀਹ ਦੇਣਗੇ। ਇਸ ਮਗਰੋਂ ਐਸਵਾਈਐਲ ਲਈ ਐਕੁਆਇਰ ਕੀਤੀ ਜ਼ਮੀਨ ਉਨ੍ਹਾਂ ਦੇ ਅਸਲ ਮਾਲਕ ਕਿਸਾਨਾਂ ਨੂੰ ਵਾਪਸ ਕੀਤੀ ਜਾਵੇ। ਹਰਿਆਣਾ ਲਈ ਪਾਣੀ ਛੱਡਣ ਦੇ ਤਾਜ਼ਾ ਵਿਵਾਦ ਦੀ ਗੱਲ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਹਰਿਆਣਾ ਨੇ ਦਰਿਆਈ ਪਾਣੀਆਂ ਵਿੱਚੋਂ ਮਿਲੇ ਆਪਣੇ ਹਿੱਸੇ ਨਾਲੋਂ ਵੱਧ ਪਾਣੀ ਵਰਤ ਲਿਆ ਹੈ ਜਦੋਂ ਕਿ ਇਸ ਨੂੰ ਪਾਣੀ ਦੀ ਗਲਤ ਵੰਡ ਹੋਈ ਕਿਉਂਕਿ ਇਸ ਦਾ ਤਾਂ ਦਰਿਆਈ ਪਾਣੀਆਂ 'ਤੇ ਹੱਕ ਹੀ ਨਹੀਂ ਬਣਦਾ। ਉਨ੍ਹਾਂ ਕਿਹਾ ਕਿ ਬਜਾਏ ਪੰਜਾਬ ਦਾ ਅਹਿਸਾਨ ਮੰਨਣ ਦੇ ਹਰਿਆਣਾ ਹੋਰ ਵੱਧ ਪਾਣੀ ਦੀ ਮੰਗ ਕਰ ਰਿਹਾ ਹੈ।

# ਸ੍ਰੀ ਚਮਕੌਰ ਸਾਹਿਬ ਨੇੜੇ ਪ੍ਰਦੂਸ਼ਨ ਫੈਲਾਉਣ ਵਾਲੀ ਫ਼ੈਕਟਰੀ ਲਗਵਾਉਣ ਤੋਂ ਪਿਛਾਂਹ ਹਟੇ ਪੰਜਾਬ ਸਰਕਾਰ : ਜਥੇ: ਗੜਗੱਜ



ਅੰਮ੍ਰਿਤਸਰ, 4 ਮਈ, (ਬਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਨੂੰ ਆਖਿਆ ਹੈ ਕਿ ਉਹ ਪੰਜਾਬੀਆਂ ਅਤੇ ਖ਼ਾਸਕਰ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਸ੍ਰੀ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਪ੍ਰਦੂਸ਼ਣ ਫੈਲਾਉਣ ਵਾਲੀ ਫੈਕਟਰੀ ਲਗਵਾਉਣ ਤੋਂ ਪਿਛਾਂਹ ਹਟੇ। ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਬਿਆਨ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਦੀ ਧਰਤੀ ਗੁਰੂ ਸਾਹਿਬਾਨ ਦੇ ਨਾਮ ਉੱਤੇ ਵੱਸਦੀ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਪਵਣ, ਪਾਣੀ ਅਤੇ ਧਰਤੀ ਨੂੰ ਗੁਰੂ, ਪਿਤਾ ਅਤੇ ਮਾਤਾ ਦਾ ਦਰਜਾ ਦਿੱਤਾ ਹੈ, ਜਿਸ ਕਰਕੇ ਸਾਡੀ ਪਵਣ, ਪਾਣੀ (ਦਰਿਆਵਾਂ) ਤੇ ਧਰਤੀ ਨੂੰ ਸੁਰੱਖਿਅਤ ਰੱਖਣਾ ਅਤੇ ਇਨ੍ਹਾਂ ਦਾ ਸਤਿਕਾਰ ਕਰਨਾ ਸਾਡਾ ਸਾਂਝਾ ਫ਼ਰਜ਼ ਬਣਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਲੋਕ ਪੱਖੀ ਸੰਪੂਰਨ ਦ੍ਰਿਸ਼ਟੀਕੋਣ ਨਾਲ ਵਿਕਾਸ ਕਰੇ ਜਿਸ ਵਿੱਚ ਲੋਕਾਂ ਦੇ ਜੀਵਨ ਅਤੇ ਸਿਹਤ ਦਾ ਪੂਰਾ ਧਿਆਨ ਰੱਖਿਆ ਜਾਵੇ, ਨਾ ਕਿ ਲੋਕਾਂ ਦੇ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨ ਵਾਲੀ ਪਹੁੰਚ ਅਪਣਾਈ ਜਾਵੇ।

ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਚਮਕੌਰ ਸਾਹਿਬ ਉਹ ਇਲਾਕਾ ਹੈ ਜਿੱਥੇ ਚਮਕੌਰ ਦੀ ਜੰਗ ਵਿੱਚ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦੋ ਵੱਡੇ ਸਾਹਿਬਜ਼ਾਦਿਆਂ ਦੇ ਉਨ੍ਹਾਂ ਦੇ ਨਾਲ ਅਨੇਕਾਂ ਹੀ ਅਨਿੰਨ ਸਿੱਖ ਸ਼ਹੀਦ ਹੋਏ ਹਨ। ਇਹ ਧਰਤੀ ਤਾਂ ਵੈਸੇ ਹੀ ਸ਼ਹੀਦਾਂ ਦੇ ਖ਼ੂਨ ਨਾਲ ਸਿੰਝੀ ਹੋਣ ਕਰਕੇ ਪਵਿੱਤਰ ਹੈ, ਜਿੱਥੇ ਪ੍ਰਦੂਸ਼ਣ ਫੈਲਾਉਣ ਅਤੇ ਲੋਕਾਂ ਦੀ ਸਿਹਤ ਉੱਤੇ ਮਾੜਾ ਪ੍ਰਭਾਵ ਪਾਉਣ ਵਾਲੀ ਫੈਕਟਰੀ ਲੱਗਣ ਨੂੰ ਕਦੇ ਵੀ ਇਜਾਜ਼ਤ ਨਹੀਂ ਸੀ ਮਿਲਣੀ ਚਾਹੀਦੀ। ਉਨ੍ਹਾਂ ਕਿਹਾ ਕਿ ਸ੍ਰੀ ਚਮਕੌਰ ਸਾਹਿਬ ਤੋਂ ਮਾਛੀਵਾੜੇ ਜਾਂਦੇ ਹੋਏ ਰਾਹ ਵਿਚ ਦਸ਼ਮੇਸ਼ ਪਿਤਾ ਬੀੜ ਜੰਡ ਸਾਹਿਬ ਵਾਲੀ ਥਾਂ ਰੁਕੇ ਸਨ, ਜਿੱਥੇ ਅੱਜ ਇਤਿਹਾਸਕ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੈ। ਉਨ੍ਹਾਂ ਕਿਹਾ ਕਿ ਇਹ ਗੱਲ ਸਾਹਮਣੇ ਆਈ ਹੈ ਕਿ ਇਤਿਹਾਸਕ ਗੁਰਦੁਆਰਾ ਬੀੜ ਜੰਡ ਸਾਹਿਬ ਤੋਂ ਸਿਰਫ਼ 600 ਮੀਟਰ ਦੀ ਦੂਰੀ ਉੱਤੇ ਬੁੱਢਾ ਦਰਿਆ ਅਤੇ ਸਰਹਿੰਦ ਨਹਿਰ ਵਿਚਾਲੇ 400 ਮੀਟਰ ਦੀ ਖਾਲੀ ਜ਼ਮੀਨ ਵਿੱਚ ਕਾਗਜ਼ ਬਣਾਉਣ ਵਾਲੀ ਫੈਕਟਰੀ ਲਗਾਈ ਜਾ ਰਹੀ ਹੈ, ਜਿਸ ਦਾ ਗੰਦਾ ਪਾਣੀ ਦਰਿਆਵਾਂ ਅਤੇ ਧਰਤੀ ਵਿੱਚ ਸੁੱਟ ਦਿੱਤਾ ਜਾਵੇਗਾ। ਇਹ ਬਹੁਤ ਹੀ ਗੰਭੀਰ ਮਾਮਲਾ ਹੈ ਕਿਉਂਕਿ ਸਰਹਿੰਦ ਨਹਿਰ ਪੰਜਾਬ ਦੇ ਪੂਰੇ ਮਾਲਵੇ ਖੇਤਰ ਦੀ ਜੀਵਨ ਰੇਖਾ ਹੈ ਅਤੇ ਬੁੱਢਾ ਦਰਿਆ ਦੇ ਪਾਣੀ ਦਾ ਅਸਰ ਰਾਜਸਥਾਨ ਤੱਕ ਪੈਂਦਾ ਹੈ, ਇਸ ਕਰਕੇ ਇਹ ਦੋਵੇਂ ਪ੍ਰਮੁੱਖ ਜਲ ਸਰੋਤ ਹਨ, ਜਿਨ੍ਹਾਂ ਉੱਤੇ ਵੱਡੀ ਗਿਣਤੀ ਵਿੱਚ ਲੋਕ ਨਿਰਭਰ ਕਰਦੇ ਹਨ। ਜੇਕਰ ਸ੍ਰੀ ਚਮਕੌਰ ਸਾਹਿਬ ਦੇ ਇਲਾਕੇ ਵਿੱਚ ਕਾਗਜ਼ ਫੈਕਟਰੀ ਲੱਗਦੀ ਹੈ ਤਾਂ ਇਸ ਨਾਲ ਵੱਡੀ ਗਿਣਤੀ ਵਿੱਚ ਲੋਕਾਂ ਦੀ ਸਿਹਤ ਅਤੇ ਜੀਵਨ ਸ਼ੈਲੀ ਉੱਤੇ ਬੁਰਾ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜਿੱਥੇ-ਜਿੱਥੇ ਇਹ ਫੈਕਟਰੀਆਂ ਚੱਲ ਰਹੀਆਂ ਹਨ ਉੱਥੇ ਲੋਕਾਂ ਵਿੱਚ ਵੱਡੇ ਪੱਧਰ ਉੱਤੇ ਕੈਂਸਰ, ਚਮੜੀ ਰੋਗ, ਲਾਗ, ਹੈਪੇਟਾਈਟਸ ਏ, ਬੀ, ਸੀ ਆਦਿ ਜਿਹੀਆਂ ਗੰਭੀਰ ਬਿਮਾਰੀਆਂ ਫੈਲੀਆਂ ਹਨ ਅਤੇ ਲੋਕ ਪੀੜਤ ਹਨ। ਇਹ ਕਾਗਜ਼ ਫੈਕਟਰੀਆਂ ਪਵਣ, ਪਾਣੀ ਤੇ ਧਰਤੀ ਨੂੰ ਬੁਰੀ ਤਰ੍ਹਾਂ ਦੂਸ਼ਿਤ ਕਰਦੀਆਂ ਹਨ ਇਸ ਕਰਕੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸ੍ਰੀ ਚਮਕੌਰ ਸਾਹਿਬ ਵਿਖੇ ਫੈਕਟਰੀ ਲਗਾਉਣ ਦੀ ਆਪਣੀ ਯੋਜਨਾ ਤੋਂ ਤੁਰੰਤ ਪਿਛਾਂਹ ਹਟੇ ਅਤੇ ਇਸ ਨੂੰ ਰੱਦ ਕਰਕੇ ਸੂਬੇ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰੇ।ਜਥੇਦਾਰ ਗੜਗੱਜ ਨੇ ਕਿਹਾ ਕਿ ਉਹ ਜਲਦ ਹੀ ਗੁਰਦੁਆਰਾ ਜੰਡ ਸਾਹਿਬ ਸ੍ਰੀ ਚਮਕੌਰ ਸਾਹਿਬ ਵਿਖੇ ਪੁੱਜ ਕੇ ਇਲਾਕੇ ਦੀ ਸੰਗਤ ਨਾਲ ਮੁਲਾਕਾਤ ਕਰਨਗੇ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ ਵਿੱਚ ਰਹੋ ! !

# ਵਿਦਿਆਰਥੀਆਂ ਦਾ ਸਨਮਾਨ ਸਭ ਤੋਂ ਉੱਪਰ : ਹਰਜੋਤ ਬੈਂਸ

## ਤੁਰੰਤ ਕਾਰਵਾਈ ਕੀਤੀ ਸਕੂਲ ਇੰਚਾਰਜ ਮੁਅੱਤਲ



ਚੰਡੀਗੜ੍ਹ, 4 ਮਈ, (ਚ.ਨ.ਸ.) : ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਨਿਰਦੇਸ਼ਾਂ 'ਤੇ ਤਰਨ ਤਾਰਨ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੋਇੰਦਵਾਲ ਸਾਹਿਬ ਦੇ ਇੰਚਾਰਜ ਨੂੰ ਸਕੂਲ ਵਿੱਚ ਇੱਕ ਸਮਾਗਮ ਦੌਰਾਨ ਵਿਦਿਆਰਥੀਆਂ ਤੋਂ ਵੇਟਰ ਦਾ ਕੰਮ ਕਰਵਾਉਣ (ਸਨੈਕਸ ਵਰਤਵਾਉਣ) ਦੇ ਮਾਮਲੇ ਵਿੱਚ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ।

ਸਕੂਲਾਂ ਵਿੱਚ ਸੁਰੱਖਿਅਤ ਅਤੇ ਸਤਿਕਾਰ ਵਾਲਾ ਮਾਹੌਲ ਬਣਾਈ ਰੱਖਣ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅਜਿਹਾ ਦੁਰਵਿਹਾਰ ਪੂਰੀ ਤਰ੍ਹਾਂ ਗ਼ੈਰ-ਵਾਜ਼ਬ ਹੈ, ਜਿਸ ਕਾਰਨ ਗੁਰਪ੍ਰਤਾਪ ਸਿੰਘ, ਪੰਜਾਬੀ ਲੈਕਚਰਾਰ-ਕਮ-ਸਕੂਲ ਇੰਚਾਰਜ, ਖ਼ਿਲਾਫ਼ ਡਿਊਟੀ ਦੌਰਾਨ ਘੋਰ ਅਣਗਹਿਲੀ ਲਈ ਤੁਰੰਤ ਕਾਰਵਾਈ ਕੀਤੀ ਗਈ ਹੈ। ਮੁਅੱਤਲੀ ਦੌਰਾਨ ਦਫ਼ਤਰ ਜ਼ਿਲ੍ਹਾ ਸਿੱਖਿਆ ਦਫ਼ਤਰ (ਸੀਨੀਅਰ ਸੈਕੰਡਰੀ), ਤਰਨ ਤਾਰਨ ਇਸ ਲੈਕਚਰਾਰ ਦਾ ਹੈੱਡਕੁਆਰਟਰ ਹੋਵੇਗਾ।

ਸਿੱਖਿਆ ਮੰਤਰੀ ਬੈਂਸ ਨੇ ਕਿਹਾ ਕਿ ਵਿਦਿਆਰਥੀਆਂ ਦੇ ਮਾਣ-ਸਨਮਾਨ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ ਅਤੇ ਉਹਨਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਅਜਿਹੇ ਵਤੀਰੇ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਹਰਜੋਤ ਸਿੰਘ ਬੈਂਸ ਨੇ ਹੋਰ ਅਧਿਆਪਕਾਂ ਨੂੰ ਵੀ ਸਕੂਲਾਂ ਵਿੱਚ ਉੱਚ ਮਿਆਰਾਂ ਅਤੇ ਜ਼ਿੰਮੇਵਾਰੀ ਨੂੰ ਬਣਾਈ ਰੱਖਣ ਲਈ ਕਿਹਾ। ਉਹਨਾਂ ਨੇ ਸਰਕਾਰੀ ਸਕੂਲਾਂ ਵਿੱਚ ਸਤਿਕਾਰ ਅਤੇ ਜਵਾਬਦੇਹੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਉੱਤੇ ਜ਼ੋਰ ਦਿੱਤਾ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰਨ।

# ਚੋਣ ਕਮਿਸ਼ਨ ਜਲਦ ਹੀ 40 ਐਪਸ ਦੀ ਥਾਂ ਇੱਕ ਐਪ ਕਰੇਗਾ ਜਾਰੀ : ਸਿਬਿਨ ਸੀ



ਚੰਡੀਗੜ੍ਹ, 4 ਮਈ, (ਚ.ਨ.ਸ.) : ਇੱਕ ਵੱਡੀ ਪਹਿਲਕਦਮੀ ਕਰਦਿਆਂ ਭਾਰਤੀ ਚੋਣ ਕਮਿਸ਼ਨ ਵੋਟਰਾਂ ਅਤੇ ਇਸਦੇ ਹੋਰ ਹਿੱਸੇਦਾਰਾਂ ਜਿਵੇਂ ਕਿ ਚੋਣ ਅਧਿਕਾਰੀਆਂ, ਸਿਆਸੀ ਪਾਰਟੀਆਂ ਅਤੇ ਆਮ ਨਾਗਰਿਕਾਂ ਲਈ ਇੱਕ ਨਵਾਂ ਡਿਜੀਟਲ ਐਪ ਵਿਕਸਤ ਕਰ ਰਿਹਾ ਹੈ। ਨਵਾਂ ਵਨ-ਸਟਾਪ ਪਲੇਟਫਾਰਮ ਈਸੀਆਈਨੈੱਟ (ECINET) ਚੋਣ ਕਮਿਸ਼ਨ ਦੇ 40 ਤੋਂ ਵੱਧ ਮੌਜੂਦਾ ਮੋਬਾਈਲ ਅਤੇ ਵੈੱਬ ਐਪਲੀਕੇਸ਼ਨਾਂ ਦੀ ਥਾਂ ਲਵੇਗਾ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ, ਸਿਬਿਨ ਸੀ ਨੇ ਦੱਸਿਆ ਕਿ ਈਸੀਆਈਨੈੱਟ ਵਿੱਚ ਚੋਣਾਂ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਲਈ ਇੱਕ ਸਿੰਗਲ ਪਲੇਟਫਾਰਮ ਪ੍ਰਦਾਨ ਕੀਤਾ ਜਾਵੇਗਾ। ਇਹ ਇੱਕ ਸੁਹਜ ਉਪਭੋਗਤਾ ਇੰਟਰਫੇਸ ਅਤੇ ਇੱਕ ਸਰਲ ਉਪਭੋਗਤਾ ਅਨੁਭਵ ਪ੍ਰਦਾਨ ਕਰੇਗਾ। ਇਹ ਕਦਮ ਐਪ ਵਰਤਣ ਵਾਲਿਆਂ ਲਈ ਸੌਖ ਪ੍ਰਦਾਨ ਕਰੇਗਾ ਕਿਉਂ ਕਿ ਉਪਭੋਗਤਾਵਾਂ ਨੂੰ ਕਈ ਐਪਸ ਨੂੰ ਡਾਊਨਲੋਡ ਕਰਨ ਅਤੇ ਨੈਵੀਗੇਟ ਕਰਨ ਦੇ ਝੰਜਟ ਤੋਂ ਮੁਕਤੀ ਮਿਲੇਗੀ। ਇਸਦੇ ਨਾਲ ਹੀ ਵੱਖ-ਵੱਖ ਲੌਗਇਨ ਯਾਦ ਰੱਖਣ ਦੇ ਬੋਝ ਨੂੰ ਘਟਾਉਣ ਲਈ ਵੀ ਈਸੀਆਈਨੈੱਟ ਤਿਆਰ ਕੀਤਾ ਗਿਆ ਹੈ।

ਇਸ ਪਲੇਟਫਾਰਮ ਦੀ ਕਲਪਨਾ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਮਾਰਚ 2025 ਵਿੱਚ ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਦੀ ਮੌਜੂਦਗੀ ਵਿੱਚ ਹੋਈ ਮੁੱਖ ਚੋਣ ਅਧਿਕਾਰੀਆਂ ਦੀ ਕਾਨਫਰੰਸ ਦੌਰਾਨ ਕੀਤੀ ਸੀ। ਈਸੀਆਈਨੈੱਟ ਐਪ ਉਪਭੋਗਤਾਵਾਂ ਨੂੰ ਉਨ੍ਹਾਂ ਦੇ ਡੈਸਕਟਾਪਾਂ ਜਾਂ ਸਮਾਰਟਫੋਨਾਂ ਰਾਹੀਂ ਸੰਬੰਧਿਤ ਚੋਣ ਡੇਟਾ ਤੱਕ ਪਹੁੰਚ ਕਰਨ ਦੇ ਯੋਗ ਬਣਾਏਗਾ। ਇਹ ਯਕੀਨੀ ਬਣਾਉਣ ਲਈ ਕਿ ਡੇਟਾ ਜਿੰਨਾ ਸੰਭਵ ਹੋ ਸਕੇ ਸਹੀ ਹੈ, ਈਸੀਆਈਨੈੱਟ 'ਤੇ ਡੇਟਾ ਸਿਰਫ਼ ਅਧਿਕਾਰਤ ਚੋਣ ਕਮਿਸ਼ਨ ਦੇ ਅਧਿਕਾਰੀਆਂ ਦੁਆਰਾ ਹੀ ਦਰਜ ਕੀਤਾ ਜਾਵੇਗਾ। ਸਬੰਧਤ ਅਧਿਕਾਰੀ ਵੱਲੋਂ ਐਂਟਰੀ ਇਹ ਯਕੀਨੀ ਬਣਾਏਗੀ ਕਿ ਹਿੱਸੇਦਾਰਾਂ ਨੂੰ ਉਪਲੱਬਧ ਕਰਵਾਇਆ ਗਿਆ ਡੇਟਾ ਜਿੰਨਾ ਸੰਭਵ ਹੋ ਸਕੇ ਸਹੀ ਹੋਵੇ। ਹਾਲਾਂਕਿ, ਕਿਸੇ ਵੀ ਟਕਰਾਅ ਦੀ ਸਥਿਤੀ ਵਿੱਚ, ਕਾਨੂੰਨੀ ਫਾਰਮਾਂ ਵਿੱਚ ਸਹੀ ਢੰਗ ਨਾਲ ਭਰਿਆ ਗਿਆ ਪ੍ਰਾਇਮਰੀ ਡੇਟਾ ਹੀ ਪ੍ਰਮੁੱਖ ਰਹੇਗਾ।

ਈਸੀਆਈਨੈੱਟ ਵੋਟਰ ਹੈਲਪਲਾਈਨ ਐਪ, ਵੋਟਰ ਟਰਨਆਉਟ ਐਪ, ਸੀਵਿਜਿਲ, ਸੁਵਿਧਾ 2.0, ਸਕਸ਼ਮ ਅਤੇ ਕੇਵਾਈਸੀ ਐਪ ਵਰਗੀਆਂ ਮੌਜੂਦਾ ਐਪਾਂ ਦੀ ਥਾਂ ਲੈ ਲਵੇਗਾ। ਇਹ ਐਪ 5.5 ਕਰੋੜ ਤੋਂ ਵੱਧ ਡਾਊਨਲੋਡ ਕੀਤੇ ਗਏ ਹਨ। ਈਸੀਆਈਨੈੱਟ ਤੋਂ ਲਗਭਗ 100 ਕਰੋੜ ਵੋਟਰਾਂ ਅਤੇ ਦੇਸ਼ ਭਰ ਵਿੱਚ 10.5 ਲੱਖ ਤੋਂ ਵੱਧ ਬੂਥ ਲੈਵਲ ਅਫਸਰਾਂ, ਰਾਜਨੀਤਿਕ ਪਾਰਟੀਆਂ ਦੁਆਰਾ ਨਿਯੁਕਤ ਕੀਤੇ ਗਏ ਲੱਗਭੱਗ 15 ਲੱਖ ਬੂਥ ਲੈਵਲ ਏਜੰਟਾਂ, ਲੱਗਭੱਗ 45 ਲੱਖ ਪੋਲਿੰਗ ਅਫਸਰਾਂ, 15,597 ਸਹਾਇਕ ਚੋਣ ਰਜਿਸਟਰੇਸ਼ਨ ਅਫਸਰਾਂ, 4,123 ਈਆਰਓ ਅਤੇ 767 ਜ਼ਿਲ੍ਹਾ ਚੋਣ ਅਫਸਰਾਂ ਸਮੇਤ ਪੂਰੀ ਚੋਣ ਮਸ਼ੀਨਰੀ ਨੂੰ ਲਾਭ ਹੋਣ ਦੀ ਉਮੀਦ ਹੈ।

ਈਸੀਆਈਨੈੱਟ ਪਹਿਲਾਂ ਹੀ ਵਿਕਾਸ ਦੇ ਇੱਕ ਉੱਨਤ ਪੜਾਅ 'ਤੇ ਪਹੁੰਚ ਗਿਆ ਹੈ ਅਤੇ ਸੁਚਾਰੂ ਕਾਰਜਸ਼ੀਲਤਾ, ਵਰਤੋਂ ਵਿੱਚ ਆਸਾਨੀ ਅਤੇ ਮਜ਼ਬੂਤ ਸਾਈਬਰ ਸੁਰੱਖਿਆ ਉਪਾਵਾਂ ਨੂੰ ਯਕੀਨੀ ਬਣਾਉਣ ਲਈ ਸਖ਼ਤ ਅਜ਼ਮਾਇਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸਨੂੰ ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 36 ਸੀਈਓ, 767 ਡੀਈਓ ਅਤੇ ਉਨ੍ਹਾਂ ਦੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 4,123 ਈਆਰਓ ਨੂੰ ਸ਼ਾਮਲ ਕਰਦੇ ਹੋਏ ਇੱਕ ਵਿਸਤ੍ਰਿਤ ਸਲਾਹਕਾਰੀ ਅਭਿਆਸ ਤੋਂ ਬਾਅਦ ਅਤੇ ਚੋਣ ਕਮਿਸ਼ਨ ਦੁਆਰਾ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ ਚੋਣ ਢਾਂਚੇ, ਨਿਰਦੇਸ਼ਾਂ ਅਤੇ ਹੈਂਡਬੁੱਕਾਂ ਦੇ 9,000 ਪੰਨਿਆਂ ਵਾਲੇ 76 ਪ੍ਰਕਾਸ਼ਨਾਂ ਦੀ ਸਮੀਖਿਆ ਕਰਨ ਤੋਂ ਬਾਅਦ ਵਿਕਸਤ ਕੀਤਾ ਜਾ ਰਿਹਾ ਹੈ।

# ਬਟਾਲਾ ਪੁਲਿਸ ਨੇ ਕਾਦੀਆਂ ਵਿਖੇ ਨਸ਼ਾ ਤਸਕਰ ਦੀ ਨਾਜਾਇਜ਼ ਉਸਾਰੀ ਢਾਹੀ



ਚੰਡੀਗੜ੍ਹ/ਬਟਾਲਾ, 4 ਮਈ, (ਚ.ਨ.ਸ.) : ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਵੱਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਦੇ ਹੋਏ ਅੱਜ ਬਟਾਲਾ ਪੁਲਿਸ ਨੇ ਕਾਦੀਆਂ ਵਿਖੇ ਵਰ੍ਹਦੇ ਮੀਂਹ 'ਚ ਨਸ਼ਾ ਤਸਕਰ ਨਵਸ਼ਰਨ ਦਾਸ ਉਰਫ ਕਾਕਾ ਦੀ ਨਾਜਾਇਜ਼ ਉਸਾਰੀ ਕੋਠੀ ਜੇ.ਸੀ.ਬੀ ਮਸ਼ੀਨ ਲਗਾ ਕੇ ਢਾਹ ਦਿੱਤੀ ਗਈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਬਟਾਲਾ ਦੇ ਐਸ.ਐਸ.ਪੀ, ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਇਸ ਨਸ਼ਾ ਤਸਕਰ ਦੇ ਖਿਲਾਫ਼ ਵੱਖ-ਵੱਖ ਥਾਣਿਆਂ ਵਿੱਚ 06 ਮੁਕੱਦਮੇਂ ਦਰਜ ਹਨ, ਜਿਨ੍ਹਾਂ ਵਿੱਚ ਚਾਰ ਪਰਚੇ ਐਨ.ਡੀ.ਪੀ.ਐਸ ਐਕਟ ਤਹਿਤ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰ 'ਤੇ ਪੁਲਿਸ ਸਟੇਸ਼ਨ ਕਾਦੀਆਂ ਵਿਖੇ 3 ਪਰਚੇ, ਕਾਹਨੂੰਵਾਨ, ਦੀਨਾਨਗਰ ਅਤੇ ਐਸ.ਏ.ਐਸ ਨਗਰ ਵਿਖੇ ਇੱਕ-ਇੱਕ ਪਰਚਾ ਦਰਜ ਹੈ। ਉਨ੍ਹਾਂ ਕਿਹਾ ਕਿ ਇਸ ਉੱਤੇ ਲੱਗੀਆਂ ਧਰਾਵਾਂ ਅਤੇ ਇਸ ਦੀ ਕੇਸ ਹਿਸਟਰੀ ਤੋਂ ਸਪੱਸ਼ਟ ਹੈ ਕਿ ਇਹ ਨਸ਼ਾ ਤਸਕਰੀ ਦੇ ਧੰਦੇ ਵਿੱਚ ਲੰਮੇ ਸਮੇਂ ਤੋਂ ਸ਼ਾਮਿਲ ਹਨ।

ਐਸ.ਐਸ.ਪੀ ਬਟਾਲਾ ਨੇ ਅੱਗੇ ਕਿਹਾ ਕਿ ਬਟਾਲਾ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਅਪਨਾਈ ਗਈ ਹੈ ਅਤੇ ਬਟਾਲਾ ਪੁਲਿਸ ਵੱਲੋਂ ਪਿਛਲੇ ਦੋ ਮਹੀਨਿਆਂ ਵਿੱਚ 250 ਪਰਚੇ ਦਰਜ ਕੀਤੇ ਗਏ ਹਨ। ਨਸ਼ਾ ਤਸਕਰਾਂ ਦੀਆਂ 52 ਸੰਪੱਤੀ ਕਾਨੂੰਨੀ ਕਾਰਵਾਈ ਕਰਦਿਆਂ ਅਟੈਚ ਕੀਤੀ ਗਈ ਹੈ, ਜਿਸ ਦੀ ਕੀਮਤ ਕਰੀਬ 28 ਕਰੋੜ ਰੁਪਏ ਬਣਦੀ ਹੈ। ਉਨ੍ਹਾਂ ਦੱਸਿਆ ਕਿ ਪਿੰਡ ਤੇ ਵਾਰਡ ਪੱਧਰ 'ਤੇ ਸੁਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੇ ਸਹਿਯੋਗ ਨਾਲ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਰਹੀ ਹੈ ਅਤੇ 110 ਪਿੰਡਾਂ ਵਲੋਂ ਨਸ਼ਿਆਂ ਨੂੰ ਖਤਮ ਕਰਨ ਲਈ ਮਤੇ ਪਾਏ ਗਏ ਹਨ, ਜਿਸ ਨਾਲ ਨਸ਼ੇ ਨੂੰ ਜੜ੍ਹੋਂ ਖਤਮ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਅਸੀਂ ਨਸ਼ਾ ਤਸਕਰਾਂ ਲਈ ਦੀਵਾਰ ਬਣ ਕੇ ਖੜ੍ਹੇ ਹਾਂ ਅਤੇ ਜੋ ਵਿਅਕਤੀ ਨਸ਼ਾ ਪੀਂਦੇ ਹਨ, ਉਨ੍ਹਾਂ ਨੂੰ ਇਸ ਦਾ ਰੋਗੀ ਜਾਣ ਕੇ ਇਲਾਜ ਕਰਵਾਇਆ ਜਾ ਰਿਹਾ ਹੈ।

ਇਸ ਮੌਕੇ ਰਾਜੇਸ਼ ਕੱਕੜ, ਡੀ.ਐਸ.ਪੀ ਕਾਦੀਆਂ, ਭੁਪਿੰਦਰ ਸਿੰਘ ਈ.ਓ ਕਾਦੀਆਂ, ਨਿਰਮਲ ਸਿੰਘ ਐਸ.ਐਚ.ਓ ਕਾਦੀਆਂ, ਐਸ.ਐਚ.ਓਜ਼ ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀ ਵੀ ਮੌਕੇ 'ਤੇ ਮੌਜੂਦ ਸਨ।




## ਸੰਪਾਦਕੀ

# ਪਾਣੀ ਦਾ ਮੁੱਦਾ : ਪੰਜਾਬ ਦੀ ਦੁਖਦੀ ਰਗ 'ਤੇ ਹੱਥ

ਪਿਛਲੇ ਦਿਨੀਂ ਪਹਿਲਗਾਮ ਵਿਚ ਹੋਏ ਅਤਿਵਾਦੀ ਹਮਲੇ ਪਿੱਛੋਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਸੰਬੰਧ ਬੇਹੱਦ ਨਾਜ਼ੁਕ ਬਣੇ ਹੋਏ ਹਨ। ਇਸ ਹਮਲੇ ਪਿਛੋਂ ਭਾਰਤ ਸਰਕਾਰ ਨੇ ਸਿੰਧ ਜਲ ਸੰਧੀ ਨੂੰ ਮੁਲਤਵੀ ਕਰਨ ਦਾ ਜੋ ਮਨ ਬਣਾਇਆ, ਉਸ ਪਿੱਛੋਂ ਦੋਵਾਂ ਦੇਸ਼ਾਂ ਵਿਚ ਜਿੱਥੇ ਤਲਖੀ ਵਧੀ ਹੈ, ਉਥੇ ਉਤਰੀ ਭਾਰਤ ਦੇ ਰਾਜਾਂ ਵਿਚ ਖਿਚਾਅ ਪੈਦਾ ਹੋਇਆ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਉਪਰ ਪਿਛਲੇ ਸਮੇਂ ਤੋਂ ਪੰਜਾਬ ਦੀ ਚੌਧਰ ਘਟਾ ਕੇ ਪਹਿਲਾਂ ਹੀ ਮਨਮਾਈਆਂ ਕਰਨ ਦਾ ਆਪਣਾ ਰਾਹ ਪੱਧਰਾ ਕੀਤਾ ਹੋਇਆ ਹੈ। ਹੁਣ ਤਾਜ਼ਾ ਘਟਨਾਕ੍ਰਮ ਤਹਿਤ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੇ ਕਿਸੇ ਇਸ਼ਾਰੇ ਤਹਿਤ ਫਿਰ ਤੋਂ ਪੰਜਾਬ ਨੂੰ ਪਾਣੀ ਪੱਖੋਂ ਕੰਗਾਲ ਦਾ ਫੈਸਲਾ ਕੀਤਾ ਹੈ, ਜਿਸਦੇ ਚਲਦਿਆਂ ਪੰਜਾਬ ਦੇ ਹਿੱਸੇ ਦਾ 8500 ਕਿਊਸਿਕ ਪਾਣੀ ਹਰਿਆਣਾ ਨੂੰ ਦਿੱਤਾ ਜਾਣਾ ਹੈ। ਦੱਸ ਦਈਏ ਕਿ ਅਜ਼ਾਦੀ ਤੋਂ ਬਾਅਦ ਅਤੇ ਫਿਰ ਸੂਬਿਆਂ ਦੀ ਵੰਡ ਵੇਲੇ ਤੋਂ ਹੀ ਕੇਂਦਰ ਪੰਜਾਬ ਨੂੰ ਪਾਣੀਆਂ ਦੇ ਮਸਲੇ 'ਤੇ ਗਾਹੇ ਬਗਾਹੇ ਘੇਰਦਾ ਆ ਰਿਹਾ ਹੈ। ਪਿਛਲੇ ਦਿਨੀਂ ਹੋਈ ਮੀਟਿੰਗ ਵਿਚ ਭਾਜਪਾ ਸ਼ਾਸ਼ਤ ਪ੍ਰਦੇਸਾਂ ਦਿੱਲੀ, ਹਰਿਆਣਾ ਅਤੇ ਰਾਜਸਥਾਨ ਨੇ ਪੰਜਾਬ ਦੇ ਉਲਟ ਵੋਟ ਪਾਈ, ਜਦੋਂ ਕਿ ਹਿਮਾਚਲ ਪ੍ਰਦੇਸ਼ ਵੱਲੋਂ ਇਸ ਨਾਜ਼ੁਕ ਮਸਲੇ 'ਤੇ ਨਿਰਪੱਖ ਸਟੈਂਡ ਲਿਆ ਗਿਆ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਕਹਿਣਾ ਹੈ ਕਿ ਪਹਿਲਾਂ ਹਰਿਆਣਾ ਨੂੰ ਵਧੇਰੇ ਪਾਣੀ ਮਿਲਦਾ ਸੀ, ਜਦੋਂ ਕਿ ਹੁਣ ਹਰਿਆਣਾ ਨੂੰ ਲੋੜ ਮੁਤਾਬਕ ਪਾਣੀ ਨਹੀਂ ਮਿਲ ਰਿਹਾ, ਜਿਸ ਦੇ ਚਲਦਿਆਂ ਉਸਨੂੰ ਰਾਜ ਦੇ ਲੋਕਾਂ ਨੂੰ ਗਰਮੀ ਦੇ ਮੌਸਮ ਦੌਰਾਨ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਵਿਚ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਇਸਦੇ ਉਲਟ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਦੀਆਂ ਚਾਲਾਂ ਕਾਰਨ ਪੰਜਾਬ ਪਹਿਲਾਂ ਹੀ ਪਾਣੀ ਦੇ ਗੰਭੀਰ ਸੰਕਟ ਨਾਲ ਦੋ-ਚਾਰ ਹੋ ਰਿਹਾ ਹੈ। ਕਿਉਂਕਿ ਕਿਸਾਨਾਂ ਕੋਲ ਝੋਨੇ ਦੀ ਫਸਲ ਦਾ ਬਦਲ ਨਾ ਹੋਣ ਕਾਰਨ ਇਸ ਫਸਲ ਉਗਾਉਣੀ ਮਜ਼ਬੂਰੀ ਬਣੀ ਹੋਈ ਹੈ ਅਤੇ ਇਸਦੇ ਚਲਦਿਆਂ ਧਰਤੀ ਹੇਠਲੇ ਪਾਣੀ ਦਾ ਪੱਧਰ ਖੌਫਨਾਕ ਪੱਧਰ ਤਕ ਹੇਠਾਂ ਚਲਿਆ ਗਿਆ। ਰਾਜ ਦੀਆਂ ਕੋਈ ਤਿੰਨ ਦਰਜਨ ਸਬ ਡਵੀਜ਼ਨਾਂ ਨੂੰ ਪਾਣੀ ਪੱਖੋਂ ਬਲੈਕਲਿਸਟ ਵਿਚ ਪਾ ਦਿੱਤਾ ਗਿਆ ਹੈ। ਮੁੱਖ ਮੰਤਰੀ ਦੀ ਦਲੀਲ ਹੈ ਕਿ ਪੰਜਾਬ ਸਰਕਾਰ ਨੇ ਪਿਛਲੇ ਸਮੇਂ ਦੌਰਾਨ ਆਪਣੇ ਬੰਦ ਪਏ ਸੂਏ ਕੱਸੀਆਂ ਨੂੰ ਸਾਫ਼ ਕਰਵਾਕੇ ਚਾਲੂ ਹਾਲਤ ਵਿਚ ਕੀਤਾ ਹੈ ਤਾਂ ਜੋ ਰਾਜ ਦੇ ਕਿਸਾਨਾਂ ਦੀ ਪਾਣੀ ਦੀ ਮੰਗ ਪੂਰੀ ਕੀਤੀ ਜਾ ਸਕੇ। ਦੱਸਣਾ ਬਣਦਾ ਹੈ ਕਿ ਭਾਖੜਾ ਡੈਮ ਅਤੇ ਪੌਂਗ ਡੈਮ ਦਾ ਪਾਣੀ ਦਾ ਪੱਧਰ ਹਰੇਕ ਸਾਲ ਘੱਟ ਰਿਹਾ ਹੈ ਜੋ ਪੰਜਾਬ ਲਈ ਵੱਡੀ ਖਤਰੇ ਦੀ ਘੰਟੀ ਹੈ ਪਰ ਬਾਵਜੂਦ ਇਸਦੇ ਸੰਘੀ ਢਾਂਚੇ ਦੇ ਚਲਦਿਆਂ ਪੰਜਾਬ ਨੂੰ ਆਪਣੇ ਹਿੱਸੇ ਦਾ ਪਾਣੀ ਗੁਆਂਢੀ ਰਾਜਾਂ ਨੂੰ ਦੇਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਜੋ ਕਿ ਰਾਜ ਦੇ ਕੁਦਰਤੀ ਸਰੋਤਾਂ ਉਪਰ ਸਿੱਧਮ ਸਿੱਧਾ ਹਮਲਾ ਹੈ। ਇੱਥੇ ਇਕ ਗੱਲ ਹੋਰ ਦੱਸਣੀ ਬਣਦੀ ਹੈ ਜਦੋਂ ਬਰਸਾਤਾਂ ਦੇ ਸਮੇਂ ਹਿਮਾਚਲ ਵਿਚ ਭਾਰੀ ਬਰਸਾਤ ਹੁੰਦੀ ਹੈ ਤਾਂ ਉਸਦਾ ਸਾਰਾ ਪਾਣੀ ਹੇਠਾਂ ਆ ਕੇ ਪੰਜਾਬ ਵਿਚ ਤਬਾਹੀ ਮਚਾਉਂਦਾ ਹੈ। ਹੋਰ ਰਾਜਾਂ ਨੂੰ ਇਸਦਾ ਕੋਈ ਨੁਕਸਾਨ ਨਹੀਂ ਹੁੰਦਾ ਤੇ ਉਹ ਇਸ ਬਰਬਾਦੀ ਨੂੰ ਮੂਕ ਦਰਸ਼ਕ ਬਣਕੇ ਦੇਖਦੇ ਹਨ। ਜੇਕਰ ਅਤੀਤ ਵੱਲ ਝਾਤ ਮਾਰੀਏ ਤਾਂ ਪੰਜਾਬ ਦੇ ਕਾਲੇ ਦੌਰ ਲਈ ਪਾਣੀ ਦਾ ਮੁੱਦਾ ਵੀ ਇਕ ਅਹਿਮ ਸੀ, ਜਿਸਦਾ ਸੰਤਾਪ ਪੰਜਾਬ ਦੇ ਲੋਕਾਂ ਨੇ ਲੰਮਾ ਸਮਾਂ ਭੁਗਤਿਆ ਤੇ ਪੰਜਾਬ ਹਾਲੇ ਤਕ ਮੁੜ ਪੈਰਾਂ ਸਿਰ ਨਹੀਂ ਹੋ ਸਕਿਆ। ਨਤੀਜਨ ਪੰਜਾਬ ਕਰੀਬ 4 ਲੱਖ ਹਜ਼ਾਰ ਕਰੋੜ ਦਾ ਕੇਂਦਰ ਦਾ ਕਰਜ਼ਈ ਹੋ ਗਿਆ। ਇਸੇ ਕਸਮਕਸ਼ ਦੇ ਚਲਦਿਆਂ ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਹੈ ਕਿ ਪੰਜਾਬ ਪਾਣੀਆਂ ਬਾਰੇ ਰਾਜ ਧਰਮ ਨਹੀਂ ਨਿਭਾਅ ਰਿਹਾ। ਖੱਟਰ ਦਾ ਇਹ ਕਹਿਣਾ ਸੁਭਾਵਿਕ ਹੈ ਕਿਉਂਕਿ ਹਰਿਆਣਾ ਦੇ ਮੁੱਖ ਮੰਤਰੀ ਰਹੇ ਹਨ ਅਤੇ ਇਸੇ ਰਾਜ ਨਾਲ ਸਬੰਧ ਰੱਖਦੇ ਹਨ। ਹਰਿਆਣਾ ਦੇ ਆਗੂ ਅਭੈ ਚੌਟਾਲਾ ਨੇ ਵੀ ਧਮਕੀ ਦਿੱਤੀ ਹੈ ਕਿ ਜੇਕਰ ਪੰਜਾਬ ਹਰਿਆਣਾ ਨੂੰ ਪਾਣੀ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਉਹ ਕੌਮੀ ਰਾਜਮਾਰਗ ਬੰਦ ਕਰ ਦੇਣਗੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਜਦੋਂ ਪਿਛਲੇ ਸਮੇਂ ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਤੋਂ ਜ਼ਿਆਦਾ ਸਮਾਂ ਧਰਨਾ ਲਾ ਕੇ ਰੱਖਿਆ ਸੀ ਤਾਂ ਕੇਂਦਰ ਸਰਕਾਰ ਨੇ ਉਦੋਂ ਵੀ ਦੋਵਾਂ ਰਾਜਾਂ ਦੇ ਕਿਸਾਨਾਂ ਨੂੰ ਵੰਡਣ ਹਿਤ ਪਾਣੀਆਂ ਦਾ ਮੁੱਦਾ ਉਭਾਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਦੋਂ ਉਹ ਆਪਣੇ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋਈ। ਕਿਉਂਕਿ ਕਿਸਾਨਾਂ ਨੇ ਇਕਮੁੱਠਤਾ ਦਾ ਪ੍ਰਗਟਾਵਾ ਕਰਦਿਆਂ ਦਲੀਲ ਦਿੱਤੀ ਸੀ ਕਿ ਜੇਕਰ ਸਾਡੀਆਂ ਜ਼ਮੀਨਾਂ ਹੀ ਸਰਮਾਏਦਾਰਾਂ ਹੱਥ ਚਲੀਆਂ ਗਈਆਂ ਤਾਂ ਅਸੀਂ ਪਾਣੀ ਦਾ ਕੀ ਕਰਾਂਗੇ। ਹੁਣ ਫਿਰ ਇਸ ਮਸਲੇ ਨੇ ਪੰਜਾਬ ਤੇ ਹਰਿਆਣਾ ਨੂੰ ਆਹਮੋ ਸਾਹਮਣੇ ਖੜ੍ਹਾ ਕਰ ਦਿੱਤਾ ਹੈ। ਪੰਜਾਬ ਦੀਆਂ ਸਮੂਹ ਰਾਜਸੀ ਧਿਰਾਂ ਅਤੇ ਹੋਰਨਾਂ ਹੇਜ਼ੀਆਂ ਨੂੰ ਚਾਹੀਦਾ ਹੈ ਕਿ ਉਹ ਨਿੱਜੀ ਅਤੇ ਵਿਅਕਤੀਗਤ ਮੁਫ਼ਾਦਾਂ ਨੂੰ ਦਰਕਿਨਾਰ ਕਰਕੇ ਰਾਜ ਦੇ ਇਸ ਅਹਿਮ ਮਸਲੇ 'ਤੇ ਇਕਜੁੱਟ ਹੋਣ। ਜੇਕਰ ਹੁਣ ਵੀ ਉਨ੍ਹਾਂ ਨੇ ਆਪਣੀ-ਆਪਣੀ ਅਲਾਹਿਦਾ ਡਫਲੀ ਵਜਾਉਣ ਦੀ ਕਾਰਵਾਈ ਜਾਰੀ ਰੱਖੀ ਅਤੇ ਆਪਣੀਆਂ ਰਾਜਸੀ ਰੋਟੀਆਂ ਸੇਕਣ ਦੀ ਫਿਤਰਤ ਨਾ ਤਿਆਗੀ ਤਾਂ ਪੰਜਾਬ ਦੇ ਲੋਕਾਂ ਉਨ੍ਹਾਂ ਨੂੰ ਕਦੇ ਵੀ ਮੁਆਫ਼ ਨਹੀਂ ਕਰਨਗੇ।

-ਜਗਜੀਤ ਸਿੰਘ ਦਰਦੀ

# ਭਗਵੰਤ ਸਿਆਂ ਤੇਰੀ ਦ੍ਰਿੜਤਾ ਹੀ ਪੰਜਾਬ ਨੂੰ ਬੰਜਰ ਹੋਣੋਂ ਬਚਾ ਸਕਦੀ ਐ, ਉਧਰ ਦਿੱਲੀ ਤੇਰੀ ਵਫ਼ਾ ਨੂੰ ਦਾਗੀ ਕਰਨ 'ਚ ਜੁਟੀ ਹੋਈ ਐ

ਬਘੇਲ ਸਿੰਘ ਧਾਲੀਵਾਲ
99142-58142



ਸੰਭਲ ਕੇ ਭਰਾਵਾ ! ਸਿਆਣੇ ਤੇ ਸ਼ਰੀਫ ਲੋਕ ਕਹਿੰਦੇ ਰਾਜ-ਸੱਤਾ ਕੰਡਿਆਂ ਦੀ ਸੇਜ ਹੈ। ਖਾਸ ਕਰਕੇ ਪੰਜਾਬ ਦੀ ਸੱਤਾ ਕਦੇ ਵੀ ਪੰਜਾਬ ਪੱਖੀ ਜਾਂ ਲੋਕਪੱਖੀ ਨਹੀਂ ਰਹੀ।ਇੱਥੇ ਰਾਜ ਕਰਨ ਵਾਲੇ ਲੋਕ ਭਾਵਨਾਵਾਂ ਦੇ ਕਾਤਲ ਹੀ ਸਿੱਧ ਹੁੰਦੇ ਰਹੇ ਹਨ। ਪੰਜਾਬ ਦੇ ਲੋਕਾਂ ਤੋਂ ਤਾਕਤ ਲੈ ਕੇ ਭੁਗਤਦੇ ਦਿੱਲੀ ਦੇ ਪੱਖ 'ਚ ਰਹੇ ਹਨ। ਲੋਕਾਂ ਨੇ 2022 ਵਿੱਚ ਬੜੀ ਸ਼ਿੱਦਤ ਨਾਲ ਤੁਹਾਡੀ ਪਾਰਟੀ ਨੂੰ ਇਸ ਕਰਕੇ ਚੁਣਿਆ, ਕਿਉਂਕਿ ਹੁਣ ਤੱਕ ਰਾਜ ਕਰਦੀਆਂ ਧਿਰਾਂ ਲੋਕਾਂ ਨਾਲ ਧੋਖਾ ਕਰਦੀਆਂ ਰਹੀਆਂ ਹਨ।ਉਹਨਾਂ ਦੀ ਕਹਿਣੀ ਤੇ ਕਰਨੀ 'ਚ ਜ਼ਮੀਨ ਅਸਮਾਨ ਜਿੰਨਾ ਅੰਤਰ ਰਹਿੰਦਾ ਰਿਹਾ ਹੈ। ਪੰਥ ਦੇ ਨਾਮ 'ਤੇ ਸਾਰੀ ਉਮਰ ਸਿਆਸਤ ਕਰਨ ਵਾਲੇ ਅਤੇ ਰਾਜ ਭਾਗ ਮਾਣਨ ਵਾਲੇ ਹੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਘੋਰ ਬੇਅਦਬੀਆਂ ਦੇ ਦੋਸ਼ੀ ਅਤੇ ਸਿੱਖ ਨੌਜਵਾਨਾਂ ਦੇ ਕਾਤਲ ਬਣ ਗਏ। ਪੰਜਾਬ ਦੇ ਲੋਕਾਂ ਨਾਲ ਇਸ ਤੋਂ ਵੱਡਾ ਧੋਖਾ ਹੋਰ ਕਿਹੜਾ ਹੋ ਸਕਦਾ ਹੈ ਕਿ ਗੁਟਕਾ ਸਾਹਿਬ ਦੀ ਕਸਮ ਖਾਣ ਵਾਲੇ ਦਿੱਲੀ ਨਾਲ ਜਾ ਰਲੇ। ਪੰਜਾਬ ਦੀ ਜੁਆਨੀ ਕਿਸੇ ਗਹਿਰੀ ਸਾਜਿਸ਼ ਤਹਿਤ ਨਸ਼ਿਆਂ ਵੱਲ ਧੱਕ ਦਿੱਤੀ ਗਈ। ਪੰਜਾਬ 'ਚ ਬਲ਼ਦੇ ਸਿਵਿਆਂ ਦੀ ਅੱਗ ਨੇ ਲੋਕਾਂ 'ਚ ਅਜਿਹਾ ਸਹਿਮ ਪੈਦਾ ਕਰ ਦਿੱਤਾ ਕਿ ਡਰੇ ਹੋਏ ਮਾਪਿਆਂ ਨੇ ਆਪਣੀ ਔਲਾਦ ਨੂੰ ਬਾਹਰਲੇ ਮੁਲਕਾਂ 'ਚ ਭੇਜਣ ਲਈ ਜ਼ਮੀਨਾਂ ਜਾਇਦਾਦਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਲਿਹਾਜ਼ਾ ਬੁੱਢੇ ਮਾਪੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਇਕਲਾਪਾ ਕੱਟਣ ਵਿੱਚ ਖੁਸ਼ੀ ਅਨੁਭਵ ਕਰਨ ਦੇ ਆਦੀ ਬਣ ਗਏ।ਪੰਜਾਬ ਸੁੰਨ-ਮ-ਸੁੰਨਾ ਹੁੰਦਾ ਜਾ ਰਿਹਾ ਹੈ। ਸਾਡੀ ਇੱਕ ਨਸਲ ਨੂੰ 84, 90 ਦਾ ਦਹਾਕਾ ਡਕਾਰ ਗਿਆ।ਅਗਲੀ ਨਸ਼ਿਆਂ ਦੇ ਰਾਹ ਤੋਰ ਦਿੱਤੀ। ਲਗਾਤਾਰ 15,18 ਸਾਲਾਂ ਦੀ ਲੁੱਟ, ਕੁੱਟ ਅਤੇ ਧੋਖੇਬਾਜ਼ੀਆਂ ਦੇ ਸਤਾਏ ਪੰਜਾਬੀਆਂ ਨੇ ਆਖਿਰ ਤੁਹਾਡਾ ਝਾੜੂ ਫੜ ਲਿਆ ਅਤੇ ਬਾਕੀ ਰਵਾਇਤੀ ਪਾਰਟੀਆਂ ਹੱਥ ਮਲਦੀਆਂ ਰਹਿ ਗਈਆਂ। ਕਿਹਾ ਤਾਂ ਇਹ ਵੀ ਜਾਂਦਾ ਰਿਹਾ ਹੈ ਕਿ ਇਹ ਸਭ ਈ ਵੀ ਐਮ ਦੀ ਮਿਹਰਬਾਨੀ ਸੀ, ਪਰ ਇਸ ਦੇ ਬਾਵਜੂਦ ਵੀ ਆਪਾਂ ਤੁਹਾਨੂੰ ਮਿਲੇ ਅਣ ਕਿਆਸੇ ਬਹੁਮਤ ਦਾ ਮੁੱਖ ਕਾਰਨ ਲੋਕਾਂ 'ਚ ਚਿਰੋਕਣੀ ਨਿਰਾਸ਼ਤਾ ਅਤੇ ਵੱਡਾ ਕਾਰਨ ਤੇਰੀ ਹਰਮਨ ਪਿਆਰਤਾ ਹੀ ਸਮਝਦੇ ਹਾਂ। ਆਮ ਆਦਮੀ ਪਾਰਟੀ ਕਿਉਂਕਿ ਤੇਰੀ ਹਰਮਨ ਪਿਆਰਤਾ ਕਾਰਨ ਐਨੀ ਵੱਡੀ ਜਿੱਤ ਦੀ ਦਾਅਵੇਦਾਰ ਬਣੀ, ਇਸ ਲਈ ਦਿੱਲੀ ਵਾਲਿਆਂ ਨੇ ਨਾ ਚਾਹੁੰਦਿਆਂ ਵੀ ਤੁਹਾਨੂੰ ਮੁੱਖ ਮੰਤਰੀ ਬਣਾ ਦਿੱਤਾ, ਪੰਜਾਬ ਦੀ ਇਹ ਤਰਾਸਦੀ ਹੈ ਕਿ ਦਿੱਲੀ ਨੇ ਪੰਜਾਬ ਨੂੰ ਆਪਣਾ ਕਦੇ ਵੀ ਨਹੀ ਸਮਝਿਆ, ਇਸ ਲਈ ਦਿੱਲੀ ਨੇ ਕਦੇ ਵੀ ਪੰਜਾਬ ਨਾਲ ਵਫ਼ਾ ਨਹੀ ਕਰਨੀ। ਇੰਜ ਜਾਪਦਾ ਹੈ, ਜਿਵੇਂ ਸੱਤਾ ਸੌਂਪਣ ਸਮੇਂ ਤੁਹਾਡੇ ਕੋਲੋਂ ਪੰਜਾਬੀ ਕਹਾਵਤ ਮੁਤਾਬਕ ਪਹਿਲਾਂ ਆਨੇ ਆਨਾ ਮਨਾ ਕੇ ਹੀ ਸੱਤਾ ਦੀ ਵਾਗਡੋਰ ਸੌਂਪੀ ਹੋਵੇ। ਕਿਉਂਕਿ ਸੱਤਾ ਸੰਭਾਲਦਿਆਂ ਹੀ ਜਿਸਤਰ੍ਹਾਂ ਰਾਜ ਸਭਾ ਦੇ ਮੈਂਬਰਾਂ ਦੀ ਨਾਮਜ਼ਦਗੀ ਸਮੇਂ ਦਿੱਲੀ ਵਾਲਿਆਂ ਨੇ ਮਨਮਰਜ਼ੀ ਕੀਤੀ, ਉਹਦੇ ਤੋਂ ਅਜਿਹੇ ਕਿਆਫੇ ਲਾਏ ਜਾਣੇ ਸੁਭਾਵਿਕ ਹਨ। ਫਿਰ ਵੀ ਉਸ ਸਮੇਂ ਤੋਂ ਹੀ ਪੰਜਾਬੀ ਚਾਹੁੰਦੇ ਹਨ ਕਿ ਤੁਹਾਡੀ 92 ਵਿਧਾਇਕਾਂ ਵਾਲੀ ਸੱਤਾਧਾਰੀ ਪਾਰਟੀ ਕੇਂਦਰ ਸਰਕਾਰ ਦੇ ਪੰਜਾਬ ਵਿਰੋਧੀ ਫੈਸਲਿਆਂ ਖਿਲਾਫ ਮਤਾ ਪਾਸ ਕਰੇ।ਲੋਕ ਇਹ ਵੀ ਚਾਹੁੰਦੇ ਹਨ ਕਿ ਤੁਹਾਨੂੰ ਪੰਜਾਬ ਦੇ ਕੁੱਝ ਸੰਵੇਦਨਸ਼ੀਲ ਮਾਮਲਿਆਂ ਵਿੱਚ ਦਿੱਲੀ ਦੇ ਮੂੰਹ ਵੱਲ ਦੇਖਣਾ ਨਹੀਂ ਸੀ ਚਾਹੀਦਾ, ਬਲਕਿ ਪੰਜਾਬ ਪੱਖੀ ਫੈਸਲਾ ਲੈਂਦੇ ਹੋਏ ਅਜਿਹੇ ਮਤੇ ਪਾਸ ਕਰ ਦੇਣੇ ਚਾਹੀਦੇ ਹਨ, ਪਰ ਤੁਸੀ ਅਜਿਹਾ ਨਹੀਂ ਕਰ ਸਕੇ, ਕਿਉਂਕਿ ਜਿਸਤਰ੍ਹਾਂ ਤੁਸੀ ਪਾਰਟੀ ਪ੍ਰਧਾਨ ਦੇ ਗਲਤ ਫੈਸਲਿਆਂ ਪ੍ਰਤੀ ਪਹਿਲਾਂ ਵੀ ਚੁੱਪ ਧਾਰਦੇ ਰਹੇ ਹੋ, ਉਹਦੇ ਮੁਤਾਬਿਕ ਤਾਂ ਤੁਹਾਡੇ ਤੋਂ ਅਜਿਹੀ ਕੋਈ ਉਮੀਦ ਦਿਖਾਈ ਨਹੀਂ ਦਿੰਦੀ, ਪਰ ਜੇਕਰ ਤੁਹਾਨੂੰ ਇਕ ਗੈਰਤਮੰਦ ਪੰਜਾਬੀ ਵਜੋਂ ਦੇਖਿਆ ਜਾਵੇ ਅਤੇ ਤੁਹਾਡੇ ਕਰਕੇ ਮਿਲੇ ਤੁਹਾਡੀ ਪਾਰਟੀ ਨੂੰ ਲੋਕ ਫਤਵੇ ਦੇ ਸੰਦਰਭ 'ਚ ਦੇਖਿਆ ਜਾਵੇ, ਤਾਂ ਕਈ ਵਾਰ ਅਜਿਹਾ ਵੀ ਜਾਪਦਾ ਹੈ ਕਿ ਲੋਕ ਸੇਵਾ ਲਈ ਬੇਹੱਦ ਸਫਲ ਕਮੇਡੀਅਨ ਤੋਂ ਸਿਆਸਤ ਵਿੱਚ ਆਏ ਭਗਵੰਤ ਸਿੰਘ ਮਾਨ ਕੋਈ ਵੱਡਾ ਲੋਕ ਪੱਖੀ ਫੈਸਲਾ ਵੀ ਲੈ ਸਕਦੇ ਹਨ। ਜਦੋਂ ਇਹ ਕੰਡਿਆਂ ਦੀ ਸੇਜ 'ਤੇ ਬੈਠਣ ਦਾ ਰਸਤਾ ਚੁਣ ਹੀ ਲਿਆ ਹੈ,ਫਿਰ ਹਿੰਮਤ ਵੀ ਦਿਖਾਉਣੀ ਪਵੇਗੀ।ਸਿਆਣਿਆਂ ਦੀ ਕਹਾਵਤ ਹੈ ਕਿ ਚੰਗੇ ਗੁਣ ਤਾਂ ਦੁਸ਼ਮਣ ਤੋਂ ਵੀ ਲੈ ਲੈਣੇ ਚਾਹੀਦੇ ਹਨ,ਇਸ ਲਈ ਆਪਣੇ ਲੋਕਾਂ ਨਾਲ ਖੜ੍ਹਨ ਦਾ ਗੁਣ ਤੇਲੰਗਾਨਾ ਦੇ ਦੂਜੀ ਵਾਰੀ 2018 ਤੋਂ 2023 ਤੱਕ ਮੁੱਖ ਮੰਤਰੀ ਰਹੇ ਕੇ.ਚੰਦਰਸ਼ੇਖਰ ਰਾਓ ਤੋਂ ਸਿੱਖਣਾ ਚਾਹੀਦਾ ਹੈ, ਜਿਸ ਨੇ ਕੇਂਦਰ ਵੱਲੋਂ ਤੇਲੰਗਾਨਾ ਦੇ ਕਿਸਾਨਾਂ ਦਾ ਝੋਨਾ ਖਰੀਦਣ ਤੋਂ ਕੀਤੇ ਇਨਕਾਰ ਤੋਂ ਬਾਅਦ ਕਿਸਾਨਾਂ ਨੂੰ ਅੰਦੋਲਨ ਕਰਨ ਅਤੇ ਅੰਦੋਲਨ ਵਿੱਚ ਆਪਣੀ ਪਾਰਟੀ ਤੇਲੰਗਾਨਾ ਰਾਸ਼ਟਰੀ ਸੰਮਤੀ ਨੂੰ ਸ਼ਾਮਲ ਕਰਨ ਦਾ ਐਲਾਨ ਕਰ ਦਿੱਤਾ ਸੀ। ਤੇਲੰਗਾਨਾ ਦੇ ਉਸ ਕਿਸਾਨ ਸੰਘਰਸ਼ ਵਿੱਚ ਟੀ ਆਰ ਐਸ ਸਰਕਾਰ ਤੱਕ ਸ਼ਾਮਲ ਕਰਨ ਦਾ ਫੈਸਲਾ ਕੇ.ਚੰਦਰਸ਼ੇਖਰ ਰਾਓ ਨੂੰ ਲੋਕ ਨਾਇਕ ਬਣਾਉਂਦਾ ਹੈ। ਏਥੇ ਹੀ ਬੱਸ ਨਹੀਂ ਕੇ.ਚੰਦਰਸ਼ੇਖਰ ਰਾਓ ਨੇ ਗਰਾਮ ਪੰਚਾਇਤਾਂ,ਜ਼ਿਲ੍ਹਾ ਪ੍ਰੀਸ਼ਦਾਂ ਅਤੇ ਨਗਰ ਕੌਂਸਲਾਂ ਨੂੰ ਕੇਂਦਰ ਦੀ ਧੱਕੇਸ਼ਾਹੀ ਦੇ ਖਿਲਾਫ ਮਤੇ ਪਾਉਣ ਦੀ ਅਪੀਲ ਵੀ ਕੀਤੀ ਸੀ, ਅਜਿਹੀ ਲੋਕਪ੍ਰਸਤੀ ਦੀ ਭਾਵਨਾ ਤੇਰੇ ਵਿੱਚ ਵੀ ਹੋਣੀ ਚਾਹੀਦੀ ਸੀ,ਪਰ ਅਫਸੋਸ ! ਤੈਨੂੰ ਤਾਂ ਕੇਂਦਰੀ ਤਾਕਤਾਂ ਕਿਸਾਨਾਂ ਦੇ ਵਿਰੋਧ ਵਿੱਚ ਵਰਤ ਗਈਆਂ।ਜਿਹੜੇ ਲੋਕਾਂ ਨੇ ਦਿੱਲੀ ਤੋਂ ਹੱਕ ਲੈਣ ਲਈ ਤੇਰੀ ਤਾਕਤ ਬਣਨਾ ਸੀ,ਉਹਨਾਂ ਨਾਲ ਦੁਸ਼ਮਣੀ ਵਿੱਢ ਲਈ। ਤੁਸੀਂ ਭਾਵੇਂ ਇਹ ਕੌੜਾ ਸੱਚ ਮੰਨੋ ਭਾਵੇਂ ਨਾ ਮੰਨੋ,ਪਰ ਇਹ ਸਚਾਈ ਹੈ ਕਿ ਪੰਜਾਬ ਦੇ ਲੋਕ ਇਹ ਭਲੀ-ਭਾਂਤ ਜਾਣਦੇ ਅਤੇ ਸਮਝਦੇ ਹਨ ਕਿ ਸਰਕਾਰ ਦੇ ਗਠਨ ਸਮੇਂ ਦਿੱਲੀ ਵਾਲੇ ਮਾਲਕਾਂ ਨੇ ਤੁਹਾਡਾ ਮੰਤਰੀ ਮੰਡਲ ਬੇਹੱਦ ਕਮਜ਼ੋਰ ਬਣਾਇਆ ਹੈ ਅਤੇ ਤੁਹਾਨੂੰ ਮੋਹਰਾ ਬਣਾ ਕੇ ਅੱਗੇ ਲਾਇਆ ਗਿਆ ਹੈ, ਜਦੋਂਕਿ ਪੰਜਾਬ ਸਰਕਾਰ ਦੇ ਤਾਂਗੇ ਵਾਲੇ ਘੋੜੇ ਨੂੰ ਹੱਕਣ ਅਤੇ ਕਾਬੂ 'ਚ ਰੱਖਣ ਲਈ ਲਗਾਮ ਅਤੇ ਚਾਬਕ ਤਾਂ ਦਿੱਲੀ ਵਾਲਿਆਂ ਆਪਣੇ ਹੱਥ ਹੀ ਰੱਖੀ ਹੋਈ ਹੈ, ਇਸ ਲਈ ਚੁਣੌਤੀਆਂ ਬੇਸ਼ੁਮਾਰ ਹਨ। ਇਹ ਕੌੜਾ ਸੱਚ ਹੈ ਭਗਵੰਤ ਸਿਆਂ ਕਿ ਪੰਜਾਬੀ ਗੈਰਤ ਤੇਰੇ ਸਿਰ 'ਤੇ ਬੈਠੀ ਦਿੱਲੀ ਵਾਲਿਆਂ ਦੀ ਲੋਟੂ ਹੇੜ੍ਹ ਨੂੰ ਬਹੁਤ ਨਫਰਤ ਕਰਦੀ ਐ। ਪਹਿਲਾਂ ਚੰਡੀਗੜ੍ਹ ਅਤੇ ਭਾਖੜਾ ਡੈਮ ਤੋਂ ਪੰਜਾਬ ਦੀ ਦਾਅਵੇਦਾਰੀ ਖਤਮ ਕਰਨੀ, ਹਿਮਾਚਲ ਵੱਲੋਂ ਰਾਇਪੇਰੀਅਨ ਕਾਨੂੰਨ ਦੀ ਪ੍ਰਵਾਹ ਕੀਤੇ ਬਿਨਾਂ ਪੰਜਾਬ ਤੋਂ ਪਾਣੀ ਦਾ ਮੁੱਲ ਮੰਗਣਾ, ਐਸ ਵਾਈ ਐਲ ਦੇ ਮੁੱਦੇ 'ਤੇ ਹਰਿਆਣੇ ਦੇ ਤਤਕਾਲੀ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਬਿਆਨ ਅਤੇ ਹੁਣ ਮੌਜੂਦਾ ਹਰਿਆਣਾ ਸਰਕਾਰ ਦੀ ਪਿੱਠ ਤੇ ਖੜੀ ਦਿੱਲੀ ਦਾ ਪਾਣੀ ਖੋਹਣ ਲਈ ਲੱਗਿਆ ਅੱਡੀ ਚੋਟੀ ਦਾ ਜ਼ੋਰ,ਹਿਮਾਚਲੀਆਂ ਦੀ ਸ਼ਰੇਆਮ ਗੁੰਡਾਗਰਦੀ, ਰਾਜ ਸਭਾ 'ਚ ਪੰਜਾਬ-ਪੱਖੀ ਮੈਂਬਰ ਭੇਜਣ ਦੀ ਬਜਾਏ ਕੇਂਦਰੀ ਅਤੇ ਕਾਰਪੋਰੇਟ ਘਰਾਣਿਆਂ ਨੂੰ ਭੇਜਣਾ, ਇਸ ਤੋਂ ਇਲਾਵਾ ਸਿੱਖਾਂ ਖਿਲਾਫ ਸਿਰਜੇ ਜਾ ਰਹੇ ਬਿਰਤਾਂਤ ਸਮੇਤ ਸਾਰੇ ਹੀ ਬੇਹੱਦ ਜ਼ਰੂਰੀ ਤੇ ਫੌਰੀ ਧਿਆਨ ਮੰਗਦੇ ਮੁੱਦਿਆਂ 'ਤੇ ਤੁਹਾਡੀ ਹੁਣ ਤੱਕ ਧਾਰੀ ਚੁੱਪ ਪੰਜਾਬੀ ਗੈਰਤ ਦਾ ਅਪਮਾਨ ਕਰਨ ਵਰਗੀ ਸੀ ਭਗਵੰਤ ਸਿਆਂ ! ਪਰ ਹੁਣ ਤਾਜ਼ਾ ਹਾਲਾਤਾਂ ਦੌਰਾਨ ਹਰਿਆਣਾ ਨੂੰ ਵਾਧੂ ਪਾਣੀ ਦੇਣ ਲਈ ਕੇਂਦਰ ਦੀ ਧੱਕੇਸ਼ਾਹੀ ਅਤੇ ਪੰਜਾਬ ਨਾਲ ਵਿਤਕਰੇ ਦੇ ਖਿਲਾਫ ਤੇਰਾ ਹਿੱਕ ਡਾਹਕੇ ਖੜ੍ਹਨਾ ਪੰਜਾਬ ਨੂੰ ਕਿਸੇ ਖੁਸ਼ੀ ਦੇ ਸੁਨੇਹੇ ਤੋਂ ਵੀ ਵੱਧ ਚੰਗਾ ਲੱਗਿਆ ਹੈ,ਪਰ ਕਿਤੇ ਨਾ ਕਿਤੇ ਮਨ 'ਚ ਇਹ ਤੌਖਲਾ ਅਜੇ ਵੀ ਹੈ ਕਿ ਪਤਾ ਨਹੀਂ ਦਿੱਲੀ ਵਾਲੇ ਤੈਨੂੰ ਪੰਜਾਬ ਦੇ ਹੱਕ ਲਈ ਡਟਿਆ ਰਹਿਣ ਦੇਣਗੇ ਵੀ ਜਾਂ ਉਹਨਾਂ ਦੇ ਹੁਕਮਾਂ ਅੱਗੇ ਪੰਜਾਬ ਦੇ ਹਿਤ ਵੀ ਛੋਟੇ ਪੈ ਜਾਣਗੇ। ਅਜਿਹਾ ਸੋਚਣਾ ਪੰਜਾਬੀਆਂ ਦਾ ਸੁਭਾਅ ਨਹੀਂ ਪਰ 75,76 ਸਾਲਾਂ ਤੋਂ ਧੋਖੇ ਹੀ ਖਾਧੇ ਨੇ। ਬਹੁਤ ਸਾਰੇ ਮੁੱਦੇ ਹਨ, ਜਿਨ੍ਹਾਂ ਦੀ ਵਜ੍ਹਾ ਕਰਕੇ ਅਕਾਲੀਆਂ ਅਤੇ ਕਾਂਗਰਸੀਆਂ ਦਾ ਪੰਜਾਬ 'ਚੋਂ ਸਿਆਸੀ ਪਤਨ ਹੋਇਆ, ਪਹਿਲਾਂ ਬਿਜਲੀ, ਪਾਣੀਆਂ ਦੀ ਲੁੱਟ ਕਰਵਾਉਣ ਵਿੱਚ ਭਾਗੀਦਾਰੀ ਸਮੇਤ ਪੰਜਾਬ ਦੇ ਸਮੁੱਚੇ ਹਿੱਤਾਂ ਦੀ ਅਣਦੇਖੀ ਕਰਨ ਬਦਲੇ ਕੇਂਦਰ ਦੇ ਰਹਿਮੋ ਕਰਮ 'ਤੇ ਸੱਤਾ ਸੁੱਖ ਲੈਣਾ, ਇਸ ਤੋਂ ਇਲਾਵਾ ਸਾਹਿਬ ਸ੍ਰੀ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਨਾ ਮਿਲਣੀ, ਗੋਲੀਆਂ ਚਲਾਉਣ ਵਾਲੇ ਪੁਲਿਸ ਅਫਸਰਾਂ 'ਤੇ ਬਣਦੀ ਕਾਰਵਾਈ ਨਾ ਹੋਣਾ, ਇੱਕ ਸਾਜਿਸ਼ ਤਹਿਤ ਪੰਜਾਬ 'ਚ ਗੈਰ ਪੰਜਾਬੀਆਂ ਨੂੰ ਵਸਾਇਆ ਜਾਣਾ, ਬੇਅਦਬੀ ਕਰਨ ਵਾਲਿਆਂ ਦੇ ਹੌਂਸਲੇ ਇਸ ਕਦਰ ਵੱਧ ਜਾਣੇ ਕਿ ਉਹ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੱਕ ਪਹੁੰਚ ਜਾਣ, ਸੋ ਹਿਰਦਿਆਂ 'ਚ ਛੇਕ ਕਰਨ ਵਾਲੀਆਂ ਅਜਿਹੀਆਂ ਹਰਕਤਾਂ ਕਾਰਨ ਪੰਜਾਬੀਆਂ ਨੇ ਪਹਿਲਿਆਂ ਨੂੰ ਨਕਾਰਿਆ, ਹੁਣ ਸੌ ਹੱਥ ਰੱਸਾ ਸਿਰੇ 'ਤੇ ਗੰਢ ਵਾਲੀ ਗੱਲ ਹੈ ਭਾਈ ਹੁਣ ਪੰਜਾਬ ਦੀ ਹੋਣੀ ਤੇਰੇ ਹੱਥ ਐ, ਭਾਵੇਂ ਸਾਂਭ ਲੈ ਬੇਸ਼ੱਕ ਰੋਲਦੇ। ਗੱਲ ਇਹ ਵੀ ਝੂਠ ਨਹੀਂ ਕਿ ਕੱਲੀ ਜ਼ਿੰਦ ਤੇ ਮੁਲਾਹਜ਼ੇਦਾਰ ਬਾਹਲੇ ਨੇ, ਜੇਕਰ ਦਿੱਲੀ ਦਾ ਮਾਣ ਰੱਖਣ ਦੀ ਸੋਚੇਂਗਾ ਤਾਂ ਪੰਜਾਬ 'ਚੋਂ ਗਿਆ ਜੇ ਪੰਜਾਬ ਨਾਲ ਖੜ੍ਹੇਂਗਾ ਤਾਂ ਦਿੱਲੀ ਨੂੰ ਮਨਜ਼ੂਰ ਨਹੀਂ ਹੋਣਾ, ਪਰ ਇਹ ਹੁਣ ਤੇਰੇ 'ਤੇ ਨਿਰਭਰ ਹੈ ਕਿ ਤੂੰ ਮਾਂ ਦੇ ਦੁੱਧ ਦੀ ਲਾਜ ਰੱਖਣੀ ਹੈ, ਜਾਂ ਕਲੰਕ ਖੱਟਣਾ ਹੈ। ਬੀਤੇ ਸਾਲਾਂ ਵਿੱਚ ਮਜੀਠਾ ਲਾਗੇ ਪਿੰਡ ਅਨਾਇਤਪੁਰੇ ਦੇ ਹਾਲਾਤ ਪੰਜਾਬ ਦੀ ਸ਼ਾਂਤ ਫਿਜ਼ਾ 'ਚ ਜ਼ਹਿਰ ਘੋਲਣ ਦੇ ਸਪੱਸ਼ਟ ਸੰਕੇਤ ਸਨ, ਇਹਨਾਂ ਗੁੱਜਰਾਂ ਨੂੰ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਇੱਕ ਸਾਜਿਸ਼ੀ ਸਮਝੌਤੇ ਤਹਿਤ ਇਜ਼ਹਾਰ ਆਲਮ ਰਾਹੀਂ ਪੰਜਾਬ 'ਚ ਵਸਾਇਆ ਸੀ,ਤਾਂ ਕਿ ਨਿਰਧਾਰਤ ਸਮੇਂ ਮੁਸਲਮਾਨਾਂ ਅਤੇ ਸਿੱਖਾਂ 'ਚ ਖੂਨ ਖਰਾਬਾ ਕਰਵਾ ਕੇ 1947 ਨੂੰ ਮੁੜ ਦੁਹਰਾਇਆ ਜਾ ਸਕੇ, ਕਿਉਂਕਿ ਸਿੱਖਾਂ ਅਤੇ ਮੁਸਲਮਾਨਾਂ 'ਚ ਕਰਵਾਏ ਦੰਗੇ ਕੇਂਦਰੀ ਹਿੰਦੁਤਬਾ ਏਜੰਡੇ ਦੇ ਫਿੱਟ ਬੈਠਦੇ ਹਨ।ਪੰਜਾਬ ਵਿਰੋਧੀ ਤਾਕਤਾਂ ਤੈਨੂੰ ਬੇਅੰਤ ਜਾਂ ਬਾਦਲ ਬਣਾਉਣ ਦੀ ਤਾਕ 'ਚ ਨੇ, ਇਹ ਹੁਣ ਤੂੰ ਦੇਖਣੈ ਕਿ ਲੋਕਾਂ ਦਾ ਸੱਚਾ ਆਗੂ ਬਣਨਾ ਹੈ ਜਾਂ ਦਿੱਲੀ ਨਾਲ ਖੜਕੇ ਖਲਨਾਇਕ ਦੀ ਭੂਮਿਕਾ ਨਿਭਾਉਣੀ ਹੈ। ਪਿਛਲਿਆਂ ਵਰਗਾ ਲੋਕ ਧਰੋਹੀ ਬਣਨਾ ਹੈ ਜਾਂ ਤੇਲੰਗਾਨਾ ਦੇ ਮਹਾਂ ਨਾਇਕ ਕੇ ਚੰਦਰਸ਼ੇਖਰ ਰਾਓ ਵਾਂਗ ਆਪਣੇ ਲੋਕਾਂ ਦਾ ਨਾਇਕ ਬਣਨਾ ਹੈ, ਇਹ ਫੈਸਲਾ ਤੇਰੇ ਹੱਥ ਹੈ ਮਿੱਤਰਾ ! ਪਰ ਇਹ ਯਾਦ ਰੱਖੀਂ ਕਿ ਦਿੱਲੀ ਕਦੇ ਪੰਜਾਬ ਦੀ ਸਕੀ ਨਹੀਂ ਹੋਈ, ਇਸ ਲਈ ਜਿਗਰਾ ਰੱਖੀਂ ਲੋਕਾਂ ਦੀਆਂ ਆਸਾਂ 'ਤੇ ਖਰਾ ਉਤਰਨ ਦਾ। ਇਹ ਵੀ ਚੇਤਿਆਂ 'ਚ ਵਸਾ ਕੇ ਰੱਖੀਂ ਭਰਾਵਾ, ਜੇਕਰ ਪੰਜਾਬ ਦੇ ਖਿਲਾਫ਼ ਭੁਗਤਿਆ ਤੈਨੂੰ ਤਰੀਖ ਨੇ ਮੁਆਫ਼ ਨਹੀਂ ਕਰਨਾ ! ਹੱਕ 'ਚ ਡਟਿਆ ਰਹੇਂਗਾ ਤਾਂ ਇਤਿਹਾਸ ਦੇ ਸੁਨਹਿਰੀ ਪੰਨਿਆਂ ਦੀ ਖੂਬਸੂਰਤੀ 'ਚ ਜੜਿਆ ਜਾਵੇਂਗਾ। ਰਾਜ-ਸੱਤਾ ਦੀ ਕੰਡਿਆਲੀ ਸੇਜ ਨੂੰ ਮਖਮਲੀ ਬਨਾਉਣਾ ਹੁਣ ਤੇਰੀ ਲਿਆਕਤ ਅਤੇ ਸੂਝ ਬੂਝ 'ਤੇ ਨਿਰਭਰ ਕਰੇਗਾ। ਪੰਜਾਬ ਦਾ ਸੱਚਾ ਦਰਦਮੰਦ ਲੇਖਕ ਬਾਬਾ ਜਸਵੰਤ ਸਿੰਘ ਕੰਵਲ ਸਿਆਸੀ ਲੋਕਾਂ ਨੂੰ ਪੰਜਾਬ ਬਚਾਉਣ ਲਈ ਦੁਹਾਈਆਂ ਦਿੰਦਾ ਮਰ ਗਿਆ ਪਰ ਉਹਦੀ ਕਿਸੇ ਨੇ ਨਾ ਸੁਣੀ, ਲੇਖਕ ਦਾ ਅਸਲ ਧਰਮ ਆਪਣੇ ਲੋਕਾਂ ਦੇ ਦੁੱਖਾਂ ਦੀ ਕਹਾਣੀ ਕਹਿਣਾ ਹੁੰਦੈ, ਪਰ ਏਥੋਂ ਦੇ ਕੁੱਝ ਲੇਖਕ ਸੂਰਜ ਦੀ ਅੱਖ ਦੇ ਬਹਾਨੇ ਆਪਣੇ ਪੁਰਖਿਆਂ ਦੀ ਕਿਰਦਾਰਕੁਸ਼ੀ ਕਰਕੇ ਇਨਾਮ ਖਨਾਮ ਪਾਉਣ 'ਚ ਮਸ਼ਰੂਫ਼ ਨੇ ਅਤੇ ਬਾਕੀ ਬਹੁਤ ਸਾਰੇ ਸਥਾਪਤੀ ਦੇ ਹੱਕ ਵਿੱਚ ਆਰਤੀ ਉਚਾਰ ਕੇ ਕੁਰਸੀਆਂ ਰੁਤਬੇ ਪਾਉਣ 'ਚ ਰੁੱਝੇ ਹੋਏ ਨੇ, ਕੰਵਲ ਦੀ ਗੱਲ ਸੁਣਨ ਦਾ ਵਕਤ ਕੀਹਦੇ ਕੋਲ ਹੈ ਭਲਾ ! ਬਾਬੇ ਕੰਵਲ ਦਾ ਪੰਜਾਬ ਪ੍ਰਤੀ ਸੁੱਚਾ ਦਰਦ ਅਤੇ ਉਹਦੀਆਂ ਦਿਲ ਟੁੰਬਦੀਆਂ ਲਿਖਤਾਂ ਦੀ ਹੂਕ ਮੇਰੇ ਕਾਲਜੇ 'ਚ ਉੱਕਰੀ ਹੋਈ ਹੈ, ਮੈਂ ਉਹਨਾਂ ਨੂੰ ਸਾਹਿਤਕ ਖੇਤਰ ਵਿੱਚ ਆਪਣਾ ਪ੍ਰੇਰਨਾ ਸ੍ਰੋਤ ਮੰਨਦਾ ਹਾਂ। ਮੈਂ ਇਹ ਖਤ ਰਾਹੀਂ ਲੋਕਾਂ ਦੇ ਦਿਲ ਦੀ ਗੱਲ ਲਿਖ ਕੇ ਆਪਣਾ ਫਰਜ਼ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੋ ਵਾਹਿਗੁਰੂ ਕਿਰਪਾ ਕਰੇ ਭਗਵੰਤ ਸਿਆਂ ਤੂੰ ਪੰਜਾਬ ਦੇ ਹੱਕਾਂ ਦੀ ਲੜਾਈ 'ਚ ਜੇਤੂ ਹੋ ਕੇ ਨਿਕਲੇਂ,ਪੰਜਾਬ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਵੇ, ਪੰਜਾਬ ਦੇ ਲੋਕਾਂ ਨੂੰ ਤੇਰੇ 'ਤੇ ਵੀ ਅਤੇ ਤੇਰੀ ਅਗਵਾਈ ਵਿੱਚ ਭਰੋਸਾ ਪਰਗਟ ਕਰਨ ਵਾਲੇ ਆਪਣੇ ਫੈਸਲੇ 'ਤੇ ਵੀ ਮਾਣ ਮਹਿਸੂਸ ਹੋਵੇ, ਤੂੰ ਪੰਜਾਬ ਦੇ ਪਾਣੀਆਂ ਦਾ ਅਸਲੀ ਰਾਖਾ ਹੋ ਨਿੱਬੜੇਂ, ਮੇਰੇ ਸਮੇਤ ਹੋਰ ਲੱਖਾਂ ਪੰਜਾਬੀਆਂ ਵੱਲੋਂ ਪਰਗਟ ਕੀਤੇ ਜਾ ਰਹੇ ਤਮਾਮ ਖਦਸ਼ੇ ਝੂਠੇ ਸਾਬਤ ਹੋਣ, ਇਹ ਮੈਂ ਸੱਚੇ ਮਨ ਨਾਲ ਕਾਮਨਾ ਕਰਦਾ ਹਾਂ ਭਗਵੰਤ ਸਿੰਆਂ! ਵਾਹਿਗੁਰੂ ਉਹ ਦਿਨ ਜਲਦੀ ਲੈ ਕੇ ਆਵੇ।ਰੱਬ ਰਾਖਾ।

# ਦੋ ਸੂਬਿਆਂ ਦੇ ਰਾਜਪਾਲਾਂ ਤੇ ਮੁੱਖ ਮੰਤਰੀਆਂ ਦੇ ਜੁੜੇ ਹੱਥ

ਕਮਲਜੀਤ ਸਿੰਘ ਬਨਵੈਤ
98147 34035



- ☛ ਨਸ਼ਿਆਂ ਦੀ ਅਲਾਮਤ ਖ਼ਿਲਾਫ਼ ਇਕੱਠੇ ਹੋਏ ਪੰਜਾਬ ਤੇ ਹਰਿਆਣਾ ਦੇ ਰਾਜਪਾਲ ਅਤੇ ਦੋਹਾਂ ਸੂਬਿਆਂ ਦੇ ਮੁੱਖ ਮੰਤਰੀ
- ☛ ਇੱਕੋ ਸਟੇਜ 'ਤੇ ਬੈਠਣ ਵੇਲੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀਆਂ ਅੱਖਾਂ ਤਾਂ ਮਿਲੀਆਂ ਪਰ ਦਿਲ ਨਹੀਂ ਮਿਲੇ
- ☛ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਚੰਡੀਗੜ੍ਹ ਵਿੱਚ ਰਚਿਆ ਸਮਾਗਮ
- ☛ ਹਜ਼ਾਰਾਂ ਚੰਡੀਗੜ੍ਹੀਆਂ ਨੇ ਨਸ਼ਿਆਂ ਦੇ ਖਿਲਾਫ਼ ਇੱਕੋ ਆਵਾਜ਼ ਲਗਾਈ
- ☛ ਰਾਜ ਸਭਾ ਦੇ ਮੈਂਬਰ ਸਤਨਾਮ ਸਿੰਘ ਸੰਧੂ ਤੇ ਵਿਕਰਮਜੀਤ ਸਿੰਘ ਸਾਹਨੀ ਸਮੇਤ ਕਈ ਰਿਸ਼ੀ ਮੁਨੀ ਵੀ ਸਮਾਗਮ ਵਿੱਚ ਹੋਏ ਸ਼ਾਮਲ

ਪਾਣੀਆਂ ਦੇ ਮੁੱਦੇ ਨੂੰ ਲੈ ਕੇ ਆਹਮੋ ਸਾਹਮਣੇ ਹੋਏ ਪੰਜਾਬ ਅਤੇ ਹਰਿਆਣਾ ਨਸ਼ੇ ਦੇ ਖਾਤਮੇ ਲਈ ਇੱਕਜੁੱਟ ਹੋ ਗਏ ਹਨ। ਪੰਜਾਬ ਤੇ ਹਰਿਆਣਾ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੋਹਾਂ ਦੇ ਹੱਥ ਮਿਲਾਉਣ ਦਾ ਸਬੱਬ ਬਣੇ। ਦੋਹਾਂ ਰਾਜਾਂ ਸਮੇਤ ਚੰਡੀਗੜ੍ਹ ਦੇ ਹਜ਼ਾਰਾਂ ਲੋਕਾਂ ਨੇ ਨਸ਼ੇ ਨੂੰ ਖਤਮ ਕਰਨ ਲਈ ਇੱਕੋ ਆਵਾਜ਼ ਲਗਾਈ। ਚੰਡੀਗੜ੍ਹ ਵਿੱਚ ਪੰਜਾਬ ਤੇ ਹਰਿਆਣਾ ਦੇ ਰਾਜਪਾਲ ਤੇ ਦੋਹਾਂ ਸੂਬਿਆਂ ਦੇ ਮੁੱਖ ਮੰਤਰੀ ਚੰਡੀਗੜ੍ਹ ਦੇ ਸੈਕਟਰ 17 ਵਿੱਚ ਆਯੋਜਿਤ ਇੱਕ ਇਕੱਠ ਵੇਲੇ ਇੱਕ ਮੰਚ 'ਤੇ ਦਿਸੇ। ਬਸ ਇੱਕੋ ਮਕਸਦ ਸੀ ਨਸ਼ੇ ਦਾ ਖਾਤਮਾ। ਬਦਕਿਸਮਤੀ ਇਹ ਕਿ ਸਾਂਝੀ ਸਟੇਜ 'ਤੇ ਬੈਠਿਆਂ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀਆਂ ਅੱਖਾਂ ਤਾਂ ਮਿਲ ਗਈਆਂ ਪਰ ਦਿਲ ਨਾ ਮਿਲੇ। ਇਥੋਂ ਤੱਕ ਕਿ ਦੂਰੋਂ ਵੀ ਦੁਆ ਸਲਾਮ ਨਾ ਕੀਤੀ।

ਨਸ਼ੇ ਜ਼ਿੰਦਗੀਆਂ ਨਿਗਲ ਰਹੇ ਹਨ। ਨੌਜਵਾਨਾਂ ਦਾ ਚਮਕਦਾ ਭਵਿੱਖ ਹਨੇਰੇ ਵਿੱਚ ਬਦਲਣ ਲੱਗਾ ਹੈ। ਇਸ ਫਿਕਰਮੰਦੀ ਨੂੰ ਲੈ ਕੇ ਚੰਡੀਗੜ੍ਹ ਵਿੱਚ ਸਵੇਰ ਵੇਲੇ ਇੱਕ ਯਾਤਰਾ ਕੱਢੀ ਗਈ। ਜਿਸ ਵਿੱਚ 5 ਹਜ਼ਾਰ ਤੋਂ ਵੱਧ ਲੋਕ ਰਲ ਕੇ ਤੁਰੇ। ਸ਼ਾਮ ਵੇਲੇ ਸੈਕਟਰ 17 ਵਿੱਚ ਇਸੇ ਮੁਹਿੰਮ ਨੂੰ ਅੱਗੇ ਵਧਾਉਂਦਿਆਂ ਪੰਜਾਬ ਤੇ ਹਰਿਆਣਾ ਦੇ ਰਾਜਪਾਲ ਅਤੇ ਦੋਨਾਂ ਸੂਬਿਆਂ ਦੇ ਮੁੱਖ ਮੰਤਰੀ ਇੱਕੋ ਸਟੇਜ 'ਤੇ ਜੁੜ ਬੈਠੇ। ਪੰਜਾਬ ਤੋਂ ਰਾਜ ਸਭਾ ਦੇ ਮੈਂਬਰ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਅਤੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਦੇ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਵੀ ਸਟੇਜ 'ਤੇ ਸੁਸ਼ੋਭਿਤ ਸਨ। ਕਈ ਸੰਤਾਂ ਤੇ ਰਿਸ਼ੀਆਂ ਮੁਨੀਆਂ ਨੇ ਵੀ ਸ਼ਿਰਕਤ ਕੀਤੀ। ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਦੀ ਪਹਿਲ ਨੂੰ ਬੂਰ ਪਿਆ ਹੈ। ਅਸਮਾਨ ਵਿੱਚੋਂ ਡਿੱਗਦੀ ਅੱਗ ਵੀ ਲੋਕਾਂ ਦਾ ਜੋਸ਼ ਮੱਠਾ ਨਾ ਕਰ ਸਕੀ। ਚੰਡੀਗੜ੍ਹ ਵਿੱਚ ਇਹ ਪਹਿਲਾ ਮੌਕਾ ਸੀ ਜਦੋਂ ਨਸ਼ੇ ਦੇ ਖ਼ਿਲਾਫ਼ ਹਜ਼ਾਰਾਂ ਲੋਕ ਸੜਕਾਂ 'ਤੇ ਉਤਰੇ ਹੋਏ ਹੋਣ। ਯਾਤਰਾ ਦੀ ਅਗਵਾਈ ਵੀ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕੀਤੀ ਸੀ। ਇਸ ਮੌਕੇ ਜਾਗਰੂਕਤਾ ਫੈਲਾਉਣ ਵਾਲੀ ਡਰੱਗਸ ਵਿਰੋਧੀ ਵੈਨ ਨੂੰ ਵੀ ਹਰੀ ਝੰਡੀ ਦਿਖਾ ਕੇ ਤੋਰਿਆ ਗਿਆ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਮੇਤ ਉਹਨਾਂ ਦੇ ਕਈ ਮੰਤਰੀ ਸਾਥੀਆਂ ਨੇ ਹਿੱਸਾ ਲਿਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਪਹੁੰਚੇ। ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਿਆਤਰੇਯ ਵੀ ਮੌਜੂਦ ਰਹੇ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਨਸ਼ਾ ਮੁਕਤ ਭਾਰਤ ਅਭਿਆਨ ਦਾ ਉਦੇਸ਼ ਇੱਕ ਸਮਾਜ ਬਣਾਉਣਾ ਹੈ, ਜਿੱਥੇ ਮਨੁੱਖ ਨਸ਼ੇ ਤੋਂ ਬਿਨਾਂ ਜ਼ਿੰਦਗੀ ਬਤੀਤ ਕਰੇ ਅਤੇ ਕੌਮ ਦੀ ਤਰੱਕੀ ਲਈ ਬਣਦਾ ਯੋਗਦਾਨ ਪਾਵੇ। ਉਹਨਾਂ ਨੇ ਨਸ਼ੇ ਤੋਂ ਦੂਰ ਜੀਉ ਭਰਪੂਰ ਦਾ ਨਾਅਰਾ ਵੀ ਦਿੱਤਾ। ਪੰਜਾਬ ਤੇ ਹਰਿਆਣਾ ਵਿਚਾਲੇ ਕਈ ਦਿਨਾਂ ਤੋਂ ਪਾਣੀ ਦੇ ਰੇੜਕੇ ਨੂੰ ਲੈ ਕੇ ਚੱਲ ਰਹੇ ਵਿਵਾਦ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਇੱਕੋ ਮੰਚ 'ਤੇ ਨਜ਼ਰ ਤਾਂ ਆਏ ਦੋਹਾਂ ਦੀਆਂ ਨਜ਼ਰਾਂ ਵੀ ਮਿਲੀਆਂ ਪਰ ਦਿਲ ਨਾ ਮਿਲੇ। ਦੋਵੇਂ ਮੁੱਖ ਮੰਤਰੀ ਕੁਝ ਫੁੱਟਾਂ ਦੀ ਦੂਰੀ ਉੱਤੇ ਇੱਕੋ ਸਟੇਜ 'ਤੇ ਬੈਠੇ ਤਾਂ ਰਹੇ ਪਰ ਕੋਈ ਗੱਲ ਸਾਂਝੀ ਨਾ ਕੀਤੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਾਣੀਆਂ ਬਾਰੇ ਬੋਲਣ ਤੋਂ ਪਾਸਾ ਵੱਟਿਆ। ਉਹਨਾਂ ਨੇ ਕਿਹਾ ਕਿ ਦੇਸ਼ ਦੇ ਆਜ਼ਾਦੀ ਸੰਗਰਾਮ ਵਾਂਗ ਸੂਬਾ ਦੇਸ਼ ਨੂੰ ਨਸ਼ਿਆਂ ਦੀ ਲਾਹਨਤ ਤੋਂ ਮੁਕਤ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਵੇਗਾ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦੁਹਰਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਉਹਨਾਂ ਦੇ ਰਿਸ਼ਤੇਦਾਰ ਹਨ ਪਰ ਉਹ ਪਾਣੀ ਸਮਾਜ ਦੀ ਮੰਗ ਰਹੇ ਹਨ। ਉਹਨਾਂ ਨੇ ਕਿਹਾ ਕਿ ਪਾਣੀ ਦੀ ਲੋੜ ਸੂਬੇ ਦੇ ਦੋ ਕਰੋੜ 80 ਲੱਖ ਲੋਕਾਂ ਨੂੰ ਹੈ ਅਤੇ ਇਹ ਮੰਗ ਉਹਨਾਂ ਲਈ ਕੀਤੀ ਜਾ ਰਹੀ ਹੈ। ਉਹਨਾਂ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਪੰਜਾਬ ਦੇ ਮੁੱਖ ਮੰਤਰੀ ਇਸ ਉੱਤੇ ਰਾਜਨੀਤੀ ਕਰ ਰਹੇ ਹਨ। ਉਹਨਾਂ ਨੇ ਸੂਬੇ ਲਈ ਹਰ ਹੀਲੇ ਪਾਣੀ ਲੈਣ ਦਾ ਪ੍ਰਣ ਵੀ ਦੁਹਰਾਇਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਾਇਬ ਸਿੰਘ ਸੈਣੀ ਦੀ ਗੱਲ ਨੂੰ ਜਿਵੇਂ ਅਣਸੁਣਿਆ ਕੀਤਾ, ਇਸ ਨਾਲ ਉਹਨਾਂ ਦੀ ਰਾਜਨੀਤਿਕ 'ਤੇ ਵੱਧਦੀ ਪਕੜ ਹੋਰ ਚੰਗੀ ਤਰ੍ਹਾਂ ਦਿਸੀ ਹੈ।

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਸੂਬੇ ਵਿੱਚ ਨਸ਼ਿਆਂ ਦੇ ਵੱਧ ਰਹੇ ਕਹਿਰ ਤੋਂ ਚਿੰਤਤ ਹਨ ਅਤੇ ਉਹਨਾਂ ਨੇ ਇਸ ਨੂੰ ਖਤਮ ਕਰਨ ਦੀ ਧਾਰ ਲਈ ਲੱਗਦੀ ਹੈ। ਉਹ ਪਿਛਲੇ ਦਿਨੀਂ ਸਰਹੱਦੀ ਖੇਤਰਾਂ ਵਿੱਚ ਨਸ਼ਿਆਂ ਖ਼ਿਲਾਫ਼ ਇੱਕ ਪੈਦਲ ਯਾਤਰਾ ਦੀ ਅਗਵਾਈ ਕਰਕੇ ਆਏ ਹਨ। ਇਸ ਯਾਤਰਾ ਦੌਰਾਨ ਉਹਨਾਂ ਨੇ ਲੋਕਾਂ ਦੀ ਨਬਜ਼ ਨੂੰ ਟੋਹਿਆ ਹੀ ਨਹੀਂ ਸਗੋਂ ਉਹਨਾਂ ਦਾ ਦਰਦ ਵੀ ਸੁਣਿਆ। ਦੂਜੇ ਬੰਨੇ ਪੰਜਾਬ ਸਰਕਾਰ ਆਪਣੇ ਪੱਧਰ ਉੱਤੇ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨ ਲਈ ਜੁੱਟੀ ਹੋਈ ਹੈ। ਪੰਜਾਬ ਸਰਕਾਰ ਨੇ ਸੂਬੇ ਵਿੱਚੋਂ ਨਸ਼ੇ ਖਤਮ ਕਰਨ ਲਈ 31 ਮਈ ਮੁੱਕਰਰ ਕਰ ਦਿੱਤੀ ਹੈ। ਪੰਜਾਬ ਦੇ ਪੁਲਿਸ ਮੁਖੀ ਗੌਰਵ ਯਾਦਵ ਇੱਕ ਪ੍ਰੈਸ ਕਾਨਫਰੰਸ ਕਰਕੇ ਅਜਿਹਾ ਦਾਅਵਾ ਕਰ ਚੁੱਕੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਦੇ ਘਰਾਂ ਉੱਤੇ ਬੁਲਡੋਜ਼ਰ ਵੀ ਚੜ੍ਹਾਏ ਜਾ ਰਹੇ ਹਨ, ਹਾਲਾਂਕਿ ਸਰਕਾਰ ਦੀ ਇਹ ਕਾਰਵਾਈ ਵਿਵਾਦਾਂ ਵਿੱਚ ਘਿਰੀ ਹੋਈ ਹੈ। ਇਲਜ਼ਾਮ ਤਾਂ ਇਹ ਵੀ ਲੱਗ ਰਹੇ ਹਨ ਕਿ ਨਸ਼ੇ ਦੇ ਮਗਰ ਮੱਛ ਤਸਕਰਾਂ ਨੂੰ ਹੱਥ ਪਾਉਣ ਦੀ ਥਾਂ ਛੋਟੀਆਂ ਮੋਟੀਆਂ ਮੱਛੀਆਂ ਨੂੰ ਜਾਲ ਵਿੱਚ ਫਸਾਇਆ ਜਾ ਰਿਹਾ ਹੈ। ਇੱਥੇ ਇਹ ਜ਼ਿਕਰ ਕਰਨਾ ਦਿਲਚਸਪ ਹੋਵੇਗਾ ਕਿ ਨਸ਼ੇ ਨੂੰ ਖ਼ਤਮ ਕਰਨ ਵਿੱਚ ਨਾ ਕਾਮਯਾਬ ਰਹਿਣ ਕਰਕੇ ਕਾਂਗਰਸ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਜਾਂਦੀਆਂ ਰਹੀਆਂ ਸਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਾਂ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤਲਵੰਡੀ ਸਾਬੋ ਵਿਖੇ ਸ੍ਰੀ ਗੁਟਕਾ ਸਾਹਿਬ 'ਤੇ ਹੱਥ ਰੱਖ ਕੇ ਨਸ਼ਿਆਂ ਨੂੰ ਇੱਕ ਹਫਤੇ ਵਿੱਚ ਖ਼ਤਮ ਕਰਨ ਦੀ ਸਹੁੰ ਖਾਦੀ ਸੀ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਨੂੰ ਸਭ ਤੋਂ ਪਹਿਲਾਂ ਵੱਡੀ ਸੱਟ 2014 ਦੀਆਂ ਲੋਕ ਸਭਾ ਚੋਣਾਂ ਵੇਲੇ ਲੱਗੀ ਸੀ, ਜਦੋਂ ਨਸ਼ਿਆਂ ਨੂੰ ਲੈ ਕੇ ਨਾਰਾਜ਼ ਪੰਜਾਬੀਆਂ ਨੇ ਦੋਹਾਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਰੱਦ ਕਰ ਦਿੱਤਾ ਸੀ। ਆਮ ਚਰਚਾ ਹੈ ਕਿ ਮਾਫ਼ੀਆ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੇ ਪ੍ਰਚੱਲਿਤ ਹੋਇਆ ਸੀ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦੀਆਂ ਘਟਨਾਵਾਂ ਲੈ ਬੈਠੀਆਂ ਉੱਥੇ ਨਸ਼ਿਆਂ ਦਾ ਮੁੱਦਾ ਵੀ ਜੜ੍ਹਾਂ ਵਿੱਚ ਬੈਠ ਗਿਆ ਸੀ। ਪਿਛਲੇ ਲੰਬੇ ਸਮੇਂ ਤੋਂ ਚਰਚਾ ਤਾਂ ਇਹ ਵੀ ਚੱਲ ਰਹੀ ਹੈ ਕਿ ਨਸ਼ਾ ਤਸਕਰ ਸਿਆਸੀ ਲੀਡਰਾਂ ਅਤੇ ਪੁਲਿਸ ਅਫਸਰਾਂ ਦੀ ਛੱਤਰ ਛਾਇਆ ਹੇਠ ਧੰਦਾ ਚਲਾ ਰਹੇ ਹਨ।

ਪਿਛਲੇ ਤਿੰਨ ਸਾਲਾਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਨਸ਼ਿਆਂ ਦੀ ਲਾਹਨਤ ਨੂੰ ਗੰਭੀਰਤਾ ਨਾਲ ਨਹੀਂ ਲਿਆ ਸੀ। ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਹਾਰ ਮਿਲਣ ਤੋਂ ਬਾਅਦ ਹੁਣ ਪੰਜਾਬ ਵਿੱਚ ਭਗਵੰਤ ਸਿੰਘ ਮਾਨ ਦੀ ਸਰਕਾਰ ਨੂੰ ਇੱਕ ਤਰ੍ਹਾਂ ਨਾਲ ਹੱਥਾਂ ਪੈਰਾਂ ਦੀ ਪੈ ਗਈ ਹੈ। ਨਸ਼ਿਆਂ ਨੂੰ ਲੈ ਕੇ ਹੀ ਨਹੀਂ ਸਰਕਾਰ ਹਰ ਖੇਤਰ ਵਿੱਚ ਪਹਿਲਾਂ ਨਾਲੋਂ ਚੁਸਤ ਦਰੁਸਤ ਹੀ ਨਹੀਂ ਹੋਈ ਸਗੋਂ ਰਫ਼ਤਾਰ ਵੀ ਫੜੀ ਹੈ। ਪਾਣੀਆਂ ਦੇ ਤਾਜ਼ਾ ਮੁੱਦੇ ਲੈ ਕੇ ਭਗਵੰਤ ਸਿੰਘ ਮਾਨ ਜਿਵੇਂ ਡਟੇ ਹਨ, ਉਸ ਨਾਲ ਉਹਨਾਂ ਦਾ ਕੱਦ ਸਿਆਸਤ ਵਿੱਚ ਪਹਿਲਾਂ ਨਾਲੋਂ ਕਿਤੇ ਉੱਚਾ ਹੋਇਆ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਤਰ੍ਹਾਂ ਉਹ ਪਾਣੀਆਂ ਦੇ ਰਾਖੇ ਵਜੋਂ ਜਾਣੇ ਜਾਣਗੇ। ਪੰਜਾਬ ਸਰਕਾਰ ਵੱਲੋਂ ਸਿਆਸੀ ਪਾਰਟੀਆਂ ਦੀ ਸੱਦੀ ਸਰਬ ਪਾਰਟੀ ਮੀਟਿੰਗ ਵਿੱਚ ਜਿਵੇਂ ਭਗਵੰਤ ਸਿੰਘ ਮਾਨ ਨੇ ਮੁੱਦੇ ਨੂੰ ਜਿਸ ਗੰਭੀਰਤਾ ਨਾਲ ਲਿਆ ਹੈ ਅਤੇ ਜਿਸ ਫ਼ਰਾਖ਼ਦਿਲੀ ਨਾਲ ਵਿਰੋਧੀ ਧਿਰ ਨੇ ਸਾਥ ਦਿੱਤਾ ਹੈ। ਇਸ ਨੇ ਸਿਆਸੀ ਪਾਰਟੀਆਂ ਉੱਤੇ ਲੱਗਦੇ ਕਈ ਤਰ੍ਹਾਂ ਦੇ ਦਾਗ ਹੀ ਨਹੀਂ ਧੋਤੇ ਸਗੋਂ ਇਹ ਵੀ ਸਿੱਧ ਕੀਤਾ ਹੈ ਕਿ ਉਹ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਅੰਦਰੋਂ ਫਿਕਰਮੰਦ ਹਨ। ਇਹ ਨਹੀਂ ਕਿ ਪੰਜਾਬ ਵਿੱਚ ਸਰਬ ਪਾਰਟੀ ਮੀਟਿੰਗ ਪਹਿਲੀ ਵਾਰ ਸੱਦੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਰੋਧੀ ਧਿਰਾਂ ਦੀ ਰਜ਼ਾਮੰਦੀ ਨਾਲ 5 ਮਈ ਨੂੰ ਵਿਧਾਨ ਸਭਾ ਦਾ ਸੈਸ਼ਨ ਸੱਦ ਲਿਆ ਹੈ। ਦਿਲਚਸਪ ਗੱਲ ਇਹ ਕਿ ਸੈਸ਼ਨ ਵਿੱਚ ਪਾਣੀਆਂ ਤੋਂ ਬਿਨਾਂ ਨਸ਼ੇ ਸਮੇਤ ਪੰਜਾਬ ਨਾਲ ਹੋਰ ਜੁੜੇ ਪੁਰਾਣੇ ਮੁੱਦੇ ਵੀ ਵਿਚਾਰੇ ਜਾਣਗੇ ਅਤੇ ਉਹਨਾਂ ਦਾ ਹੱਲ ਵੀ ਰਲ ਕੇ ਕੱਢਣ ਲਈ ਸਿਰ ਜੁੜਨਗੇ। ਵਿਧਾਨ ਸਭਾ ਦਾ ਭਲਕ ਨੂੰ ਜੁੜਨ ਵਾਲਾ ਸੈਸ਼ਨ ਕੀ ਰੰਗ ਦਿਖਾਉਂਦਾ ਹੈ ਇਹ ਅਸੀਂ ਸਮੇਂ ਉੱਤੇ ਛੱਡਦੇ ਹਾਂ। ਇੱਕ ਗੱਲ ਵੀ ਪੱਕੀ ਹੈ ਪੰਜਾਬ ਦੀਆਂ ਸਿਆਸੀ ਪਾਰਟੀਆਂ ਸਰਬ ਪਾਰਟੀ ਮੀਟਿੰਗ ਦੌਰਾਨ ਜਿਹੜਾ ਇੱਕ ਦਿਖਾਇਆ ਹੈ ਉਸ ਤੋਂ ਕੁਝ ਖੱਟ ਕਮਾਉਣ ਦੀ ਉਮੀਦ ਜ਼ਰੂਰ ਬੱਝੀ ਹੈ।

# ਭਾਰਤ-ਪਾਕਿ ਸਰਹੱਦ 'ਤੇ ਜੰਗ ਦੇ ਬੱਦਲ ਤੇ ਪ੍ਰਮਾਣੂ ਖ਼ਤਰੇ, ਦੇਸ਼ ਬਟਵਾਰੇ ਤੋਂ ਹੀ ਹੈ ਟਕਰਾਅ ਦਾ ਇਤਿਹਾਸ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪਹਿਲਗਾਮ ਨਰਸੰਹਾਰ ਤੋਂ ਬਾਅਦ ਭਾਰਤ ਪਾਕਿਸਤਾਨ ਦੀਆਂ ਸੀਮਾਵਾਂ 'ਤੇ ਜਿਸ ਤਰ੍ਹਾਂ ਦਾ ਵਾਤਾਵਰਨ ਅਤੇ ਜੰਗ ਦੀ ਸਥਿਤੀ ਉਤਪੰਨ ਹੋਈ ਹੈ, ਉਸ ਨੇ ਪੂਰੀ ਦੁਨੀਆ ਵਿੱਚ ਚਿੰਤਾ ਪੈਦਾ ਕੀਤੀ ਹੈ। ਇਹ ਇਸ ਲਈ ਵੀ ਹੈ ਕਿ ਭਾਰਤ ਦੇ ਪਾਕਿਸਤਾਨ ਦੋਵੇਂ ਪਰਮਾਣੂ ਸੰਪੰਨ ਉਹ ਤਾਕਤਾਂ ਹਨ, ਜਿਹੜੇ ਪਹਿਲਾਂ ਇੱਕੋ ਹੀ ਦੇਸ਼ ਸਨ। ਭਾਰਤ ਤੇ ਪਾਕਿਸਤਾਨ ਵਿੱਚ ਬਟਵਾਰੇ ਤੋਂ ਬਾਅਦ ਲਗਾਤਾਰ ਹੀ ਤਣਾਓ ਦਾ ਮਾਹੌਲ ਰਿਹਾ ਹੈ ਅਤੇ ਟਕਰਾਅ ਦੀ ਸਥਿਤੀ ਰਹੀ ਹੈ। ਹੁਣ ਜਿਸ ਤਰ੍ਹਾਂ ਦਾ ਮਾਹੌਲ ਅਤੇ ਪਰਮਾਣੂ ਵਿਸਫੋਟ ਜਾਂ ਪਰਮਾਣੂ ਤਾਕਤ ਦੇ ਇਸਤੇਮਾਲ ਨੂੰ ਲੈ ਕੇ ਪਾਕਿਸਤਾਨ ਵੱਲੋਂ ਧਮਕੀਆਂ ਮਿਲ ਰਹੀਆਂ ਹਨ, ਉਸਨੇ ਪੂਰੀ ਦੁਨੀਆ ਦੀ ਚਿੰਤਾ ਵਧਾ ਦਿੱਤੀ ਹੈ ਹਾਲਾਂਕਿ ਭਾਰਤ ਨੂੰ ਪਤਾ ਹੈ ਕਿ ਇਹ ਬਿਲਕੁਲ ਤਬਾਹਕੁੰਨ ਫ਼ੈਸਲਾ ਹੋਏਗਾ ਅਤੇ ਉਸ ਵਿੱਚ ਪਾਕਿਸਤਾਨ ਦਾ ਕੁੱਝ ਵੀ ਨਹੀਂ ਬਚੇਗਾ। ਇਹ ਸਵਾਲ ਕੀ ਸਨ ਅਤੇ ਇਹਨਾਂ ਬਾਰੇ ਇਤਿਹਾਸ ਕੀ ਹੈ। ਭਾਰਤ ਪਾਕਿਸਤਾਨ ਟਕਰਾਓ ਦੇ ਸਥਿਤੀਆਂ ਦੇ ਇਸ ਮਾਹੌਲ ਵਿੱਚ ਉਸ ਟਕਰਾਓ ਦੇ ਇਤਿਹਾਸ ਬਾਰੇ ਜਾਣਨਾ ਬੇਹੱਦ ਜ਼ਰੂਰੀ ਹੈ, ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਪਾਕਿਸਤਾਨ ਨੇ ਕਿੰਨੀ ਵਾਰ ਭਾਰਤ 'ਤੇ ਇਸ ਤਰ੍ਹਾਂ ਦੇ ਹਮਲੇ ਕੀਤੇ ਹਨ ਅਤੇ ਹਮੇਸ਼ਾ ਜੰਗ ਲਈ ਉਕਸਾਇਆ ਹੈ। ਫ਼ਿਰ ਵੀ ਭਾਰਤ ਨੇ ਸਾਂਝੀਵਾਲਤਾ ਅਤੇ ਦੋਸਤੀ ਦਾ ਪੈਗ਼ਾਮ ਦਿੱਤਾ ਹੈ ਅਤੇ ਅਜੇ ਤੱਕ ਸਿੱਧਾ ਹਮਲਾ ਨਹੀਂ ਕੀਤਾ ਗਿਆ ਹੈ ਫ਼ਿਰ ਵੀ ਦੁਨੀਆ ਵਿੱਚ ਜੰਗਾਂ ਬਾਰੇ ਅਤੇ ਐਟਮੀ ਪਰਮਾਣੂ ਖ਼ਤਰਿਆਂ ਬਾਰੇ ਸੁਚੇਤ ਕਰਦੀ ਹੋਈ ਇੱਕ ਰਿਪੋਰਟ ਮੁਤਾਬਕ ਪਰਮਾਣੂ ਕੰਟਰੋਲ ਅਤੇ ਗੈਰ-ਪ੍ਰਸਾਰ ਕੇਂਦਰ ਦੀ ਬੇਬਾਕੀ ਨਾਲ ਲਿਖੀ ਹੋਈ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਦਾ ਇਤਿਹਾਸ ਰਿਹਾ ਹੈ। ਉੱਘੀ ਪੱਤਰਕਾਰ ਐਬੀ ਪੋਕਰਕਾ, ਪ੍ਰੋਗਰਾਮ ਵਿਸ਼ਲੇਸ਼ਕ ਆਪਣੀ ਇਸ ਰਿਪੋਰਟ ਵਿੱਚ ਦੱਸਦੀ ਹੈ ਕਿ ਭਾਰਤ ਪਾਕਿਸਤਾਨ ਵਿੱਚ ਹਮੇਸ਼ਾ ਪਾਕਿਸਤਾਨ ਨੇ ਭਾਰਤ ਨੂੰ ਉਕਸਾਇਆ ਤੇ ਉਸ ਦੇ ਅਨੁਸਾਰ ਇਹ ਇਤਿਹਾਸ ਦਾ ਸਫ਼ਾ ਇਸ ਤਰ੍ਹਾਂ ਹੈ। ਭਾਰਤ ਅਤੇ ਪਾਕਿਸਤਾਨ, ਦੋਵੇਂ ਪ੍ਰਮਾਣੂ ਸ਼ਕਤੀਆਂ ਦਾ ਇਤਿਹਾਸ ਬਹੁਤ ਨੇੜਿਓਂ ਜੁੜਿਆ ਹੋਇਆ ਹੈ। 1947 ਵਿੱਚ ਗ੍ਰੇਟ ਬ੍ਰਿਟੇਨ ਤੋਂ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਦੋਵਾਂ ਦੇਸ਼ਾਂ ਨੇ ਕਈ ਜੰਗਾਂ ਲੜੀਆਂ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕਸ਼ਮੀਰ ਦੇ ਖੇਤਰ ਨੂੰ ਲੈ ਕੇ ਸਨ, ਜਿਸ 'ਤੇ ਦੋਵੇਂ ਦੇਸ਼ ਦਾਅਵਾ ਕਰਦੇ ਹਨ। ਭਾਰਤ 1974 ਵਿੱਚ ਇੱਕ ਪ੍ਰਮਾਣੂ ਸ਼ਕਤੀ ਬਣਿਆ ਅਤੇ ਪਾਕਿਸਤਾਨ 1998 ਵਿੱਚ ਇੱਕ ਪ੍ਰਮਾਣੂ ਸ਼ਕਤੀ ਬਣਿਆ। ਦੋਵਾਂ ਦੇਸ਼ਾਂ ਵਿੱਚੋਂ ਕਿਸੇ ਨੇ ਵੀ ਇਸ ਟਕਰਾਅ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕੀਤੀ ਹੈ, ਪਰ ਬਹੁਤ ਸਾਰੇ ਮਾਹਿਰ ਡਰਦੇ ਹਨ ਕਿ ਚੱਲ ਰਿਹਾ ਸੰਕਟ ਰਵਾਇਤੀ ਹਥਿਆਰਾਂ ਦੀ ਵਰਤੋਂ ਤੱਕ ਵੱਧ ਸਕਦਾ ਹੈ।ਇੱਥੇ ਦੋਵਾਂ ਦੇਸ਼ਾਂ ਵਿਚਕਾਰ ਟਕਰਾਅ ਦਾ ਸੰਖੇਪ ਇਤਿਹਾਸ ਹੈ।

ਅਗਸਤ 1947: ਬ੍ਰਿਟਿਸ਼ ਸ਼ਾਸਨ ਦੇ ਅੰਤ ਤੋਂ ਬਾਅਦ ਬ੍ਰਿਟਿਸ਼ ਭਾਰਤ ਨੂੰ ਭਾਰਤ ਅਤੇ ਪਾਕਿਸਤਾਨ ਵਿੱਚ ਵੰਡਿਆ ਗਿਆ। ਪ੍ਰਾਂਤਕ ਵੰਡ ਹਿੰਦੂ ਅਤੇ ਮੁਸਲਿਮ ਬਹੁਗਿਣਤੀ ਦੇ ਆਧਾਰ 'ਤੇ ਕੀਤੀ ਗਈ ਸੀ, ਜਿਸ ਕਾਰਨ ਉਨ੍ਹਾਂ ਲੋਕਾਂ ਦਾ ਵੱਡੇ ਪੱਧਰ 'ਤੇ ਪ੍ਰਵਾਸ ਹੋਇਆ ਜੋ ਬਹੁਗਿਣਤੀ ਵਿੱਚ ਨਹੀਂ ਰਹਿੰਦੇ ਸਨ। ਫਿਰਕੂ ਹਿੰਸਾ ਵਿੱਚ ਲੱਖਾਂ ਲੋਕ ਮਾਰੇ ਗਏ, ਜਿਸ ਦੇ ਨਤੀਜੇ ਵਜੋਂ ਦੁਸ਼ਮਣੀ ਦਾ ਮਾਹੌਲ ਪੈਦਾ ਹੋਇਆ ਜੋ ਦਹਾਕਿਆਂ ਤੱਕ ਚੱਲਿਆ। ਜੰਮੂ ਅਤੇ ਕਸ਼ਮੀਰ ਖੇਤਰ ਵੰਡ ਤੋਂ ਬਾਅਦ ਹੀ ਵਿਵਾਦਪੂਰਨ ਰਿਹਾ ਹੈ, ਪਾਕਿਸਤਾਨ ਅਤੇ ਭਾਰਤ ਦੋਵੇਂ ਇਸ 'ਤੇ ਮਾਲਕੀ ਦਾ ਦਾਅਵਾ ਕਰਦੇ ਹਨ।

ਅਕਤੂਬਰ 1947-ਜਨਵਰੀ 1949: ਪਹਿਲੀ ਭਾਰਤ-ਪਾਕਿਸਤਾਨ ਜੰਗ ਉਦੋਂ ਸ਼ੁਰੂ ਹੋਈ, ਜਦੋਂ ਪਾਕਿਸਤਾਨ ਦੇ ਹਥਿਆਰਬੰਦ ਕਬਾਇਲੀਆਂ ਨੇ ਕਸ਼ਮੀਰ 'ਤੇ ਹਮਲਾ ਕੀਤਾ। ਕਸ਼ਮੀਰ ਨੇ ਫੌਜੀ ਸਹਾਇਤਾ ਲਈ ਭਾਰਤ ਵੱਲ ਮੁੜਿਆ ਅਤੇ ਬਦਲੇ ਵਿੱਚ ਰੱਖਿਆ, ਸੰਚਾਰ ਅਤੇ ਵਿਦੇਸ਼ੀ ਮਾਮਲਿਆਂ ਦੀਆਂ ਸ਼ਕਤੀਆਂ ਭਾਰਤ ਨੂੰ ਸੌਂਪਣ ਲਈ ਸਹਿਮਤ ਹੋ ਗਿਆ। 1 ਜਨਵਰੀ, 1949 ਨੂੰ ਇੱਕ ਜੰਗਬੰਦੀ ਦਾ ਪ੍ਰਬੰਧ ਕੀਤਾ ਗਿਆ ਅਤੇ ਇੱਕ ਜੰਗਬੰਦੀ ਰੇਖਾ ਸਥਾਪਤ ਕੀਤੀ ਗਈ-ਜਿਸਨੂੰ ਹੁਣ ਕੰਟਰੋਲ ਰੇਖਾ ਕਿਹਾ ਜਾਂਦਾ ਹੈ। ਅਗਸਤ 1965: ਭਾਰਤ-ਪਾਕਿਸਤਾਨ ਸਰਹੱਦ 'ਤੇ ਕਈ ਝੜਪਾਂ ਤੋਂ ਬਾਅਦ ਦੂਜਾ ਭਾਰਤ-ਪਾਕਿਸਤਾਨ ਯੁੱਧ ਸ਼ੁਰੂ ਹੋਇਆ। ਅਗਸਤ ਵਿੱਚ ਦੁਸ਼ਮਣੀ ਉਦੋਂ ਸ਼ੁਰੂ ਹੋਈ ਜਦੋਂ ਪਾਕਿਸਤਾਨੀ ਫੌਜਾਂ ਭਾਰਤ ਵਿਰੁੱਧ ਵਿਦਰੋਹ (ਆਪ੍ਰੇਸ਼ਨ ਜਿਬਰਾਲਟਰ) ਸ਼ੁਰੂ ਕਰਨ ਦੀ ਕੋਸ਼ਿਸ਼ ਵਿੱਚ ਕੰਟਰੋਲ ਰੇਖਾ ਪਾਰ ਕਰਕੇ ਭਾਰਤ-ਪ੍ਰਸ਼ਾਸਿਤ ਕਸ਼ਮੀਰ ਵਿੱਚ ਦਾਖਲ ਹੋ ਗਈਆਂ। ਜੰਗ ਜਨਵਰੀ 1966 ਵਿੱਚ ਖ਼ਤਮ ਹੋ ਗਈ ਜਦੋਂ ਭਾਰਤ ਅਤੇ ਪਾਕਿਸਤਾਨ ਦੇ ਅਧਿਕਾਰੀਆਂ ਨੇ ਸ਼ਾਂਤੀ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ ਇੱਕ ਐਲਾਨਨਾਮੇ 'ਤੇ ਦਸਤਖਤ ਕੀਤੇ।ਦਸੰਬਰ 1971: ਜਦੋਂ ਭਾਰਤ ਅਤੇ ਪਾਕਿਸਤਾਨ ਵੱਖਰੇ ਦੇਸ਼ ਬਣੇ, ਤਾਂ ਪਾਕਿਸਤਾਨ ਦੋ ਹਿੱਸਿਆਂ ਵਿੱਚ ਵੰਡਿਆ ਗਿਆ - ਪੂਰਬੀ ਪਾਕਿਸਤਾਨ ਅਤੇ ਪੱਛਮੀ ਪਾਕਿਸਤਾਨ। ਤੀਜਾ ਭਾਰਤ-ਪਾਕਿਸਤਾਨ ਯੁੱਧ ਉਦੋਂ ਹੋਇਆ ਜਦੋਂ ਪਾਕਿਸਤਾਨ ਵਿੱਚ ਘਰੇਲੂ ਯੁੱਧ ਸ਼ੁਰੂ ਹੋ ਗਿਆ, ਜਿਸ ਵਿੱਚ ਪੱਛਮੀ ਪਾਕਿਸਤਾਨ ਅਤੇ ਪੂਰਬੀ ਪਾਕਿਸਤਾਨ ਵਿਚਕਾਰ ਲੜਾਈ ਹੋਈ, ਜਿਨ੍ਹਾਂ ਨੇ ਆਜ਼ਾਦੀ ਦੀ ਮੰਗ ਕੀਤੀ। ਲੱਖਾਂ ਪੂਰਬੀ ਪਾਕਿਸਤਾਨੀ ਭਾਰਤ ਭੱਜ ਗਏ ਅਤੇ ਪੱਛਮੀ ਪਾਕਿਸਤਾਨੀ ਫੌਜ ਨੇ ਜਲਦੀ ਹੀ ਆਤਮ ਸਮਰਪਣ ਕਰ ਦਿੱਤਾ। ਪੂਰਬੀ ਪਾਕਿਸਤਾਨ ਨੇ 6 ਦਸੰਬਰ, 1971 ਨੂੰ ਆਜ਼ਾਦੀ ਪ੍ਰਾਪਤ ਕੀਤੀ, ਅਤੇ ਆਪਣਾ ਨਾਮ ਬਦਲ ਕੇ ਬੰਗਲਾਦੇਸ਼ ਰੱਖ ਦਿੱਤਾ। 1989 ਤੋਂ ਕਈ ਨਵੇਂ ਕੱਟੜਪੰਥੀ ਇਸਲਾਮੀ ਸਮੂਹ ਉੱਭਰ ਕੇ ਸਾਹਮਣੇ ਆਏ ਹਨ, ਜਿਨ੍ਹਾਂ ਨੇ ਲਹਿਰ ਨੂੰ ਰਾਸ਼ਟਰਵਾਦੀ ਅਤੇ ਧਰਮ ਨਿਰਪੱਖ ਤੋਂ ਇਸਲਾਮੀ ਵਿੱਚ ਬਦਲ ਦਿੱਤਾ ਹੈ। ਇਹ ਬਗਾਵਤ ਅੱਜ ਵੀ ਜਾਰੀ ਹੈ

ਮਈ 1998: ਭਾਰਤ ਅਤੇ ਪਾਕਿਸਤਾਨ ਦੋਵਾਂ ਨੇ ਪ੍ਰਮਾਣੂ ਪ੍ਰੀਖਣ ਕੀਤੇ। ਭਾਰਤ ਦਾ ਭੂਮੀਗਤ ਪਰਮਾਣੂ ਪ੍ਰੀਖਣ ਪਾਕਿਸਤਾਨ ਦੀ ਸਰਹੱਦ ਦੇ ਨੇੜੇ ਕੀਤਾ ਗਿਆ ਸੀ। ਜਵਾਬ ਵਿੱਚ ਪਾਕਿਸਤਾਨ ਨੇ ਛੇ ਟੈਸਟ ਕੀਤੇ। ਅੰਤਰਰਾਸ਼ਟਰੀ ਭਾਈਚਾਰੇ ਨੇ ਇਨ੍ਹਾਂ ਪ੍ਰੀਖਣਾਂ ਲਈ ਭਾਰਤ ਅਤੇ ਪਾਕਿਸਤਾਨ ਦੀ ਨਿੰਦਾ ਕੀਤੀ ਅਤੇ ਦੋਵਾਂ ਦੇਸ਼ਾਂ ਨੂੰ ਆਪਣੇ ਪ੍ਰਮਾਣੂ ਹਥਿਆਰ ਪ੍ਰੋਗਰਾਮਾਂ ਨੂੰ ਛੱਡਣ ਦੀ ਅਪੀਲ ਕੀਤੀ। ਮਈ 1998: ਭਾਰਤ ਅਤੇ ਪਾਕਿਸਤਾਨ ਦੋਵਾਂ ਨੇ ਪ੍ਰਮਾਣੂ ਪ੍ਰੀਖਣ ਕੀਤੇ। ਭਾਰਤ ਦਾ ਭੂਮੀਗਤ ਪਰਮਾਣੂ ਪ੍ਰੀਖਣ ਪਾਕਿਸਤਾਨ ਦੀ ਸਰਹੱਦ ਦੇ ਨੇੜੇ ਕੀਤਾ ਗਿਆ ਸੀ। ਜਵਾਬ ਵਿੱਚ, ਪਾਕਿਸਤਾਨ ਨੇ ਛੇ ਟੈਸਟ ਕੀਤੇ। ਅੰਤਰਰਾਸ਼ਟਰੀ ਭਾਈਚਾਰੇ ਨੇ ਇਨ੍ਹਾਂ ਪ੍ਰੀਖਣਾਂ ਲਈ ਭਾਰਤ ਅਤੇ ਪਾਕਿਸਤਾਨ ਦੀ ਨਿੰਦਾ ਕੀਤੀ ਅਤੇ ਦੋਵਾਂ ਦੇਸ਼ਾਂ ਨੂੰ ਆਪਣੇ ਪ੍ਰਮਾਣੂ ਹਥਿਆਰ ਪ੍ਰੋਗਰਾਮਾਂ ਨੂੰ ਛੱਡਣ ਦੀ ਅਪੀਲ ਕੀਤੀ।ਮਈ 1998: ਭਾਰਤ ਨੇ ਪਹਿਲਾਂ ਵਰਤੋਂ ਨਾ ਕਰਨ (NFU) ਨੀਤੀ ਅਪਣਾਈ, ਜਿਸਦਾ ਮਤਲਬ ਹੈ ਕਿ ਦੇਸ਼ ਉਦੋਂ ਤੱਕ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕਰੇਗਾ ਜਦੋਂ ਤੱਕ ਉਸ ਤੇ ਪਹਿਲਾਂ ਹਮਲਾ ਨਹੀਂ ਹੁੰਦਾ। ਨੀਤੀ 'ਤੇ ਸਵਾਲ ਉਠਾਏ ਜਾਣ ਦੇ ਬਾਵਜੂਦ, ਭਾਰਤ NFU ਸਿਧਾਂਤ ਪ੍ਰਤੀ ਵਫ਼ਾਦਾਰ ਰਹਿੰਦਾ ਹੈ। ਮਈ 1999: ਲਗਭਗ 30 ਸਾਲਾਂ ਵਿੱਚ ਪਹਿਲੀ ਵਾਰ, ਭਾਰਤ ਨੇ ਪਾਕਿਸਤਾਨ ਸਮਰਥਿਤ ਫੌਜਾਂ ਵਿਰੁੱਧ ਹਵਾਈ ਹਮਲੇ ਕੀਤੇ ਜੋ ਭਾਰਤ-ਪ੍ਰਸ਼ਾਸਿਤ ਕਸ਼ਮੀਰ ਵਿੱਚ ਘੁਸਪੈਠ ਕਰ ਚੁੱਕੀਆਂ ਸਨ। ਜਿਵੇਂ ਹੀ ਲੜਾਈ ਦੋ ਪ੍ਰਮਾਣੂ ਹਥਿਆਰਬੰਦ ਦੇਸ਼ਾਂ ਵਿਚਕਾਰ ਸਿੱਧੇ ਟਕਰਾਅ ਵੱਲ ਵਧਦੀ ਗਈ, ਪਾਕਿਸਤਾਨ ਦੀ ਫੌਜ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ। ਕੰਟਰੋਲ ਰੇਖਾ ਦੇ ਪਾਕਿਸਤਾਨੀ ਪਾਸੇ ਘੱਟੋ-ਘੱਟ 38,000 ਲੋਕ ਆਪਣੇ ਘਰ ਛੱਡ ਕੇ ਭੱਜ ਗਏ।

ਨਵੰਬਰ 2008: ਅੱਤਵਾਦੀ ਸਮੂਹ ਲਸ਼ਕਰ-ਏ-ਤੋਇਬਾ ਨਾਲ ਸਬੰਧਤ ਦਸ ਪਾਕਿਸਤਾਨੀ ਬੰਦਿਆਂ ਨੇ ਮੁੰਬਈ ਦੀਆਂ ਕਈ ਇਮਾਰਤਾਂ 'ਤੇ ਹਮਲਾ ਕੀਤਾ ਅਤੇ ਆਟੋਮੈਟਿਕ ਹਥਿਆਰਾਂ ਅਤੇ ਗ੍ਰਨੇਡਾਂ ਦੀ ਵਰਤੋਂ ਕਰਕੇ 164 ਲੋਕਾਂ ਨੂੰ ਮਾਰ ਦਿੱਤਾ। 10 ਬੰਦੂਕਧਾਰੀਆਂ ਵਿੱਚੋਂ ਸਿਰਫ਼ ਇੱਕ ਹੀ ਬਚਿਆ ਅਤੇ ਉਸਨੂੰ 2012 ਵਿੱਚ ਫਾਂਸੀ ਦੇ ਦਿੱਤੀ ਗਈ। ਫਰਵਰੀ 2019: ਪਾਕਿਸਤਾਨ ਸਥਿਤ ਅੱਤਵਾਦੀ ਸਮੂਹ ਜੈਸ਼-ਏ-ਮੁਹੰਮਦ ਨੇ ਭਾਰਤ-ਨਿਯੰਤਰਿਤ ਕਸ਼ਮੀਰ ਵਿੱਚ ਇੱਕ ਆਤਮਘਾਤੀ ਕਾਰ ਬੰਬ ਹਮਲਾ ਕੀਤਾ, ਜਿਸ ਦੇ ਨਤੀਜੇ ਵਜੋਂ ਭਾਰਤ ਦੇ ਅਰਧ ਸੈਨਿਕ ਬਲਾਂ ਦੇ 40 ਤੋਂ ਵੱਧ ਮੈਂਬਰ ਮਾਰੇ ਗਏ। ਭਾਰਤ ਨੇ ਕੰਟਰੋਲ ਰੇਖਾ ਦੇ ਪਾਰ ਹਵਾਈ ਹਮਲੇ ਕਰਕੇ ਜਵਾਬੀ ਕਾਰਵਾਈ ਕੀਤੀ ਅਤੇ ਪਾਕਿਸਤਾਨ ਨੇ ਇੱਕ ਭਾਰਤੀ ਜਹਾਜ਼ ਨੂੰ ਡੇਗ ਦਿੱਤਾ ਅਤੇ ਇੱਕ ਪਾਇਲਟ ਨੂੰ ਫੜ ਲਿਆ। ਇਨ੍ਹਾਂ ਕਾਰਵਾਈਆਂ ਨੇ ਦੋਵਾਂ ਪ੍ਰਮਾਣੂ ਰਾਜਾਂ ਵਿਚਕਾਰ ਤਣਾਅ ਨੂੰ ਕਾਫ਼ੀ ਵਧਾ ਦਿੱਤਾ ਪਰ ਦੋ ਦਿਨਾਂ ਬਾਅਦ, ਭਾਰਤੀ ਪਾਇਲਟ ਨੂੰ ਰਿਹਾਅ ਕਰ ਦਿੱਤਾ ਗਿਆ ਅਤੇ ਤਣਾਅ ਘੱਟ ਗਿਆ। ਅਗਸਤ 2019: ਇੱਕ ਵਿਵਾਦਪੂਰਨ ਅਤੇ ਅਚਾਨਕ ਕਦਮ ਚੁੱਕਦੇ ਹੋਏ, ਭਾਰਤ ਸਰਕਾਰ ਨੇ ਧਾਰਾ 370 ਨੂੰ ਰੱਦ ਕਰ ਦਿੱਤਾ, ਜੋ ਭਾਰਤ-ਪ੍ਰਸ਼ਾਸਿਤ ਕਸ਼ਮੀਰ ਨੂੰ ਖੁਦਮੁਖਤਿਆਰੀ ਦਿੰਦੀ ਹੈ। ਧਾਰਾ 370 ਕਸ਼ਮੀਰ ਨੂੰ ਆਪਣੇ ਸੰਵਿਧਾਨ, ਇੱਕ ਵੱਖਰਾ ਝੰਡਾ ਅਤੇ ਰਿਹਾਇਸ਼, ਜਾਇਦਾਦ ਦੀ ਮਾਲਕੀ ਅਤੇ ਮੌਲਿਕ ਅਧਿਕਾਰਾਂ ਸਬੰਧੀ ਕਾਨੂੰਨ ਬਣਾਉਣ ਦੀ ਆਜ਼ਾਦੀ ਦਾ ਅਧਿਕਾਰ ਦਿੰਦੀ ਸੀ। ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਲੀਲ ਦਿੱਤੀ ਕਿ ਕਸ਼ਮੀਰ ਨੂੰ ਬਾਕੀ ਭਾਰਤ ਦੇ ਬਰਾਬਰ ਦਰਜਾ ਦੇਣ ਲਈ ਇਸ ਧਾਰਾ ਨੂੰ ਖਤਮ ਕਰਨ ਦੀ ਲੋੜ ਸੀ। ਇਸ ਫ਼ੈਸਲੇ ਤੋਂ ਬਾਅਦ ਪਾਕਿਸਤਾਨ ਮੁਕਾਬਲਤਨ ਚੁੱਪ ਰਿਹਾ, ਪਰ ਅਗਸਤ ਤੋਂ ਕਸ਼ਮੀਰੀਆਂ ਦੁਆਰਾ ਕੀਤੀ ਗਈ ਹਿੰਸਾ ਨੂੰ ਉਜਾਗਰ ਕੀਤਾ ਹੈ।ਉਸ ਤੋਂ ਬਾਅਦ ਲਗਾਤਾਰ ਘਾਟੀ ਵਿੱਚ ਕਈ ਪ੍ਰਵਾਸੀ ਮਜ਼ਦੂਰਾਂ ਦਾ ਕਤਲੇਆਮ ਪਾਕਿਸਤਾਨ ਦੁਆਰਾ ਕੀਤਾ ਗਿਆ ਤੇ ਹੁਣ ਪਹਿਲਗਾਮ ਦੇ ਨਰਸੰਹਾਰ ਨੇ ਦੋਵਾਂ ਦੇਸ਼ਾਂ ਦੇ ਵਿੱਚ ਜੰਗ ਦੀ ਭਾਵਨਾ ਨੂੰ ਉਜਾਗਰ ਕਰ ਦਿੱਤਾ ਹੈ।ਭਾਰਤ ਹੁਣ ਆਪਣੇ ਵਜੂਦ ਅਤੇ ਆਪਣੇ ਤਾਕਤ ਨੂੰ ਦੱਸਣ ਵਾਸਤੇ ਅਤੇ ਹਮੇਸ਼ਾ ਲਈ ਉਸਦੇ ਇਸ ਰਵੱਈਏ ਨੂੰ ਖ਼ਤਮ ਕਰਨ ਵਾਸਤੇ ਇਸ ਵਾਰ ਸਿੱਧਾ ਹਮਲਾ ਕਰੇਗਾ ਅਤੇ ਉਸ ਵਿੱਚ ਕਸ਼ਮੀਰ ਦਾ ਕਿੰਨਾ ਨੁਕਸਾਨ ਉਸ ਵਿੱਚ ਪਾਕਿਸਤਾਨ ਦਾ ਕਿੰਨਾ ਨੁਕਸਾਨ ਹੁੰਦਾ ਹੈ ਇਹ ਤਾਂ ਵਕਤ ਹੀ ਦੱਸੇਗਾ ਪਰੰਤੂ ਟਕਰਾਅ ਦੀ ਸਥਿਤੀ ਸ਼ਾਇਦ ਫ਼ਿਰ ਵੀ ਖ਼ਤਮ ਨਾ ਹੋਵੇ ਕਿਉਂਕਿ ਜਿੰਨੀ ਦੇਰ ਤੱਕ ਪਾਕਿਸਤਾਨ ਵਿੱਚੋਂ ਟੈਰਿਜ਼ਮ ਦੇ ਗੜ੍ਹ ਨੂੰ ਸਮਾਪਤ ਨਹੀਂ ਕੀਤਾ ਜਾਂਦਾ, ਓਨੀ ਦੇਰ ਤੱਕ ਇਹ ਸਭ ਕੁਝ ਬੇਹੱਦ ਮੁਸ਼ਕਿਲ ਹੈ।




# ਜ਼ਿਲ੍ਹੇ ਦੀਆਂ ਮੰਡੀਆਂ 'ਚ 4 ਲੱਖ 89 ਹਜ਼ਾਰ ਮੀਟ੍ਰਿਕ ਟਨ ਕਣਕ ਦੀ ਹੋਈ ਖ਼ਰੀਦ : ਡੀ.ਸੀ.



ਜਲੰਧਰ, 4 ਮਈ, (ਸੰਦੀਪ ਕੌਲ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਜਿੱਥੇ ਮੰਡੀਆਂ ਵਿੱਚ ਕਿਸਾਨਾਂ ਦੀ ਨਿਰਵਿਘਨ ਕਣਕ ਖ਼ਰੀਦੀ ਜਾ ਰਹੀ ਹੈ, ਉੱਥੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਹੂਲਤ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਇਸ ਤੋਂ ਇਲਾਵਾ ਸਰਕਾਰ ਵੱਲੋਂ ਖ਼ਰਾਬ ਮੌਸਮ ਦੇ ਮੱਦੇਨਜ਼ਰ ਮੰਡੀਆਂ ਵਿੱਚ ਹਰ ਬੰਦੋਬਸਤ ਕਰਨ ਦੀ ਹਦਾਇਤ ਕੀਤੀ ਗਈ ਹੈ।

ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫ਼ਸਲ ਖ਼ਰਾਬ ਮੌਸਮ ਦੇ ਮੱਦੇਨਜ਼ਰ ਖ਼ਰਾਬ ਨਾ ਹੋਣ ਦੇਣ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਬੰਧਿਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿੱਚ ਕਣਕ ਦੀ ਫ਼ਸਲ ਨੂੰ ਭਿੱਜਣ ਤੋਂ ਬਚਾਉਣ ਲਈ ਤਰਪਾਲਾਂ ਆਦਿ ਦੇ ਸੁਚੱਜੇ ਪ੍ਰਬੰਧ ਯਕੀਨੀ ਬਣਾਏ ਜਾਣ। ਉਨ੍ਹਾਂ ਕਿਹਾ ਕਿ ਬੀਤੇ ਦਿਨ ਤੋਂ ਮੌਸਮ ਖ਼ਰਾਬ ਹੈ, ਇਸ ਲਈ ਗੰਭੀਰਤਾ ਦਿਖਾਈ ਜਾਵੇ।

ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਸਹਿਣ ਨਹੀਂ ਕੀਤੀ ਜਾਵੇਗੀ।

ਖ਼ਰੀਦ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਡਾ. ਅਗਰਵਾਲ ਨੇ ਕਿਹਾ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ ਹੈ ਅਤੇ ਬੀਤੇ ਦਿਨ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ 4,89,586 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 4,95,326 ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ ਵੱਖ-ਵੱਖ ਖ਼ਰੀਦ ਏਜੰਸੀਆਂ ਵੱਲੋਂ 4,89,586 ਮੀਟ੍ਰਿਕ ਟਨ ਖ਼ਰੀਦ ਕਰ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਪਨਗ੍ਰੇਨ ਵੱਲੋਂ 1,59,967 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 1,33,969, ਪਨਸਪ ਵੱਲੋਂ 1,09,803, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 55,863, ਐਫ.ਸੀ.ਆਈ. ਵੱਲੋਂ 25,601 ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 4,382 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ।

ਡਾ. ਅਗਰਵਾਲ ਨੇ ਦੱਸਿਆ ਕਿ ਖ਼ਰੀਦ ਕੀਤੀ ਫ਼ਸਲ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ 1152 ਕਰੋੜ ਰੁਪਏ ਦੀ ਰਕਮ ਦਾ ਭੁਗਤਾਨ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤਾ ਜਾ ਚੁੱਕਾ ਹੈ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ 'ਚ ਪੰਜਾਬ ਪੁਲਿਸ ਵੱਲੋਂ 8 ਹਜ਼ਾਰ ਨਸ਼ਾ ਤਸਕਰ ਗ੍ਰਿਫ਼ਤਾਰ : ਮੁੰਡੀਆਂ

## ਨਸ਼ਾ ਤਸਕਰਾਂ ਲਈ ਖੌਫ ਬਣ ਕੇ ਖੜ੍ਹ ਗਏ ਹਨ ਪਿੰਡਾਂ ਦੇ ਲੋਕ : ਈਟੀਓ

ਅੰਮ੍ਰਿਤਸਰ, 4 ਮਈ, (ਬਬਲੂ ਮਹਾਜਨ/ਗੁਰਦਿਆਲ ਸਿੰਘ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਯੁੱਧ ਨਸ਼ੇ ਵਿਰੁੱਧ ਮੁਹਿੰਮ ਤਹਿਤ ਪਿੰਡ ਪੱਧਰ ਦੀਆਂ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨਾਲ ਮੁਖਾਤਿਬ ਹੁੰਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਕੀਤੀ ਗਈ ਕਾਰਵਾਈ ਦੀ ਸਰਾਹਨਾ ਕਰਦਿਆਂ ਦੱਸਿਆ ਕਿ ਪੰਜਾਬ ਪੁਲਿਸ ਨੇ 1 ਮਾਰਚ 2025 ਤੋਂ ਲੈ ਕੇ ਹੁਣ ਤੱਕ 8 ਦੇ ਕਰੀਬ ਕਰੀਬ ਐਫਆਈਆਰ ਦਰਜ ਕੀਤੀਆਂ ਹਨ।

ਉਹਨਾਂ ਕਿਹਾ ਕਿ ਇਹ ਤੁਹਾਡੇ ਲੋਕਾਂ ਦਾ ਸਾਥ ਹੀ ਹੈ ਕਿ ਪੁਲਿਸ ਨੂੰ ਨਸ਼ੇ ਦੀ ਬਰਾਮਦਗੀ ਵਿੱਚ ਇੰਨੀ ਸਫਲਤਾ ਮਿਲੀ ਹੈ। ਉਹਨਾਂ ਕਿਹਾ ਕਿ ਪੁਲਿਸ ਨੇ ਨਸ਼ੇ ਦੀ ਸਪਲਾਈ ਦਾ ਲੱਕ ਭੰਨਿਆ ਹੈ ਅਤੇ ਹੁਣ ਲੋੜ ਹੈ ਕਿ ਨਸ਼ੇ ਦੀ ਮੰਗ ਨੂੰ ਘੱਟ ਕੀਤਾ ਜਾਵੇ, ਇਸ ਲਈ ਉਹ ਵਿਅਕਤੀ ਜੋ ਨਸ਼ਾ ਕਰਦੇ ਹਨ ਦਾ ਇਲਾਜ ਕਰਵਾਉਣਾ ਬਹੁਤ ਜਰੂਰੀ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਹਰੇਕ ਜ਼ਿਲ੍ਹੇ ਵਿੱਚ ਨਸ਼ਾ ਛਡਾਊ ਸੈਂਟਰ ਖੋਲ੍ਹੇ ਹਨ ਅਤੇ ਅੰਮ੍ਰਿਤਸਰ ਵਿੱਚ 700 ਬੈਡ ਦੀ ਸਮਰੱਥਾ ਵਾਲਾ ਵੱਡਾ ਨਸ਼ਾ ਛੁਡਾਊ ਕੇਂਦਰ ਹੈ, ਸੋ ਤੁਸੀਂ ਸਾਰੇ ਆਪਣੇ ਆਂਢ ਗਵਾਂਢ ਜਾਂ ਗਲੀ ਮੁਹੱਲੇ ਵਿੱਚੋਂ ਜੋ ਵੀ ਵਿਅਕਤੀ ਨਸ਼ਾ ਕਰਦਾ ਹੈ ਉਸ ਨੂੰ ਇਸ ਰੋਗ ਦਾ ਰੋਗੀ ਸਮਝਦੇ ਹੋਏ ਇਲਾਜ ਕਰਵਾਉਣ ਲਈ ਲੈ ਕੇ ਆਓ। ਅਸੀਂ ਉਸ ਦਾ ਮੁਫਤ ਇਲਾਜ ਕਰਕੇ ਉਸ ਨੂੰ ਪੈਰਾਂ ਸਿਰ ਖੜ੍ਹੇ ਕਰਾਂਗੇ। ਉਹਨਾਂ ਦੱਸਿਆ ਕਿ ਪੁਲਿਸ ਨੇ ਇਸ ਮੁਹਿੰਮ ਦੌਰਾਨ ਵੱਡੀ ਮਾਤਰਾ ਵਿੱਚ ਨਸ਼ੇ ਬਰਾਮਦ ਕੀਤੇ ਹਨ, ਜਿਸ ਵਿੱਚ ਸਾਢੇ ਤਿੰਨ ਕਿਲੋਗ੍ਰਾਮ ਦੇ ਕਰੀਬ ਹੈਰੋਇਨ,



10 ਹਜਾਰ ਕਿਲੋ ਦੇ ਕਰੀਬ ਪੋਸਟ, 160 ਕਿਲੋ ਅਫੀਮ, ਗਾਂਜਾ, ਚਰਸ, ਨਸ਼ੇ ਦੀਆਂ ਦਵਾਈਆਂ ਅਤੇ ਹੋਰ ਸਮਾਨ ਸ਼ਾਮਿਲ ਹੈ। ਮੁੰਡੀਆਂ ਨੇ ਕਿਹਾ ਕਿ ਨਸ਼ਾ ਤੁਹਾਡੇ ਸਾਥ ਤੋਂ ਬਿਨਾਂ ਖਤਮ ਨਹੀਂ ਹੋ ਸਕਦਾ। ਸੋ ਤੁਸੀਂ ਸਾਰੇ ਪ੍ਰਸ਼ਾਸਨ ਪੁਲਿਸ ਸਰਕਾਰ ਦਾ ਇਸ ਮੁਹਿੰਮ ਵਿੱਚ ਸਾਥ ਦਿਓ ਤਾਂ ਜੋ ਅਸੀਂ ਪੰਜਾਬ ਨੂੰ ਨਸ਼ਾ ਮੁਕਤ ਬਣਾ ਸਕੀਏ।

ਇਸ ਮੌਕੇ ਸੰਬੋਧਨ ਕਰਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਸਰਹੱਦੀ ਇਲਾਕੇ ਦੇ ਲੋਕਾਂ ਦੀ ਪਿੱਠ ਥਾਪੜ ਦੀਆਂ ਕਿਹਾ ਕਿ ਹੁਣ ਤੁਹਾਡਾ ਖੌਫ ਨਸ਼ਾ ਤਸਕਰਾਂ ਨੂੰ ਸਤਾਉਣ ਲੱਗਾ ਹੈ। ਤੁਸੀਂ ਜਿਸ ਤਰ੍ਹਾਂ ਪੁਲਿਸ ਨਾਲ ਮਿਲ ਕੇ ਨਸ਼ਾ ਤਸਕਰਾਂ ਵਿਰੁੱਧ ਜਹਾਜ ਖੜਾ ਕੀਤਾ ਹੈ ਉਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਹੁਣ ਨਸ਼ਾ ਤਸਕਰੀ ਦੀ ਖੇਡ ਬਹੁਤੇ ਦਿਨ ਨਹੀਂ ਚੱਲੇਗੀ। ਉਹਨਾਂ ਕਿਹਾ ਕਿ ਪ੍ਰਸ਼ਾਸਨ ਨੇ ਨਸਾ ਤਸਕਰਾਂ ਵੱਲੋਂ ਦੋ ਨੰਬਰ ਦੇ ਪੈਸੇ ਨਾਲ ਬਣਾਈਆਂ ਜਾਇਦਾਦਾਂ ਮਲੀਆ ਮੇਟ ਕਰ ਦਿੱਤੀਆਂ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ 31 ਮਈ ਤੱਕ ਦਾ ਸਮਾਂ ਮਿੱਥਿਆ ਹੈ ਅਤੇ ਜੇਕਰ ਤੁਹਾਡਾ ਸਾਥ ਇਸੇ ਤਰ੍ਹਾਂ ਮਿਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦ ਪੰਜਾਬ ਨਸ਼ੇ ਦੇ ਇਸ ਕੋਹੜ ਨੂੰ ਗਲੋਂ ਲਾ ਦੇਵੇਗਾ।

ਇਸ ਮੌਕੇ ਸੰਬੋਧਨ ਕਰਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਅੰਮ੍ਰਿਤਸਰ ਪੁਲਿਸ ਵੱਲੋਂ ਨਸ਼ਿਆ ਤਸਕਰਾਂ ਵਿਰੁੱਧ ਹੁਣ ਤੱਕ ਕੀਤੀ ਗਈ ਕਾਰਵਾਈ ਲੋਕਾਂ ਨਾਲ ਸਾਂਝੀ ਕਰਦਿਆ ਕਿਹਾ ਕਿ ਤੁਸੀਂ ਜੋ ਵੀ ਸੂਚਨਾ ਦਿਓਗੇ ਉਹ ਗੁਪਤ ਰੱਖਦੇ ਹੋਏ ਅਸੀਂ ਅਜਿਹੀ ਕਾਰਵਾਈ ਕਰਾਂਗੇ ਕਿ ਨਸਾ ਤਸਕਰ ਅੱਗੇ ਤੋਂ ਇਸ ਕੰਮ ਨੂੰ ਤੋਬਾ ਕਰ ਜਾਵੇਗਾ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਜਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਵਿਲੇਜ ਲੈਵਲ ਡਿਫੈਂਸ ਕਮੇਟੀ ਮੈਂਬਰਾਂ ਕੌਂਸਲਰਾਂ ਪੰਚਾਇਤਾਂ ਦਾ ਸਾਥ ਮੰਗਦੇ ਹੋਏ ਲੋਕਾਂ ਨੂੰ ਨਸ਼ੇ ਦੇ ਰੋਗੀਆਂ ਦਾ ਇਲਾਜ ਕਰਵਾਉਣ ਲਈ ਅੱਗੇ ਆਉਣ ਦੀ ਅਪੀਲ ਕੀਤੀ। ਇਸ ਮੌਕੇ ਜ਼ਿਲਾ ਪੁਲਿਸ ਮੁਖੀ ਮਨਿੰਦਰ ਸਿੰਘ ਨੇ ਕਿਹਾ ਕਿ ਸਰਹੱਦੀ ਪੱਟੀ ਵਿੱਚੋਂ ਹੁੰਦੀ ਨਸ਼ੇ ਦੀ ਤਸਕਰੀ ਦਾ ਲੱਕ ਅਸੀਂ ਤੁਹਾਡੇ ਸਾਥ ਨਾਲ ਤੋੜ ਦਿੱਤਾ ਹੈ ਅਤੇ ਹੁਣ ਸਾਡੀ ਲੋੜ ਹੈ ਕਿ ਅਸੀਂ ਨਸ਼ੇ ਦੇ ਰੋਗੀਆਂ ਦਾ ਇਲਾਜ ਕਰਵਾਈਏ। ਇਸ ਤੋਂ ਇਲਾਵਾ ਜੇਕਰ ਕੋਈ ਅਜੇ ਵੀ ਨਸ਼ਾ ਦੀ ਤਸਕਰੀ ਕਰਦਾ ਹੈ ਤਾਂ ਉਸ ਦੀ ਸੂਚਨਾ ਸਾਨੂੰ ਦਿਓ ਅਸੀਂ ਉਸ ਨੂੰ ਅੰਜਾਮ ਤੱਕ ਪਹੁੰਚਾਵਾਂਗੇ।

ਇਸ ਮੌਕੇ ਕੈਬਨਿਟ ਮੰਤਰੀ ਮੁੰਡੀਆ, ਹਰਭਜਨ ਸਿੰਘ ਈ.ਟੀ.ਓ. ਨੇ ਸਮਾਗਮ ਵਿੱਚ ਆਏ ਹੋਏ ਲੋਕਾਂ ਨੂੰ ਸਹੁੰ ਵੀ ਚੁਕਾਈ ਅਤੇ ਲੋਕਾਂ ਨੂੰ ਨਸ਼ੇ ਦੇ ਮਾਰੂ ਪ੍ਰਭਾਵਾਂ ਤੋਂ ਜਾਗਰੂਕ ਕਰਵਾਉਣ ਲਈ ਆਜ਼ਾਦ ਭਗਤ ਸਿੰਘ ਵਿਰਾਸਤ ਮੰਚ ਵਲੋਂ ਇੱਕ ਨੁੱਕੜ ਨਾਟਕ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਮੌਕੇ ਜਿਲ੍ਹਾ ਪ੍ਰਸ਼ਾਸਨ ਵਲੋਂ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ ਵਿਧਾਇਕ ਡਾਕਟਰ ਇੰਦਰਬੀਰ ਸਿੰਘ ਨਿਜਰ, ਸ਼੍ਰੀਮਤੀ ਜੀਵਨਜੋਤ ਕੌਰ, ਡਾਕਟਰ ਅਜੇ ਗੁਪਤਾ, ਡਾਕਟਰ ਜਸਬੀਰ ਸਿੰਘ ਸੰਧੂ , ਸ: ਦਲਬੀਰ ਸਿੰਘ ਟੌਂਗ, ਨਸ਼ਾ ਮੁਕਤੀ ਮੋਰਚਾ ਦੇ ਮਾਝਾ ਕੋਆਰਡੀਨੇਟਰ ਸ੍ਰੀਮਤੀ ਸੋਨੀਆ ਮਾਨ, ਸ੍ਰੀ ਦੀਕਸ਼ਿਤ ਧਵਨ, ਕੁਲਦੀਪ ਸਿੰਘ ਮੱਤੇਵਾਲ, ਡੀਆਈਜੀ ਸ੍ਰੀ ਸਤਿੰਦਰ ਸਿੰਘ, ਚੇਅਰਮੈਨ ਬਲਦੇਵ ਸਿੰਘ ਮਿਆਦੀਆਂ , ਚੇਅਰਮੈਨ ਕਰਮਜੀਤ ਸਿੰਘ ਰਿੰਟੂ, ਚੇਅਰਮੈਨ ਜਸਪ੍ਰੀਤ ਸਿੰਘ, ਜੁਗਿੰਦਰ ਪਾਲ ਸਿੰਘ ਜੱਗਾ ਮਜੀਠਾ, ਸਰਦਾਰ ਇਕਬਾਲ ਸਿੰਘ, ਸ੍ਰੀ ਨਰੇਸ਼ ਪਾਠਕ ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

# ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਡਾ. ਸਤਪ੍ਰੀਤ ਸਿੰਘ ਛੀਨਾ ਦਾ ਸਨਮਾਨ



ਅੰਮ੍ਰਿਤਸਰ, 4 ਮਈ, (ਬਬਲੂ ਮਹਾਜਨ) : ਖੁਆਰ ਹੋਇ ਸਭ ਮਿਲੇਗੇ॥ਲਹਿਰ ਦੇ ਤਹਿਤ ਮਾਣਯੋਗ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘ ਸਹਿਬ ਗਿ. ਕੁਲਦੀਪ ਸਿੰਘ ਗੜਗਜ ਅਤੇ ਸਕੱਤਰ ਧਰਮ ਪ੍ਰਚਾਰ ਕਮੇਟੀ ਬਿਜੈ ਸਿੰਘ, ਬਗੀਚਾ ਸਿੰਘ ਵੱਲੋਂ ਸਕੱਤਰੇਤ ਅਕਾਲ ਤਖ਼ਤ ਸਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਿਖ ਰੈਫਰੈਂਸ ਲਾਇਬ੍ਰੇਰੀ ਕੈਲੀਫੋਰਨੀਆ ਅਮਰੀਕਾ ਤੋਂ ਆਏ ਪ੍ਰੋਫੈਸਰ ਡਾ. ਸਤਪ੍ਰੀਤ ਸਿੰਘ ਛੀਨਾ ਦਾ ਕੌਮ ਪ੍ਰਤੀ ਚੱਲ ਰਹੀਆ ਸੇਵਾਵਾਂ ਨੂੰ ਮੁੱਖ ਰੱਖਦਿਆਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਡਾ ਸਤਪ੍ਰੀਤ ਸਿੰਘ ਜੀ ਛੀਨਾ ਵੱਲੋਂ 'ਖੁਆਰ ਹੋਇ ਸਭ ਮਿਲੇਂਗੇ' ਲਹਿਰ ਦੇ ਚੱਲਦੇ ਸ਼ਲਾਘਾਯੋਗ ਉਪਰਾਲੇ ਨੂੰ ਹੋਰ ਉਤਸ਼ਾਹਿਤ ਕਰਨ ਲਈ ਧਰਮ ਪ੍ਰਚਾਰ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਚਾਰਕ ਸਿੰਘ, ਢਾਡੀ ਸਿੰਘ ਅਤੇ ਕਵੀਸ਼ਰ ਸਿੰਘਾਂ ਸਨਮਾਨਿਤ ਕੀਤਾ। ਗਿਆ ਅਤੇ ਭਵਿੱਖ ਵਿਚ ਵੀ ਕੌਮ ਦੇ ਬੁਲਾਰਿਆ ਨੂੰ ਵੱਧ ਤੋਂ ਵੱਧ ਸਨਮਾਨ ਕਰਨ ਲਈ ਵਚਨਬੱਧਤਾ ਪ੍ਰਗਟਾਈ ਗਈ।ਇਸ ਮੌਕੇ ਸਕੱਤਰ ਬਿਜੈ ਸਿੰਘ, ਭਾਈ ਬਲਵੰਤ ਸਿੰਘ ਐਨੋਕੋਟ ਪ੍ਰਚਾਰਕ ਕੰਮ ਨਿਗਰਾਨ, ਭਾਈ ਸੁਖਰਾਜ ਸਿੰਘ ਦਾਦੂਯੋਧ ਪ੍ਰਚਾਰਕ, ਭਾਈ ਗੁਰਵਿੰਦਰ ਸਿੰਘ ਪ੍ਰਚਾਰਕ, ਭਾਈ ਬਲਕਾਰ ਸਿੰਘ ਪ੍ਰਚਾਰਕ ਅਜਨਾਲਾ,ਢਾਡੀ ਦਲਜੀਤ ਸਿੰਘ ਵਿਛੋਆ, ਕਵੀਸ਼ਰ ਲਖਬੀਰ ਸਿੰਘ ਤੇੜੀ, ਕਵੀਸ਼ਰ ਨਰਿੰਦਰ ਸਿੰਘ ਜੀ ਬੱਗਾ, ਅਤੇ ਹੋਰ ਵੀ ਸਿੱਖ ਸੰਗਤਾਂ ਹਾਜ਼ਰ ਸਨ। ਇਹ ਉਪਰਾਲਾ ਡਾ ਸਤਪ੍ਰੀਤ ਸਿੰਘ ਛੀਨਾ ਸਕੱਤਰ ਬਿਜੈ ਸਿੰਘ, ਗਿ. ਰਾਜਪਾਲ ਸਿੰਘ ਕੰਮ ਨਿਗਰਾਨ ਅਤੇ ਹਾਲ ਡਿਊਟੀ ਨਿੱਜੀ ਸਹਾਇਕ ਸਿੰਘ ਸਹਿਬ ਅਕਾਲ ਤਖਤ ਸਾਹਿਬ ਤੇ ਕਵੀਸ਼ਰ ਸਰਵਣ ਸਿੰਘ ਸ਼ਾਮ ਨਗਰ ਦੇ ਸਹਿਯੋਗ ਨਾਲ ਕੀਤਾ ਗਿਆ।

# ਗੋਲ਼ੀ ਨਾਲ ਜ਼ਖ਼ਮੀ ਹੋਈ ਲੜਕੀ ਦਾ ਪਤਾ ਲੈਣ ਪੁੱਜੇ ਕੈਬਨਿਟ ਮੰਤਰੀ



ਅੰਮ੍ਰਿਤਸਰ, 4 ਮਈ, (ਗੁਰਦਿਆਲ ਸਿੰਘ) : ਪਿਛਲੇ ਦਿਨੀਂ ਜੰਡਿਆਲਾ ਗੁਰੂ ਵਿਖੇ ਕੁੱਝ ਅਣਪਛਾਤੇ ਲੋਕਾਂ ਵੱਲੋਂ ਫਾਇਰਿੰਗ ਕੀਤੀ ਗਈ ਸੀ, ਜਿਸ ਵਿੱਚ ਦੁਕਾਨ ਦੇ ਕੰਮ ਕਰਨ ਵਾਲੀ ਇਕ ਲੜਕੀ ਨੂੰ ਗੋਲੀ ਲੱਗਣ ਨਾਲ ਉਹ ਜਖ਼ਮੀ ਹੋ ਗਈ ਸੀ ਦਾ ਪਤਾ ਲੈਣ ਲਈ ਅੱਜ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਪੁੱਜੇ। ਕੈਬਨਿਟ ਮੰਤਰੀ ਨੇ ਡਾਕਟਰਾਂ ਕੋਲੋਂ ਲੜਕੀ ਦਾ ਹਾਲ ਚਾਲ ਜਾਣਿਆ ਅਤੇ ਕਿਹਾ ਕਿ ਇਸ ਲੜਕੀ ਦੇ ਇਲਾਜ ਵਿੱਚ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਾ ਆਉਣ ਦਿੱਤੀ ਜਾਵੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਜਿਨਾਂ ਵਿਅਕਤੀਆਂ ਵੱਲੋਂ ਗੋਲਾਬਾਰੀ ਕੀਤੀ ਗਈ ਹੈ। ਉਨਾਂ ਦੋਸ਼ੀ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇ ਗਾ। ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਜਲਦ ਤੋਂ ਜਲਦ ਇਨ੍ਹਾਂ ਦੋਸ਼ੀਆਂ ਨੂੰ ਕਾਬੂ ਕੀਤਾ ਜਾਵੇ ਅਤੇ ਬਣਦੀ ਕਾਰਵਾਈ ਕੀਤੀ ਜਾਵੇ। ਈ.ਟੀ.ਓ. ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੰਡਿਆਲਾ ਗੁਰੂ ਵਿੱਚ ਪੁਲਸ ਦੀ ਗਸ਼ਤ ਨੂੰ ਵਧਾਉਣ ਦੇ ਨਿਰਦੇਸ਼ ਦੇ ਦਿੱਤੇ ਗਏ ਹਨ। ਇਸ ਮੌਕੇ ਉਨਾਂ ਦੀ ਧਰਮ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਵੀ ਉਨ੍ਹਾਂ ਦੇ ਨਾਲ ਸੀ।

# ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤਾਂ ਦੀ ਰਿਹਾਇਸ਼ ਲਈ ਬਣਨ ਵਾਲੀਆਂ ਇਮਾਰਤਾਂ ਦਾ ਕੰਮ ਲੰਮੇ ਸਮੇਂ ਤੋਂ ਅਧੂਰਾ



ਅੰਮ੍ਰਿਤਸਰ, 4 ਮਈ, (ਬਬਲੂ ਮਹਾਜਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਦੇ ਰਿਹਾਇਸ਼ ਦਾ ਇੰਤਜਾਮ ਕਰਨ ਲਈ ਸਰਾਵਾਂ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਕੀਤਾ ਜਾਂਦਾ ਹੈ। ਜਿਸ ਤਹਿਤ ਸਰਾਵਾਂ ਬਣਾਉਣ ਦੀਆਂ ਸੇਵਾਵਾਂ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਨੂੰ ਦਿੱਤੀਆਂ ਜਾਂਦੀਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਕਈ ਸਰਾਵਾਂ ਤਿਆਰ ਕਰਵਾਉਣ ਦੀਆਂ ਸੇਵਾਵਾਂ ਮਹਾਂਪੁਰਸ਼ਾਂ ਨੂੰ ਦਿੱਤੀਆਂ ਗਈਆਂ ਹਨ। ਪਰ ਕੰਮ ਉੱਥੇ ਦਾ ਉੱਥੇ ਠੱਪ ਪਿਆ ਹੈ।ਜਿਸ ਵੱਲ ਕਿਸੇ ਵੀ ਉੱਚ ਅਧਿਕਾਰੀ ਦਾ ਧਿਆਨ ਨਹੀਂ ਜਾ ਰਿਹਾ। ਜਿਕਰਯੋਗ ਹੈ ਕਿ ਭਗਤ ਨਾਮਦੇਵ ਜੀ ਸਰਾਂ ਬਣਾਉਣ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ 11 ਅਪ੍ਰੈਲ 2022 ਜਿਸ ਦਾ ਨਿਰਮਾਣ ਅਜੇ ਵੀ ਅਧੂਰਾ ਹੈ।ਭਾਈ ਜੈਤਾ ਜੀ ਸਰਾਂ ਦੀ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਵਾਲੇ ਬਾਬਾ ਸਤਨਾਮ ਸਿੰਘ ਨੂੰ 7 ਸਤੰਬਰ 2021ਅਤੇ ਬਾਬਾ ਬਸੰਤ ਸਿੰਘ ਜੀ ਯਾਤਰੀ ਨਿਵਾਸ ਦੀ ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੂੰ 13 ਮਾਰਚ 2022 ਵਿੱਚ ਦਿੱਤੀ ਗਈ ਸੀ। ਇੰਨਾ ਸਮਾਂ ਬੀਤ ਜਾਨ ਦੇ ਬਾਵਜੂਦ ਵੀ ਸਰਾਵਾਂ ਤਿਆਰ ਹੋਣੀਆਂ ਤਾਂ ਇੱਕ ਪਾਸੇ ਰਹੀਆਂ, ਸਰਾਵਾਂ ਦਾ ਪੂਰਾ ਢਾਂਚਾ ਤੱਕ ਤਿਆਰ ਨਹੀਂ ਹੋਇਆ। ਇਸ ਨੂੰ ਮੱਦੇਨਜ਼ਰ ਰੱਖਦੇ ਹੋਏ ਇਹ ਕਹਿ ਸਕਦੇ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਿਸੇ ਵੀ ਅਧਿਕਾਰੀ ਨੇ ਅੱਜ ਤੱਕ ਇਹਨਾਂ ਸੇਵਾਵਾਂ ਦੀ ਸਾਰ ਨਹੀਂ ਲਈ। ਸਾਨੂੰ ਲੱਗਦਾ ਹੈ ਕਿ ਜਦੋਂ ਵੀ ਕੋਈ ਸੇਵਾ ਕਿਸੇ ਵੀ ਮਹਾਂਪੁਰਸ਼ ਨੂੰ ਸੌਂਪੀ ਜਾਏ ਤਾਂ ਉਸਨੂੰ 'ਸਮਾਂ ਬੰਦ' ਕਰ ਦੇਣਾ ਚਾਹੀਦਾ ਹੈ ਤਾਂ ਜੋ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਦਰਸ਼ਨ ਕਰਨ ਸੰਗਤਾਂ ਅੰਮ੍ਰਿਤਸਰ ਆਉਣ ਤਾਂ ਉਹ ਇਹਨਾਂ ਸਰਾਵਾਂ ਦਾ ਲਾਭ ਪ੍ਰਾਪਤ ਕਰ ਸਕਣ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇੱਕ ਕਮੇਟੀ ਗਠਿਤ ਕਰਕੇ ਕਾਰ ਸੇਵਾਵਾਂ ਦੀ ਜਿੰਮੇਵਾਰੀ ਦੇਣੀ ਚਾਹੀਦੀ ਹੈ ਤਾਂ ਜੋ ਉਸ ਕਮੇਟੀ ਦੇ ਅਧਿਕਾਰੀ ਆਪਣੇ ਉੱਚ ਅਧਿਕਾਰੀ ਨੂੰ ਸਮੇਂ-ਸਮੇਂ 'ਤੇ ਰਿਪੋਰਟ ਦੱਸ ਸਕਣ ।ਕਾਰ ਸੇਵਾ ਵਾਲੇ ਮਹਾਪੁਰਸ਼ ਸਰਾਵਾਂ ਬਣਾਉਣ ਦੀ ਬਜਾਏ ਆਪਣੀਆਂ ਹੋਰ ਨਿੱਜੀ ਸੇਵਾਵਾਂ ਨਿਭਾਉਣ ਵਿਚ ਜੁਟੇ ਹੋਏ ਹਨ।ਜਿਸ ਕਰਕੇ ਗਰਮੀ ਵਿਚ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਆ ਰਹੀਆਂ ਸੰਗਤ ਨੂੰ ਕਮਰਾ ਲੈਣ ਵਾਸਤੇ ਬਹੁਤ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਧਿਆਨ ਇਸ ਪਾਸੇ ਨਹੀਂ ਜਾ ਰਿਹਾ।ਪ੍ਰਧਾਨ ਸ਼੍ਰੋਮਣੀ ਕਮੇਟੀ ਦਾ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਨੂੰ ਸੇਵਾਵਾਂ ਦੇ ਕੇ ਆਪ ਅਵੇਸਲੇ ਹੋ ਕੇ ਬੈਠ ਜਾਣਾ ਬਿਲਕੁਲ ਠੀਕ ਨਹੀਂ ਹੈ। ਸੰਗਤ ਦੀ ਸਹੂਲਤ ਵਾਸਤੇ ਸਰਾਵਾਂ ਜਲਦ ਤੋ ਜਲਦ ਤਿਆਰ ਹੋਣੀਆਂ ਚਾਹੀਦੀਆਂ ਹਨ। ਇੱਥੇ ਇਹ ਵੀ ਦੱਸਣਯੋਗ ਹੈ ਕਿ ਜੋ ਪਹਿਲੇ ਤੋਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਕਈ ਸਰਾਵਾ ਚੱਲ ਰਹੀਆਂ ਹਨ, ਉਹਨਾਂ ਦੀ ਰਿਹਾਇਸ਼ ਅਤੇ ਸਲਾਨਾ ਆਮਦਨ ਦਾ ਵੇਰਵਾ ਇਸ ਤਰ੍ਹਾਂ ਹੈ, ਗੁਰੂ ਅਰਜੁਨ ਦੇਵ ਨਿਵਾਸ 136 ਕਮਰੇ, ਮਾਤਾ ਗੰਗਾ ਜੀ ਨਿਵਾਸ 92 ਕਮਰੇ ਤੇ 8 ਹਾਲ, ਗੁਰੂ ਗੋਬਿੰਦ ਸਿੰਘ ਐਨ ਆਰ ਆਈ ਸਰਾਏ, ਬਾਬਾ ਦੀਪ ਸਿੰਘ ਨਿਵਾਸ 126 ਕਮਰੇ ਤੇ 10 ਹਾਲ, ਸ੍ਰੀ ਗੁਰੂ ਹਰਿਗੋਬਿੰਦ ਨਿਵਾਸ 88 ਕਮਰੇ ਤੇ 3 ਹਾਲ, ਮਾਤਾ ਭਾਗ ਕੌਰ ਨਿਵਾਸ 41ਕਮਰੇ ਤੇ 2 ਹਾਲ, ਸਾਰਾਗੜ੍ਹੀ ਨਿਵਾਸ 238 ਕਮਰੇ, ਗੁਰਦਾਸ ਹਾਲ 5 ਕਮਰੇ 2 ਹਾਲ ਲਗਭਗ ਇਹਨਾਂ ਸਰਾਵਾਂ ਤੋਂ ਕਮੇਟੀ ਨੂੰ ਲੱਖਾਂ ਰੁਪਿਆਂ ਦੀ ਆਮਦਨ ਆ ਰਹੀ ਹੈ। ਦੱਸਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਆਪ ਵਿੱਚ ਇਨੀ ਸਮਰੱਥ ਸੰਸਥਾ ਹੈ ਕਿ ਉਹ ਬਹੁਤ ਸਾਰੀਆਂ ਨਵੀਆਂ ਇਮਾਰਤਾਂ ਦੀ ਉਸਾਰੀ ਆਪ ਕਰ ਸਕਦੀ ਹੈ।ਜਿਸਦੇ ਤਹਿਤ ਉਹਨਾਂ ਨੂੰ ਕਾਰ ਸੇਵਾ ਕਿਸੇ ਦੀ ਮਹਾਂਪੁਰਖ ਨੂੰ ਸੌਂਪਣ ਦੀ ਲੋੜ ਨਹੀਂ ਪਵੇਗੀ।ਗੁਰੂ ਨਗਰੀ ਵਿੱਚ ਗੁਰੂ ਰਾਮਦਾਸ ਜੀ ਦੇ ਦਰ ਤੇ ਆ ਰਹੀਆਂ ਸੰਗਤਾਂ ਦੀ ਰਿਹਾਇਸ਼ ਨੂੰ ਲੈ ਕੇ ਆ ਰਹੀਆਂ ਪਰੇਸ਼ਾਨੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪ ਇਸ ਵਿੱਚ ਦਖਲ ਦੇਣਾ ਪਵੇਗਾ।

# ਪੰਜਾਬ ਦੇ ਪਾਣੀਆਂ 'ਤੇ ਸਰਕਾਰਾਂ ਨੂੰ ਡਾਕਾ ਨਹੀਂ ਮਾਰਨ ਦੇਵਾਂਗੇ : ਅਰਾਈਆਂ ਵਾਲਾ, ਸੋਈ



ਅੰਮ੍ਰਿਤਸਰ, 4 ਮਈ, (ਬਬਲੂ ਮਹਾਜਨ) : ਕੇਂਦਰ ਸਰਕਾਰ ਵੱਲੋਂ ਧੱਕੇ ਨਾਲ ਪੰਜਾਬ ਦਾ ਪਾਣੀ ਹਰਿਆਣੇ ਨੂੰ ਦੇ ਦਿੱਤਾ ਹੈ। ਇਸ ਨਾਲ ਪੂਰੇ ਪੰਜਾਬ ਵਾਸੀਆਂ ਨੂੰ ਭਾਰੀ ਠੇਸ ਪਹੁੰਚੀ ਹੈ ਅਤੇ ਪੰਜਾਬ ਦਾ ਪਾਣੀ ਬਚਾਉਣ ਲਈ ਅਸੀਂ ਹਰ ਮੋਰਚਾ ਲਾਉਣ ਲਈ ਤਿਆਰ ਬੈਠੇ ਹਾਂ। ਇਨ੍ਹਾਂ ਸ਼ਬਦਾਂ ਦਾ ਸੁਖਦੇਵ ਸਿੰਘ ਰਾਈਆਂ ਸੂਬਾ ਪ੍ਰਧਾਨ ਕਿਸਾਨ ਸੰਘਰਸ਼ ਕਮੇਟੀ ਪੰਜਾਬ ਹਰਜੀਤ ਸਿੰਘ ਸੋਈ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਤਰਸੇਮ ਸਿੰਘ ਕਲਸੀ, ਜਿਲ੍ਹਾ ਪ੍ਰਧਾਨ ਤਰਨ ਤਾਰਨ ਸਕੱਤਰ ਸਿੰਘ, ਸਰਪੰਚ ਬਾਸਰਕੇ ਗੱਲਾਂ ਡਾਕਟਰ ਸਤਿੰਦਰ ਸਿੰਘ ਥੋਬਾ, ਅਮਰਜੀਤ ਸਿੰਘ ਭਿੱਖੀਵਿੰਡ, ਰਣਜੀਤ ਸਿੰਘ ਕਲਸੀ, ਸੁਰਿੰਦਰ ਸਿੰਘ ਕਲਾਨੌਰ ਵੱਲੋਂ ਪੱਤਰਕਾਰਾਂ ਨੂੰ ਸਾਂਝੇ ਕਰਦਿਆਂ ਕਿਹਾ ਕਿ ਜਦੋਂ ਪੰਜਾਬ ਵਿਚ ਹੜ੍ਹ ਆਉਂਦੇ ਹਨ ਤਾਂ ਪੰਜਾਬ ਦੀ ਮੱਦਦ ਕਰਨ ਲਈ ਕੋਈ ਵੀ ਸੂਬਾ ਅੱਗੇ ਨਹੀਂ ਆਉਂਦਾ, ਪਾਣੀ ਦੀ ਮਾਰ ਕੇਵਲ ਪੰਜਾਬ ਦੇ ਕਿਸਾਨ ਅਤੇ ਪੰਜਾਬ ਵਾਸੀਆਂ ਨੂੰ ਝੱਲਣੀ ਪੈਂਦੀ ਹੈ। ਉਨ੍ਹਾਂ ਕਿਹਾ ਹੈ ਕਿ ਪਾਣੀਆਂ ਦੇ ਸਮਝੌਤਿਆਂ ਵਿਚ ਬਕਾਇਦਾ ਲਿਖਿਆ ਹੋਇਆ ਹੈ ਕਿ ਜੋ ਪਾਣੀ ਨਾਲ ਡੁੱਬਦਾ ਹੈ ਅਤੇ ਸੋਕੇ ਵੇਲੇ ਵੀ ਪਾਣੀ 'ਤੇ ਉਸ ਸੂਬੇ ਦਾ ਹੱਕ ਹੋਣਾ ਚਾਹੀਦਾ ਹੈ। ਅਸੀਂ ਹਰਿਆਣੇ ਨੂੰ ਜ਼ਰੂਰਤ ਤੋਂ ਵੱਧ ਪਾਣੀ ਪਹਿਲਾਂ ਹੀ ਦੇ ਰਹੇ ਹਾਂ ਪਰ ਫਿਰ ਵੀ ਪੰਜਾਬ ਨੂੰ ਬਰਬਾਦ ਕਰਨ ਵਾਸਤੇ ਮੋਦੀ ਸਰਕਾਰ ਹਰ ਹੱਥਕੰਡੇ ਵਰਤ ਰਹੀ ਹੈ। ਉਨ੍ਹਾਂ ਵੱਲੋਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਗਈ ਕਿ ਆਪਸੀ ਮਤਭੇਦ ਖ਼ਤਮ ਕਰਕੇ ਪੰਜਾਬ ਦੇ ਪਾਣੀਆਂ ਦੇ ਹੱਕ ਲਈ ਸਾਫ਼ ਮਨ ਨਾਲ ਇਕ ਦੂਜੇ ਦਾ ਸਾਥ ਦਿਓ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਤੁਹਾਨੂੰ ਯਾਦ ਰੱਖ ਸਕਣ। ਉਨ੍ਹਾਂ ਵਲੋਂ ਸਮੂਹ ਪੰਜਾਬੀਆਂ ਨੂੰ ਵੀ ਅਪੀਲ ਕੀਤੀ ਕਿ ਆਪਣੀ ਆਵਾਜ਼ ਬੁਲੰਦ ਕਰਨ ਤਾਂ ਜੋ ਪੰਜਾਬ ਦਾ ਪਾਣੀ ਬਚ ਸਕੇ, ਜੇਕਰ ਪੰਜਾਬ ਦਾ ਪਾਣੀ ਖ਼ਤਮ ਹੋ ਗਿਆ ਤਾਂ ਸਾਡੀ ਧਰਤੀ ਜੋ ਕਿ ਸੋਨਾ ਉੱਗਦੀ ਹੈ, ਹਮੇਸ਼ਾ ਲਈ ਬੰਜਰ ਹੋ ਜਾਵੇਗੀ।

# ਮੇਅਰ ਨੂੰ ਦਿੱਤਾ ਜਾਏਗਾ ਮੰਗ ਪੱਤਰ : ਹਰਪਾਲ ਸਿੰਘ ਭੰਗੂ



ਅੰਮ੍ਰਿਤਸਰ, 4 ਮਈ, (ਮਧੂ ਰਾਜਪੂਤ) : ਅੰਮ੍ਰਿਤਸਰ ਵਿਖੇ ਛੇਹਰਟਾ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸਰਦਾਰ ਹਰਪਾਲ ਸਿੰਘ ਭੰਗੂ ਜੀ ਨੇ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਐਸੋਸੀਏਸ਼ਨ ਦੇ ਵੱਲੋਂ ਪੱਤਰਕਾਰ ਪਰਮਿੰਦਰ ਵੇਰਕਾ ਦਾ ਸਾਥ ਦਿੰਦੇ ਹੋਏ ਹਰਪਾਲ ਸਿੰਘ ਭੰਗੂ ਜੀ ਨੇ ਸਾਰੇ ਪੱਤਰਕਾਰ ਭਾਈਚਾਰੇ ਵੱਲੋਂ ਇਕੱਠ ਕੀਤਾ ਤੇ ਨਾਲ ਹੀ ਕਿਹਾ ਕਿ ਕਾਰਪੋਰੇਸ਼ਨ ਮਹਿਕਮੇ ਦੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ ਨੂੰ ਸੋਮਵਾਰ 5 ਮਈ ਨੂੰ ਦੁਪਹਿਰ 2 ਵਜੇ ਮਿਲ ਕੇ ਇੱਕ ਮੰਗ ਪੱਤਰ ਦਿੱਤਾ ਜਾਵੇਗਾ। ਜਿਸ ਦੌਰਾਨ ਉਹਨਾਂ ਕਿਹਾ ਕਿ ਪਰਮਿੰਦਰ ਵੇਰਕਾ ਦੀ ਪਰਸਨਲ ਪ੍ਰੋਪਰਟੀ ਦੇ ਉੱਤੇ ਜਬਰਦਸਤੀ ਕਬਜ਼ਾ ਕੀਤਾ ਜਾ ਰਿਹਾ ਹੈ। ਅਗਰ ਪਰਮਿੰਦਰ ਵੇਰਕਾ ਨੂੰ ਇਨਸਾਫ ਨਾ ਮਿਲਿਆ ਤਾਂ ਉਹ ਆਪਣਾ ਸੰਗਰਸ਼ ਸਾਰੇ ਪੱਤਰਕਾਰਾਂ ਸਮੇਤ ਤਿੱਖਾ ਕਰਨਗੇ।




ਲੀਡ ਵੱਲੋਂ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਾਬਾ ਬਕਾਲਾ ਨੂੰ ਨੋਰਥ ਇੰਡੀਆ ਅਤੇ ਪੰਜਾਬ ਵਿੱਚੋਂ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਨੇ ਦੱਸਿਆ ਜਿਸ ਨਾਲ ਸਮੂਹ ਸਕੂਲ ਸਟਾਫ਼ ਅਤੇ ਬੱਚਿਆਂ ਦੀ ਖੁਸ਼ੀ ਦੀ ਲਹਿਰ ਦੌੜ ਗਈ। (ਫੋਟੋ ਤੇ ਵੇਰਵਾ : ਬਲਰਾਜ ਸਿੰਘ ਰਾਜਾ)

# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਉਪ ਮੰਡਲ ਟਾਂਗਰਾ ਦੇ 30 ਫੀਡਰਾਂ ਦਾ ਕੰਮ 28 ਟੈਕਨੀਕਲ ਮੁਲਾਜ਼ਮਾਂ ਸਿਰ



ਬਕਾਲਾ ਸਾਹਿਬ, 4 ਮਈ, (ਬਲਰਾਜ ਸਿੰਘ ਰਾਜਾ) : ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਉਪ ਮੰਡਲ ਟਾਂਗਰਾ ਦਾ ਕੰਮਕਾਰ ਰਬ ਆਸਰੇ ਹੀ ਚਲ ਰਿਹਾ ਹੈ।ਬਿਜਲੀ ਮੁਲਾਜ਼ਮਾਂ ਦੇ ਵੱਡੀ ਪੱਧਰ 'ਤੇ ਸੇਵਾ ਮੁਕਤ ਹੋਣ 'ਤੇ ਕੋਈ ਨਵੀਂ ਰੈਗੂਲਰ ਭਰਤੀ ਨਾ ਹੋਣ ਕਾਰਣ ਬਿਜਲੀ ਮੁਲਾਜ਼ਮਾਂ ਨੂੰ ਸਖਤ ਮੁਸ਼ਕਲਾਂ ਦਾ ਸਾਹਮਣਾਂ ਕਰਨਾ ਪੈ ਰਿਹਾ ਹੈ।ਪੱਤਰਕਾਰ ਵੱਲੋਂ ਪ੍ਰਾਪਤ ਕੀਤੀ ਗਈ ਜਾਣਕਾਰੀ ਮੁਤਾਬਿਕ ਟਾਂਗਰਾ ਉਪ ਮੰਡਲ ਵਿਚ 33 ਲਾਈਨਮੈਨਾਂ ਦੀਆਂ ਪੋਸਟਾਂ ਵਿਚੋਂ 16 ਕੰਮ ਕਰ ਰਹੇ ,54 ਸਹਾਇਕ ਲਾਈਨਮੈਨਾਂ ਵਿਚੋਂ 9,ਜੇ ਈ 7 ਵਿਚੋਂ 3,ਕਲਰਕ 7 ਵਿੱਚੋਂ 2 ਕੁੱਲ 101 ਪੋਸਟਾਂ ਤੇ 30 ਮੁਲਾਜ਼ਮ ਕੰਮ ਚਲਾ ਰਹੇ ਹਨ।ਮੁਲਾਜ਼ਮ ਆਗੂਆਂ ਨੇ ਦੱਸਿਆ ਕਿ ਇਸ ਵਕਤ ਬਿਜਲੀ ਮੁਲਾਜਮ ਮਾਨਸਿਕ ਤੌਰ 'ਤੇ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।ਸਿਆਸੀ ਦਖਲ ਅੰਦਾਜੀ ਅਤੇ ਉਚ ਅਧਿਕਾਰੀ ਦੇ ਦਬਾਅ ਕਾਰਣ ਬਿਜਲੀ ਮੁਲਾਜਮਾਂ ਨੂੰ ਆਪਣੇ ਕੋਲੋਂ ਪੈਸੇ ਦੇ ਕੇ ਪ੍ਰਾਈਵੇਟ ਲੋਕਾਂ ਤੋਂ ਕੰਮ ਕਰਵਾਉਣਾ ਪੈ ਰਿਹਾ ਹੈ।ਬਿਜਲੀ ਕੁਨੈਕਸ਼ਨ ਦਿਨੋਂ ਦਿਨ ਵੱਧ ਰਹੇ ਹਨ ਮੁਲਾਜ਼ਮਾਂ ਦੀ ਗਿਣਤੀ ਘਟ ਰਹੀ ਹੈ।ਜੇ ਕਿਧਰੇ ਪ੍ਰਾਈਵੇਟ ਵਿਅਕਤੀ ਨਾਲ ਕੋਈ ਹਾਦਸਾ ਵਾਪਰ ਜਾਂਦਾ ਤਾਂ ਉਹ ਵੀ ਬਿਜਲੀ ਮੁਲਾਜ਼ਮਾਂ ਨੂੰ ਆਪਣੇ ਕੋਲੋਂ ਭੁਗਤਣਾਂ ਪੈਂਦਾ ਹੈ।ਸ਼ਿਕਾਇਤਾਂ ਆਨ ਲਾਈਨ ਦਰਜ ਹੋ ਜਾਂਦੀਆਂ ਹਨ ਮੁਲਾਜ਼ਮਾਂ ਦੀ ਮੁਸ਼ਕਲ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ।ਉਪ ਮੰਡਲ ਟਾਂਗਰਾ ਅਧੀਨ ਚਾਰ ਸਬ ਸਟੇਸ਼ਨਾਂ ਤੋਂ ਫੀਡਰ ਚਲਦੇ ਹਨ ਟਾਂਗਰਾ ਸਬਸਟੇਸ਼ਨ ਤੋਂ 6 ਅਰਬਨ ਫੀਡਰ ਅਤੇ 12 ਰੂਰਲ ਫੀਡਰ, ਜੰਡਿਆਲਾ ਗੁਰੂ ਤੋਂ 2 ਰੂਰਲ ਫੀਡਰ, ਤਰਸਿਕਾ ਸਬ ਸਟੇਸ਼ਨ ਤੋਂ 1 ਅਰਬਨ 4 ਰੂਰਲ ਫੀਡਰ, ਏਕਲਗਡਾ ਸਬ ਸਟੇਸ਼ਨ ਤੋਂ 1 ਅਰਬਨ ਫੀਡਰ 4 ਰੂਰਲ ਫੀਡਰ ਉਪ ਮੰਡਲ ਟਾਂਗਰਾ ਅਧੀਨ ਚਲਦੇ ਹਨ।ਟੈਕਨੀਕਲ ਮੁਲਾਜ਼ਮਾਂ ਵਿੱਚੋਂ ਵੀ ਦਫਤਰ ਦਾ ਕੰਮ ਚਲਾਉਣ ਲਈ ਲਗਾਇਆ ਗਿਆ ਹੈ।ਚਾਰ ਸਬ ਸਟੇਸ਼ਨਾਂ ਤੇ 30 ਫੀਡਰਾਂ ਤੇ ਕੇਵਲ ਤਿੰਨ ਜੇ ਈ ਵਿੱਚੋਂ ਵੀ ਇਕ ਮੈਡੀਕਲ ਛੁਟੀ 'ਤੇ ਚੱਲ ਰਿਹਾ ਹੈ, 2 ਰਹਿ ਗਏ ਹਨ,16 ਲਾਈਨਮੈਨ 9 ਸਹਾਇਕ ਲਾਈਨਮੈਨ ਬਹੁਤ ਮੁਸ਼ਕਲ ਨਾਲ ਕੰਮ ਚਲਾ ਰਹੇ ਹਨ।ਉਲਟਾ ਲੋਕਾਂ ਕੋਲੋਂ ਤਾਹਨੇ ਮਿਹਣੇ ਦਬਕੇ ਝਲਣੇ ਪੈਂਦੇ ਹਨ।ਉਪ ਮੰਡਲ ਟਾਂਗਰਾ ਦਫਤਰ ਦੀ ਬਿਲਡਿੰਗ ਦੀ ਹਾਲਤ ਇੰਨੀ ਮਾੜੀ ਹੈ ਕਿ ਕਿਸੇ ਸਮੇਂ ਹਾਦਸਾ ਵਾਪਰ ਸਕਦਾ ਹੈ।ਟੁੱਟੀਆਂ ਹੋਈਆਂ ਪੌੜੀਆਂ ਕਿਸੇ ਵੀ ਸਮੇਂ ਡਿਗ ਸਕਦੀਆਂ ਹਨ।ਦਫਤਰ ਵਿਚ ਲੋਕਾਂ ਦੇ ਬੈਠਣ ਦਾ ਕੋਈ ਪ੍ਰਬੰਧ ਨਹੀਂ ਹੈ।ਰਬ ਆਸਰੇ ਚੱਲ ਰਿਹਾ ਹੈ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਉਪ ਮੰਡਲ ਟਾਂਗਰਾ ਦੇ ਦਫਤਰ ਦਾ ਕੰਮਕਾਰ।

# ਗੁਰਪ੍ਰੀਤ ਸਿੰਘ ਚਾਹਤ ਦੇ ਘਰ ਹੋਇਆ ਕੀਰਤਨ ਸਮਾਗਮ



ਅੰਮ੍ਰਿਤਸਰ, 4 ਮਈ, (ਬਬਲੂ ਮਹਾਜਨ) : ਬੀਬੀ ਕੌਲਾ ਜੀ ਭਲਾਈ ਕੇਂਦਰ ਵੱਲੋਂ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਅਗਵਾਈ ਹੇਠ ਜਾਮਣ ਵਾਲੀ ਗਲੀ ਤਰਨ ਤਾਰਨ ਰੋਡ ਵਿਖੇ ਕੀਰਤਨ ਸਮਾਗਮ ਦਾ ਆਯੋਜਨ ਗੁਰਪ੍ਰੀਤ ਸਿੰਘ ਚਾਹਟ ਦੇ ਨਿਵਾਸ ਸਥਾਨ 'ਤੇ ਕੀਤਾ ਗਿਆ। ਜਿਸ ਵਿੱਚ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ 'ਤੇ ਮਨਵੀਨ ਸਿੰਘ ਛੇਹਰਟਾ, ਹਰਮੀਤ ਸਿੰਘ, ਦਲਬੀਰ ਸਿੰਘ ਜੀ ਮੈਨੇਜਰ, ਸੁਰਿੰਦਰ ਸਿੰਘ ਰਿੰਕੂ, ਉਂਕਾਰ ਸਿੰਘ, ਹਰਿੰਦਰ ਸਿੰਘ, ਭੁਪਿੰਦਰ ਸਿੰਘ, ਮਨਪ੍ਰੀਤ ਸਿੰਘ, ਨਵਜੋਤ ਸਿੰਘ ਸਮੇਤ ਵੱਡੀ ਗਿਣਤੀ ਤੇ ਸੰਗਤਾਂ ਹਾਜ਼ਰ ਸਨ।

# ਇੰਡਿਕ ਆਰਟਸ ਵੈਲ.ਫੇਅਰ ਕੌਂਸਲ ਵੱਲੋ ਉੱਘੇ ਗੀਤਕਾਰ ਤੇ ਪੇਸ਼ਕਾਰ 'ਭੱਟੀ ਭੜੀਵਾਲਾ' ਕੌਮੀ ਸਲਾਹਕਾਰ ਨਿਯੁਕਤ

ਜੰਡਿਆਲਾ ਗੁਰੂ, 4 ਮਈ, (ਰਾਮ ਸ਼ਰਨਜੀਤ ਸਿੰਘ) : ਭਾਰਤ ਸਰਕਾਰ ਅਧੀਨ ਦੇਸ਼ ਦੀ ਪ੍ਰਮੁੱਖ ਕਲਾ ਭਲਾਈ ਸੰਸਥਾ ਇੰਡਿਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਮਹੱਤਵਪੂਰਨ ਨਿਯੁਕਤੀਆਂ ਦਾ ਐਲਾਨ ਕਰਦਿਆਂ ਪ੍ਰਸਿੱਧ ਗੀਤਕਾਰ, ਪੇਸ਼ਕਾਰ ਨਿਰਦੇਸ਼ਕ ਅਤੇ ਨਿਰਮਾਤਾ ਭੱਟੀ ਭੜੀਵਾਲਾ ਨੂੰ ਮੁੱਖ ਕੌਮੀ ਸਲਾਹਕਾਰ ਵਜੋਂ ਨਿਯੁਕਤ ਕੀਤਾ ਗਿਆ ਹੈ, ਭੱਟੀ ਭੜੀਵਾਲਾ ਨੇ ਆਪਣੇ ਅਨੇਕਾਂ ਗੀਤਾਂ ਰਾਹੀਂ ਸੰਗੀਤਕ ਜਗਤ ਵਿੱਚ ਖਾਸ ਪਛਾਣ ਬਣਾਈ ਹੈ। ਜ਼ਿਕਾਰਯੋਗ ਹੈ ਕਿ ਭੱਟੀ ਭੜੀਵਾਲਾ ਨੇ 1000 ਤੋਂ ਉੱਪਰ ਗੀਤ ਲਿਖੇ ਹਨ ਜਿਹਨਾਂ ਨੂੰ 119 ਸੰਸਾਰ ਪ੍ਰਸਿੱਧ ਪੰਜਾਬੀ ਗਾਇਕ /ਗਾਇਕਾਵਾਂ ਨੇ ਆਪਣੀ ਆਵਾਜ਼ ਦੇ ਕੇ ਮਾਣ ਖੱਟਿਆ। ਭੱਟੀ ਭੜੀਵਾਲਾ ਦੇ ਲਿਖੇ ਗੀਤ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਹੰਸ ਰਾਜ ਹੰਸ, ਜਸਬੀਰ ਜੱਸੀ, ਦੁਰਗਾ ਰੰਗੀਲਾ, ਜਸਪਿੰਦਰ ਨਰੂਲਾ, ਅਮਰ ਨੂਰੀ, ਕਮਲਜੀਤ ਨੀਰੂ, ਬਈ ਹਰਦੀਪ, ਰਣਜੀਤ ਮਣੀ, ਗੁਰਲੇਜ਼ ਅਖਤਰ, ਮੰਨਤ ਨੂਰ, ਮਾਸਟਰ ਸਲੀਮ, ਬਿੱਲ ਸਿੰਘ, ਮਨਿੰਦਰ ਮੰਗਾ, ਜੀਤ ਜਗਜੀਤ, ਇੰਦਰ ਸਹਿਜ਼ਾਦ ਤੋਂ ਇਲਾਵਾ ਹੋਰ ਸੈਂਕੜੇ ਗਾਇਕਾ ਨੇ



ਗਾਏ ਹਨ। ਸੱਭਿਆਚਾਰਕ, ਸਮਾਜਿਕ ਤੇ ਪਰਿਵਾਰਕ ਗੀਤਾਂ ਵਿੱਚ ਭੱਟੀ ਭੜੀ ਵਾਲਾ ਦੇ ਨਾਮ ਦੀ ਤੂਤੀ ਬੋਲਦੀ ਹੈ। ਭੱਟੀ ਭੜੀਵਾਲਾ ਨੇ ਸਦਾ ਹੀ ਨਸ਼ਿਆਂ, ਹਥਿਆਰਾਂ ਤੇ ਮਾਰੂ ਗੀਤਾਂ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ ਹੈ ।

'ਮੇਲਾ ਗੀਤਕਾਰਾਂ ਦਾ' ਉਸਦੀ ਚੰਗੀ, ਉਸਾਰੂ ਤੇ ਲੋਕ ਭਲਾਈ ਸੋਚ ਦਾ ਪ੍ਰਤੱਖ ਪ੍ਰਮਾਣ ਹੈ। ਭੱਟੀ ਭੜੀਵਾਲਾ ਇੱਕ ਚੰਗਾ ਪੜ੍ਹਿਆ ਲਿਖਿਆ ਤੇ ਸੂਝਵਾਨ ਗੀਤਕਾਰ ਹੈ ।ਉਸਨੇ ਪੰਜਾਬੀ ਵਿੱਚ ਗਿਆਨੀ ਅਤੇ ਮਾਸਟਰ ਡਿਗਰੀ ਹਾਸਲ ਕੀਤੀ ਹੈ। ਐਮ ਬੀ ਏ ਫਾਇਨਾਂਸ ਦੀ ਡਿਗਰੀ ਉਸਦੇ ਅਕਾਦਮਿਕ ਕੱਦ ਨੂੰ ਹੋਰ ਵਡੇਰਾ ਕਰਦੀ ਹੈ ।ਕਲਮਾਂ, ਗੀਤਕਾਰਾਂ ਅਤੇ ਸਾਹਿਤਕਾਰਾਂ ਦਾ ਓਹ ਵਿਸ਼ੇਸ਼ ਸਤਿਕਾਰ ਕਰਦਾ ਹੈ। ਉਨ੍ਹਾਂ ਦੀ ਰਚਨਾਤਮਕ ਦਿਸ਼ਾ-ਦ੍ਰਿਸ਼ਟੀ ਤੇ ਅਗਵਾਈ ਹੇਠ ਸੰਸਥਾ ਰਾਸ਼ਟਰੀ ਪੱਧਰ ਤੇ ਕਲਾ ਤੇ ਸੱਭਿਆਚਾਰ ਦੀ ਨਵੀਂ ਢਾਂਚਾ-ਬੰਦੀ ਕਰੇਗੀ। ਉਨ੍ਹਾਂ ਦੀ ਅਗਵਾਈ ਹੇਠ ਸਾਹਿਤ ਤੇ ਭਾਸ਼ਾ ਸੈਲ, ਕਲਾ ਅਤੇ ਸੱਭਿਆਚਾਰ ਸੈਲ ਦਾ ਗਠਨ ਕੀਤਾ ਜਾਵੇਗਾ। ਭੱਟੀ ਭੜੀ ਵਾਲਾ ਕੌਂਸਲ ਦੀ ਕਲਾ ਜੀਵਨ ਯੋਜਨਾ ਵਿੱਚ ਵੀ ਅਪਣਾ ਅਹਿਮ ਭੂਮਿਕਾ ਨਿਭਾਉਣਗੇ।

ਇੰਡਿਕ ਆਰਟਸ ਵੈਲਫੇਅਰ ਕੌਂਸਲ ਦੇ ਚੇਅਰਮੈਨ ਪ੍ਰੋ. ਭੋਲਾ ਯਮਲਾ ਨੇ ਭੱਟੀ ਭੜੀਵਾਲਾ ਨੂੰ ਨਵੀ ਅਹਿਮ ਜ਼ਿੰਮੇਵਾਰੀ ਲਈ ਵਧਾਈ ਦਿੰਦੇ ਹੋਏ ਕਿਹਾ ਭੱਟੀ ਭੜੀਵਾਲਾ ਵਰਗੇ ਤਜਰਬੇਕਾਰ ਅਤੇ ਰਚਨਾਤਮਕ ਵਿਅਕਤੀਆਂ ਦਾ ਸਾਡੇ ਨਾਲ ਜੁੜਨਾ ਸਨਮਾਨ ਦੀ ਗੱਲ ਹੈ। ਉਨ੍ਹਾਂ ਦੀ ਅਗਵਾਈ ਹੇਠ ਕੌਂਸਲ ਨਵੀਂ ਰਫ਼ਤਾਰ ਅਤੇ ਰਾਸ਼ਟਰੀ ਪਛਾਣ ਹਾਸਲ ਕਰੇਗੀ ਕੌਂਸਲ ਦੇ ਸਾਰੀ ਟੀਮ ਭੱਟੀ ਨੂੰ ਮੁਬਾਰਕਬਾਦ ਦਿੱਤੀ ਅਤੇ ਵਿਸ਼ਵਾਸ ਜਤਾਇਆ ਕਿ ਉਨ੍ਹਾਂ ਦੀ ਅਗਵਾਈ ਹੇਠ ਕੌਂਸਲ ਕਲਾ, ਸੱਭਿਆਚਾਰ ਅਤੇ ਭਾਸ਼ਾਈ ਵਿਰਾਸਤ ਦੇ ਖੇਤਰ ਵਿੱਚ ਨਵੀਆਂ ਉਚਾਈਆਂ ਹਾਸਲ ਕਰੇਗੀ।

# ਐਡਵੋਕੇਟ ਘੁੰਮਣ ਨੇ ਮਹਾਂ ਸੰਕੀਰਤਨ ਸਮਾਗਮ ਵਿੱਚ ਕੀਤੀ ਸ਼ਮੂਲੀਅਤ



ਲੁਧਿਆਣਾ, 4 ਮਈ (ਰਵਿੰਦਰ ਸਿੰਘ ਨਿੱਝਰ): ਸ੍ਰੀ ਦੁਰਗਾ ਮਾਤਾ ਮੰਦਰ ਸੁਨੇਤ ਵਿੱਖੇ ਹੋਏ ਮਹਾਂ ਸੰਕੀਰਤਨ ਸਮਾਗਮ ਦੌਰਾਨ ਹਲਕਾ ਪੱਛਮੀ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਸਮੇਤ ਕਈ ਆਗੂ ਪੁੱਜੇ। ਇਸ ਮੌਕੇ ਹੋਏ ਮਹਾਂ ਸੰਕੀਰਤਨ ਸਮਾਗਮ ਦੌਰਾਨ ਪ੍ਰਮੁੱਖ ਸੰਤ ਬਾਬਾ ਚਿੱਤਰ ਵਚਿੱਤਰ ਬਿਹਾਰੀ ਦਾਸ ਨੇ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ। ਮੰਦਰ ਕਮੇਟੀ ਦੇ ਪ੍ਰਧਾਨ ਸੁਨੀਲ ਸ਼ਾਰਧਾ, ਐਡਵੋਕੇਟ ਗਗਨਪ੍ਰੀਤ ਸਿੰਘ, ਬਲਵਿੰਦਰ ਅਗਰਵਾਲ, ਹੈਪੀ ਕੌਸ਼ਿਕ, ਪ੍ਰਿੰਸ ਵਾਲੀਆ ਅਤੇ ਨੀਰਜ ਜੈਨ ਆਦਿ ਨੇ ਐਡਵੋਕੇਟ ਘੁੰਮਣ ਨੂੰ ਸਨਮਾਨਿਤ ਕੀਤਾ। ਇਸ ਮੌਕੇ ਹਿਤੇਸ਼ਇੰਦਰ ਸਿੰਘ ਗਰੇਵਾਲ, ਹਰਜਿੰਦਰ ਸਿੰਘ ਬੌਬੀ ਗਰਚਾ, ਰਜਨੀਸ਼ ਪਾਲ ਧਾਲੀਵਾਲ, ਕੁਲਵਿੰਦਰ ਸ਼ਰਮਾ ਕਿੰਦਾ ਅਤੇ ਰਖਵਿੰਦਰ ਸਿੰਘ ਗਾਬੜੀਆ ਨੇ ਵੀ ਸੰਬੋਧਨ ਕੀਤਾ।

# ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਤਿੰਨ ਜ਼ਿਲ੍ਹਿਆਂ ਸਮੇਤ 19 ਬਲਾਕ ਕਮੇਟੀਆਂ ਦਾ ਗਠਨ

ਲੁਧਿਆਣਾ, 4 ਮਈ (ਰਵਿੰਦਰ ਸਿੰਘ ਨਿੱਝਰ ). ਪੰਥ ਬਚਾਉ, ਪੰਜਾਬ ਬਚਾਉ ਦਾ ਨਾਅਰਾ ਲੈ ਕੇ ਹੋਂਦ ਵਿੱਚ ਆਏ "ਅਕਾਲੀ ਦਲ ਵਾਰਸ ਪੰਜਾਬ ਦੇ'' ਪਾਰਟੀ ਦੀ ਜ਼ਿਲ੍ਹਾ ਲੁਧਿਆਣਾ ਦੀ ਵਿਸ਼ੇਸ਼ ਇਕੱਤਰਤਾ ਅੱਜ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ( ਸਿੰਘ ਸਭਾ) ਜੇ ਬਲਾਕ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਹੋਈ । ਜਿਸ ਵਿੱਚ ਪਾਰਟੀ ਦੇ ਮੁੱਖ ਸੇਵਾਦਾਰ ਐਮ ਪੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿਤਾ ਬਾਪੂ ਤਰਸੇਮ ਸਿੰਘ ਦੀ ਹਾਜ਼ਰੀ ਵਿੱਚ ਜ਼ਿਲ੍ਹੇ ਲੁਧਿਆਣੇ ਦੀਆ ਤਿੰਨ ਕਮੇਟੀ ਲੁਧਿਆਣਾ ਸ਼ਹਿਰੀ, ਲੁਧਿਆਣਾ ਦਿਹਾਤੀ ਜਗਰਾਉਂ ਅਤੇ ਲੁਧਿਆਣਾ ਦਿਹਾਤੀ ਖੰਨਾ ਸਮੇਤ 19 ਬਲਾਕਾਂ ਦੀਆ ਕਮੇਟੀਆਂ ਗਠਨ ਕੀਤਾ ਗਿਆ। ਇਸ ਮੌਕੇ ਸਬੋਧਨ ਕਰਦਿਆਂ ਬਾਪੂ ਤਰਸੇਮ ਸਿੰਘ ਨੇ ਆਖਿਆ ਕਿ ਇਸ ਵਕਤ ਪੰਜਾਬ ਦੇ ਪਾਣੀਆਂ ਨੂੰ ਲੁੱਟਣ ਦੇ ਜਿਹੜੇ ਮਨਸੂਬੇ ਕੇਂਦਰ ਸਰਕਾਰ ਬਣਾ ਰਹੀ ਹੈ, ਉਸ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ, ਜਦੋਂ ਪੰਜਾਬ ਦੇ ਅਧਿਕਾਰਾਂ ਤੇ ਕਿਸਾਨੀ ਹੱਕਾਂ ਦੀ ਰਾਖੀ ਲਈ



ਅਕਾਲੀ ਦਲ ਵਾਰਿਸ ਪੰਜਾਬ ਦੇ ਚਟਾਨ ਵਾਂਗ ਖੜ੍ਹਾ ਹੈ ਤੇ ਇਨ੍ਹਾਂ ਰਲਕੇ ਮੈਚ ਖੇਡ ਰਹੀਆਂ ਸਰਕਾਰਾਂ ਡਟਕੇ ਵਿਰੋਧ ਕਰੇਗਾ ।ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਫਰੀਦਕੋਟ ਨੇ ਸਰਕਾਰ ਵੱਲੋਂ ਪਾਰਟੀ ਦੇ ਕੁਝ ਵਰਕਰਾਂ ਤੇ ਜੁਅੱਪਾਂ ਵਰਗੇ ਸੰਗੀਨ ਜੁਰਮ ਲਾ ਕੇ ਨਜਾਇਜ਼ ਮਾਮਲੇ ਦਰਜ ਕਰਨ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ । ਪਾਰਟੀ ਦੇ ਸੀਨੀਅਰ ਆਗੂ ਤੇ ਦੀਪ ਸਿੱਧੂ ਦੇ ਭਰਾ ਮਨਦੀਪ ਸਿੱਧੂ ਨੇ ਆਖਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਖਿਲਾਫ ਮੁੜ ਤੋਂ ਲਾਏ ਗਏ ਐਨਐਸਏ ਮਾਨ ਸਰਕਾਰ ਤੇ ਕੇਂਦਰ ਸਰਕਾਰ ਦੀ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਹੈ, ਦੋਵੇਂ ਸਰਕਾਰਾਂ ਭਾਈ ਸਾਹਿਬ ਤੋਂ ਡਰਦੀਆਂ ਹੀ ਅਜਿਹੇ ਹੋਛੇ ਹੱਥਕੰਡੇ ਅਪਨਾ ਕੇ ਪੰਜਾਬ ਦੇ ਵਾਰਿਸ ਨੂੰ ਇੱਕ ਸਾਲ ਲਈ ਤਾਂ ਜੇਲ੍ਹ 'ਚ ਡੱਕ ਲੈਣਗੀਆਂ, ਪਰ ਜਦੋਂ 2027 ਦੀਆਂ ਚੋਣਾਂ 'ਚ ਭਾਈ ਅੰਮ੍ਰਿਤਪਾਲ ਸਿੰਘ ਦਾ ਚਿਹਰਾ ਪੰਜਾਬ ਦੇ ਲੋਕਾਂ ਦੀ ਪਹਿਲੀ ਪਸੰਦ ਬਣ ਗਿਆ ਤੇ ਭਾਈ ਸਾਹਿਬ ਨੂੰ ਚਾਹੁੰਣ ਵਾਲਿਆਂ ਦਾ ਹੜ੍ਹ ਪੰਜਾਬ ਦੀ ਧਰਤੀ 'ਤੇ ਆ ਗਿਆ ਤਾਂ ਇਹ ਕਿਤੇ ਲੱਭੇ ਵੀ ਨਹੀਂ ਥਿਉਣੇ ਕਿਉਂਕਿ ਪੰਜਾਬ ਦਾ ਨੌਜਵਾਨ ਪਾਰਟੀ ਦੀਆਂ ਨੀਤੀਆਂ ਨੂੰ ਸਮਝਕੇ ਅਕਾਲੀ ਦਲ ਵਾਰਿਸ ਪੰਜਾਬ ਦਾ ਨਾਲ ਤੁਰ ਪਿਆ ਹੈ ਤੇ 2027 'ਚ ਸਰਕਾਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ । ਜ਼ਿਲ੍ਹਾ ਲੁਧਿਆਣਾ ਦੇ ਸਾਰੇ ਅਹੁਦੇਦਾਰਾਂ ਵਲੋਂ ਭਾਈ ਅੰਮ੍ਰਿਤਪਾਲ ਸਿੰਘ ਤੇ ਸਰਕਾਰ ਵੱਲੋਂ ਮੁੜ ਤੋਂ ਲਾਏ ਐਨਐਸਏ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਨੂੰ ਹਟਾਉਣ ਦੀ ਮੰਗ ਕੀਤੀ । ਉਨ੍ਹਾਂ ਆਖਿਆ ਕਿ ਲੁਧਿਆਣਾ ਦੀ ਹੋ ਰਹੀ ਜ਼ਿਮਨੀ ਚੋਣ ਲੜਨ ਬਾਰੇ ਫੈਸਲਾ ਜਲਦੀ ਕੋਰ ਕਮੇਟੀ 'ਚ ਕਰ ਲਿਆ ਜਾਵੇਗਾ ਕਿ ਇਹ ਚੋਣ ਲੜਨੀ ਹੈ ਜਾਂ ਨਹੀਂ । ਇਸ ਮੌਕੇ ਅਬਜ਼ਰਵਰ ਪ੍ਰਿਥੀਪਾਲ ਸਿੰਘ ਸੀਨੀਅਰ ਆਗੂ ਜਸਵੰਤ ਸਿੰਘ ਚੀਮਾਂ, ਭਾਈ ਸੰਦੀਪ ਸਿੰਘ ਰੁਪਾਲੋਂ, ਸਟੇਜ ਸੰਚਾਲਕ ਰਛਪਾਲ ਸਿੰਘ ਪ੍ਰਮਾਲ, ਭਾਈ ਕਾਬਲ ਸਿੰਘ ਸ਼ਹਿਜਾਦੀ ਕਰਨੈਲ ਸਿੰਘ ਪਾਇਲ, ਬਲਰਾਜ ਸਿੰਘ, , ਜਸਪਾਲ ਸਿੰਘ ਜੱਸ ਸਿਧਵਾ, ਦਮਨਬੀਰ ਸਿੰਘ ਡਿੰਪਲ, ਰਾਜਿੰਦਰ ਸਿੰਘ ਜਵੱਦੀ, ਕਮਲਪ੍ਰੀਤ ਸਿੰਘ ਫੁੱਲਾਂਵਾਲ, ਇੰਦਰਜੀਤ ਸਿੰਘ ਲੋਧੀਵਾਲਾ, ਹਨੀ ਸਿਧਵਾ, ਮਨਜੋਤ ਸਿੰਘ ਬੀਐਸਆਰ ਨਗਰ, ਬੀਬੀ ਸਾਜ਼ੀਆ ਬੇਗਮ, ਹਰਜੀਤ ਕੌਰ, ਅਮਨਪ੍ਰੀਤ ਸਿੰਘ ਚੌਂਕੀਮਾਨ, ਹਰਜਿੰਦਰ ਸਿੰਘ ਘੁਮਾਣ, ਜਗਰੂਪ ਸਿੰਘ, ਮਲਕੀਤ ਸਿੰਘ ਹੰਬੜ੍ਹਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਨੌਜਵਾਨ ਹਾਜ਼ਰ ਸਨ।

# ਪਹਿਲਗਾਮ ਵਿੱਚ ਸ਼ਹੀਦ ਹੋਏ ਕਰਨਲ ਵਿਨੇ ਨਰਵਾਲ ਬੈਰਾਗੀ ਦੀਆਂ ਅੰਤਿਮ ਰਸਮਾਂ 'ਚ ਬਾਵਾ ਅਤੇ ਬਲਦੇਵ ਪਹੁੰਚੇ



ਲੁਧਿਆਣਾ, 4 ਮਈ (ਰਵਿੰਦਰ ਸਿੰਘ ਨਿੱਝਰ): ਪਹਿਲਗਾਮ ਵਿਖੇ ਪਿਛਲੇ ਦਿਨੀਂ ਅੱਤਵਾਦੀ ਹਮਲੇ ਵਿੱਚ ਸ਼ਹੀਦ ਹੋਏ ਕਰਨਲ ਵਿਨੇ ਨਰਵਾਲ ਬੈਰਾਗੀ ਨੂੰ ਸ਼ਰਧਾ ਸਤਿਕਾਰ ਭੇਟ ਕਰਨ ਲਈ ਕੁਲ ਹਿੰਦ ਕਾਂਗਰਸ ਦੇ ਕੋਆਰਡੀਨੇਟਰ (ਓ.ਬੀ.ਸੀ) ਅਤੇ ਕੁੱਲ ਹਿੰਦ ਬੈਰਾਗੀ, ਵੈਸਨਾਵ, ਸੁਆਮੀ ਮਹਾਂਮੰਡਲ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਕਨਵੀਨਰ ਕੁੱਲ ਹਿੰਦ ਬੈਰਾਗੀ ਵੈਸਨਵ ਸੁਆਮੀ ਮਹਾਂਮੰਡਲ ਪ੍ਰਿੰਸੀਪਲ ਬਲਦੇਵ ਬਾਵਾ (ਢੁੱਡੀਕੇ) ਪਹੁੰਚੇ। ਇਸ ਸਮੇਂ ਸ੍ਰੀ ਬਾਵਾ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਵਿਨੇ ਨਰਵਾਲ ਭਾਰਤ ਦਾ ਮਹਾਨ ਸਪੂਤ ਸੀ। ਉਸ ਦੀ ਸ਼ਹਾਦਤ ਨੇ ਵਿਸ਼ਵ ਵਿਚ ਬੈਠੀ ਸਮੁੱਚੀ ਮਨੁੱਖਤਾ ਨੂੰ ਝੰਜੋੜ ਦਿੱਤਾ ਹੈ। ਉਹਨਾਂ ਕਿਹਾ ਕਿ ਉਹ ਜਦ ਵਿਨੇ ਦੇ ਦਾਦਾ ਹਵਾ ਸਿੰਘ ਬੈਰਾਗੀ (ਜੋ ਖੁਦ ਸਾਬਕਾ ਫੌਜੀ ਅਫਸਰ ਹਨ), ਨੂੰ ਮਿਲੇ ਤਾਂ ਉਹਨਾਂ ਦੀ ਦੇਸ਼ ਭਗਤੀ ਅਤੇ ਦੇਸ਼ ਲਈ ਕੁਰਬਾਨੀ ਦੀ ਭਾਵਨਾ ਨੇ ਸਭ ਨੂੰ ਹਿਲਾ ਦਿੱਤਾ। ਵਿਨੇ ਦੀ ਭੈਣ ਦੇ ਮੋਹ ਭਿੱਜੇ ਸ਼ਬਦਾਂ ਨੇ ਹਰ ਅੱਖ ਵਿੱਚੋਂ ਹੰਝੂ ਵਹਾ ਦਿੱਤੇ। ਗਮਗੀਨ ਮਾਹੌਲ ਵਿੱਚ ਪਵਾਰ ਬੈਰਾਗੀ, ਜੋ ਬੈਰਾਗੀ ਮਹਾਂ ਮੰਡਲ ਹਰਿਆਣਾ ਦੇ ਪ੍ਰਧਾਨ ਹਨ, ਤੋਂ ਕੁਝ ਬੋਲਿਆ ਨਹੀਂ ਜਾ ਰਿਹਾ ਸੀ। ਮਾਤਾ ਪਿਤਾ ਹੱਥ ਜੋੜ ਕੇ ਆਏ ਹਜ਼ਾਰਾਂ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਉਹਨਾਂ ਦਾ ਪਰਿਵਾਰ ਨੂੰ ਦਿੱਤਾ ਸਾਥ ਅਤੇ ਸ਼ਕਤੀ ਕਬੂਲ ਰਹੇ ਸਨ।

# ਯੂਨਾਈਟਿਡ ਯੂਥ ਫੈਡਰੇਸ਼ਨ ਨੇ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਮਨਾਇਆ



ਲੁਧਿਆਣਾ 4 ਮਈ (ਰਵਿੰਦਰ ਸਿੰਘ ਨਿੱਝਰ) ਯੂਨਾਈਟਿਡ ਯੂਥ ਫੈਡਰੇਸ਼ਨ ਵੱਲੋਂ ਜਿੱਥੇ ਸਿੱਖ ਕੌਮ ਦੇ ਮਹਾਨ ਜਰਨੈਲ ਤੇ ਰਾਮਗੜ੍ਹੀਆ ਮਿਸਲ ਦੇ ਬਾਨੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 302ਵੇਂ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ, ਉੱਥੇ 5 ਸ਼ਖ਼ਸੀਅਤਾਂ ਮਲਕੀਤ ਸਿੰਘ ਨਾਭਾ, ਚਰਨ ਸਿੰਘ ਨਾਭਾ, ਅਜੀਤ ਸਿੰਘ ਖੰਨਾ, ਜਸਵੰਤ ਸਿੰਘ ਸੱਗੂ ਜਗਰਾਉਂ, ਬਰਿੰਦਰ ਸਿੰਘ ਭੂਈ ਅਤੇ ਸ਼ਿਲਪਕਾਰ ਤੌਰ 'ਤੇ ਸੋਹਣ ਸਿੰਘ ਗੁਰੂ (ਯੂ.ਕੇ) ਵਾਲੇ, ਗਿਆਨ ਸਿੰਘ ਡੀਪੀਆਰਓ (ਮੋਗਾ), ਤਰਸੇਮ ਸਿੰਘ ਸੈਂਭੀ ਰਾਮਗੜ੍ਹੀਆ ਸਭਾ (ਕਲਿਆਣ ਮੁੰਬਈ) ਨੂੰ ਫਖ਼ਰ-ਏ-ਕੌਮ ਜੱਸਾ ਸਿੰਘ ਰਾਮਗੜ੍ਹੀਆ ਐਵਾਰਡ ਦੇ ਕੇ ਸਨਮਾਨ ਕੀਤਾ ਗਿਆ। ਪਿਛਲੇ ਦਿਨੀਂ ਆਰੰਭ ਕਰਵਾਏ ਗਏ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣ ਉਪਰੰਤ ਜੱਥੇਦਾਰ ਹੀਰਾ ਸਿੰਘ ਗਾਬੜੀਆ, ਕੁਲਵੰਤ ਸਿੰਘ ਸਿੱਧੂ ਵਿਧਾਇਕ ਅਤੇ ਭਾਈ ਚਰਨਜੀਤ ਸਿੰਘ ਖਾਲਸਾ ਨੇ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਬਾਰੇ ਚਾਨਣਾ ਪਾਇਆ। ਸੰਤ ਬਾਬਾ ਨਿਰਮਲ ਸਿੰਘ ਹਪੁੜ ਵਾਲਿਆਂ ਨੇ ਸੰਗਤਾਂ ਨੂੰ ਇੱਕ ਘੰਟਾ ਗੁਰਬਾਣੀ ਕੀਰਤਨ ਨਾਲ ਜੋੜਿਆ। ਸੰਸਥਾ ਦੇ ਪ੍ਰਧਾਨ ਕੌਂਸਲਰ ਸੋਹਣ ਸਿੰਘ ਗੋਗਾ ਨੇ ਸਮੂਹ ਸੰਗਤ ਨੂੰ ਮਹਾਨ ਜਰਨੈਲ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਭਾਈ ਕੁਲਬੀਰ ਸਿੰਘ ਮੁੱਖ ਸੇਵਾਦਾਰ ਭਾਈ ਦਯਾ ਸਿੰਘ ਜੀ ਸੰਤ ਸੇਵਕ ਜੱਥਾ, ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁੰਦਨ ਸਿੰਘ ਨਾਗੀ, ਕੌਂਸਲਰ ਪਰਮਿੰਦਰ ਸਿੰਘ ਸੋਮਾ, ਪ੍ਰੇਮ ਸਿੰਘ ਪੀ.ਐਸ, ਹਰਦੀਪ ਸਿੰਘ ਗੁਰੂ, ਦਰਸ਼ਨ ਸਿੰਘ ਚਾਨੀ, ਤੇਜਿੰਦਰ ਸਿੰਘ ਸੈਣੀ, ਸਵਰਨ ਸਿੰਘ ਮਹੌਲੀ, ਨਰਿੰਦਰ ਸਿੰਘ ਉੱਭੀ, ਗੁਰਵਿੰਦਰ ਸਿੰਘ ਗਿੰਦਾ, ਗੁਰਚਰਨ ਸਿੰਘ ਗੁਰੂ, ਹਰਜੀਤ ਸਿੰਘ ਖੁਰਲ, ਭਾਈ ਚਤਰ ਸਿੰਘ, ਬਲਜੀਤ ਸਿੰਘ ਹੁੰਝਣ, ਹਰਦੀਪ ਸਿੰਘ ਪਲਾਹਾ, ਸੁਖਵਿੰਦਰ ਸਿੰਘ ਦਹੇਲਾ, ਸਰੂਪ ਸਿੰਘ ਮਠਾੜੂ, ਆਕਾਸ਼ ਵਰਮਾ, ਪਰਮਜੀਤ ਸਿੰਘ ਸਾਗਰ, ਮਨਜੀਤ ਸਿੰਘ ਹਰਮਨ, ਬਲਜੀਤ ਸਿੰਘ ਬਾਂਸਲ, ਮਨਜੀਤ ਸਿੰਘ ਰੂਪੀ, ਪਰਵਿੰਦਰ ਸਿੰਘ ਸੋਹਲ, ਰੇਸ਼ਮ ਸਿੰਘ ਸੱਗੂ, ਜੋਗਾ ਸਿੰਘ, ਸੁਰਜੀਤ ਸਿੰਘ ਸੰਤ, ਜਸਵੰਤ ਸਿੰਘ, ਕਮਲਜੀਤ ਸਿੰਘ ਲੋਟੇ, ਉਧਮ ਸਿੰਘ, ਸਤਵੰਤ ਸਿੰਘ ਮਠਾੜੂ, ਹਰੀ ਸਿੰਘ, ਇਕਬਾਲ ਸਿੰਘ ਬਾਲੀ, ਚਰਨਜੀਤ ਸਿੰਘ ਚੰਨੀ, ਕੁਲਵਿੰਦਰ ਸਿੰਘ ਕਲਸੀ, ਅਰਵਿੰਦਰ ਸਿੰਘ ਧੰਜਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਸਨਮਤੀ ਵਿਮਲ ਜੈਨ ਸਕੂਲ ਜਗਰਾਓਂ ਵਿਖ਼ੇ ਕਵਿਤਾ ਉਚਾਰਨ ਮੁਕਾਬਲੇ ਕਰਵਾਏ



ਜਗਰਾਉਂ, 4 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿਖੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਦੀ ਅਗਵਾਈ ਹੇਠ ਪਹਿਲੀ ਅਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਦਾ ਕਵਿਤਾ ਉਚਾਰਨ ਮੁਕਾਬਲਾ ਕਰਵਾਇਆ ਗਿਆ । ਇਸ ਕਵਿਤਾ ਉਚਾਰਨ ਮੁਕਾਬਲੇ ਵਿੱਚ ਪਹਿਲੀ ਅਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਕਵਿਤਾ ਉਚਾਰਨ ਦਾ ਮੁੱਖ ਵਿਸ਼ਾ ਪਾਣੀ ਬਚਾਓ, ਧਰਤੀ ਬਚਾਓ, ਸੰਤੁਲਿਤ ਖੁਰਾਕ, ਚੰਗੀਆਂ ਆਦਤਾਂ ਅਤੇ ਮੋਬਾਈਲ ਫੋਨ ਰੱਖਿਆ ਗਿਆ । ਬੱਚਿਆਂ ਨੇ ਮੁਕਾਬਲੇ ਵਿੱਚ ਰੁੱਖ ਲਗਾਓ, ਧਰਤੀ ਬਚਾਓ ਦਾ ਸੰਦੇਸ਼ ਦਿੰਦੇ ਹੋਏ ਆਪਣੀਆਂ ਕਵਿਤਾਵਾਂ ਸੁਣਾਈਆਂ । ਡਾਇਰੈਕਟਰ ਮੈਡਮ ਸ਼ਸ਼ੀ ਜੈਨ ਨੇ ਬੱਚਿਆਂ ਨੂੰ ਪਾਣੀ ਬਚਾਉਣ, ਰੁੱਖ ਲਗਾਉਣ ਅਤੇ ਭਵਿੱਖ ਵਿੱਚ ਮੋਬਾਇਲ ਫੋਨ ਦੀ ਵਰਤੋਂ ਘੱਟ ਕਰਨ ਦਾ ਸੰਦੇਸ਼ ਦਿੱਤਾ। ਇਸ ਕਵਿਤਾ ਉਚਾਰਣ ਪ੍ਰਤੀਯੋਗਤਾ ਵਿੱਚ ਪਹਿਲੀ ਜਮਾਤ ਦੀ ਮਿਸ਼ੀਕਾ ਅਤੇ ਦੂਜੀ ਜਮਾਤ ਦੀ ਇਕਮਨ ਕੌਰ ਪਹਿਲੇ ਸਥਾਨ 'ਤੇ, ਪਹਿਲੀ ਜਮਾਤ ਦੀ ਸ਼੍ਰਿਯਾਂਸ਼ੀ ਸਿੰਘ ਅਤੇ ਦੂਜੀ ਜਮਾਤ ਦੀ ਇਸ਼ਮੀਤ ਕੌਰ ਦੂਜੇ, ਅਤੇ ਪਹਿਲੀ ਜਮਾਤ ਦੀ ਦਿਵਿਆਂਸ਼ ਅਤੇ ਦੂਜੀ ਜਮਾਤ ਦੀ ਗੁਰਸਾਕਸ਼ੀ ਕੌਰ ਤੀਜੇ ਸਥਾਨ 'ਤੇ ਰਹੀ। ਪ੍ਰਿੰਸੀਪਲ ਮੈਡਮ ਸੁਪ੍ਰਿਯਾ ਖੁਰਾਣਾ ਨੇ ਸਾਰੇ ਬੱਚਿਆਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਰਾਖੀ ਬਾਂਸਲ, ਰੇਨੂੰ ਬਾਲਾ, ਦਿਕਸ਼ਾ ਹੰਸ, ਕੁਲਵਿੰਦਰ ਕੌਰ, ਮਨਦੀਪ ਕੌਰ, ਗੁਰਜੀਤ ਕੌਰ, ਰੇਣੁਕਾ, ਆਰਤੀ ਸਹਿਗਲ, ਸਾਕਸ਼ੀ ਚੋਪੜਾ, ਆਦਿ ਹਾਜ਼ਰ ਸਨ।

# 'ਗ਼ਦਰ ਲਹਿਰ ਦੀ ਇਤਿਹਾਸਿਕ ਮਹੱਤਤਾ' ਵਿਸ਼ੇ 'ਤੇ ਵਿਚਾਰ-ਚਰਚਾ

ਲੁਧਿਆਣਾ , 4 ਮਈ (ਰਵਿੰਦਰ ਸਿੰਘ ਨਿੱਝਰ): ਅੱਜ ਸਥਾਨਕ ਗਦਰੀ ਬਾਬਾ ਭਾਨ ਸਿੰਘ ਯਾਦਗਾਰ, ਸੁਨੇਤ ਵਿਖੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ 'ਗਦਰ ਲਹਿਰ ਦੀ ਇਤਿਹਾਸਿਕ ਮਹੱਤਤਾ' ਵਿਸ਼ੇ 'ਤੇ ਵਿਚਾਰ ਚਰਚਾ ਕੀਤੀ ਗਈ । ਇਸ ਵਿਚਾਰ ਚਰਚਾ ਰਾਹੀਂ ਗਦਰ ਲਹਿਰ ਦੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ।



ਪ੍ਰੈਸ ਨੂੰ ਜਾਰੀ ਕੀਤੇ ਬਿਆਨ ਰਾਹੀਂ ਨੌਜਵਾਨ ਸਭਾ ਦੇ ਪ੍ਰਧਾਨ ਐਡਵੋਕੇਟ ਹਰਪ੍ਰੀਤ ਜੀਰਖ ਤੇ ਜਨਰਲ ਸਕੱਤਰ ਰਾਕੇਸ਼ ਆਜ਼ਾਦ ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਜਦੋਂ ਫਿਰਕਾਪਰਸਤ ਤਾਕਤਾਂ ਲੋਕਾਂ ਨੂੰ ਧਰਮਾਂ-ਜਾਤਾਂ ਦੇ ਨਾਮ 'ਤੇ ਵੰਡ ਰਹੀਆਂ ਹਨ ਤੇ ਆਪਸ 'ਚ ਧਾਰਮਿਕ ਤਣਾਅ ਵਧਾ ਕੇ ਲੜਾ ਰਹੀਆਂ ਹਨ, ਅਜਿਹੇ ਸਮੇਂ ਵਿੱਚ ਗਦਰ ਪਾਰਟੀ ਦੇ ਸਿਧਾਂਤ ਧਰਮ ਨਿਰਪੱਖਤਾ ਅਤੇ ਬਰਾਬਰੀ ਨਾਲ ਅਜਿਹੀਆਂ ਫਿਰਕੂ ਤਾਕਤਾਂ ਨੂੰ ਹਰਾਇਆ ਜਾ ਸਕਦਾ ਹੈ । ਗਦਰੀ ਬਾਬਿਆਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਅੰਗਰੇਜ਼ੀ ਸਾਮਰਾਜ ਵੱਲੋਂ ਦਿੱਤੇ ਤਸੀਹੇ ਝੱਲਦੇ ਹੋਏ ਵੀ ਅਡੋਲ ਰਹੇ ਪਰ ਹਾਰ ਨਹੀਂ ਮੰਨੀ । ਵਿਚਾਰ ਚਰਚਾ ਦੌਰਾਨ ਸਾਥੀਆਂ ਨੇ ਇਹ ਵੀ ਗੱਲ ਰੱਖੀ ਗਦਰ ਲਹਿਰ ਦਾ ਬਹੁਤ ਸਾਰਾ ਸਾਹਿਤ ਮਿਲ ਜਾਂਦਾ ਹੈ ਪਰ ਸਰਕਾਰਾਂ ਨੇ ਕਦੇ ਵੀ ਗਦਰ ਲਹਿਰ ਦੇ ਇਤਿਹਾਸ ਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਸਿਲੇਬਸ ਵਿੱਚ ਥਾਂ ਨਹੀਂ ਦਿੱਤੀ ਜੇ ਦਿੱਤੀ ਵੀ ਤਾਂ ਨਾਮ ਮਾਤਰ । ਇਸ ਦੌਰਾਨ ਨੌਜਵਾਨ ਸਭਾ ਵੱਲੋਂ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ, ਜਿਸ ਤਹਿਤ 24 ਮਈ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮਦਿਨ ਮੌਕੇ ਗਦਰੀ ਸਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਸੁਨੇਤ ਯਾਦਗਾਰ ਤੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਤਕ ਇੱਕ ਮੋਟਰਸਾਈਕਲ ਮਾਰਚ ਕੀਤਾ ਜਾਵੇਗਾ, ਜਿਸ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਆਉਣ ਦਾ ਸੱਦਾ ਦੇਣ ਲਈ ਪ੍ਰਚਾਰ ਮੁਹਿੰਮ ਚਲਾਈ ਜਾਵੇਗੀ । ਇਸ ਮੌਕੇ ਨੌਜਵਾਨ ਸਭਾ ਦੇ ਹੋਰ ਆਗੂ ਪ੍ਰਤਾਪ ਸਿੰਘ, ਰਾਜੀਵ ਕੁਮਾਰ, ਤੇਜਿੰਦਰ ਕੁਮਾਰ, ਮੀਨੂੰ ਸਰਮਾਂ, ਮਾਨ ਸਿੰਘ, ਜਗਜੀਤ ਗੁੜੇ, ਅਰੁਣ ਕੁਮਾਰ ਆਦਿ ਹਾਜ਼ਰ ਸਨ ।

# ਜਲਦ ਹੀ ਜਗਰਾਓਂ ਵਿਚ ਆਵਾਜਾਈ ਦੀ ਸਮੱਸਿਆ ਦਾ ਹੋਵੇਗਾ ਹੱਲ : ਡੀਐਸਪੀ

ਜਗਰਾਉਂ, 4 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਡੀਐਸਪੀ ਗੋਪਾਲ ਕ੍ਰਿਸ਼ਨ ਅਤੇ ਉਨ੍ਹਾਂ ਦੀ ਪੁਲਿਸ ਪਾਰਟੀ ਵੱਲੋਂ ਜਗਰਾਓਂ ਵਿੱਚ ਟਰੈਫਿਕ ਦੀ ਸਮੱਸਿਆ ਦੇ ਹੱਲ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡੀਐਸਪੀ ਗੋਪਾਲ ਕ੍ਰਿਸ਼ਨ ਨੇ ਕਿਹਾ ਕਿ ਜਗਰਾਉਂ ਸ਼ਹਿਰ ਅੰਦਰ ਟਰੈਫਿਕ ਦੀ ਆ ਰਹੀ ਦਿੱਕਤ ਨੂੰ ਦੂਰ ਕਰਨ ਲਈ ਸਾਡੇ ਵੱਲੋਂ ਕਈ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਟਰੈਫਿਕ ਦੀ ਸਮੱਸਿਆ ਲਈ ਕੁਝ ਲੋਕ ਖੁਦ ਜ਼ਿੰਮੇਦਾਰ ਹਨ। ਲੋਕ ਆਪਣੀਆਂ ਗੱਡੀਆਂ ਨੂੰ ਪਾਰਕਿੰਗ ਦੀ ਥਾਂ 'ਤੇ ਪਾਰਕ ਕਰਨ ਦੀ ਬਜਾਏ ਸੜਕਾਂ ਦੇ ਵਿਚਾਲੇ ਹੀ ਖੜਾ ਕਰ ਦਿੰਦੇ ਹਨ । ਜਿਸ ਕਾਰਨ ਟਰੈਫਿਕ ਦੀ ਆਵਾਜਾਈ ਵਿੱਚ ਵਿਘਨ ਪੈਂਦਾ ਹੈ। ਟਰੈਫਿਕ ਦੀ ਸਮੱਸਿਆ ਦਾ ਦੂਸਰਾ ਵੱਡਾ ਕਾਰਨ ਦੁਕਾਨਦਾਰਾਂ ਦਾ ਸੜਕ 'ਤੇ ਕਬਜ਼ਾ ਕਰ ਆਪਣਾ ਸਮਾਨ ਰੱਖਣਾ ਹੈ। ਇਸ ਕਰਕੇ ਦੁਕਾਨਦਾਰਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਦੁਕਾਨ ਦਾ



ਸਮਾਨ ਆਪਣੀ ਹਦੂਦ ਦੇ ਅੰਦਰ ਹੀ ਰੱਖਣ ਤਾਂ ਜੋ ਆਵਾਜਾਈ ਵਿੱਚ ਵਿਘਨ ਨਾ ਪਵੇ। ਉਨ੍ਹਾਂ ਰੇਹੜੀ ਵਾਲਿਆਂ ਨੂੰ ਅਪੀਲ ਕੀਤੀ ਕਿ ਆਪਣੀ ਰੇਹੜੀ ਨੂੰ ਸੜਕ 'ਤੇ ਨਾ ਖੜਾਉਣ, ਆਪਣਾ ਸਮਾਨ ਵੇਚਣ ਲਈ ਉਹ ਆਪਣੀ ਰੇਹੜੀ ਨੂੰ ਸੜਕ 'ਤੇ ਖੜਾ ਕੇ ਆਪਣਾ ਸਮਾਨ ਵੇਚਦੇ ਹਨ, ਜਿਸ ਕਾਰਨ ਆਵਾਜਾਈ ਵਿੱਚ ਵਿਘਨ ਪੈਂਦਾ ਹੈ। ਉਹਨਾਂ ਕਿਹਾ ਕਿ ਸਾਡੇ ਵੱਲੋਂ ਇਹਨਾਂ ਸਮੱਸਿਆਵਾਂ ਦੇ ਹੱਲ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ, ਜਲਦ ਹੀ ਜਗਰਾਉਂ ਅੰਦਰ ਟਰੈਫਿਕ ਦੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ।

# ਮੁੰਡੀਆਂ ਅਤੇ ਐਮ.ਪੀ. ਅਰੋੜਾ ਨੇ ਸਿੱਧਵਾਂ ਨਹਿਰ ਦੇ ਨਾਲ ਸੜਕ ਦੇ ਨਵੀਨੀਕਰਨ ਲਈ ਰੱਖਿਆ ਨੀਂਹ ਪੱਥਰ

ਲੁਧਿਆਣਾ,4 ਮਈ (ਵਿਸ਼ਾਲ ਸ਼ਰਮਾ): ਲੁਧਿਆਣਾ ਦੇ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨਾਲ ਸ਼ਨੀਵਾਰ ਨੂੰ ਅਯਾਲੀ ਪੁਲ ਤੋਂ ਚੰਗਣ ਪੁਲ ਤੱਕ ਸਿੱਧਵਾਂ ਨਹਿਰ ਸੜਕ (ਖੱਬੇ ਪਾਸੇ) ਦੇ ਨਵੀਨੀਕਰਨ ਲਈ ਨੀਂਹ ਪੱਥਰ ਰੱਖਿਆ। 9.1 ਕਿਲੋਮੀਟਰ ਲੰਬਾ ਇਹ ਰਸਤਾ ਸ਼ਹਿਰ ਦੀ ਇੱਕ ਪ੍ਰਮੁੱਖ ਸੜਕ ਹੈ ਅਤੇ ਇਸਦੇ ਦੋਵੇਂ ਪਾਸੇ ਕਈ ਰਿਹਾਇਸ਼ੀ ਪ੍ਰੋਜੈਕਟ ਹਨ। ਰੀਕਾਰਪੇਟਿੰਗ ਦਾ ਕੰਮ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਵੱਲੋਂ ਅਲਾਟ ਕੀਤੇ ਗਏ ਬਾਹਰੀ ਵਿਕਾਸ ਖਰਚਿਆਂ (ਈ ਡੀ ਸੀ) ਫੰਡਾਂ ਦੀ ਵਰਤੋਂ ਕਰਕੇ ਕੀਤਾ ਜਾਵੇਗਾ । ਸਮਾਗਮ ਵਿੱਚ ਬੋਲਦਿਆਂ ਸੰਸਦ ਮੈਂਬਰ ਸੰਜੀਵ ਅਰੋੜਾ ਨੇ ਕਿਹਾ ਕਿ ਇਸ ਪ੍ਰੋਜੈਕਟ ਦੀ ਕੁੱਲ ਲਾਗਤ 7.30 ਕਰੋੜ ਰੁਪਏ ਅਨੁਮਾਨਿਤ ਹੈ। ਇਹ ਕੰਮ ਅਗਲੇ ਚਾਰ ਮਹੀਨਿਆਂ ਵਿੱਚ ਪੂਰਾ ਹੋ ਜਾਵੇਗਾ। ਸੜਕ ਨਿਰਮਾਣ ਦੇ ਕੰਮ ਵਿੱਚ ਮੌਜੂਦਾ ਸੜਕ ਨੂੰ ਮਜ਼ਬੂਤ ਕਰਨਾ ਅਤੇ ਓਵਰਲੇ ਕਰਨਾ ਬਿਟੂਮਿਨਸ ਪਰਤਾਂ ਦੀ ਵਿਵਸਥਾ ਕਰਨਾ ਸੜਕ ਦੇ ਨਿਸ਼ਾਨਾਂ, ਸੰਕੇਤਾਂ ਅਤੇ ਸੁਰੱਖਿਆ ਵਿਸ਼ੇਸ਼ਤਾਵਾਂ ਵਿੱਚ ਸੁਧਾਰ ਕਰਨਾ ਸ਼ਾਮਲ ਹੈ । ਉਨ੍ਹਾਂ ਨੇ ਲੁਧਿਆਣਾ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਪ੍ਰਤੀ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ ਜਦੋਂ ਕਿ ਮੰਤਰੀ ਮੁੰਡੀਆਂ ਨੇ ਸਥਾਨਕ ਨਿਵਾਸੀਆਂ ਅਤੇ ਯਾਤਰੀਆਂ 'ਤੇ ਪ੍ਰੋਜੈਕਟ ਦੇ ਸਕਾਰਾਤਮਕ ਪ੍ਰਭਾਵ ਨੂੰ ਉਜਾਗਰ ਕੀਤਾ। ਅਰੋੜਾ ਨੇ ਕਿਹਾ ਕਿ ਪੀਡਬਲਯੂਡੀ (ਬੀ ਐਂਡ ਆਰ) ਵਿਭਾਗ ਸੜਕ ਦੀ ਉਸਾਰੀ ਕਰੇਗਾ ਅਤੇ ਗਲਾਡਾ ਫੰਡਿੰਗ ਏਜੰਸੀ ਹੈ। ਮੁੰਡੀਆਂ ਅਤੇ ਅਰੋੜਾ ਦੋਵਾਂ ਨੇ ਪ੍ਰੋਜੈਕਟ ਦੇ ਵਿਆਪਕ ਪ੍ਰਭਾਵ ਨੂੰ ਉਜਾਗਰ ਕੀਤਾ।



ਉਨ੍ਹਾਂ ਕਿਹਾ ਇਹ ਸੜਕ ਲੁਧਿਆਣਾ ਅਤੇ ਇਸ ਤੋਂ ਬਾਹਰ ਦੇ ਵਸਨੀਕਾਂ ਲਈ ਪਹੁੰਚਯੋਗਤਾ ਨੂੰ ਬਦਲ ਦੇਵੇਗੀ ਅਤੇ ਜੀਵਨ ਦੀ ਗੁਣਵੱਤਾ ਨੂੰ ਵਧਾਏਗੀ। ਇਹ ਪਹਿਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਬਿਹਤਰ ਸੜਕੀ ਬੁਨਿਆਦੀ ਢਾਂਚੇ ਅਤੇ ਟਿਕਾਊ ਸ਼ਹਿਰੀ ਵਿਕਾਸ ਰਾਹੀਂ ਲੁਧਿਆਣਾ ਨੂੰ ਵਿਸ਼ਵ ਪੱਧਰੀ ਸ਼ਹਿਰ ਬਣਾਉਣ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ। ਮੁੰਡੀਆਂ ਅਤੇ ਅਰੋੜਾ ਨੇ ਸਮੇਂ ਸਿਰ ਅਮਲ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ । ਕੁਝ ਮਹੀਨਿਆਂ ਦੀ ਸਮਾਂ-ਸੀਮਾ ਅਤੇ ਪੰਜ ਸਾਲਾਂ ਦੀ ਰੱਖ-ਰਖਾਅ ਦੀ ਗਰੰਟੀ ਦੇ ਨਾਲ, ਸਰਕਾਰ ਜਵਾਬਦੇਹੀ ਅਤੇ ਉੱਚ-ਗੁਣਵੱਤਾ ਵਾਲੀ ਸਮੱਗਰੀ ਨੂੰ ਯਕੀਨੀ ਬਣਾ ਰਹੀ ਹੈ । ਉਨ੍ਹਾਂ ਕਿਹਾ ਇਹ ਸੜਕ ਪੰਜਾਬ ਦੇ ਸ਼ਹਿਰੀ ਸੜਕੀ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਦੇ ਚੱਲ ਰਹੇ ਯਤਨਾਂ ਵਿੱਚ ਇੱਕ ਹੋਰ ਮੀਲ ਪੱਥਰ ਹੈ।

# ਅਕਾਲੀ ਨੇਤਾ ਡੰਗ ਦੀ ਦੂਸਰੀ ਬਰਸੀ ਮੌਕੇ ਘੁੰਮਣ ਸਨਮਾਨਤ



ਲੁਧਿਆਣਾ, 4 ਮਈ (ਰਵਿੰਦਰ ਸਿੰਘ ਨਿੱਝਰ): ਸੀਨੀਅਰ ਅਕਾਲੀ ਨੇਤਾ ਸਵ ਜੱਥੇਦਾਰ ਹਰਜਣ ਸਿੰਘ ਡੰਗ ਦੀ ਦੂਸਰੀ ਬਰਸੀ ਉਹਨਾਂ ਦੇ ਗ੍ਰਹਿ ਮਾਡਲ ਟਾਊਨ ਐਕਸਟੈਂਸ਼ਨ ਵਿਖੇ ਮਨਾਈ ਗਈ। ਸ੍ਰੀ ਸੁਖਮਨੀ ਪਾਠ ਦੇ ਭੋਗ ਉਪਰੰਤ ਰਾਗੀ ਸਿੰਘਾਂ ਨੇ ਕੀਰਤਨ ਕੀਤਾ। ਇਸ ਮੌਕੇ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ ਹੋਣ ਵਾਲੀ ਵਿਧਾਨ ਸਭਾ ਦੀ ਜ਼ਿਮਨੀ ਚੋਣ ਵਿੱਚ ਅਕਾਲੀ ਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਨੂੰ ਵਿਸੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਹੁੰਚੇ ਬੁਲਾਰਿਆਂ ਨੇ ਜਥੇ ਡੰਗ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਉਸ ਦੀਆਂ ਪੰਥ ਪ੍ਰਤੀ ਸੇਵਾਵਾਂ ਨੂੰ ਯਾਦ ਕੀਤਾ। ਘੁੰਮਣ ਨੂੰ ਸਨਮਾਨਿਤ ਕਰਨ ਉਪਰੰਤ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਇੱਕ ਇੱਕ ਵੋਟ ਜਥੇਦਾਰ ਘੁੰਮਣ ਨੂੰ ਪਵਾ ਕੇ ਉਹਨਾਂ ਨੂੰ ਵੱਡੇ ਫਰਕ ਨਾਲ ਜਿਤਾਇਆ ਜਾਵੇਗਾ ਕਿਉਂਕਿ ਪੰਜਾਬ ਵਿੱਚ ਕਾਂਗਰਸ, ਭਾਜਪਾ ਅਤੇ ਆਪ ਤਿੰਨੋਂ ਪੰਜਾਬ ਅਤੇ ਪੰਜਾਬੀਆਂ ਦੀ ਰਾਖੀ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀਆਂ ਹਨ ਅਤੇ ਇਹਨਾਂ ਪਾਰਟੀਆਂ ਨੇ ਪੰਜਾਬ ਨੂੰ ਦਿਵਾਲੀਆ ਹੋਣ ਦੇ ਕੰਢੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਹਾਜ਼ਰ ਬੁਲਾਰਿਆਂ ਨੇ ਆਖਿਆ ਕਿ ਹੁਣ ਪੰਜਾਬ ਨੂੰ ਬਚਾਉਣ ਦਾ ਇੱਕ ਇੱਕ ਉਪਾਅ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣਾ ਹੈ ਤਾਂ ਕਿ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦੇ ਹੱਕਾਂ ਦੀ ਰਾਖੀ ਕੀਤੀ ਜਾ ਸਕੇ। ਇਸ ਮੌਕੇ ਹੀਰਾ ਸਿੰਘ ਗਾਬੜੀਆ, ਰਣਜੀਤ ਢਿੱਲੋਂ, ਹਰਚਰਨ ਸਿੰਘ ਗੋਹਲਵੜੀਆ, ਹਰੀਸ਼ ਰਾਏ ਢਾਂਡਾ, ਅਮਰਜੀਤ ਸਿੰਘ ਟਿੱਕਾ, ਬਾਬਾ ਸਰਬਜੋਤ ਸਿੰਘ ਡਾਂਗੀ, ਪ੍ਰਿਤਪਾਲ ਸਿੰਘ, ਜਗਬੀਰ ਸਿੰਘ ਸੋਖੀ, ਹਿਤੇਸ਼ਇੰਦਰ ਸਿੰਘ ਗਰੇਵਾਲ, ਜਸਪਾਲ ਸਿੰਘ ਮੱਕੜ, ਬਲਵਿੰਦਰ ਸਿੰਘ ਭੁੱਲਰ, ਬਲਵਿੰਦਰ ਸਿੰਘ ਲਾਇਲਪੁਰੀ, ਤਜਿੰਦਰ ਦੀਪ ਸਿੰਘ ਡਾਂਗ, ਭੋਗ ਸਿੰਘ, ਢਾਡਾ ਸਿੰਘ, ਦੀਪਾ, ਗੁਰਮੀਤ ਸਿੰਘ, ਇੰਦਰਜੀਤ ਸਿੰਘ ਗੋਲਾ, ਚਰਨਜੀਤ ਸਿੰਘ ਪੀ.ਐਸ.ਬੀ, ਕਮਲਦੀਪ ਸਿੰਘ ਬਹਿਲ, ਚਰਨਜੀਤ ਸਿੰਘ ਬਰਾੜ, ਸਰਬਜੀਤ ਸਿੰਘ ਸਾਪਾ, ਸੁਰਿੰਦਰ ਸਿੰਘ ਭੂਟੀਆਨੀ, ਸੁਖਵਿੰਦਰਪਾਲ ਸਿੰਘ ਸਰਨਾ, ਸੁਰਿੰਦਰਪਾਲ ਸਿੰਘ ਬਿੰਦਰਾ, ਨਵਪ੍ਰੀਤ ਸਿੰਘ ਬਿੰਦਰਾ, ਹਰਪ੍ਰੀਤ ਸਿੰਘ ਰਾਜਧਾਨੀ, ਸਰਬਜੋਤ ਸਿੰਘ ਡੰਗ, ਦਵਿੰਦਰ ਸਿੰਘ ਡੰਗ ਅਤੇ ਮਾਤਾ ਸੁਰਜੀਤ ਕੌਰ ਆਦਿ ਵੀ ਮੌਜੂਦ ਸਨ।

# ਐਮ.ਪੀ. ਅਰੋੜਾ ਨੇ ਮੁਫ਼ਤ ਲੀਵਰ ਟੈਸਟ ਮੋਬਾਈਲ ਵੈਨ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ



ਲੁਧਿਆਣਾ,4 ਮਈ (ਵਿਸ਼ਾਲ ਸ਼ਰਮਾ): ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਸ਼ਨੀਵਾਰ ਨੂੰ ਸਰਾਭਾ ਨਗਰ ਸਥਿਤ ਆਪਣੇ ਦਫ਼ਤਰ ਤੋਂ ਮੁਫ਼ਤ ਫਾਈਬਰੋਸਕੈਨ ਲਿਵਰ ਟੈਸਟ ਮੋਬਾਈਲ ਵੈਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਹਰੀ ਝੰਡੀ ਦਿਖਾਉਣ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਅਰੋੜਾ ਨੇ ਕਿਹਾ ਕਿ ਇਹ ਮੋਬਾਈਲ ਵੈਨ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਮੁਫ਼ਤ ਲੀਵਰ ਦੇ ਟੈਸਟ ਕਰਵਾਏਗੀ ਜੋ ਕਿ ਆਮ ਤੌਰ 'ਤੇ ਨਿੱਜੀ ਸਿਹਤ ਸੰਭਾਲ ਕੇਂਦਰਾਂ ਵਿੱਚ ਬਹੁਤ ਮਹਿੰਗੇ ਹੁੰਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲਕਦਮੀ ਇੱਕ ਪੂਰੀ ਤਰ੍ਹਾਂ ਨਿੱਜੀ ਉੱਦਮ ਹੈ, ਜਿਸਦਾ ਉਦੇਸ਼ ਬਿਨਾਂ ਕਿਸੇ ਵਪਾਰਕ ਉਦੇਸ਼ ਦੇ ਮਨੁੱਖਤਾ ਦੀ ਸੇਵਾ ਕਰਨਾ ਹੈ । ਅਰੋੜਾ ਨੇ ਕਿਹਾ ਕਿ ਇਹ ਵੈਨ ਸ਼ਹਿਰ ਦੇ ਹਰ ਵਾਰਡ ਵਿੱਚ ਪਹੁੰਚੇਗੀ ਅਤੇ ਇਸ ਦੇ ਦੌਰੇ ਦਾ ਪ੍ਰਚਾਰ ਸਬੰਧਤ ਸ਼ਹਿਰ ਦੇ ਕੌਂਸਲਰਾਂ ਦੀ ਮਦਦ ਨਾਲ ਪਹਿਲਾਂ ਹੀ ਕੀਤਾ ਜਾਵੇਗਾ । ਇਹ ਪਹਿਲ ਸਥਾਨਕ ਸਮਾਜ ਸੇਵਕ ਚਮਕੌਰ ਸਿੰਘ ਦੇ ਸਰਗਰਮ ਸਹਿਯੋਗ ਨਾਲ ਸ਼ੁਰੂ ਕੀਤੀ ਗਈ ਹੈ। ਅਰੋੜਾ ਨੇ ਕਿਹਾ ਜੇਕਰ ਇਹ ਪਹਿਲੀ ਵੈਨ ਸਫਲ ਸਾਬਤ ਹੁੰਦੀ ਹੈ ਤਾਂ ਅਜਿਹੀਆਂ ਹੋਰ ਵੈਨਾਂ ਤਾਇਨਾਤ ਕੀਤੀਆਂ ਜਾਣਗੀਆਂ ।ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਲੀਵਰ ਦੀ ਜਾਂਚ ਕਰਵਾ ਸਕਦਾ ਹੈ ਬਸ਼ਰਤੇ ਉਸਨੇ ਤਿੰਨ ਤੋਂ ਚਾਰ ਘੰਟੇ ਪਹਿਲਾਂ ਕੁਝ ਨਾ ਖਾਧਾ ਹੋਵੇ ਕਿਉਂਕਿ ਟੈਸਟ ਲਈ ਪੇਟ ਖਾਲੀ ਹੋਣਾ ਜ਼ਰੂਰੀ ਹੈ । ਜਾਂਚ ਰਿਪੋਰਟ ਮੌਕੇ ਤੇ ਉਪਲਬਧ ਕਰਵਾਈ ਜਾਵੇਗੀ। ਉਨ੍ਹਾਂ ਲੋਕਾਂ ਨੂੰ ਇਸ ਸੇਵਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਉਨ੍ਹਾਂ ਕਿਹਾ ਕਿ ਇਸ ਵੈਨ ਤੋਂ ਪ੍ਰਤੀ ਦਿਨ 70-80 ਟੈਸਟ ਕਰਨ ਦੀ ਉਮੀਦ ਹੈ। ਉਨ੍ਹਾਂ ਕਿਹਾ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਸਾਰੇ ਟੈਸਟ ਨੈਗੇਟਿਵ ਹੋਣ। ਅਰੋੜਾ ਨੇ ਭਵਿੱਖ ਵਿੱਚ ਆਮ ਸਿਹਤ ਜਾਂਚ ਲਈ ਇਸੇ ਤਰ੍ਹਾਂ ਦੀਆਂ ਵੈਨਾਂ ਸ਼ੁਰੂ ਕਰਨ ਦੀ ਸੰਭਾਵਨਾ ਦਾ ਵੀ ਜ਼ਿਕਰ ਕੀਤਾ। ਇਸ ਸਮਾਗਮ ਵਿੱਚ ਸ਼ਹਿਰ ਦੇ ਕਈ ਨਗਰ ਕੌਂਸਲਰ ਅਤੇ ਆਮ ਆਦਮੀ ਪਾਰਟੀ (ਆਪ) ਦੇ ਆਗੂ ਮੌਜੂਦ ਸਨ। ਇੱਥੇ ਇਹ ਦੱਸਣਾ ਉਚਿਤ ਹੈ ਕਿ ਫਾਈਬਰੋਸਕੈਨ ਟੈਸਟ ਲੀਵਰ ਦੀ ਸਿਹਤ ਦਾ ਮੁਲਾਂਕਣ ਕਰਨ ਲਈ ਇੱਕ ਨਾਨ-ਇਨਵੇਸਿਵ ਤਰੀਕਾ ਹੈ। ਇਹ ਲੀਵਰ ਵਿੱਚੋਂ ਲੰਘਣ ਵਾਲੀਆਂ ਵਾਈਬ੍ਰੇਸ਼ਨਾਂ (ਪਲਸ) ਦੀ ਗਤੀ ਦਾ ਪਤਾ ਲਗਾ ਕੇ ਜਿਗਰ ਦੀ ਕਠੋਰਤਾ ਨੂੰ ਮਾਪਦਾ ਹੈ ਜਿਸ ਨਾਲ ਫਾਈਬਰੋਸਿਸ ਵਰਗੀਆਂ ਲੀਵਰ ਦੀਆਂ ਸਥਿਤੀਆਂ ਦੀ ਪਛਾਣ ਕਰਨ ਵਿੱਚ ਮਦਦ ਮਿਲਦੀ ਹੈ।

# ਰਾਕੇਸ਼ ਟਿਕੈਤ ਦੀ ਪੱਗ ਉਤਾਰਨ ਦੇ ਦੋਸ਼ੀਆਂ ਨੂੰ ਸਰਕਾਰ ਜਲਦ ਫੜੇ: ਲੱਖੋਵਾਲ, ਮੇਹਲੋਂ

ਲੁਧਿਆਣਾ, 4 ਮਈ (ਰਵਿੰਦਰ ਸਿੰਘ ਨਿੱਝਰ): ਅੱਜ ਭਾਰਤੀ ਕਿਸਾਨ ਯੂਨੀਅਨ ਰਜਿ: 283 ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਅਤੇ ਅਵਤਾਰ ਸਿੰਘ ਮੇਹਲੋਂ ਸਰਪ੍ਰਸਤ ਪੰਜਾਬ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੇਂਦਰ ਅਤੇ ਭਾਜਪਾ ਦੀਆਂ ਸੂਬਾਈ ਸਰਕਾਰਾਂ ਵੱਲੋਂ ਰਲ ਕੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਰਾਹੀਂ ਪੰਜਾਬ ਦਾ ਪਾਣੀ ਖੋਹਣ ਦਾ ਨਵਾਂ ਧੱਕਾ ਬਰਦਾਸ਼ਤ ਕਰਨ ਯੋਗ ਨਹੀਂ ਹੈ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਇਸ ਦਾ ਕਰੜਾ ਵਿਰੋਧ ਕਰਦੀ ਹੈ ਪਰ ਇਸ ਧੱਕੇ ਲਈ ਕੇਂਦਰ ਦੇ ਨਾਲ ਨਾਲ ਪੰਜਾਬ ਸਰਕਾਰ ਬਰਾਬਰ ਦੀ ਦੋਸ਼ੀ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਾਰਤੀ ਜਨਤਾ ਪਾਰਟੀ ਨਾਲ ਮਿਲੀ ਭੁਗਤ ਹੈ ਕਿਉਂਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੰਗ ਕਰਨ ਦੇ ਬਾਵਜੂਦ ਡੈਮ ਸੇਫਟੀ ਐਕਟ ਰੱਦ ਕਰਨ ਦੀ ਥਾਂ ਪੰਜਾਬ ਸਰਕਾਰ ਨੇ ਉਸ ਨੂੰ ਚੁੱਪ ਚਾਪ ਸਵੀਕਾਰ ਕਰ ਲਿਆ ਹੈ, ਜਲ ਸੋਧ ਐਕਟ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਵਿਰੋਧ ਕਰਨ ਦੇ ਬਾਵਜੂਦ ਵਿਧਾਨ ਸਭਾ ਵਿੱਚ ਕਾਨੂੰਨ ਬਣਾ ਕੇ ਮਨਜ਼ੂਰ ਕਰ ਲਿਆ ਹੈ ਜੇਕਰ ਪੰਜਾਬ ਸਰਕਾਰ ਨੇ ਡੈਮ ਸੇਫਟੀ ਐਕਟ ਰੱਦ ਕੀਤਾ ਹੁੰਦਾ ਤਾਂ ਪੰਜਾਬ ਨੂੰ ਇਹ ਦਿਨ ਦੇਖਣੇ ਨਾ ਪੈਂਦੇ। ਉਹਨਾਂ ਨੇ ਮੰਗ ਕੀਤੀ ਕਿ ਪਾਣੀਆਂ ਦੇ ਮਸਲੇ ਨੂੰ ਪ੍ਰਵਾਨਤ ਕੌਮਾਂਤਰੀ ਅਸੂਲਾਂ ਅਤੇ ਦੇਸ਼ ਦੇ ਕਾਨੂੰਨ ਤਹਿਤ ਹੱਲ ਕੀਤਾ ਜਾਵੇ। ਉਹਨਾਂ ਕਿਹਾ ਕਿ ਭਗਵੰਤ ਮਾਨ ਕੋਲ 94 ਵਿਧਾਇਕ ਹਨ ਅਤੇ ਉਹ ਆਪਣੇ ਆਪ ਨੂੰ ਤਿੰਨ ਕਰੋੜ ਲੋਕਾਂ ਦਾ ਮੁੱਖ ਮੰਤਰੀ ਹੋਣ ਦਾ ਦਾਅਵਾ ਕਰਦੇ ਹਨ। ਇਸ ਲਈ ਭਗਵੰਤ ਮਾਨ ਨੂੰ ਚਾਹੀਦਾ ਹੈ ਕਿ ਆਮ ਆਦਮੀ ਪਾਰਟੀ ਪੰਜਾਬੀਆਂ ਨੂੰ ਖੁਦ



ਅਗਵਾਈ ਕਰਕੇ ਦਿੱਲੀ ਚੱਲਣ ਦਾ ਸੱਦਾ ਦੇਵੇ ਅਤੇ ਪਾਣੀਆਂ ਦੇ ਮਸਲੇ 'ਤੇ ਜਾ ਕੇ ਧਰਨਾ ਲਗਾਵੇ ਅਤੇ ਪ੍ਰਦੂਸ਼ਣ ਫੈਲਾਉਣ ਵਾਲੀਆਂ ਫੈਕਟਰੀਆਂ ਦੇ ਖ਼ਿਲਾਫ਼ ਲੜ ਰਹੇ ਪਿੰਡਾਂ ਦੇ ਲੋਕਾਂ ਤੇ ਨਿੱਤ ਡਾਂਗਾਂ ਵਰ੍ਹਾਈਆਂ ਜਾਂਦੀਆਂ ਹਨ ਹੁਣ ਚਮਕੌਰ ਸਾਹਿਬ ਦੇ ਨੇੜੇ ਵੱਡੀ ਪੇਪਰ ਫੈਕਟਰੀ ਲੱਗ ਰਹੀ ਹੈ ਜੋ ਕਿ ਪਾਣੀ ਨੂੰ ਹੋਰ ਪ੍ਰਦੂਸ਼ਿਤ ਕਰੇਗੀ ਜੇਕਰ ਪੰਜਾਬ ਸਰਕਾਰ ਨੂੰ ਪਾਣੀਆਂ ਦਾ ਹੇਜ ਹੈ ਤਾਂ ਪਾਣੀ ਪ੍ਰਦੂਸ਼ਿਤ ਕਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਦੇਵੇ ਅਤੇ ਪਰਦੂਸ.ਣ ਖਿਲਾਫ ਲੜਨ ਵਾਲੇ ਲੋਕਾਂ 'ਤੇ ਕੀਤੇ ਜਬਰ ਲਈ ਮੁਆਫੀ ਮੰਗੇ। ਲੱਖੋਵਾਲ ਨੇ ਕਿਹਾ ਕਿ ਬੀਕੇਯੂ ਦੇ ਕੌਮੀ ਨੇਤਾ ਸ੍ਰੀ ਰਾਕੇਸ਼ ਟਿਕੈਤ ਉੱਪਰ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਵਿਖੇ ਜਨਤਕ ਰੋਸ ਰੈਲੀ ਦੌਰਾਨ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਜੋ ਹਮਲਾ ਕੀਤਾ ਗਿਆ , ਜਿਸ ਦੌਰਾਨ ਉਨ੍ਹਾਂ ਦੀ ਪੱਗ ਉਤਾਰੀ ਗਈ ਤੇ ਉਨ੍ਹਾਂ ਨਾਲ ਹੱਥੋਪਾਈ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ।

# ਰੋਡ ਸੰਘਰਸ਼ ਕਮੇਟੀ ਦੇ ਪ੍ਰਧਾਨ ਬਿਕਰਜੀਤ ਸਿੰਘ ਕਾਲਖ ਨੂੰ ਘਰ ਵਿਚ ਡਿਟੇਨ ਕਰਨ ਦੀ ਫੱਲੇਵਾਲ ਵੱਲੋਂ ਨਿਖੇਧੀ



ਡੇਹਲੋਂ 4 ਮਈ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ) ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਸੰਗਠਨ ਸਕੱਤਰ ਚਰਨਜੀਤ ਸਿੰਘ ਫਲੇਵਾਲ ਤੇ ਬਲਾਕ ਪ੍ਰਧਾਨ ਦਰਸ਼ਨ ਸਿੰਘ ਫੱਲੇਵਾਲ ਨੇ ਦੱਸਿਆ ਕਿ ਭਾਰਤ ਮਾਲਾ ਪਰਿਯੋਜਨਾ ਤਹਿਤ ਜ਼ਮੀਨਾਂ ਐਕਵਾਇਰ ਕਰਨ ਲਈ ਸਰਕਾਰ ਕਿਸਾਨਾਂ ਦੀਆਂ ਜ਼ਮੀਨਾਂ 'ਚ ਮਸ਼ੀਨਾਂ ਵਾੜ ਰਹੇ ਹਨ, ਜਿਸ ਤਹਿਤ ਅੱਜ ਰੋਡ ਸੰਘਰਸ਼ ਕਮੇਟੀ ਦੇ ਪ੍ਰਧਾਨ ਬਿਕਰਜੀਤ ਸਿੰਘ ਕਾਲਖ ਨੂੰ ਵੀ ਡੇਹਲੋਂ ਪੁਲਿਸ ਐਸ ਐਚ ਓ ਸਮੇਤ ਪੰਜ ਮੁਲਾਜ਼ਮਾਂ ਵੱਲੋਂ ਘਰੇ ਹੀ ਡਿਟੇਨ ਕਰ ਲਿਆ ਗਿਆ,ਆਗੂਆਂ ਨੇ ਰੋਡ ਸੰਘਰਸ਼ ਕਮੇਟੀ ਦੇ ਪ੍ਰਧਾਨ ਨੂੰ ਘਰੇ ਡਿਟੇਨ ਕਰਨ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਪੁਲਿਸ ਦੇ ਜ਼ੋਰ ਉਤੇ ਜ਼ਮੀਨਾਂ 'ਤੇ ਵੀ ਕਬਜ਼ੇ ਕਰਨਾ ਚਾਹੁੰਦੀ ਹੈ ਜਿਹਨਾਂ ਨੂੰ ਕੋਈ ਪੈਸਾ ਵੀ ਨਹੀ ਮਿਲਿਆ, ਜਿਹਨਾਂ ਕਿਸਾਨਾਂ ਨੇ ਮੁਆਵਜ਼ਾ ਲੈ ਲਿਆ ਹੈ, ਉਹਨਾਂ ਦੀਆਂ ਜ਼ਮੀਨਾਂ ਐਕਵਾਇਰ ਕਰ ਸਕਦੀਆਂ ਹਨ ਪਰ ਜਿਹਨਾਂ ਨੂੰ ਰੁਪਏ ਨਹੀਂ ਮਿਲੇ ਉਹਨਾਂ ਜ਼ਮੀਨਾਂ 'ਤੇ ਕਬਜ਼ੇ ਨਹੀਂ ਹੋਣ ਦਿੱਤੇ ਜਾਣਗੇ, ਸਰਕਾਰ ਕਿਸਾਨਾਂ ਦੀ ਖੱਜਲ ਖੁਆਰੀ ਬੰਦ ਕਰੇ ਤੇ ਪੂਰੀ ਬਣਦੀ ਰਕਮ ਫੌਰੀ ਅਦਾ ਕਰੇ।




ਸ਼ਹੀਦ ਬਾਬੂ ਲਾਭ ਸਿੰਘ ਅਤੇ ਸ਼ਹੀਦ ਨਰਿੰਦਰ ਨਾਥ ਖੰਨਾ ਨੂੰ ਸਮਰਪਿਤ 10ਵੀਂ ਵਰ੍ਹੇਗੰਢ ਸਮਾਗਮ ਬੀਤੇ ਦਿਨੀਂ ਗੁਰੂ ਨਾਨਕ ਭਵਨ ਵਿਖੇ ਕਰਵਾਇਆ ਗਿਆ। ਜਾਗ੍ਰਿਤੀ ਲਹਿਰ ਸੰਸਥਾ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟ੍ਰਸਟ ਦੇ ਮੁਖੀ ਡਾ: ਐਸ.ਪੀ.ਸਿੰਘ ਉਬਰਾਏ ਨੂੰ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮਾਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਧਾਇਕ ਅਸ਼ੋਕ ਪ੍ਰਾਸ਼ਰ ਪੱਪੀ, ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਦਰਸ਼ਨ ਲਾਲ ਬਵੇਜਾ, ਹ0ਸਪਤਾਲ ਡਾਇਰੈਕਟਰ ਡਾ: ਇੰਦਰਜੀਤ ਸਿੰਘ ਢੀਂਗਰਾ, ਗੌਤਮ ਜਲੰਧਰੀ, ਇਕਬਾਲ ਸਿੰਘ ਗਿੱਲ, ਅਸ਼ੋਕ ਥਾਪਰ, ਕ੍ਰਿਸ਼ਨ ਕੁਮਾਰ ਬਾਵਾ, ਧੁਰ ਸੱਜੇ ਜਸਵੰਤ ਸਿੰਘ ਛਾਪਾ ਖੜ੍ਹੇ ਨਜ਼ਰ ਆ ਰਹੇ ਹਨ ।
(ਫੋਟੋ ਤੇ ਵੇਰਵਾ : ਕਰਨੈਲ ਸਿੰਘ ਐਮ.ਏ. ਲੁਧਿਆਣਾ)

# ਲਗਾਤਾਰ ਵੱਧ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਪੰਜਾਬ 'ਚ ਬਿਹਤਰ ਹਵਾ ਨਿਗਰਾਨੀ ਦੀ ਤੁਰੰਤ ਲੋੜ

ਲੁਧਿਆਣਾ, 4 ਮਈ (ਵਿਸ਼ਾਲ ਸ਼ਰਮਾ): ਫਰਵਰੀ ਤੇ ਮਾਰਚ 2025 ਦੇ ਹਾਲੀਆ ਹਵਾ ਗੁਣਵੱਤਾ ਦੇ ਅੰਕੜੇ ਲੁਧਿਆਣਾ ਅਤੇ ਅੰਮ੍ਰਿਤਸਰ ਸ਼ਹਿਰਾਂ ਵਿਚਕਾਰ ਵੱਡੇ ਅੰਤਰ ਦਰਸਾਉਂਦੇ ਹਨ, ਜੋ ਕਿ ਪੰਜਾਬ ਭਰ 'ਚ ਹਵਾ ਨਿਗਰਾਨੀ ਪ੍ਰਣਾਲੀਆਂ ਨੂੰ ਵਧਾਉਣ ਅਤੇ ਮਜ਼ਬੂਤ ਕਰਨ ਦੀ ਤੁਰੰਤ ਲੋੜ ਵੱਲ ਇਸ਼ਾਰਾ ਕਰਦੇ ਹਨ। ਲੁਧਿਆਣਾ 'ਚ ਮੌਜੂਦਾ ਸਮੇਂ ਵਿੱਚ ਚੱਲ ਰਹੇ ਇੱਕੋ-ਇੱਕ ਨਿਰੰਤਰ ਅੰਬੀਨਟ ਏਅਰ ਕੁਆਲਿਟੀ ਮਾਨੀਟਰਿੰਗ (ਸੀਏਏਕਿਊਐਮ) ਸਟੇਸ਼ਨਾਂ ਤੋਂ ਹਵਾ ਦੀ ਗੁਣਵੱਤਾ ਦੇ ਅੰਕੜੇ ਸੁਰੱਖਿਅਤ ਪ੍ਰਦੂਸ਼ਣ ਸੀਮਾਵਾਂ ਦੀ ਲਗਾਤਾਰ ਉਲੰਘਣਾ ਨੂੰ ਦਰਸਾਉਂਦੇ ਹਨ ਖਾਸ ਕਰਕੇ ਪੀਐਮ10 ਲਈ ਇੱਕ ਮੋਟਾ ਕਣ ਪਦਾਰਥ ਜੋ ਸਾਹ ਤੇ ਦਿਲ ਦੀਆਂ ਗੰਭੀਰ ਸਿਹਤ ਸਮੱਸਿਆਵਾਂ ਨਾਲ ਜੁੜਿਆ ਹੋਇਆ ਹੈ। ਸਰਕਾਰੀ ਰਿਕਾਰਡਾਂ ਅਨੁਸਾਰ ਲੁਧਿਆਣਾ ਨੇ ਫਰਵਰੀ ਤੇ ਮਾਰਚ 'ਚ 15-15 ਦਿਨਾਂ ਲਈ ਪੀਐਮ 10 ਲਈ ਰਾਸ਼ਟਰੀ ਅੰਬੀਨਟ ਏਅਰ ਕੁਆਲਿਟੀ ਸਟੈਂਡਰਡ (ਐਨਏਏਕਿਊਐਸ) ਨੂੰ ਪਾਰ ਕਰ ਲਿਆ।ਪੀਐਮ 2.5 ਲਈ, ਫਰਵਰੀ 'ਚ 7 ਦਿਨ ਤੇ ਮਾਰਚ 'ਚ 12 ਦਿਨ ਵਾਧੂ ਸਨ। ਫਰਵਰੀ ਤੇ ਮਾਰਚ 'ਚ ਲੁਧਿਆਣਾ ਦੀ ਹਵਾ ਬਹੁਤ ਪ੍ਰਦੂਸ਼ਿਤ ਸੀ। ਸੀਆਰਈਏ (ਸੈਂਟਰ ਫਾਰ ਰਿਸਰਚ ਆਨ ਐਨਰਜੀ ਐਂਡ ਕਲੀਨ ਏਅਰ) ਦੇ ਵਿਸ਼ਲੇਸ਼ਣ ਦੇ ਅਨੁਸਾਰ ਪੀਐਮ 2.5 ਦੇ ਪੱਧਰ ਧੂੜ, ਧੂੰਏਂ ਤੇ ਪ੍ਰਦੂਸ਼ਣ ਤੋਂ ਛੋਟੇ ਨੁਕਸਾਨਦੇਹ ਕਣ ਜੋ ਫੇਫੜਿਆਂ ਤੇ ਖੂਨ ਦੇ ਪ੍ਰਵਾਹ ਵਿੱਚ ਦਾਖਲ ਹੋ ਸਕਦੇ ਹਨ 53 ਤੇ 52 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ (ਪ/ਠੰ) ਸਨ। ਇਹ 40 ਪ/ਠੰ ਦੀ ਰਾਸ਼ਟਰੀ ਸੁਰੱਖਿਅਤ ਸੀਮਾ ਤੋਂ ਵੱਧ ਹੈ, ਜੋ ਲੋਕਾਂ ਨੂੰ ਦਮਾ, ਫੇਫੜਿਆਂ ਦੀ ਬਿਮਾਰੀ ਅਤੇ ਦਿਲ ਦੀਆਂ ਸਮੱਸਿਆਵਾਂ ਵਰਗੇ ਗੰਭੀਰ ਸਿਹਤ ਜੋਖਮਾਂ ਤੋਂ ਬਚਾਉਣ ਲਈ ਨਿਰਧਾਰਤ ਕੀਤੀ ਗਈ ਹੈ।ਪੀਐਮ10 ਦੇ ਪੱਧਰ ਵੱਡੇ ਕਣ ਜੋ ਅਜੇ ਵੀ ਸਾਹ ਸੰਬੰਧੀ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ ਵੀ ਉੱਚੇ ਸਨ ਫਰਵਰੀ ਵਿੱਚ ਔਸਤਨ 100 ਪ/ਠੰ ਅਤੇ ਮਾਰਚ ਵਿੱਚ 103 ਪ/ਠੰ, 60 ਪ/ਠੰ ਦੀ ਮਿਆਰੀ ਸੀਮਾ ਤੋਂ ਲਗਭਗ ਦੁੱਗਣਾ। ਇਹ ਅੰਕੜੇ ਲੁਧਿਆਣਾ ਦੇ ਹਵਾ ਪ੍ਰਦੂਸ਼ਣ ਸੰਕਟ ਦੀ ਗੰਭੀਰਤਾ ਅਤੇ ਦ੍ਰਿੜਤਾ ਨੂੰ ਰੇਖਾਂਕਿਤ ਕਰਦੇ ਹਨ। ਇਸ ਦੇ ਉਲਟ ਅੰਮ੍ਰਿਤਸਰ ਦੀ ਹਵਾ ਬਹੁਤ ਸਾਫ਼ ਰਹੀ। ਫਰਵਰੀ ਵਿੱਚ ਪੀਐਮ2.5 ਦਾ ਪੱਧਰ ਸਾਰੇ ਦਿਨਾਂ ਲਈ ਸੁਰੱਖਿਅਤ ਸੀਮਾਵਾਂ ਦੇ ਅੰਦਰ ਰਿਹਾ ਅਤੇ ਪੀਐਮ10 ਦਾ ਪੱਧਰ ਸਿਰਫ਼ 10 ਦਿਨਾਂ ਲਈ ਉੱਚਾ ਸੀ। ਮਾਰਚ ਤੱਕ ਪੀਐਮ2.5 ਅਤੇ ਪੀਐਮ10 ਦੋਵਾਂ ਦੇ ਪੱਧਰ ਸਿਰਫ਼ ਇੱਕ ਦਿਨ ਸੁਰੱਖਿਅਤ ਸੀਮਾਵਾਂ ਨੂੰ ਪਾਰ ਕਰ ਗਏ - ਜੋ ਕਿ ਮਹੱਤਵਪੂਰਨ ਸੁਧਾਰ ਤੇ ਦਖਲਅੰਦਾਜ਼ੀ ਲਈ ਇੱਕ ਸੰਭਾਵੀ ਮਾਡਲ ਦਾ ਸੁਝਾਅ ਦਿੰਦਾ ਹੈ। ਇਹਨਾਂ ਜਾਣਕਾਰੀਆਂ ਦੇ ਬਾਵਜੂਦ, ਦੋਵੇਂ ਸ਼ਹਿਰ ਸਿਰਫ਼ ਇੱਕ ਹੀ ਸੀਏਏਕਿਊਐਮ ਸਟੇਸ਼ਨ ਨਾਲ ਕੰਮ ਕਰਦੇ ਹਨ ਜਿਸ ਨਾਲ ਪ੍ਰਦੂਸ਼ਣ ਵਿੱਚ ਅਸਲ-ਸਮੇਂ ਸਥਾਨਕ ਭਿੰਨਤਾਵਾਂ ਨੂੰ ਕੈਪਚਰ ਕਰਨਾ ਮੁਸ਼ਕਲ ਹੋ ਜਾਂਦਾ ਹੈ ਖਾਸ ਕਰਕੇ ਸੰਘਣੀ ਆਬਾਦੀ ਵਾਲੇ ਜਾਂ ਉਦਯੋਗਿਕ ਖੇਤਰਾਂ ਵਿੱਚ। ਮਾਹਿਰ ਰਾਜ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਪ੍ਰਭਾਵਸ਼ਾਲੀ ਜਨਤਕ ਸਿਹਤ ਦਖਲਅੰਦਾਜ਼ੀ ਨੂੰ ਸੂਚਿਤ ਕਰਨ ਲਈ ਹਵਾ ਗੁਣਵੱਤਾ ਨਿਗਰਾਨੀ ਨੈੱਟਵਰਕਾਂ ਦੇ ਵਿਸਥਾਰ ਵਿੱਚ ਤੁਰੰਤ ਨਿਵੇਸ਼ ਕਰਨ ਦੀ ਅਪੀਲ ਕਰ ਰਹੇ ਹਨ। ਸੈਂਟਰ ਫਾਰ ਰਿਸਰਚ ਆਨ ਐਨਰਜੀ ਐਂਡ ਕਲੀਨ ਏਅਰ (ਸੀਆਰਈਏ) ਦੇ ਵਿਸ਼ਲੇਸ਼ਕ ਮਨੋਜ ਕੁਮਾਰ ਨੇ ਕਿਹਾ ਇਹ ਅੰਕੜਾ ਪੰਜਾਬ ਦੀਆਂ ਸ਼ਹਿਰੀ ਹਵਾ ਗੁਣਵੱਤਾ ਚੁਣੌਤੀਆਂ ਬਾਰੇ ਇੱਕ ਕੀਮਤੀ ਸਮਝ ਪ੍ਰਦਾਨ ਕਰਦਾ ਹੈ। ਲੁਧਿਆਣਾ ਵਿੱਚ ਲਗਾਤਾਰ ਹੋ ਰਹੀਆਂ ਉਲੰਘਣਾਵਾਂ ਤੁਰੰਤ ਦਖਲ ਦੀ ਲੋੜ ਵੱਲ ਇਸ਼ਾਰਾ ਕਰਦੀਆਂ ਹਨ। ਪੰਜਾਬ ਭਰ ਵਿੱਚ ਨਿਗਰਾਨੀ ਨੈੱਟਵਰਕ ਦਾ ਵਿਸਤਾਰ ਕਰਨਾ ਸਿਰਫ਼ ਇੱਕ ਤਕਨੀਕੀ ਲੋੜ ਨਹੀਂ ਹੈ ਇਹ ਜਨਤਕ ਸਿਹਤ ਅਤੇ ਵਾਤਾਵਰਣ ਨਿਆਂ ਦਾ ਮਾਮਲਾ ਹੈ। ਇਹ ਨਤੀਜੇ ਉਸ ਸਮੇਂ ਸਾਹਮਣੇ ਆਏ ਹਨ ਜਦੋਂ ਪੰਜਾਬ ਗਰਮੀਆਂ ਦੇ ਮੌਸਮ ਦੀ ਤਿਆਰੀ ਕਰ ਰਿਹਾ ਹੈ ਜਦੋਂ ਤਾਪਮਾਨ ਅਤੇ ਹਵਾ ਦੇ ਪੈਟਰਨਾਂ ਵਿੱਚ ਤਬਦੀਲੀਆਂ ਪ੍ਰਦੂਸ਼ਣ ਦੇ ਪੱਧਰ ਨੂੰ ਵਧਾ ਸਕਦੀਆਂ ਹਨ। ਸਿਵਲ ਸੋਸਾਇਟੀ ਸਮੂਹ ਖੋਜ ਸੰਸਥਾਵਾਂ ਤੇ ਭਾਈਚਾਰਾ-ਅਧਾਰਤ ਸੰਗਠਨ ਇੱਕ ਏਕੀਕ੍ਰਿਤ ਸਾਫ਼ ਹਵਾ ਰਣਨੀਤੀ ਦੀ ਮੰਗ ਕਰ ਰਹੇ ਹਨ ਜੋ ਕਿ ਡੇਟਾ ਸਿਹਤ ਸਮਾਨਤਾ ਤੇ ਜਨਤਕ ਜਵਾਬਦੇਹੀ 'ਤੇ ਅਧਾਰਤ ਹੋਵੇ। ਇਹ ਲੋੜ ਸਪੱਸ਼ਟ ਹੈ ਕਿ ਸਿਹਤਮੰਦ ਤੇ ਵਧੇਰੇ ਲਚਕੀਲੇ ਸ਼ਹਿਰਾਂ ਦਾ ਨਿਰਮਾਣ ਕਰਨ ਲਈ, ਪੰਜਾਬ ਨੂੰ ਪਹਿਲਾਂ ਆਪਣੀਆਂ ਹਵਾ ਗੁਣਵੱਤਾ ਚੁਣੌਤੀਆਂ ਨੂੰ ਮਾਪਣ, ਸਮਝਣ ਤੇ ਜਵਾਬ ਦੇਣ ਦੀ ਸਮਰੱਥਾ ਵਿਕਸਤ ਕਰਨੀ ਪਵੇਗੀ।

## ਸੰਗਤ 'ਚ ਸ਼੍ਰੋਮਣੀ ਅਕਾਲੀ ਦੀ ਪੁਨਰ ਸੁਰਜੀਤੀ ਲਈ ਹੋ ਰਹੀ ਭਰਤੀ ਲਈ ਪਾਇਆ ਜਾ ਰਿਹੈ ਉਤਸ਼ਾਹ : ਲਿਬੜਾ



ਫਤਿਹਗੜ੍ਹ ਸਾਹਿਬ, 4 ਮਈ (ਨਰਿੰਦਰ ਸਿੰਘ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਮਰਇੰਦਰ ਸਿੰਘ ਲਿਬੜਾ ਨੇ ਕਿਹਾ ਕਿ ਸ੍ਰੀ ਫ਼ਤਹਿਗੜ੍ਹ ਸਾਹਿਬ ਹਲਕੇ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ-ਸੁਰਜੀਤੀ ਲਈ ਭਰਤੀ ਨੂੰ ਲੈ ਕੇ ਸੰਗਤ ਵਿੱਚ ਕਾਫੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਇਸੇ ਮਨੋਰਥ ਨਾਲ ਬਲਾਕ ਖੇੜਾ ਦੇ ਪਿੰਡ ਸਲੇਮਪੁਰ, ਸਿੰਧਰਾਂ, ਤਿੰਬਰਪੁਰ, ਹਰਨਾ, ਬਡਾਲੀ ਮਾਈ ਕੀ ਆਦਿ 'ਚ ਜਾ ਕੇ ਭਰਤੀ ਦੇ ਫਾਰਮ ਭਰੇ ਗਏ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ 'ਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਗਠਤ ਕੀਤੀ ਗਈ ਪੰਜ ਮੈਂਬਰੀ ਕਮੇਟੀ ਦੀ ਵਿਸ਼ੇਸ਼ ਇਕੱਤਰਤਾ 10 ਮਈ ਨੂੰ ਰੱਖੀ ਗਈ ਹੈ ਤੇ ਇਸ ਮੀਟਿੰਗ ਵਿੱਚ ਸੰਗਤ ਨੂੰ ਵੱਡੀ ਪੱਧਰ ਤੇ ਸ਼ਮੂਲੀਅਤ ਕਰਨ ਲਈ ਵੀ ਬੇਨਤੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਨੂੰ ਲੈ ਕੇ ਵੱਡੀ ਗਿਣਤੀ ਵਿੱਚ ਸੰਗਤ ਤੇ ਨੌਜਵਾਨ ਭਾਗ ਲੈ ਰਹੇ ਹਨ। ਇਸ ਮੌਕੇ ਜਸਪਾਲ ਸਿੰਘ ਸਾਬਕਾ ਸਰਪੰਚ ਦਾਦੂਮਾਜਰਾ, ਜਸਵੀਰ ਸਿੰਘ ਲੋਹਾਖੇੜੀ ਤੇ ਪਰਮਿੰਦਰ ਸਿੰਘ ਭੁੱਟਾ ਸਲੇਮਪੁਰ, ਬਚਿੱਤਰ ਸਿੰਘ, ਗੁਰਧਰਮ ਸਿੰਘ ਦਾਦੂਮਾਜਰਾ, ਸਰਬਜੀਤ ਸਿੰਘ ਭੁੱਟਾ ,ਹਰਮੇਸ਼ ਸਿੰਘ ਸਾਬਕਾ ਸੂਬੇਦਾਰ, ਸਤਿੰਦਰ ਸਿੰਘ, ਹਰਮੇਸ਼ ਸਿੰਘ ਪੰਚ, ਗੁਰਜੰਟ ਸਿੰਘ, ਗੁਰਪ੍ਰੀਤ ਸਿੰਘ ਲੰਬੜਦਾਰ ਅਮਰਜੀਤ ਸਿੰਘ, ਮਾਸਟਰ ਅੰਮ$ਰਾਓ ਸਿੰਘ ਰਿਟਾਇਰਡ ਪ੍ਰਿੰਸੀਪਲ, ਲਾਭ ਸਿੰਘ, ਜਗੀਰ ਸਿੰਘ ਤੇ ਗਿਆਨ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੱਖਾਂ ਦੀ ਮੁਫ਼ਤ ਜਾਂਚ ਸਬੰਧੀ ਕੈਂਪ ਲਗਾਇਆ

## ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਵਿਧਾਇਕ ਗੈਰੀ ਬੜਿੰਗ ਨੇ ਕੈਂਪ 'ਚ ਕੀਤੀ ਸ਼ਿਰਕਤ




ਫ਼ਤਹਿਗੜ੍ਹ ਸਾਹਿਬ, 4 ਮਈ (ਨਰਿੰਦਰ ਸਿੰਘ) : ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਰਾਮਗੜ੍ਹੀਆ ਮਿਸਲ ਦੇ ਬਾਨੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੱਜ ਅਮਲੋਹ ਵਿਖੇ ਰਾਮਗੜ੍ਹੀਆ ਵੈਲਫੇਅਰ ਫੈਡਰੇਸ਼ਨ ਪੰਜਾਬ ਵੱਲੋਂ ਅੱਖਾਂ ਦੀ ਜਾਂਚ ਸਬੰਧੀ ਮੁਫ਼ਤ ਕੈਂਪ ਲਗਾਇਆ ਗਿਆ । ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਰਾਮਗੜ੍ਹੀਆ ਭਾਈਚਾਰੇ ਨੂੰ ਵਧਾਈ ਦਿੱਤੀ। ਇਸ ਮੌਕੇ ਸੰਬੋਧਨ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ, ਸਿੱਖ ਇਤਿਹਾਸ ਵਿਚ ਉਹਨਾਂ ਦੀ ਸ਼ਾਨਾਮੱਤੀ ਭੂਮਿਕਾ ਤੇ ਸਿੱਖ ਰਾਜ ਦੀ ਉਸਾਰੀ ਵਿਚ ਯੋਗਦਾਨ ਬਾਰੇ ਜਾਣੂੰ ਕਰਵਾਇਆ। ਉਹਨਾਂ ਨੇ ਕਿਹਾ ਕਿ ਅਜਿਹੇ ਮਹਾਨ ਯੋਧਿਆਂ ਦੇ ਜੀਵਨ ਬਾਰੇ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨ ਲਈ ਅਜਿਹੇ ਸਮਾਗਮ ਨਿਯਮਤ ਤੌਰ ਉੱਤੇ ਕਰਵਾਏ ਜਾਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਉਹ ਸਿੱਖ ਇਤਿਹਾਸ ਦੇ ਵੱਡੇ ਮੀਲ ਪੱਥਰ ਸਨ। ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਜਿੱਥੇ ਕੌਮ ਦੇ ਇਸ ਮਹਾਨ ਨਾਇਕ ਨੂੰ ਸਿਜ਼ਦਾ ਕੀਤਾ ਉੱਥੇ ਹੀ ਰਾਮਗੜ੍ਹੀਆ ਭਾਈਚਾਰੇ ਨੂੰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਦੀ ਦਿਲੋਂ ਮੁਬਾਰਕਬਾਦ ਵੀ ਭੇਟ ਕੀਤੀ। ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੀ ਲੋਕਾਂ ਨੂੰ ਵਧ ਚੜ੍ਹ ਕੇ ਸਹਿਯੋਗ ਦੇਣ ਦਾ ਸੱਦਾ ਦਿੱਤਾ। ਉਹਨਾਂ ਕਿਹਾ ਕਿ ਇਸ ਵੱਡੀ ਸਮਾਜਿਕ ਬੁਰਾਈ ਦੇ ਖਾਤਮੇ ਲਈ ਲੋਕਾਂ ਦੇ ਭਰਪੂਰ ਸਮਰਥਨ ਦੀ ਲੋੜ ਹੈ ।ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕਰਦੇ ਹੋਏ ਕਾਲੀ ਕਮਾਈ ਨਾਲ ਬਣਾਈਆਂ ਜਾਇਦਾਦਾਂ ਨੂੰ ਢਾਹਿਆ ਜਾ ਰਿਹਾ ਹੈ। ਸਮਾਗਮ ਦੌਰਾਨ ਵਿਧਾਇਕ ਅਮਲੋਹ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਵੀ ਰਾਮਗੜ੍ਹੀਆ ਭਾਈਚਾਰੇ ਤੇ ਕੈਂਪ ਪ੍ਰਬੰਧਕਾਂ ਨੂੰ ਮੁਬਾਰਕਾਂ ਦਿੱਤੀਆਂ। ਇਸ ਦੌਰਾਨ ਰਾਮਗੜ੍ਹੀਆ ਵੈਲਫੇਅਰ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਜਤਿੰਦਰ ਸਿੰਘ ਰਾਮਗੜ੍ਹੀਆ ਨੇ ਸਾਰੀਆਂ ਪ੍ਰਮੁੱਖ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਵੱਲੋਂ ਦਿਖਾਏ ਮਾਰਗ ਉੱਤੇ ਚਲਦੇ ਹੋਏ ਮਨੁੱਖਤਾ ਦੀ ਭਲਾਈ ਲਈ ਉਪਰਾਲੇ ਜਾਰੀ ਰੱਖੇ ਜਾਣਗੇ। ਕੈਂਪ ਦੌਰਾਨ 500 ਤੋਂ ਵਧੇਰੇ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਸ਼ਿੰਗਾਰਾ ਸਿੰਘ ਸਲਾਣਾ, ਸਿਕੰਦਰ ਸਿੰਘ ਗੋਗੀ ਪ੍ਰਧਾਨ ਮਿਊਂਸਪਲ ਕਮੇਟੀ ਅਮਲੋਹ, ਵੈਲਫੇਅਰ ਫੈਡਰੇਸ਼ਨ ਦੇ ਮੀਤ ਪ੍ਰਧਾਨ ਰਜਿੰਦਰ ਸਿੰਘ ਬੱਬੀ, ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ, ਜਗਦੀਸ਼ ਸਿੰਘ ਲੋਟੇ, ਕੁਲਵਿੰਦਰ ਸਿੰਘ ਬਿੱਟੂ, ਗਗਨਦੀਪ ਸਿੰਘ, ਜਗਤਾਰ ਸਿੰਘ, ਲਵਪ੍ਰੀਤ ਸਿੰਘ ਲਵੀ, ਭੁਪਿੰਦਰ ਸਿੰਘ ਮਿੰਟੂ, ਮਨਿੰਦਰ ਸਿੰਘ ਭਾਟੋ , ਯਾਦਵਿੰਦਰ ਸਿੰਘ ਮਾਨਗੜ੍ਹ, ਨਰੇਸ਼ ਸ਼ਰਮਾ, ਮਨੀਸ਼ ਗੁਪਤਾ, ਕੁਲਦੀਪ ਕੁਮਾਰ ਦੀਪਾ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

## ਪੰਜਾਬ ਦੇ ਹਿੱਸੇ ਦਾ ਪਾਣੀ ਹਰਿਆਣੇ ਨੂੰ ਦੇਣ ਦਾ ਐਲਾਨ ਮੰਦਭਾਗਾ : ਪ੍ਰਲਾਦ ਸਿੰਘ ਧਾਲੀਵਾਲ



ਫ਼ਾਜ਼ਿਲਕਾ, 4 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਹਿੱਸੇ ਦਾ ਪਾਣੀ ਹਰਿਆਣੇ ਨੂੰ ਦੇਣ ਦੇ ਐਲਾਨ ਦੇ ਵਿਰੁੱਧ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਵੱਲੋਂ ਕਰੜਾ ਵਿਰੋਧ ਕੀਤਾ ਗਿਆ ਹੈ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਪ੍ਰਲਾਦ ਸਿੰਘ ਧਾਲੀਵਾਲ ਨੇ ਇਨ੍ਹਾਂ ਫ਼ੈਸਲਿਆਂ ਨੂੰ ਪੂਰੀ ਤਰ੍ਹਾਂ ਕਿਸਾਨ ਵਿਰੋਧੀ ਅਤੇ ਪੰਜਾਬ ਵਿਰੋਧੀ ਕਰਾਰ ਦਿੱਤਾ। ਜ਼ਿਲ੍ਹਾ ਪ੍ਰਧਾਨ ਪ੍ਰਲਾਦ ਸਿੰਘ ਧਾਲੀਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਹਰਿਆਣਾ ਨੂੰ ਪਾਣੀ ਦੇਣ ਦਾ ਐਲਾਨ ਕਰਕੇ ਪੰਜਾਬ ਦੇ ਕਿਸਾਨਾਂ ਦੀ ਪਿੱਠ 'ਚ ਛੁਰਾ ਮਾਰਿਆ ਹੈ। ਉਨ੍ਹਾਂ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਹਮੇਸ਼ਾ ਹੀ ਪੰਜਾਬ ਦੇ ਹੱਕਾਂ ਦੀ ਰਾਖੀ ਕਰਦੀ ਆਈ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਇਸ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਪ੍ਰਧਾਨ ਧਾਲੀਵਾਲ ਨੇ ਦੱਸਿਆ ਕਿ ਇਸ ਸਮੇਂ ਪੰਜਾਬ ਵਿੱਚ ਫ਼ਸਲਾਂ ਦੀ ਬਿਜਾਈ ਚੱਲ ਰਹੀ ਹੈ ਤੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਸਖ਼ਤ ਲੋੜ ਹੈ। ਇਸ ਦੇ ਨਾਲ-ਨਾਲ ਝੋਨੇ ਦੀ ਪਨੀਰੀ ਤਿਆਰ ਕਰਨ ਦੀ ਪ੍ਰਕਿਰਿਆ ਵੀ ਜਾਰੀ ਹੈ ਅਤੇ ਬਾਗ਼ਬਾਨੀ ਖੇਤਰ ਨੂੰ ਵੀ ਪਾਣੀ ਦੀ ਭਾਰੀ ਲੋੜ ਹੈ । ਅਜਿਹੀ ਸਥਿਤੀ ਵਿੱਚ ਜਦੋਂ ਹਰ ਬੂੰਦ ਕੀਮਤੀ ਹੈ, ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਹਿੱਸੇ ਦਾ ਪਾਣੀ ਦੂਜੇ ਰਾਜ ਨੂੰ ਦੇਣਾ ਕਿਸੇ ਵੀ ਤਰਾਂ ਜਾਇਜ਼ ਨਹੀਂ । ਪ੍ਰਲਾਦ ਸਿੰਘ ਧਾਲੀਵਾਲ ਨੇ ਭਾਰਤੀ ਜਨਤਾ ਪਾਰਟੀ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਬੀਜੇਪੀ ਸ਼ੁਰੂ ਤੋਂ ਹੀ ਕਿਸਾਨ ਵਿਰੋਧੀ ਨੀਤੀਆਂ 'ਤੇ ਚੱਲ ਰਹੀ ਹੈ। ਉਨ੍ਹਾਂ ਆਖਿਆ ਕਿ ਭਾਜਪਾ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਧਰਨੇ ਵੀ ਲਗਾਏਗੀ ਤੇ ਪੰਜਾਬ ਦੇ ਪਾਣੀ ਦੀ ਇੱਕ ਬੂੰਦ ਵੀ ਹਰਿਆਣੇ ਨੂੰ ਨਹੀਂ ਦਿੱਤੀ ਜਾਵੇਗੀ । ਜ਼ਿਲ੍ਹਾ ਪ੍ਰਧਾਨ ਨੇ ਸਮੂਹ ਪੰਜਾਬੀਆਂ ਨੂੰ ਵੀ ਅਪੀਲ ਕੀਤੀ ਕਿ ਆਪਣੀ ਆਵਾਜ਼ ਬੁਲੰਦ ਕਰਨ ਤਾਂ ਜੋ ਪੰਜਾਬ ਦਾ ਪਾਣੀ ਬਚ ਸਕੇ।

# ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈਲ.ਫੇਅਰ ਸੁਸਾਇਟੀ ਨੇ ਜ਼ਰੂਰਤਮੰਦ ਪਰਿਵਾਰ ਨੂੰ ਰਾਸ਼ਨ ਵੰਡਿਆ

ਫ਼ਾਜ਼ਿਲਕਾ, 4 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੋਸਾਇਟੀ, ਫ਼ਾਜ਼ਿਲਕਾ ਨੇ ਅੱਜ ਇੱਕ ਵਾਰ ਫਿਰ ਮਾਨਵਤਾ ਦੀ ਸੇਵਾ ਵਿੱਚ ਆਪਣੀ ਵਚਨਬੱਧਤਾ ਨੂੰ ਸਾਬਤ ਕਰਦਿਆਂ ਇੱਕ ਜ਼ਰੂਰਤਮੰਦ ਪਰਿਵਾਰ ਨੂੰ ਰਾਸ਼ਨ ਵੰਡ ਕੇ ਸਮਾਜ ਸੇਵਾ ਦੀ ਇੱਕ ਉੱਚੀ ਮਿਸਾਲ ਕਾਇਮ ਕੀਤੀ । ਇਸ ਮੌਕੇ ਸੋਸਾਇਟੀ ਦੇ ਚੇਅਰਮੈਨ ਅਜੈ ਸਚਦੇਵਾ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਦਾ ਮੁੱਖ ਉਦੇਸ਼ ਸਮਾਜ ਦੇ ਕਮਜ਼ੋਰ ਅਤੇ ਜ਼ਰੂਰਤਮੰਦ ਵਰਗਾਂ ਦੀ ਸਹਾਇਤਾ ਕਰਨਾ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਅਜੋਕੇ ਸਮੇਂ ਵਿੱਚ, ਜਦੋਂ ਮਹਿੰਗਾਈ ਅਤੇ ਆਰਥਿਕ ਤੰਗੀ ਨੇ ਬਹੁਤ ਸਾਰੇ ਪਰਿਵਾਰਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕੀਤਾ ਹੈ, ਇਹ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਸਮਰੱਥਾ ਅਨੁਸਾਰ ਉਨ੍ਹਾਂ ਦੀ ਮਦਦ ਕਰੀਏ । ਅਜੈ ਸਚਦੇਵਾ ਨੇ ਅੱਗੇ ਕਿਹਾ ਕਿ ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਪਿਛਲੇ ਕਈ ਸਾਲਾਂ ਤੋਂ ਸਿੱਖਿਆ, ਸਿਹਤ ਅਤੇ ਸਮਾਜਿਕ ਭਲਾਈ ਦੇ ਖੇਤਰ ਵਿੱਚ ਕੰਮ ਕਰ ਰਹੀ ਹੈ ਅਤੇ ਇਹ ਰਾਸ਼ਨ ਵੰਡ ਪ੍ਰੋਗਰਾਮ ਉਸੇ ਦੀ ਇੱਕ ਕੜੀ ਹੈ।




ਸੋਸਾਇਟੀ ਦੀ ਜਨਰਲ ਸਕੱਤਰ ਪੂਜਾ ਲੂਥਰਾ ਸਚਦੇਵਾ ਨੇ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਮਾਜ ਸੇਵਾ ਸਿਰਫ਼ ਦਾਨ ਦੇਣ ਜਾਂ ਸਹਾਇਤਾ ਪ੍ਰਦਾਨ ਕਰਨ ਤੱਕ ਸੀਮਤ ਨਹੀਂ, ਸਗੋਂ ਇਹ ਇੱਕ ਅਜਿਹਾ ਜਜ਼ਬਾ ਹੈ ਜੋ ਦੂਜਿਆਂ ਦੇ ਦੁੱਖ-ਦਰਦ ਨੂੰ ਸਮਝਣ ਅਤੇ ਉਸ ਨੂੰ ਹਲਕਾ ਕਰਨ ਦੀ ਕੋਸ਼ਿਸ਼ ਕਰਦਾ ਹੈ । ਉਨ੍ਹਾਂ ਨੇ ਕਿਹਾ ਕਿ ਅੱਜ ਜਿਸ ਪਰਿਵਾਰ ਨੂੰ ਰਾਸ਼ਨ ਦਿੱਤਾ ਗਿਆ, ਉਸ ਦੀ ਆਰਥਿਕ ਸਥਿਤੀ ਬਹੁਤ ਨਾਜ਼ੁਕ ਸੀ, ਅਤੇ ਸੋਸਾਇਟੀ ਦੀ ਇਹ ਛੋਟੀ ਜਿਹੀ ਕੋਸ਼ਿਸ਼ ਉਸ ਪਰਿਵਾਰ ਦੇ ਚਿਹਰੇ 'ਤੇ ਮੁਸਕਰਾਹਟ ਲਿਆਉਣ ਵਿੱਚ ਸਫਲ ਰਹੀ । ਪੂਜਾ ਲੂਥਰਾ ਨੇ ਸਮਾਜ ਦੇ ਸਾਰੇ ਵਰਗਾ ਨੂੰ ਅਪੀਲ ਕੀਤੀ ਕਿ ਉਹ ਵੀ ਅਜਿਹੇ ਸਮਾਜ ਸੇਵੀ ਕਾਰਜਾਂ ਵਿੱਚ ਹਿੱਸਾ ਪਾਉਣ ਅਤੇ ਜ਼ਰੂਰਤਮੰਦਾਂ ਦੀ ਮਦਦ ਲਈ ਅੱਗੇ ਆਉਣ । ਉਨ੍ਹਾਂ ਦੱਸਿਆ ਕਿ ਉਹ ਭਵਿੱਖ ਵਿੱਚ ਵੀ ਅਜਿਹੇ ਸਮਾਜ ਸੇਵੀ ਕਾਰਜ ਜਾਰੀ ਰੱਖਣਗੇ ਅਤੇ ਹੋਰ ਜ਼ਰੂਰਤਮੰਦ ਪਰਿਵਾਰਾਂ ਤੱਕ ਸਹਾਇਤਾ ਪਹੁੰਚਾਉਣ ਦੀ ਕੋਸ਼ਿਸ਼ ਕਰਨਗੇ ।ਇਸ ਰਾਸ਼ਨ ਵੰਡ ਪ੍ਰੋਗਰਾਮ ਦੌਰਾਨ ਜ਼ਰੂਰਤਮੰਦ ਪਰਿਵਾਰ ਨੂੰ ਆਟਾ, ਚੌਲ, ਦਾਲ, ਖੰਡ, ਤੇਲ, ਸਾਬਣ ਅਤੇ ਹੋਰ ਜ਼ਰੂਰੀ ਘਰੇਲੂ ਵਸਤੂਆਂ ਸਮੇਤ ਇੱਕ ਮਹੀਨੇ ਦਾ ਰਾਸ਼ਨ ਪ੍ਰਦਾਨ ਕੀਤਾ ਗਿਆ। ਇਸ ਮੌਕੇ ਪਰਿਵਾਰ ਦੇ ਮੈਂਬਰਾਂ ਨੇ ਸੋਸਾਇਟੀ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਸੋਸਾਇਟੀ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਸੰਸਥਾਵਾਂ ਸਮਾਜ ਦਾ ਸੱਚਾ ਸਹਾਰਾ ਹਨ । ਸੁਸਾਇਟੀ ਦੇ ਇਸ ਕਾਰਜ ਨੇ ਨਾ ਸਿਰਫ਼ ਇੱਕ ਪਰਿਵਾਰ ਦੀ ਮਦਦ ਕੀਤੀ, ਸਗੋਂ ਸਮੁੱਚੇ ਸਮਾਜ ਨੂੰ ਸਹਿਯੋਗ ਅਤੇ ਸਾਂਝ ਦਾ ਸੰਦੇਸ਼ ਵੀ ਦਿੱਤਾ । ਅਜਿਹੀਆਂ ਪਹਿਲਕਦਮੀਆਂ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਅਤੇ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ । ਅੰਤ ਵਿੱਚ, ਸੋਸਾਇਟੀ ਨੇ ਇਹ ਵੀ ਐਲਾਨ ਕੀਤਾ ਕਿ ਉਹ ਅਗਲੇ ਮਹੀਨਿਆਂ ਵਿੱਚ ਸਿਹਤ ਜਾਂਚ ਕੈਂਪ, ਵਿੱਦਿਅਕ ਸਹਾਇਤਾ ਅਤੇ ਹੋਰ ਸਮਾਜ ਸੇਵੀ ਪ੍ਰੋਗਰਾਮ ਆਯੋਜਿਤ ਕਰਨ ਦੀ ਯੋਜਨਾ ਬਣਾ ਰਹੀ ਹੈ, ਤਾਂ ਜੋ ਵੱਧ ਤੋਂ ਵੱਧ ਜ਼ਰੂਰਤਮੰਦ ਲੋਕਾਂ ਤੱਕ ਮਦਦ ਪਹੁੰਚ ਸਕੇ। ਇਸ ਮੌਕੇ ਸੋਸਾਇਟੀ ਦੀ ਮੈਂਬਰ ਜਸਵੀਰ ਕੌਰ, ਰਜਤ ਸ਼ਰਮਾ, ਪਵਨ ਭਲਾ ਆਦਿ ਹਾਜ਼ਰ ਸਨ।

## ਭਾਰਤ ਰਗਬੀ ਕੈਂਪ ਲਈ ਚੁਣੀ ਵਿਦਿਆਰਥਣ, ਸੀਨੀਅਰ ਨੈਸ਼ਨਲ ਗੇਮਜ਼ 'ਚ ਸ਼ਾਨਦਾਰ ਪ੍ਰਦਰਸ਼ਨ



ਫ਼ਤਿਹਗੜ੍ਹ ਸਾਹਿਬ, 4 ਮਈ (ਹਰਪ੍ਰੀਤ ਕੌਰ ਟਿਵਾਣਾ) : ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਦੀ ਐਮ.ਪੀ .ਐਡ. ਜਮਾਤ ਦੀ ਖਿਡਾਰਣ ਨੇ ਜ਼ਿਲ੍ਹੇ ਅਤੇ ਯੂਨਿਵਰਸਿਟੀ ਦਾ ਨਾਮ ਰੌਸ਼ਨ ਕਰਦਿਆਂ ਰਗਬੀ ਖੇਡ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਭ ਨੂੰ ਪ੍ਰਭਾਵਿਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨਵਰਸਿਟੀ ਦੇ ਸਰੀਰਕ ਸਿੱਖਿਆ ਅਤੇ ਖੇਡ ਤਕਨਾਲੋਜੀ ਵਿਭਾਗ ਦੀ ਇਸ ਵਿਦਿਆਰਥਣ ਨੂੰ ਭਾਰਤ ਰਗਬੀ ਕੈਂਪ ਲਈ ਚੁਣਿਆ ਗਿਆ ਹੈ। ਇਹ ਚੋਣ ਉਸਦੇ ਸੀਨੀਅਰ ਨੈਸ਼ਨਲ ਰਗਬੀ ਗੇਮਜ਼, ਜੋ ਕਿ ਹਾਲ ਹੀ ਵਿੱਚ ਗੁਵਾਹਾਟੀ, ਅਸਾਮ ਵਿੱਚ ਹੋਈਆਂ, ਉਨ੍ਹਾਂ ਵਿੱਚ ਉਤਕ੍ਰਿਸ਼ਟ ਪ੍ਰਦਰਸ਼ਨ ਦੇ ਆਧਾਰ 'ਤੇ ਕੀਤੀ ਗਈ।

ਉਕਤ ਵਿਦਿਆਰਥਣ ਨੇ ਸਿਰਫ਼ ਆਪਣੇ ਵਿਦਿਆਰਥੀ ਜੀਵਨ ਵਿਚ ਹੀ ਨਹੀਂ, ਸਗੋਂ ਖੇਡ ਮੈਦਾਨ ਵਿਚ ਵੀ ਕਾਬਿਲ-ਏ-ਤਾਰੀਫ਼ ਯੋਗਦਾਨ ਪੇਸ਼ ਕਰਦਿਆਂ, ਯੂਨੀਵਰਸਿਟੀ ਅਤੇ ਪੰਜਾਬ ਰਾਜ ਦਾ ਮਾਣ ਵਧਾਇਆ ਹੈ। ਯੂਨੀਵਰਸਿਟੀ ਦੇ ਉਪ ਕੁਲਪਤੀ ਡਾ.ਪ੍ਰਿਤਪਾਲ ਸਿੰਘ ਨੇ ਸਰੀਰਕ ਸਿੱਖਿਆ ਅਤੇ ਖੇਡ ਤਕਨੋਲੋਜੀ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ ਘੁੰਮਣ ਅਤੇ ਖਿਡਾਰਣ ਅਮਨਦੀਪ ਕੌਰ ਨੂੰ ਉਸਦੀ ਇਸ ਕਾਮਯਾਬੀ 'ਤੇ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਲਈ ਹੋਰ ਉੱਚੀਆਂ ਉਡਾਣਾਂ ਭਰਨ ਦੀ ਆਸ਼ਾ ਜਤਾਈ।

# ਪੰਜਾਬ ਦੇ ਖੇਤਾਂ ਨੂੰ ਸੁਕਾ ਕੇ ਕਿਸੇ ਹੋਰ ਨੂੰ ਪਾਣੀ ਨਹੀਂ ਦਿੱਤਾ ਜਾ ਸਕਦਾ : ਬਰਿੰਦਰ ਕੁਮਾਰ ਗੋਇਲ

### ਕਿਹਾ, ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਪੰਜਾਬ ਸਰਕਾਰ ਚੁੱਕੇਗੀ ਹਰ ਕਦਮ



ਫਾਜ਼ਿਲਕਾ, 4 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਦੇ ਜਲ ਸਰੋਤ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਪੰਜਾਬ ਦੇ ਖੇਤਾਂ ਨੂੰ ਸੁਕਾ ਕੇ ਕਿਸੇ ਹੋਰ ਨੂੰ ਪਾਣੀ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਹਰ ਜ਼ਰੂਰੀ ਕਦਮ ਚੁੱਕੇਗੀ ਅਤੇ ਕਿਸੇ ਵੀ ਕੀਮਤ 'ਤੇ ਪੰਜਾਬ ਦੇ ਪਾਣੀ ਦੀ ਲੁੱਟ ਨਹੀਂ ਹੋਣ ਦਿੱਤੀ ਜਾਵੇਗੀ। ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪਾਣੀਆਂ ਦੇ ਮਸਲੇ 'ਤੇ ਪੰਜਾਬ ਦਾ ਸਟੈਂਡ ਬਿਲਕੁਲ ਸਪੱਸ਼ਟ ਅਤੇ ਸਾਫ਼ ਹੈ ਕਿ ਪੰਜਾਬ ਆਪਣਾ ਹੱਕ ਨਹੀਂ ਛੱਡੇਗਾ। ਹਰਿਆਣਾ ਆਪਣੇ ਹਿੱਸੇ ਤੋਂ ਪਹਿਲਾਂ ਹੀ ਵੱਧ ਪਾਣੀ ਲੈ ਚੁੱਕਾ ਹੈ। ਪੰਜਾਬ ਕੇਂਦਰ ਜਾਂ ਹਰਿਆਣਾ ਦੇ ਦਬਾਅ ਅੱਗੇ ਨਹੀਂ ਝੁਕੇਗਾ। ਇਕ ਹੋਰ ਸਵਾਲ ਦੇ ਜਵਾਬ ਵਿਚ ਕੈਬਨਿਟ ਮੰਤਰੀ ਨੇ ਕਿਹਾ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਤੈਅ ਨਿਯਮਾਂ ਅਨੁਸਾਰ ਬੁਲਾਈ ਗਈ ਮੀਟਿੰਗ ਵਿੱਚ ਤਾਂ ਪੰਜਾਬ ਭਾਗ ਲਵੇਗਾ ਪਰ ਕੇਂਦਰ ਦੀ ਸ਼ਹਿ 'ਤੇ ਕਾਇਦੇ-ਕਾਨੂੰਨ ਨੂੰ ਛਿੱਕੇ ਟੰਗ ਕੇ ਬੁਲਾਈ ਮੀਟਿੰਗ ਵਿਚ ਸ਼ਿਰਕਤ ਨਹੀਂ ਕਰੇਗਾ। ਇਸ ਦੌਰਾਨ ਫਿਰੋਜ਼ਪੁਰ ਫੀਡਰ ਨਹਿਰ ਦਾ 647.43 ਕਰੋੜ ਰੁਪਏ ਦਾ ਪ੍ਰਾਜੈਕਟ ਪ੍ਰਵਾਨ ਹੋਣ 'ਤੇ ਫਾਜ਼ਿਲਕਾ ਜ਼ਿਲ੍ਹੇ ਦੇ ਕਿਸਾਨਾਂ ਨੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਦਾ ਮੂੰਹ ਮਿੱਠਾ ਕਰਵਾਇਆ। ਕਿਸਾਨਾਂ ਨੇ ਇਸ ਲਈ ਪੰਜਾਬ ਸਰਕਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਜਿਸ ਦੇ ਯਤਨਾਂ ਨਾਲ ਇਹ ਨਹਿਰ ਦਾ ਪ੍ਰਾਜੈਕਟ ਪ੍ਰਵਾਨ ਹੋਇਆ ਹੈ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਫਿਰੋਜ਼ਪੁਰ ਫੀਡਰ ਦੀ ਸਮਰੱਥਾ ਵਾਧੇ ਅਤੇ ਨਵੀਂ ਬਣਨ ਤੋਂ ਬਾਅਦ ਫਾਜ਼ਿਲਕਾ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ ਤੇ ਫ਼ਰੀਦਕੋਟ ਦੇ ਕਿਸਾਨਾਂ ਨੂੰ ਜਿੱਥੇ ਪੂਰਾ ਨਹਿਰੀ ਪਾਣੀ ਮਿਲੇਗਾ, ਉੱਥੇ ਹੀ ਫਾਜ਼ਿਲਕਾ ਜ਼ਿਲ੍ਹੇ ਦੇ ਸਰਹੱਦੀ ਇਲਾਕਿਆਂ ਵਿੱਚ ਪਾਕਿਸਤਾਨ ਦੇ ਕਸੂਰ ਨਾਲੇ ਤੋਂ ਆਉਣ ਵਾਲੇ ਕਾਲੇ ਪਾਣੀ ਤੋਂ ਵੀ ਮੁਕਤੀ ਮਿਲੇਗੀ। ਕੈਬਨਿਟ ਮੰਤਰੀ ਨਾਲ ਫ਼ਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ, ਬੱਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ, ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਤੇ ਸਾਬਕਾ ਵਿਧਾਇਕ ਅਰੁਣ ਨਾਰੰਗ ਵੀ ਹਾਜ਼ਰ ਸਨ।

## ਗੁਰਮਤਿ ਸਮਾਗਮ ਕਰਵਾਇਆ



ਭੋਗਪੁਰ, 4 ਮਈ ( ਅਮਰਜੀਤ ਸਿੰਘ ਸੈਣੀ ਜੰਡੀਰ) : ਮਿਸਲ ਨਵਾਬ ਕਪੂਰ ਸਿੰਘ ਜੀ ਬੁੱਢਾ ਦਲ ਮੁਖੀ ਜਥੇਦਾਰ ਬਾਬਾ ਦਵਿੰਦਰ ਸਿੰਘ ਜੀ ਅਕਾਲੀ ਜੀ ਵੱਲੋਂ ਪਿੰਡ ਭਟਨੂਰਾ ਲੁਬਾਣਾ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ ਤੇ ਵੱਖ-ਵੱਖ ਰਾਗੀ ਜੱਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਖੂਬ ਨਿਹਾਲ ਕੀਤਾ ਅਤੇ ਢਾਡੀ ਜਥਿਆਂ ਨੇ ਮਿਸਲ ਨਵਾਬ ਕਪੂਰ ਸਿੰਘ ਜੀ ਦੇ ਇਤਿਹਾਸ ਅਤੇ ਸਿੱਖ ਇਤਿਹਾਸ ਤੋਂ ਜਾਣੂੰ ਕਰਵਾਇਆ। ਛਬੀਲਾਂ ਤੇ ਚਾਹ ਪਕੌੜਿਆਂ ਦੇ ਲੰਗਰ ਲਗਾਏ ਗਏ। ਭਟਨੂਰਾ ਲੁਬਾਣਾ ਵਿੱਚ ਖੂਬ ਰੌਣਕਾਂ ਲੱਗੀਆਂ ਦੁਕਾਨਾਂ ਸਜੀਆਂ ਹੋਈਆਂ ਸਨ। ਸਮਾਗਮ ਵਿੱਚ ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ ਨੇ ਹਾਜ਼ਰੀਆਂ ਭਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਬੇਨਤੀ ਕੀਤੀ, ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਗੂੰਜ ਰਹੇ ਸਨ। ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

## ਸਮਾਜ ਸੇਵਾ ਲਈ ਸਮਰਪਿਤ ਮੁਫ਼ਤ ਲੋਕ ਸੁਵਿਧਾ ਕੈਂਪ ਲਗਾਇਆ



ਫ਼ਾਜ਼ਿਲਕਾ, 4 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਸਮਾਜ ਸੇਵਾ ਲਈ ਨਿਰੰਤਰ ਤੌਰ 'ਤੇ ਸਰਗਰਮ ਡਾ. ਬੀ.ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਵੱਲੋਂ ਬੀਤੇ ਦਿਨੀਂ ਵਾਰਡ ਨੰਬਰ 16 ਵਿਖੇ ਇੱਕ ਵਿਸ਼ੇਸ਼ ਮੁਫ਼ਤ ਲੋਕ ਸੁਵਿਧਾ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਕੈਂਪ ਸੋਸਾਇਟੀ ਦੇ ਚੇਅਰਮੈਨ ਅਜੈ ਸਚਦੇਵਾ ਅਤੇ ਜਰਨਲ ਸਕੱਤਰ ਪੂਜਾ ਲੂਥਰਾ ਸਚਦੇਵਾ ਦੀ ਅਗਵਾਈ ਹੇਠ ਲਗਾਇਆ ਗਿਆ। ਕੈਂਪ ਵਿਚ ਲੋਕਾਂ ਨੂੰ ਅਧਾਰ ਕਾਰਡ, ਵੋਟਰ ਕਾਰਡ ਅਤੇ ਵੱਖ-ਵੱਖ ਪੈਨਸ਼ਨ ਸੰਬੰਧੀ ਮੁਫ਼ਤ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ। ਇਹ ਕੈਂਪ ਵਾਰਡ ਨੰਬਰ 16 ਦੇ ਵਾਸੀ ਅਤੇ ਸੋਸਾਇਟੀ ਦੇ ਸਰਗਰਮ ਮੈਂਬਰ ਸੁਖਵਿੰਦਰ ਸਿੰਘ ਅਤੇ ਜਸਬੀਰ ਕੌਰ ਦੇ ਘਰ ਵਿਖੇ ਲਗਾਇਆ ਗਿਆ ਸੀ, ਜੋ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਚੱਲਦਾ ਰਿਹਾ । ਕੈਂਪ ਵਿੱਚ ਆਉਣ ਵਾਲੇ ਵੱਡੀ ਗਿਣਤੀ 'ਚ ਲੋਕਾਂ ਨੇ ਆਪਣੀਆਂ ਜ਼ਰੂਰੀ ਦਸਤਾਵੇਜ਼ੀ ਲੋੜਾਂ ਨੂੰ ਪੂਰਾ ਕਰਵਾਇਆ । ਲੋਕਾਂ ਨੇ ਕੈਂਪ ਦੀ ਸਰਾਹਨਾ ਕਰਦਿਆਂ ਕਿਹਾ ਕਿ ਅਜਿਹੀਆਂ ਸੇਵਾਵਾਂ ਨਾਲ ਸਮਾਜ ਦੇ ਆਮ ਲੋਕਾਂ ਨੂੰ ਬਹੁਤ ਵੱਡੀ ਰਾਹਤ ਮਿਲਦੀ ਹੈ । ਸੋਸਾਇਟੀ ਦੇ ਚੇਅਰਮੈਨ ਅਜੈ ਸਚਦੇਵਾ ਨੇ ਕਿਹਾ ਕਿ ਸਮਾਜ ਦੇ ਹਰ ਵਰਗ ਤੱਕ ਆਸਾਨੀ ਨਾਲ ਸਰਕਾਰੀ ਅਤੇ ਲੋੜੀਂਦੀਆਂ ਸੁਵਿਧਾਵਾਂ ਪਹੁੰਚਾਉਣ ਲਈ ਸੋਸਾਇਟੀ ਵੱਲੋਂ ਨਿਰੰਤਰ ਇਸ ਤਰ੍ਹਾਂ ਦੇ ਕੈਂਪ ਲਗਾਏ ਜਾਂਦੇ ਰਹਿਣਗੇ । ਉਨ੍ਹਾਂ ਕਿਹਾ ਕਿ ਇਹ ਕੈਂਪ ਤੀਰਥ ਜੀ ਅਤੇ ਉਨ੍ਹਾਂ ਦੀ ਟੀਮ ਦੇ ਸਹਿਯੋਗ ਨਾਲ ਸੰਭਵ ਹੋ ਸਕਿਆ। ਜਰਨਲ ਸਕੱਤਰ ਪੂਜਾ ਲੂਥਰਾ ਸਚਦੇਵਾ ਨੇ ਦੱਸਿਆ ਕਿ ਸੋਸਾਇਟੀ ਦੀ ਸਥਾਪਨਾ ਦਾ ਮਕਸਦ ਹੀ ਸਮਾਜ ਦੀ ਸੇਵਾ ਕਰਨਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਤੱਕ ਆਸਾਨ ਅਤੇ ਮੁਫ਼ਤ ਢੰਗ ਨਾਲ ਸੇਵਾਵਾਂ ਪਹੁੰਚਾਉਣ ਲਈ ਅਜਿਹੇ ਕੈਂਪ ਹਰ ਹਫ਼ਤੇ ਲਗਾਏ ਜਾਂਦੇ ਹਨ।ਕੈਂਪ ਦੇ ਅੰਤ 'ਚ ਸੋਸਾਇਟੀ ਵੱਲੋਂ ਤੀਰਥ ਜੀ, ਉਨ੍ਹਾਂ ਦੀ ਟੀਮ ਅਤੇ ਹੋਰ ਸਹਿਯੋਗੀਆਂ ਨੂੰ ਸੋਸਾਇਟੀ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਕੈਂਪ ਨੇ ਇਹ ਸਾਬਤ ਕਰ ਦਿੱਤਾ ਕਿ ਜੇਕਰ ਨਿੱਕੀ ਜਿਹੀ ਕੋਸ਼ਿਸ਼ ਵੀ ਮਨ ਨਾਲ ਕੀਤੀ ਜਾਵੇ ਤਾਂ ਉਹ ਸਮਾਜ ਵਿੱਚ ਵੱਡਾ ਬਦਲਾਵ ਲਿਆ ਸਕਦੀ ਹੈ। ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਵੱਲੋਂ ਕੀਤੀ ਜਾ ਰਹੀ ਇਹ ਪਹਿਲ ਸਮਾਜ ਲਈ ਪ੍ਰੇਰਣਾ ਸਰੂਪ ਹੈ।

## ਪੰਜਾਬੀ ਮਾਂ ਬੋਲੀ ਤੇ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਪ੍ਰੋਗਰਾਮ 18 ਨੂੰ

ਸ੍ਰੀ ਅਨੰਦਪੁਰ ਸਾਹਿਬ, 4 ਮਈ (ਸੇਵਾ ਸਿੰਘ ਸਤਿੰਦਰਪਾਲ ਸਿੰਘ): ਪੰਜਾਬ ਮਨੁੱਖੀ ਅਧਿਕਾਰ ਸੰਗਠਨ ਸ੍ਰੀ ਅਨੰਦਪੁਰ ਸਾਹਿਬ ਯੂਨਿਟ ਵੱਲੋਂ ਪੰਜਾਬੀ ਮਾਂ ਬੋਲੀ ਤੇ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਪ੍ਰੋਗਰਾਮ 18 ਮਈ ਨੂੰ ਕਰਵਾਇਆ ਜਾ ਰਿਹਾ ਹੈ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਸ੍ਰੀ ਅਨੰਦਪੁਰ ਸਾਹਿਬ ਯੂਨਿਟ ਦੀ ਹੋਈ ਮੀਟਿੰਗ ਤੋਂ ਬਾਅਦ ਜਾਣਕਾਰੀ ਦਿੰਦਿਆਂ ਯੂਨਿਟ ਦੇ ਸਰਪ੍ਰਸਤ ਸੀਨੀਅਰ ਐਡ. ਪਾਖਰ ਸਿੰਘ ਭੱਠਲ ਤੇ ਪ੍ਰਧਾਨ ਸਰਬਜੀਤ ਸਿੰਘ ਰੈਨੂੰ ਨੇ ਦੱਸਿਆ ਕਿ 18 ਮਈ ਦਿਨ ਐਤਵਾਰ ਨੂੰ ਦੁਪਹਿਰ ਤਿੰਨ ਵਜੇ ਵਿਰਾਸਤ-ਏ-ਖ਼ਾਲਸਾ ਦੇ ਆਡੀਟੋਰੀਅਮ ਵਿੱਚ ਪੰਜਾਬੀ ਮਾਂ ਬੋਲੀ ਤੇ ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ, ਜਿਸ 'ਚ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਮੁੱਖ ਮਹਿਮਾਨ ਵੱਜੋਂ ਸ਼ਮੂਲੀਅਤ ਕਰਨਗੇ। ਉਨ੍ਹਾਂ ਦੱਸਿਆ ਕਿ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਮਨੁੱਖੀ ਹੱਕਾਂ ਦੀ ਰਾਖੀ ਲਈ ਪਿਛਲੇ ਲੰਬੇ ਸਮੇਂ ਤੋਂ ਇਲਾਕੇ ਵਿੱਚ ਕੰਮ ਕਰ ਰਿਹਾ ਹੈ। ਇਸ ਸਮੇਂ ਦੌਰਾਨ ਯੂਨਿਟ ਵੱਲੋਂ 500 ਤੋਂ ਵੱਧ ਕੇਸਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ। ਇਸ ਮੌਕੇ ਸੀਨੀਅਰ ਐਡ. ਪਾਖਰ ਸਿੰਘ ਭੱਠਲ, ਸਮਾਜ ਸੇਵੀ ਕੁਲਦੀਪ ਸਿੰਘ ਨੰਬਰਦਾਰ, ਸਮਾਜ ਸੇਵੀ ਰਸ਼ਵਿੰਦਰ ਸਿੰਘ, ਹਰਮੇਸ਼ ਚੌਧਰੀ, ਸਾਬਕਾ ਬੈਂਕ ਅਫਸਰ ਉੱਘੇ ਸਮਾਜ ਸੇਵੀ ਆਤਮਾ ਸਿੰਘ ਘੱਟੀਵਾਲ, ਡਾ. ਵਿਸ਼ਾਲ ਭਾਟੀਆ, ਭਾਗ ਸਿੰਘ, ਠੇਕੇਦਾਰ ਕਰਨੈਲ ਸਿੰਘ ਬਜਰੂੜ, ਨੰਬਰਦਾਰ ਰਾਮ ਕਿਸ਼ਨ, ਨੰਬਰਦਾਰ ਮਹਿੰਦਰ ਸਿੰਘ, ਡਾ. ਮਨਜੀਤ ਸਿੰਘ, ਅਜੀਤ ਸਿੰਘ, ਜਸਪ੍ਰੀਤ ਸਿੰਘ ਅਰੋੜਾ, ਸੇਵਾ ਸਿੰਘ ਆਦਿ ਹਾਜ਼ਰ ਸਨ।

# ਸੀਨੀਅਰ ਸਿਟੀਜ਼ਨ ਕੌਂਸਲ ਦੀ ਸਾਲ 2025-2026 ਲਈ ਕਾਰਜਕਾਰਨੀ ਦਾ ਐਲਾਨ

## ਅਜੀਤ ਸਿੰਘ ਅਤੇ ਮੁਕੇਸ਼ ਲੂਥਰਾ ਮਨੋਨੀਤ ਬਣੇ ਕੌਂਸਲ ਦੇ ਚੇਅਰਮੈਨ ਤੇ ਉਪ ਚੇਅਰਮੈਨ

ਫਿਰੋਜ਼ਪੁਰ, 4 ਮਈ (ਤਿਵਾੜੀ) : ਸੀਨੀਅਰ ਸਿਟੀਜ਼ਨ ਕੌਂਸਲ ਪਿੱਛੇ ਲੰਬੇ ਸਮੇਂ ਤੋਂ ਬਜ਼ੁਰਗਾਂ ਦੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਸਮੇਂ ਦੇ ਸਦ ਉਪਯੋਗ ਲਈ ਉਪਰਾਲੇ ਕਰ ਰਹੀ ਹੈ। ਇਸੇ ਲੜੀ ਵਿੱਚ ਅੱਜ ਸੀਨੀਅਰ ਸਿਟੀਜ਼ਨ ਕੌਂਸਲ ਦੇ ਉਹਨਾਂ ਮੈਂਬਰਾਂ ਦੇ ਜਨਮਦਿਨ ਧੂਮਧਾਮ ਨਾਲ ਮਨਾਏ ਗਏ। ਜਿਨਾਂ ਦੇ ਜਨਮਦਿਨ ਅਪ੍ਰੈਲ ਮਹੀਨੇ ਵਿੱਚ ਆਉਂਦੇ ਸਨ । ਇਹ ਜਨਮ ਦਿਨ ਉਤਸਵ ਸ੍ਰੀ ਅਜੀਤ ਸਿੰਘ ਨਵ ਨਿਯੁਕਤ ਚੇਅਰਮੈਨ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਮੌਕੇ 'ਤੇ ਸ੍ਰੀ ਸੁਨੀਰ ਮੋਗਾ ਡਾਇਰੈਕਟਰ ਸਾਈਂ ਪਬਲਿਕ ਸਕੂਲ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਜਾਣਕਾਰੀ ਦਿੰਦੇ ਹੋਏ ਕੌਂਸਲ ਦੇ ਪ੍ਰਧਾਨ ਸ੍ਰੀ ਪੀ ਡੀ ਸ਼ਰਮਾ ਨੇ ਦੱਸਿਆ ਕਿ ਹਰ ਦੋ ਸਾਲ ਬਾਅਦ ਕੌਂਸਲ ਦੇ ਪ੍ਰਧਾਨ ਦੀ ਚੋਣ ਹੁੰਦੀ ਹੈ, ਇਸ ਚੋਣ ਸਬੰਧੀ ਦੋ ਮਹੀਨੇ ਪਹਿਲਾਂ ਐਲਾਨ ਕੀਤਾ ਜਾਂਦਾ ਹੈ ਅਤੇ ਚੋਣ ਲਈ ਪ੍ਰਬੰਧ ਕੀਤੇ ਜਾਂਦੇ ਹਨ। ਇਸ ਵਾਰ ਇਹ ਚੋਣ ਦਾ ਜ਼ੁੰਮਾ ਕੌਂਸਲ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਸੁਭਾਸ਼ ਕਾਲੀਆ ਜੀ ਨੂੰ ਦਿੱਤਾ ਗਿਆ ਸੀ। ਉਹਨਾਂ ਨੂੰ ਚੋਣ ਲਈ ਰਿਟਰਨਿੰਗ ਕੰਮ ਫਰੀਜਾਈਡਿੰਗ ਆਫਿਸਰ ਆ ਗਿਆ ਸੀ ਤਾਂ ਜੋ ਸਦਭਾਵਨਾ ਪੂਰਵਕ ਚੋਣ ਕਰਾਈ ਜਾ ਸਕੇ। ਉਨ੍ਹਾਂ ਨੇ ਬਹੁਤ ਹੀ ਪਾਰਦਰਸ਼ਤਾ ਨਾਲ ਇਸ ਚੋਣ ਨੂੰ ਨੇਪਰੇ ਚਾੜ੍ਹਿਆ ਅਤੇ ਉਹਨਾਂ ਨੇ ਐਲਾਨ ਕੀਤਾ ਕਿ ਸਰਬ ਸੰਮਤੀ ਨਾਲ ਸ੍ਰੀ ਪੀਡੀ ਸ਼ਰਮਾ ਨੂੰ ਕੌਂਸਲ ਦਾ ਅਗਲੇ ਦੋ ਸਾਲਾਂ 2025 ਤੇ 2026 ਲਈ ਪ੍ਰਧਾਨ ਚੁਣਿਆ ਗਿਆ ਹੈ। ਇਸ ਮੌਕੇ 'ਤੇ ਪ੍ਰਧਾਨ ਸ੍ਰੀ ਪੀ ਡੀ ਸ਼ਰਮਾ ਨੇ ਉਨ੍ਹਾਂ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਦੇ ਹੋਏ ਕੌਂਸਲ ਦੀਆਂ ਪ੍ਰਾਪਤੀਆਂ ਬਾਰੇ ਮੁੱਖ ਮਹਿਮਾਨ ਸ੍ਰੀ ਸੁਨੀਲ ਮੋਗਾ ਅਤੇ ਸਮੂਹ ਮੈਂਬਰਾਂ ਨੂੰ ਜਾਣਕਾਰੀ ਦਿੱਤੀ। ਉਹਨਾਂ ਨੇ ਦੱਸਿਆ ਕਿ ਉਹ ਭਾਰਤ ਸਰਕਾਰ ਵੱਲੋਂ 70 ਸਾਲ ਤੋਂ ਉੱਪਰਲੇ ਬਜ਼ੁਰਗਾਂ ਲਈ ਅੱਜ ਸਮਾਨ ਕਾਰਡ ਦੀ ਦਿੱਤੀ ਸਹੂਲਤ ਬਾਰੇ ਮਾਨਯੋਗ ਪ੍ਰਧਾਨ ਮੰਤਰੀ ਜੀ ਨੂੰ ਪੱਤਰ ਲਿਖ ਚੁੱਕੇ ਹਨ ਤਾਂ ਜੋ ਇਹ ਸਹੂਲਤ 70 ਸਾਲ ਤੋਂ ਵੱਧ ਦੇ ਸਾਰੇ ਬਜ਼ੁਰਗਾਂ ਨੂੰ ਪ੍ਰਾਈਵੇਟ ਹਸਪਤਾਲ ਵਿੱਚ ਵੀ ਦਿੱਤੀ ਜਾਵੇ। ਇਸ ਪੱਤਰ ਦੇ ਉੱਤਰ ਵਿੱਚ ਮਾਨਯੋਗ ਪ੍ਰਧਾਨ ਮੰਤਰੀ ਦੇ ਦਫਤਰ ਵੱਲੋਂ ਪੰਜਾਬ ਸਰਕਾਰ ਰਾਹੀਂ ਸਿਵਲ ਸਰਜਨ ਦਫਤਰ ਫਿਰੋਜ਼ਪੁਰ ਨੂੰ ਜਾਣਕਾਰੀ ਦੇਣ ਲਈ ਭੇਜਿਆ ਹੈ। ਇਸ ਮੌਕੇ 'ਤੇ ਮੁੱਖ ਮਹਿਮਾਨ ਸੁਨੀਲ ਮੋਗਾ ਨੇ ਬੋਲਦੇ ਹੋਏ ਕਿਹਾ ਕਿ ਉਹਨਾਂ ਨੂੰ ਇਥੇ ਆ ਕੇ ਬਹੁਤ ਹੀ ਸਕੂਨ ਮਿਲਿਆ ਹੈ ਅਤੇ ਉਹਨਾਂ ਨੇ ਬਜ਼ੁਰਗਾਂ ਦੇ ਨਾ ਉਪਰਾਲਿਆਂ ਦੀ ਘੋਰ ਪ੍ਰਸ਼ੰਸਾ ਕੀਤੀ। ਇਸ ਮੌਕੇ 'ਤੇ ਸੀਨੀਅਰ ਸਿਟੀਜ਼ਨ ਕੌਂਸਲ ਨੂੰ 3100 ਦੀ ਰਾਸ਼ੀ ਭੇਟ ਕਰਨ ਦਾ ਵੀ ਐਲਾਨ ਕੀਤਾ। ਉਹਨਾਂ ਦੇ ਨਾਲ ਹੀ ਸ੍ਰੀ ਅਜੀਤ ਸਿੰਘ ਚੇਅਰਮੈਨ ਵੱਲੋਂ 1100 ਰੁਪਏ ਦੀ ਰਾਸ਼ੀ ਭੇਟ ਕੀਤੀ । ਇਸ ਮੌਕੇ 'ਤੇ ਸ੍ਰੀ ਮਦਨ ਲਾਲ ਤਿਵਾੜੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ 'ਤੇ ਅਪ੍ਰੈਲ ਵਿੱਚ ਜਨਮਦਿਨ ਵਾਲੇ ਮੈਂਬਰਾਂ ਨਾਲ ਮਿਲ ਕੇ ਮੁੱਖ ਮਹਿਮਾਨ ਅਤੇ ਚੇਅਰਮੈਨ ਤੇ ਹੋਰ ਅਹੁਦੇਦਾਰਾਂ ਨੇ ਡੀਸੀਬੀ ਬੈਂਕ ਦੀ ਟੀਮ ਵੱਲੋਂ ਲਿਆਂਦਾ ਕੇਕ ਕੱਟ ਕੇ ਜਨਮਦਿਨ ਵਾਲੇ ਸਮੂਹ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਲੰਬੀ ਉਮਰ ਦੀ ਕਾਮਨਾ ਕੀਤੀ। ਇਸ ਮੌਕੇ 'ਤੇ ਇੱਕ ਵਿਸ਼ੇਸ਼ ਲੱਕੀ ਡਰਾਅ ਕੱਢਿਆ ਗਿਆ ਜਿਸ ਵਿੱਚ ਸਮੇਂ ਸਿਰ ਆਉਣ ਵਾਲੇ ਮੈਂਬਰਾਂ ਵਿੱਚੋਂ ਤਿੰਨ ਮੈਂਬਰਾਂ ਨੂੰ ਲੱਕੀ ਡਰਾ ਕੱਢ ਕੇ ਸਨਮਾਨਿਤ ਕੀਤਾ। ਅੰਤ ਵਿੱਚ ਰਿਟਰਨਿੰਗ ਅਫਸਰ ਐਡਵੋਕੇਟ ਸੁਭਾਸ਼ ਕਾਲੀਆ ਜੀ ਵੱਲੋਂ 2025 - 2026 ਦੋ ਸਾਲਾਂ ਲਈ ਬਣਾਈ ਗਈ ਕਾਰਜਕਾਰਨੀ ਦਾ ਐਲਾਨ ਕੀਤਾ ਅਤੇ ਸਮੂਹ ਕਾਰਜਕਾਰਨੀ ਅਹੁਦੇਦਾਰਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਕੌਂਸਲ ਦੇ ਪ੍ਰਧਾਨ ਚੇਅਰਮੈਨ ਅਤੇ ਸਮੂਹ ਅਹੁਦੇਦਾਰਾਂ ਵੱਲੋਂ ਮੁੱਖ ਮਹਿਮਾਨ ਸ੍ਰੀ ਸੁਨੀਲ ਮੋਗਾ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਅਤੇ ਸਮੂਹ ਮੈਂਬਰਾਂ ਤੇ ਅਹੁਦੇਦਾਰਾਂ ਨੇ ਮੁੱਖ ਮਹਿਮਾਨ ਅਤੇ ਸਮਾਗਮ ਦੇ ਪ੍ਰਧਾਨਗੀ ਕਰ ਰਹੇ ਸ੍ਰੀ ਅਜੀਤ ਸਿੰਘ ਚੇਅਰਮੈਨ ਅਤੇ ਸ੍ਰੀ ਮੁਕੇਸ਼ ਲੂਥਰਾ ਉਪ ਚੇਅਰਮੈਨ ਨਾਲ ਮਿਲ ਕੇ ਚਾਹ ਪਾਣੀ ਦਾ ਆਨੰਦ ਲਿਆ।




## ਖੰਡ ਮਿੱਲ ਭੋਗਪੁਰ 'ਚ ਲੱਗ ਰਿਹਾ ਸੀ.ਐਨ.ਜੀ. ਪਲਾਂਟ ਦਾ ਵੱਖ-ਵੱਖ ਜਥੇਬੰਦੀਆਂ ਵੱਲੋਂ ਵਿਰੋਧ

ਆਦਮਪੁਰ ਭੋਗਪੁਰ, 4 ਮਈ (ਅਮਰਜੀਤ ਸਿੰਘ ਸੈਣੀ ਜੰਡੀਰ) : ਕੁਝ ਦਿਨ ਪਹਿਲੇ ਭੋਗਪੁਰ ਦੀ ਖੰਡ ਮਿਲ ਵਿੱਚ ਲੱਗ ਰਹੇ ਸੀਐਨਜੀ ਪਲਾਂਟ ਦੇ ਵਿਰੋਧ ਵਿੱਚ ਰੋਸ ਮੁਜ਼ਾਹਰੇ ਕੀਤੇ ਗਏ ਸੀ ਅਤੇ ਨਗਰ ਕੌਂਸਲ ਦੇ ਪ੍ਰਧਾਨ ਰਾਜਕੁਮਾਰ ਰਾਜਾ, ਵਿਧਾਇਕ ਸੁਖਵਿੰਦਰ ਕੋਟਲੀਜ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਅਸ਼ਵਨ ਭੱਲਾ ਤੇ ਹੋਰ ਮੇਨ ਆਗੂਆਂ ਤੇ ਕਈ ਆਮ ਲੋਕਾਂ 'ਤੇ ਵੀ ਪਰਚਾ ਦਰਜ ਕਰ ਦਿੱਤਾ ਗਿਆ ਸੀ, ਜਿਸ ਦੇ ਰੋਸ ਵਜੋਂ ਅੱਜ ਭੋਗਪੁਰ ਦੇ ਬੱਸ ਅੱਡੇ ਤੋਂ ਰੋਸ ਰੈਲੀ ਦੇ ਰੂਪ ਵਿੱਚ ਪੂਰੇ ਭੋਗਪੁਰ ਸ਼ਹਿਰ ਦੀ ਪਰਿਕਰਮਾ ਕਰਕੇ ਭੋਗਪੁਰ ਦੇ ਠਾਣੇ ਮੂਹਰੇ ਨਾਅਰੇਬਾਜ਼ੀ ਕੀਤੀ ਗਈ, ਝੂਠੇ ਪਰਚੇ ਰੱਦ ਕਰੋ ਅਤੇ ਇਲਾਕੇ ਦੇ ਲੋਕਾਂ ਲਈ ਹਾਨੀਕਾਰਕ ਸੀਐਨਜੀ ਪਲਾਂਟ ਨੂੰ ਜਲਦ ਬੰਦ ਕਰਨ ਲਈ ਕਿਹਾ ਗਿਆ। ਵੱਖ ਵੱਖ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਦੱਸੇ । ਨਗਰ ਕੌਂਸਲ ਦੇ ਪ੍ਰਧਾਨ ਰਾਜਕੁਮਾਰ ਰਾਜਾ ਨੇ ਕਿਹਾ ਕੇ ਮੇਨ ਲੋਕਾਂ 'ਤੇ ਪਰਚਾ ਦਰਜ ਕਰ ਦੇਣਾ ਸਾਨੂੰ ਕੋਈ ਇਤਰਾਜ਼ ਨਹੀਂ ਸੀ ਪਰ ਆਮ ਲੋਕਾਂ 'ਤੇ ਵੀ ਪਰਚੇ ਦਰਜ ਕੀਤੇ ਗਏ ਹਨ, ਬਹੁਤ ਹੀ ਨਿੰਦਣਯੋਗ ਹੈ ।ਵੱਖ-ਵੱਖ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਦੱਸੇ ਅਤੇ ਕੀਤਾ ਹੋਇਆ ਝੂਠਾ ਪਰਚਾ ਜਲਦ ਰੱਦ ਕਰਨ ਲਈ ਕਿਹਾ।



# ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਚਲਾਏ ਜਾ ਰਹੇ 'ਯੁੱਧ ਨਸ਼ਿਆਂ ਵਿਰੁੱਧ' ਨੂੰ ਮਿਲ ਰਿਹੈ ਭਰਵਾਂ ਹੁੰਗਾਰਾ : ਲਾਲਜੀਤ ਸਿੰਘ ਭੁੱਲਰ




ਗੁਰਦਾਸਪੁਰ, 4 ਮਈ (ਜਗੀਰ ਸਿੰਘ ਮੰਡ/ਜਸਵਿੰਦਰ ਸਿੰਘ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਖ਼ਾਤਮਾ ਕੀਤਾ ਜਾਵੇਗਾ ਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਜ਼ਬਤ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਤੇ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਪੀ.ਐੱਸ. ਗਾਰਡਨ ਪੈਲੇਸ, ਗੁਰਦਾਸਪੁਰ ਵਿਖੇ ਕਰਵਾਏ "ਪਿੰਡ ਦੇ ਪਹਿਰੇਦਾਰ" ਪ੍ਰੋਗਰਾਮ ਤਹਿਤ ਪਿੰਡ ਅਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਤੇ ਪੰਚਾਂ-ਸਰਪੰਚਾਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ, ਪਨਸਪ ਦੇ ਚੇਅਰਮੈਨ ਬਲਬੀਰ ਸਿੰਘ ਪੰਨੂ, ਜ਼ਿਲ੍ਹਾ ਕੋਆਰਡੀਨੇਟਰ ਅਤੇ ਮਾਰਕਿਟ ਕਮੇਟੀ ਬਟਾਲਾ ਦੇ ਚੇਅਰਮੈਨ ਮਾਣਕ ਮਹਿਤਾ, ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਜੀਵ ਸ਼ਰਮਾ, ਨਗਰ ਸੁਧਾਰ ਟਰੱਸਟ ਬਟਾਲਾ ਦੇ ਚੇਅਰਮੈਨ ਯਸ਼ਪਾਲ ਚੌਹਾਨ, ਮਾਰਕਿਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਮਾਰਕਿਟ ਕਮੇਟੀ ਦੀਨਾਨਗਰ ਦੇ ਚੇਅਰਮੈਨ ਬਲਜੀਤ ਸਿੰਘ ਖ਼ਾਲਸਾ, ਮਾਰਕਿਟ ਕਮੇਟੀ ਕਲਾਨੌਰ ਦੇ ਚੇਅਰਮੈਨ ਰਣਜੇਤ ਸਿੰਘ ਸਮੇਤ ਜ਼ਿਲ੍ਹੇ ਦੀ ਸਮੁੱਚੀ ਲੀਡਰਸ਼ਿਪ ਹਾਜ਼ਰ ਸੀ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਐੱਸ.ਐੱਸ.ਪੀ. ਬਟਾਲਾ ਸੋਹੇਲ ਕਾਸਿਮ ਮੀਰ, ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ, ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਗੁਰਪ੍ਰੀਤ ਸਿੰਘ ਗਿੱਲ, ਜ਼ਿਲ੍ਹੇ ਦੇ ਸਮੂਹ ਐੱਸ.ਡੀ.ਐੱਮ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਜ਼ਿਲ੍ਹੇ ਦੀਆਂ ਸਮੂਹ ਵਿਲੇਜ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਕੋਲੋਂ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਵਿੱਚ ਉਨ੍ਹਾਂ ਦਾ ਸਾਥ ਮੰਗਿਆ ਅਤੇ ਉਨ੍ਹਾਂ ਨੂੰ ਨਸ਼ਾ ਮੁਕਤੀ ਦੀ ਸਹੁੰ ਚੁਕਾਈ ਗਈ।

ਕੈਬਨਿਟ ਮੰਤਰੀ ਨੇ ਕਿਹਾ ਕਿ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ 'ਚ ਸਰਕਾਰ ਨੂੰ ਲੋਕਾਂ ਦਾ ਸਾਥ ਮਿਲ ਰਿਹਾ ਹੈ ਤੇ ਲੋਕ ਨਸ਼ਾ ਤਸਕਰਾਂ ਨੂੰ ਫੜਾਉਣ ਲਈ ਅੱਗੇ ਆ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ, ਵਾਰਡਾਂ, ਗਲੀ, ਮੁਹੱਲਿਆਂ 'ਚ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਤੇ ਨਸ਼ਾ ਤਸਕਰਾਂ ਸਬੰਧੀ ਸੂਚਨਾ ਪੁਲਿਸ ਨੂੰ ਦੇਣ ਤਾਂ ਜੋ ਉਨ੍ਹਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾ ਸਕੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਵਿਲੇਜ਼ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਮੈਂਬਰ "ਪਿੰਡ ਦੇ ਪਹਿਰੇਦਾਰ" ਵਜੋਂ ਨਸ਼ਿਆਂ ਖ਼ਿਲਾਫ਼ ਫ਼ੈਸਲਾਕੁਨ ਜੰਗ 'ਚ ਮੋਹਰੀ ਹੋ ਕੇ ਆਪਣਾ ਹਿੱਸਾ ਪਾਉਣ। ਇਸ ਮੌਕੇ ਦੀਨਾਨਗਰ ਦੇ ਸਿੱਖਿਆ ਕੋਆਰਡੀਨੇਟਰ ਸੁਖਦੇਵ ਰਾਜ, ਅਸ਼ਵਨੀ ਕੁਮਾਰ ਗੁਰਦਾਸਪੁਰ, ਮਨਜੀਤ ਸਿੰਘ ਬਮਰਾ ਬਟਾਲਾ, ਸਾਬਕਾ ਚੇਅਰਮੈਨ ਨੀਰਜ ਸਲਹੋਤਰਾ, ਅੰਕੁਸ਼ ਮਹਿਤਾ, ਡਾ. ਕੇ.ਜੇ. ਸਿੰਘ, ਸਨੀ ਮਸੀਹ, ਹਨੀ ਚੌਹਾਨ ਤੋਂ ਇਲਾਵਾ ਹੋਰ ਆਗੂ ਵੀ ਹਾਜ਼ਰ ਸਨ।

# ਮਹੰਤ ਹਰੀ ਕੁੰਭ ਦਾਸ ਵੱਲੋਂ ਮਹਾਂਪੁਰਸ਼ਾਂ ਦੀ ਬਰਸੀ ਮਨਾਉਣ ਸਬੰਧੀ ਤਿਆਰੀਆਂ ਮੁਕੰਮਲ

ਫਤਿਹਗੜ੍ਹ ਚੂੜੀਆਂ, 4 ਮਈ (ਰਾਜਨ ਸ਼ਰਮਾ): ਫਤਿਹਗੜ੍ਹ ਚੂੜੀਆਂ ਦੇ ਨਜ਼ਦੀਕ ਭਗਵਾਨ ਸ੍ਰੀ ਚੰਦਰ ਜੀ ਦੇ ਪ੍ਰਾਚੀਨ ਤਪ ਅਸਥਾਨ ਮੰਦਰ ਭਗਵਾਨ ਸ੍ਰੀ ਚੰਦਰ ਜੀ ਨਾਨਕ ਚੱਕ ਦੇ ਗੱਦੀ ਨਸ਼ੀਨ ਸ੍ਰੀ ਮਾਨ ਮਹੰਤ ਹਰੀ ਕੁੰਭ ਦਾਸ ਜੀ ਦੀ ਰਹਿਨੁਮਾਈ ਹੇਠ ਸੰਤਾਂ ਮਹਾਂਪੁਰਖਾਂ ਦੀ ਬਰਸੀ ਮਨਾਉਣ ਸਬੰਧੀ ਤਿਆਰੀਆਂ ਮੁਕੰਮਲ ਹਨ। ਜਿਸ 'ਚ ਮਹੰਤ ਹਰੀ ਕੁੰਭ ਦਾਸ ਜੀ ਨੇ ਗੱਲਬਾਤ ਦੌਰਾਨ ਦੱਸਿਆ ਕਿ ਬ੍ਰਹਮਲੀਨ ਮਹੰਤਾਂ ਦੀ ਬਰਸੀ ਜੋ ਕਿ 12 ਮਈ ਨੂੰ ਮਨਾਉਣੀ ਹੈ। ਅਤੇ ਮੰਦਰ ਦੇ ਸਾਰੇ ਹੀ ਸੇਵਾਦਾਰਾਂ ਦੀਆਂ ਡਿਊਟੀਆਂ ਵੀ ਲਗਾ ਦਿੱਤੀਆਂ ਗਈਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸੰਗਤਾਂ ਤੇ ਸੇਵਾਦਾਰਾਂ ਦੇ ਸਹਿਯੋਗ ਦੇ ਨਾਲ ਮਹਾਂਪੁਰਸ਼ਾਂ ਦੀ ਸਲਾਨਾ ਬਰਸੀ ਮੰਦਰ ਨਾਨਕ ਚੱਕ ਵਿਖੇ ਬਹੁਤ ਹੀ ਸ਼ਰਧਾ ਤੇ ਭਾਵਨਾ ਦੇ ਨਾਲ ਮਨਾਈ ਜਾਵੇਗੀ। ਮਹੰਤ ਹਰੀ ਕੁੰਭ ਦਾਸ ਜੀ ਨੇ ਇਹ ਵੀ ਦੱਸਿਆ ਕਿ ਬਰਸੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ 10 ਮਈ ਤੋਂ ਆਰੰਭ ਹੋਣਗੇ ਤੇ 12 ਮਈ ਨੂੰ ਭੋਗ ਪਾਏ ਜਾਣਗੇ।



ਇਸ ਮੌਕੇ ਰਵਿੰਦਰ ਮੁਨੀ ਜੀ, ਰਣਜੋਤ ਸਿੰਘ, ਪ੍ਰਿੰਸ ਘਣੀਏ ਕੇ ਬਾਂਗਰ, ਜੱਸ ਲੋਧੀ ਨੰਗਲ, ਸੰਦੀਪ ਬੇਦੀ, ਰਣਜੀਤ ਸਿੰਘ, ਯਾਦਵਿੰਦਰ ਸਿੰਘ, ਸੰਦੀਪ ਸਿੰਘ, ਦੁਰਲਭਜੀਤ ਸਿੰਘ, ਰਣਜੀਤ ਸਿੰਘ, ਗੁਰਲਾਲ ਸਿੰਘ, ਗੋਲਾ, ਦੀਪੂ, ਗੁਰਬੀਰ ਸਿੰਘ, ਕਰਨ, ਪਵਨ, ਗੁਰਲਾਲ ਸਿੰਘ, ਨੀਰਜ ਬੇਦੀ, ਜੋਬਨ, ਜਸ਼ਨ, ਗੁਰਵਿੰਦਰ ਸਿੰਘ, ਸ਼ੇਰਾ, ਸਤਿਨਾਮ ਸਿੰਘ, ਗੁਰਪ੍ਰੀਤ ਸਿੰਘ ਸਰਪੰਚ ਜਾਂਗਲਾ, ਇੰਦਰਜੀਤ ਸਿੰਘ, ਰਜਿੰਦਰ ਸਿੰਘ, ਕੁਲਬੀਰ ਸਿੰਘ, ਅੰਮ੍ਰਿਤਪਾਲ ਸਿੰਘ, ਬਲਵਿੰਦਰ ਸਿੰਘ ਰੰਧਾਵਾ ਹਾਜ਼ਰ ਸਨ। ਮਹੰਤ ਹਰੀ ਕੁੰਭ ਦਾਸ ਜੀ ਵੱਲੋਂ ਇਹ ਵੀ ਬੇਨਤੀ ਕੀਤੀ ਗਈ ਹੈ ਕਿ ਇਸ ਬਰਸੀ ਸਮਾਰੋਹ ਤੇ ਕੋਈ ਵੀ ਵਿਅਕਤੀ ਕਿਸੇ ਤਰ੍ਹਾਂ ਦਾ ਨਸ਼ਾ ਕਰਕੇ ਮੰਦਰ ਵਿਖੇ ਨਾ ਆਵੇ।

# ਸਾਬਕਾ ਕੌਂਸਲਰ ਰਾਜਪੂਤ ਸਾਥੀਆਂ ਸਮੇਤ 'ਆਪ' ਵਿੱਚ ਸ਼ਾਮਲ

ਕੋਟ ਈਸੇ ਖਾਂ, 4 ਮਈ (ਗਾਂਧੀ/ਗੁਰਦੇਵ ਖੁਰਾਣਾ): ਸ਼੍ਰੋਮਣੀ ਅਕਾਲੀ ਦਲ ਨੂੰ ਸਥਾਨਕ ਸ਼ਹਿਰ ਕੋਟ ਈਸੇ ਖਾਂ 'ਚ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਕੋਟ ਈਸੇ ਖਾਂ ਤੋਂ ਸਵ. ਬੋਹੜ ਸਿੰਘ ਰਾਜਪੂਤ ਦੇ ਸਪੁੱਤਰ ਸਾਬਕਾ ਕੌਂਸਲਰ ਜਸਵੀਰ ਸਿੰਘ ਰਾਜਪੂਤ ਕਈ ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੂੰ ਦੇਖਦੇ ਪਾਰਟੀ ਵਿੱਚ ਸ਼ਾਮਿਲ ਹੋਏ। ਇੱਥੇ ਦੱਸਣਾ ਬਣਦਾ ਹੈ ਕਿ ਸਵ: ਬੋਹੜ ਸਿੰਘ ਰਾਜਪੂਤ ਸ਼੍ਰੋਮਣੀ ਅਕਾਲੀ ਦਲ ਦੇ ਮੰਤਰੀ ਸਵ. ਜਥੇਦਾਰ ਤੋਤਾ ਸਿੰਘ ਦੇ ਕਾਫੀ ਨਜ਼ਦੀਕੀਆਂ ਵਿੱਚੋਂ ਇੱਕ ਮੰਨੇ ਜਾਂਦੇ ਸਨ। ਕਿਉਂਕਿ ਉਹਨਾਂ ਨੇ ਸਾਰੀ ਜਿੰਦਗੀ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਲੇਖੇ ਲਾਈ ਤੇ ਉਸ ਤੋਂ ਬਾਅਦ ਉਹਨਾਂ ਦੇ ਸਪੁੱਤਰ ਜਸਵੀਰ ਸਿੰਘ ਰਾਜਪੂਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਏ ਅਤੇ ਪਾਰਟੀ ਵੱਲੋਂ ਕੌਂਸਲਰ ਵੀ ਰਹਿ ਚੁੱਕੇ ਹਨ ਪਰ ਬੀਤੀ ਸ਼ਾਮ ਜਸਵੀਰ ਸਿੰਘ ਰਾਜਪੂਤ ਕਈ ਪਰਿਵਾਰਾਂ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਪਾਰਟੀ 'ਚ ਸ਼ਾਮਲ ਕਰਨ ਲਈ ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਉਹਨਾਂ ਦੇ ਗ੍ਰਹਿ ਵਿਖੇ ਪਹੁੰਚੇ। ਇਸ ਮੌਕੇ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਬੜੇ ਮਾਣ ਸਤਿਕਾਰ ਨਾਲ ਜਸਵੀਰ ਰਾਜਪੂਤ ਅਤੇ ਉਨ੍ਹਾਂ ਦੇ ਨਾਲ ਹੋਰ ਕਈ ਪਰਿਵਾਰਾਂ ਨੂੰ ਆਮ ਆਦਮੀ ਪਾਰਟੀ ਚ ਸ਼ਾਮਿਲ ਕੀਤਾ ਗਿਆ। ਇਸ ਮੌਕੇ ਬੋਲਦਿਆਂ ਹਲਕਾ ਵਿਧਾਇਕ ਨੇ ਕਿਹਾ ਕਿ 'ਆਪ' ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸਾਬਕਾ ਕੌਂਸਲ ਜਸਵੀਰ ਸਿੰਘ ਰਾਜਪੂਤ ਤੇ ਉਨ੍ਹਾਂ ਦੇ ਨਾਲ ਕਈ ਹੋਰ ਪਰਿਵਾਰਾਂ ਦਾ 'ਆਪ' 'ਚ ਸ਼ਮੂਲੀਅਤ ਕਰਨ ਤੇ ਹਲਕੇ 'ਚ 'ਆਪ' ਨੂੰ ਬਹੁਤ ਬਲ ਮਿਲੇਗਾ। ਉਨ੍ਹਾਂ ਅੱਗੇ ਕਿਹਾ ਕਿ ਪਾਰਟੀ 'ਚ ਸ਼ਾਮਿਲ ਹੋਣ ਵਾਲੇ ਹਰੇਕ ਵਿਅਕਤੀ ਨੂੰ ਪੂਰਾ ਮਾਣ ਸਨਮਾਨ ਦਿੱਤਾ ਜਾਂਦਾ ਹੈ। ਇਸ ਮੌਕੇ ਉਹਨਾਂ ਨਾਲ ਨਗਰ ਪੰਚਾਇਤ ਕੋਟ ਈਸੇ ਖਾਂ ਦੇ ਵਾਈਸ ਪ੍ਰਧਾਨ ਸੁਮਿਤ ਕੁਮਾਰ ਬਿੱਟੂ ਮਲਹੋਤਰਾ, ਬਿਕਰਮਜੀਤ ਸ਼ਰਮਾ ਬਿੱਲਾ, ਵਿਜੇ ਕੁਮਾਰ ਧੀਰ, ਸਰਪੰਚ ਛਵਰਾਜ ਸਿੰਘ, ਕੌਂਸਲਰ ਸੁੱਚਾ ਸਿੰਘ ਪੁਰਬਾ, ਹੀਰਾ ਲਾਲ ਡਾਵਰ, ਅਮਰੀਕ ਸਿੰਘ, ਸਵਰਨ ਸਿੰਘ, ਨਿਰੰਜਨ ਸਿੰਘ, ਲਖਵੀਰ ਸਿੰਘ, ਜੱਜ ਸਿੰਘ, ਪ੍ਰਿੰਸ ਸਦਿਓੜਾ, ਕਪਿਲ ਮਹਿਤਾ, ਮਨੀ ਛਾਬੜਾ, ਚਾਹਤ ਕੰਬੋਜ, ਗਗਨ ਅਰੋੜਾ ਤੋਂ ਇਲਾਵਾ ਵੱਡੀ ਗਿਣਤੀ 'ਚ 'ਆਪ' ਵਰਕਰ, ਮੋਹਤਵਰ ਤੇ ਪਤਵੰਤੇ ਹਾਜ਼ਰ ਸਨ।



# ਪੰਜਾਬ ਦੀ ਜਵਾਨੀ ਤੇ ਪਾਣੀ ਨੂੰ ਬਚਾਉਣ ਲਈ ਮਿਲ ਕੇ ਹੰਭਲਾ ਮਾਰਨ ਦੀ ਲੋੜ : ਬੈਂਸ

ਨਵਾਂਸ਼ਹਿਰ, 4 ਮਈ (ਸੁਖਦੇਵ ਸਿੰਘ ਉੜਾਪੜ): ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਛੇੜੇ ਯੁੱਧ ਨੂੰ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀਆਂ ਗ੍ਰਾਮ ਸੁਰੱਖਿਆ ਕਮੇਟੀਆਂ, ਵਾਰਡ ਸੁਰੱਖਿਆ ਕਮੇਟੀਆਂ ਦੇ ਹਜ਼ਾਰਾਂ ਮੈਂਬਰਾਂ, ਸਰਪੰਚਾਂ, ਪੰਚਾਂ, ਨੰਬਰਦਾਰਾਂ, ਕੌਂਸਲਰਾਂ ਨੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਐਮ.ਪੀ ਮਲਵਿੰਦਰ ਸਿੰਘ ਕੰਗ, ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਤੇ ਸੰਤੋਸ਼ ਕਟਾਰੀਆ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਅਤੇ ਹੋਰਨਾਂ ਆਗੂਆਂ ਦੀ ਹਾਜ਼ਰੀ ਵਿਚ ਲੋਕ ਲਹਿਰ ਬਣਾਉਣ ਦਾ ਅਹਿਦ ਲਿਆ।

ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡੀ.ਸੀ. ਅੰਕੁਰਜੀਤ ਸਿੰਘ ਤੇ ਐਸ.ਐਸ.ਪੀ ਡਾ. ਮਹਿਤਾਬ ਸਿੰਘ ਦੀ ਅਗਵਾਈ ਹੇਠ ਕਰਵਾਏ ਵਿਸ਼ਾਲ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ 'ਪਿੰਡਾਂ ਤੇ ਸ਼ਹਿਰਾਂ ਦੇ ਪਹਿਰੇਦਾਰ' ਮੁਹਿੰਮ ਦੇ ਆਗਾਜ਼ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਪੁੱਜੇ ਸ਼ਹੀਦ ਭਗਤ ਸਿੰਘ ਨਗਰ ਵਾਸੀਆਂ ਨੇ ਐਲਾਨ ਕੀਤਾ ਕਿ ਉਹ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਲੜਾਈ ਨੂੰ ਜ਼ਿਲ੍ਹੇ ਦੇ ਹਰ ਪਿੰਡ, ਕਸਬੇ ਤੇ ਗਲੀ-ਮੁਹੱਲੇ ਤੱਕ ਲਿਜਾ ਕੇ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਅੰਜਾਮ ਤੱਕ ਪਹੁੰਚਾਉਣਗੇ।



ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੂਰੀ ਤਾਕਤ ਨਾਲ ਨਸ਼ਾ ਤਸਕਰਾਂ ਖਿਲਾਫ ਮਿਸਾਲੀ ਕਾਰਵਾਈ ਕਰਦਿਆਂ ਨਸ਼ੇ ਦੀ ਸਪਲਾਈ ਲਾਈਨ ਤੋੜਨ ਵਿਚ ਕਾਮਯਾਬ ਰਹੀ ਹੈ ਤੇ ਨਸ਼ਾ ਤਸਕਰਾਂ ਵੱਲੋਂ ਕਾਲੀ ਕਮਾਈ ਨਾਲ ਬਣਾਈਆਂ ਜਾਇਦਾਦਾਂ ਨੂੰ ਮਲੀਆ-ਮੇਟ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਹਜ਼ਾਰਾਂ ਲੋਕਾਂ ਨੂੰ ਨਸ਼ਾ ਵਿਰੋਧੀ ਮੁਹਿੰਮ ਦਾ ਹਿੱਸਾ ਬਣਨ ਤੇ ਨਸ਼ਾ ਤਸਕਰਾਂ ਦੀ ਕਿਸੇ ਵੀ ਕਿਸਮ ਦੀ ਸਹਾਇਤਾ ਨਾ ਕਰਨ ਦੀ ਸਹੁੰ ਚੁਕਾਈ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਲੋਕ ਸਭਾ ਮੈਂਬਰ ਹਲਕਾ ਅਨੰਦਪੁਰ ਸਾਹਿਬ ਮਲਵਿੰਦਰ ਸਿੰਘ ਕੰਗ ਨੇ ਇਸ ਮੌਕੇ ਸੱਦਾ ਦਿੱਤਾ ਕਿ ਲੋਕ ਨਸ਼ਾ ਵਿਰੋਧੀ ਮੁਹਿੰਮ ਵਿਚ ਮੋਹਰੀ ਭੂਮਿਕਾ ਨਿਭਾਉਣ, ਤਾਂ ਹੀ ਨਸ਼ਿਆਂ ਦੇ ਦੈਂਤ ਦਾ ਮੁਕੰਮਲ ਸਫ਼ਾਇਆ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਸਹਿਯੋਗ ਨਾਲ ਹੋਰ ਅਸਰਦਾਰ ਢੰਗ ਨਾਲ ਚਲਾ ਕੇ ਸੂਬੇ ਤੋਂ ਜਲਦ ਹੀ ਨਸ਼ੇ ਦਾ ਮੁਕੰਮਲ ਖ਼ਾਤਮਾ ਕਰ ਦਿੱਤਾ ਜਾਵੇਗਾ ਅਤੇ ਦੋ ਫੀਸਦੀ ਸਮਾਜ ਵਿਰੋਧੀ ਅਨਸਰਾਂ ਨੂੰ ਮੂੰਹ ਦੀ ਖਾਣੀ ਪਵੇਗੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਜੋਤ ਸਿੰਘ ਬੈਂਸ ਅਤੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ 'ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ ਤੇ ਪੰਜਾਬ ਦੇ ਪਾਣੀ ਦੀ ਇਕ ਬੂੰਦ ਵੀ ਕਿਸੇ ਨੂੰ ਨਹੀਂ ਦਿੱਤੀ ਜਾਵੇਗੀ। ਇਸ ਮੌਕੇ ਡੀ.ਸੀ. ਅੰਕੁਰਜੀਤ ਸਿੰਘ ਤੇ ਐਸ.ਐਸ.ਪੀ ਡਾ. ਮਹਿਤਾਬ ਸਿੰਘ ਨੇ ਜ਼ਿਲ੍ਹੇ 'ਚ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਨਸ਼ਿਆਂ ਦੀ ਰੋਕਥਾਮ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਪੰਜਾਬ ਰਾਜ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਦੇ ਉਪ ਚੇਅਰਮੈਨ ਲਲਿਤ ਮੋਹਨ ਪਾਠਕ ਬੱਲੂ, ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕਾਰਪੋਰੇਸ਼ਨ ਦੇ ਉਪ ਚੇਅਰਮੈਨ ਕੁਲਜੀਤ ਸਿੰਘ ਸਰਹਾਲ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ, ਨਗਰ ਸੁਧਾਰ ਟਰਸਟ ਨਵਾਂਸ਼ਹਿਰ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਮਾਰਕੀਟ ਕਮੇਟੀ ਨਵਾਸ਼ਹਿਰ ਦੇ ਚੇਅਰਮੈਨ ਗਗਨ ਅਗਨੀਹੋਤਰੀ, ਮਾਰਕੀਟ ਕਮੇਟੀ ਬੰਗਾ ਦੇ ਚੇਅਰਮੈਨ ਬਲਬੀਰ ਕਰਨਾਣਾ, ਨਗਰ ਕੌਂਸਲ ਨਵਾਂਸ਼ਹਿਰ ਦੇ ਪ੍ਰਧਾਨ ਬਲਵਿੰਦਰ ਕੌਰ, ਨਸ਼ਾ ਮੁਕਤੀ ਮੋਰਚਾ ਦੇ ਦੁਆਬਾ ਜ਼ੋਨ ਕੋਆਰਡੀਨੇਟਰ ਨਯਨ ਛਾਬੜਾ, ਜ਼ਿਲ੍ਹਾ ਕੋਆਰਡੀਨੇਟਰ ਤੇ ਮਾਰਕੀਟ ਕਮੇਟੀ ਬਲਾਚੌਰ ਦੇ ਚੇਅਰਮੈਨ ਸੋਠੀ ਉਧਨਵਾਲ, ਬਲਾਚੌਰ ਕੋਆਰਡੀਨੇਟਰ ਬਲਦੇਵ ਰਾਜ, ਬੰਗਾ ਕੋਆਰਡੀਨੇਟਰ ਪ੍ਰਭਜੋਤ ਸਿੰਘ ਤੇ ਨਵਾਂਸ਼ਹਿਰ ਕੋਆਰਡੀਨੇਟਰ ਵਨੀਤ ਸਿੰਘ ਜਾਡਲਾ, ਬ੍ਰਿਗੇਡੀਅਰ ਰਾਜ ਕੁਮਾਰ, ਪਰਵਿੰਦਰ ਸਿੰਘ ਢੋਟ, ਰਾਜਦੀਪ ਸ਼ਰਮਾ ਤੇ ਹੋਰ ਅਹਿਮ ਸ਼ਖ਼ਸੀਅਤਾਂ ਮੌਜੂਦ ਸਨ।

ਇਸ ਮੌਕੇ ਹਾਜ਼ਰ ਪ੍ਰਸ਼ਾਸਨਿਕ ਅਧਿਕਾਰੀਆਂ 'ਚ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ, ਸਹਾਇਕ ਕਮਿਸ਼ਨਰ (ਜ) ਰੋਹਿਤ ਜਿੰਦਲ, ਐਸ.ਡੀ.ਐਮ ਡਾ. ਅਕਸ਼ਿਤ ਕੁਮਾਰ ਜਗਦੀਪ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਸਨ। ਮੰਚ ਸੰਚਾਲਨ ਡਾ. ਸੁਰਿੰਦਰ ਪਾਲ ਅਗਨੀਹੋਤਰੀ ਵੱਲੋਂ ਬਾਖੂਬੀ ਕੀਤਾ ਗਿਆ।

# ਡੇਰਾ ਬਾਬਾ ਨਾਨਕ 'ਚ ਨਹੀਂ ਰੁਕ ਰਿਹਾ ਫੋਨ ਕਾਲਾਂ ਰਾਹੀਂ ਫਿਰੌਤੀਆਂ ਮੰਗਣ ਦਾ ਸਿਲਸਿਲਾ



ਡੇਰਾ ਬਾਬਾ ਨਾਨਕ, 4 ਮਈ (ਹੈਪੀ ਕੋਟਲੀ): ਡੇਰਾ ਬਾਬਾ ਨਾਨਕ 'ਚ ਰੁਕਣ ਦਾ ਨਾਂ ਨਹੀਂ ਲੈ ਰਿਹਾ ਫੋਨ ਕਾਲਾਂ ਜਰੀਏ ਫਰੌਤੀਆਂ ਮੰਗਣ ਤੇ ਧਮਕੀਆ ਦੇਣ ਦਾ ਸਿਲਸਿਲਾ ਇਹੋ ਜਿਹਾ ਹੀ ਇੱਕ ਮਾਮਲਾ ਪੁਲਿਸ ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਪਿੰਡ ਡੇਰਾ ਪਠਾਣਾ ਤੋਂ ਸਾਹਮਣੇ ਆਇਆ। ਜਾਣਕਾਰੀ ਦਿੰਦੇ ਹੋਏ ਸੇਵਾ ਮੁਕਤ ਫੌਜੀ ਲਖਵਿੰਦਰ ਸਿੰਘ ਤੇ ਇੰਡੀਅਨ ਆਰਮੀ ਨੌਕਰੀ ਕਰ ਰਹੇ ਉਸਦੇ ਛੋਟੇ ਭਰਾ ਪ੍ਰਗਟ ਸਿੰਘ ਨੇ ਸਾਂਝੇ ਤੌਰ ਕਿਹਾ ਕਿ ਬੀਤੀ 2 ਮਈ ਸ਼ਾਮ ਕਰੀਬ 8 ਵਜੇ ਇੱਕ ਸਵਿਫਟ ਕਾਰ ਸਵਾਰ 4 ਤੋਂ 5 ਅਣਪਛਾਤੇ ਵਿਅਕਤੀਆਂ ਉਨ੍ਹਾਂ ਦੇ ਘਰ ਆਏ ਘਰ ਦੇ ਬਾਹਰ ਲੱਗੇ ਗੇਟ ਨਾਲ ਖਿੱਚ ਧੂਅ ਕਰਕੇ ਧਮਕੀਆਂ ਦਿੰਦੇ ਹੋਏ ਚਲੇ ਗਏ। ਉਨ੍ਹਾਂ ਕਿਹਾ ਕਿ ਅਗਲੇ ਦਿਨ ਫਿਰ ਉਨ੍ਹਾਂ ਨੂੰ ਇੱਕ ਲੋਕਲ ਮੋਬਾਇਲ ਨੰਬਰ ਫੋਨ ਆਇਆ ਤੇ ਉਸ ਕਰਨ ਵਾਲੇ ਵੱਲੋਂ ਉਨ੍ਹਾਂ ਦੇ ਸਕੂਲ ਗਏ ਬੱਚਿਆਂ ਨੂੰ ਰਸਤੇ ਗਵਾਹ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ 3 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਜਦੋਂ ਉਹ ਪੁਲਿਸ ਥਾਣਾ ਕੋਟਲੀ ਸੂਰਤ ਮੱਲੀ ਵਿਖੇ ਲਿਖਤੀ ਤੌਰ ਦਰਖਾਸਤ ਦੇਣ ਪਹੁੰਚੇ ਤਾਂ ਉਸ ਟਾਇਮ ਉਨ੍ਹਾਂ ਨੂੰ ਉਸੇ ਨੰਬਰ ਤੋਂ ਫੋਨ ਆ ਗਿਆ। ਉਨ੍ਹਾਂ ਵੱਲੋਂ ਆਪਣਾ ਮੋਬਾਈਲ ਫੋਨ ਦਰਖਾਸਤ ਲਿਖ ਰਹੇ ਪੁਲਿਸ ਅਧਿਕਾਰੀ ਨੂੰ ਦੇ ਦਿੱਤਾ ਪੁਲਿਸ ਅਧਿਕਾਰੀ ਵੱਲੋਂ ਜਦੋਂ ਉਨ੍ਹਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਉਨ੍ਹਾਂ ਨੂੰ ਪਿੰਡ ਰਸੀਕੇ ਤਲਾ ਮਿਲਣ ਲਈ ਗੱਲ ਆਖੀ ਗਈ ਕਿ ਉਨ੍ਹਾਂ ਵੱਲੋਂ ਆਪਣੀ ਪ੍ਰਾਈਵੇਟ ਗੱਡੀ ਤੇ ਪੁਲਿਸ ਅਧਿਕਾਰੀਆਂ ਨੂੰ ਨਾਲ ਲੈ ਕੇ ਮੋਬਾਈਲ ਫੋਨ ਕਰ ਰਹੇ ਨੌਜਵਾਨ ਕੋਲ ਪਹੁੰਚੇ ਤਾਂ ਪੁਲਿਸ ਵੱਲੋਂ ਉਨ੍ਹਾਂ ਉਸ ਨੌਜਵਾਨ ਨੂੰ ਕਾਬੂ ਕਰ ਲਿਆ ਗਿਆ। ਇਸ ਮੌਕੇ ਪੀੜਤ ਪਰਿਵਾਰ ਦੇ ਪੰਜਾਬ ਸਰਕਾਰ ਤੇ ਪੁਲਿਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਗਈ ਫੜੇ ਗਏ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਜਦੋਂ ਪੁਲਿਸ ਥਾਣਾ ਕੋਟਲੀ ਸੂਰਤ ਮੱਲੀ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਵੱਲੋਂ ਮਾਮਲੇ ਦੀ ਬਰੀਕੀ ਨਾਲ ਜਾਂਚ ਕਰਕੇ ਬਣਦੀ ਦੀ ਕਾਰਵਾਈ ਕਰਨ ਦੀ ਗੱਲ ਆਖੀ ਗਈ।

# ਗੋਲੀ ਨਾਲ ਜ਼ਖਮੀ ਹੋਈ ਲੜਕੀ ਦਾ ਪਤਾ ਲੈਣ ਈ.ਟੀ.ਓ. ਸਿਵਲ ਹਸਪਤਾਲ ਪੁੱਜੇ

ਜੰਡਿਆਲਾ ਗੁਰੂ, 4 ਮਈ (ਰਾਮ ਸ਼ਰਨਜੀਤ ਸਿੰਘ): ਪਿਛਲੇ ਦਿਨੀ ਜੰਡਿਆਲਾ ਗੁਰੂ ਵਿਖੇ ਕੁੱਝ ਅਣਪਛਾਤੇ ਲੋਕਾਂ ਵਲੋਂ ਫਾਇਰਿੰਗ ਕੀਤੀ ਗਈ ਸੀ, ਜਿਸ ਵਿੱਚ ਦੁਕਾਨ 'ਤੇ ਕੰਮ ਕਰਨ ਵਾਲੀ ਇਕ ਲੜਕੀ ਜਿਸਦਾ ਨਾਮ ਕੋਮਲ ਪ੍ਰੀਤ ਕੌਰ ਪੁਤਰੀ ਚਰਣਜੀਤ ਸਿੰਘ ਉਮਰ 22 ਸਾਲ ਨੂੰ ਗੋਲੀ ਲੱਗਣ ਨਾਲ ਉਹ ਜ਼ਖ਼ਮੀ ਹੋ ਗਈ ਸੀ ਦਾ ਪਤਾ ਲੈਣ ਲਈ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਪੁੱਜੇ। ਕੈਬਨਿਟ ਮੰਤਰੀ ਨੇ ਡਾਕਟਰਾਂ ਕੋਲੋਂ ਲੜਕੀ ਦਾ ਹਾਲ ਚਾਲ ਜਾਣਿਆ ਅਤੇ ਕਿਹਾ ਕਿ ਇਸ ਲੜਕੀ ਦੇ ਇਲਾਜ ਵਿੱਚ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਾ ਆਉਣ ਦਿੱਤੀ ਜਾਵੇ। ਕੈਬਨਿਟ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਵੱਲੋਂ ਗੋਲਾਬਾਰੀ ਕੀਤੀ ਗਈ ਹੈ, ਉਨ੍ਹਾਂ ਦੋਸ਼ੀ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨਾਂ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਜਲਦ ਤੋਂ ਜਲਦ ਇਨਾਂ ਦੋਸ਼ੀਆਂ ਨੂੰ ਕਾਬੂ ਕੀਤਾ ਜਾਵੇ ਤੇ ਬਣਦੀ ਕਾਰਵਾਈ ਕੀਤੀ ਜਾਵੇ। ਈ.ਟੀ.ਓ. ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੰਡਿਆਲਾ ਗੁਰੂ 'ਚ ਪੁਲਿਸ ਦੀ ਗਸ਼ਤ ਨੂੰ ਵਧਾਉਣ ਦੇ ਨਿਰਦੇਸ਼ ਦੇ ਦਿੱਤੇ ਗਏ ਹਨ। ਇਸ ਮੌਕੇ ਉਨਾਂ ਦੀ ਧਰਮ ਪਤਨੀ ਸੁਰਿੰਦਰ ਕੌਰ ਵੀ ਉਨਾਂ ਦੇ ਨਾਲ ਸੀ।



# ਝੋਨੇ ਦੀਆਂ ਪਾਬੰਦੀਸ਼ੁਦਾ ਹਾਈਬ੍ਰਿਡ ਕਿਸਮਾਂ ਦੇ ਬੀਜ ਦੀ ਪਨੀਰੀ ਨਾ ਬੀਜੀ ਜਾਵੇ : ਮੁੱਖ ਖੇਤੀਬਾੜੀ ਅ.ਫਸਰ

ਗੁਰਦਾਸਪੁਰ, 4 ਮਈ (ਜਗੀਰ ਸਿੰਘ ਮੰਡ): ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਪਾਬੰਦੀ ਸ਼ੁਦਾ ਝੋਨੇ ਦੀਆਂ ਹਾਈਬ੍ਰਿਡ ਕਿਸਮਾਂ ਦੀ ਬਿਜਾਈ ਨਹੀਂ ਕਰਨੀ ਚਾਹੀਦੀ ਤਾਂ ਜੋ ਮੰਡੀਕਰਨ ਸਮੇਂ ਕਿਸੇ ਕਿਸਮ ਦੀ ਸਮੱਸਿਆ ਤੋਂ ਬਚਿਆ ਜਾ ਸਕੇ। ਝੋਨੇ ਦੀਆਂ ਸਿਫ਼ਾਰਸ਼ ਸ਼ੁਦਾ ਕਿਸਮਾਂ ਦੀ ਪਨੀਰੀ ਦੀ ਬਿਜਾਈ ਕਰਨ ਬਾਰੇ ਤਕਨੀਕੀ ਜਾਣਕਾਰੀ ਦਿੰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਪਿਛਲੇ ਸਾਲ ਮੰਡੀ ਵਿੱਚ ਝੋਨੇ ਦੇ ਮੰਡੀਕਰਨ ਸਮੇਂ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ ਜਿਸ ਨਾਲ ਕਿਸਾਨਾਂ ਨੂੰ ਵੱਡੀ ਪੱਧਰ ਤੇ ਆਰਥਿਕ ਨੁਕਸਾਨ ਹੋਇਆ ਸੀ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਪੰਜਾਬ ਸਰਕਾਰ ਵੱਲੋਂ ਹਾਈਬ੍ਰਿਡ ਕਿਸਮਾਂ ਦੇ ਬੀਜ ਦੀ ਵਿੱਕਰੀ ਅਤੇ ਲਵਾਈ ਕਰਨ ਤੇ ਪਾਬੰਦੀ ਲਗਾਈ ਹੈ ਅਤੇ ਇਸ ਸਬੰਧੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਲਗਾਤਾਰ ਕਿਸਾਨਾਂ ਇਨ੍ਹਾਂ ਕਿਸਮਾਂ ਦੀ ਲਵਾਈ ਨਾਂ ਕਰਨ ਅਤੇ ਬੀਜ ਵਿਕ੍ਰੇਤਾਵਾਂ ਨੂੰ ਇਨ੍ਹਾਂ ਕਿਸਮਾਂ ਦੇ ਬੀਜ ਦੀ ਵਿੱਕਰੀ ਨਾ ਕਰਨ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੁਝ ਕਿਸਾਨਾਂ ਵੱਲੋਂ ਗੁਆਂਢੀ ਰਾਜਾਂ ਤੋਂ ਹਾਈਬ੍ਰਿਡ ਕਿਸਮਾਂ ਦੇ ਬੀਜ ਖ਼ਰੀਦ ਕੇ ਪਨੀਰੀ ਦੀ ਬਿਜਾਈ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਜੋ ਪੰਜਾਬ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਹੈ।



ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਪੂਸਾ 44 ਅਤੇ ਹਾਈਬ੍ਰਿਡ ਕਿਸਮਾਂ ਦੇ ਬੀਜ ਦੀ ਵਰਤੋਂ ਕਰਦੀਆਂ ਪਨੀਰੀ ਦੀ ਬਿਜਾਈ ਨਾਂ ਕੀਤੀ ਜਾਵੇ ਤਾਂ ਜੋ ਬਾਅਦ ਵਿੱਚ ਕੋਈ ਮੁਸ਼ਕਲ ਦਾ ਸਾਹਮਣਾ ਨਾਂ ਕਰਨਾ ਪਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੁਆਰਾ ਸਿਫਾਰਸ਼ਸ਼ੁਦਾ ਕਿਸਮਾਂ ਦੇ ਬੀਜ ਦੀ ਖ਼ਰੀਦ ਕਰਕੇ ਹੀ ਸਮੇਂ ਸਿਰ ਪਨੀਰੀ ਦੀ ਬਿਜਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਪੀ ਆਰ 128 ਕਿਸਮ ਦੇ ਬੀਜ ਦੀ ਵਧੇਰੇ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੀ ਆਰ 128 ਅਤੇ ਹੋਰ ਕਿਸਮਾਂ ਦੀ ਪਨੀਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫ਼ਾਰਸ਼ ਕੀਤੇ ਸਮੇਂ ਤੇ ਹੀ ਕੀਤੀ ਜਾਵੇ ਅਤੇ ਫ਼ਸਲ ਨੂੰ ਯੂਰੀਆ ਖਾਦ,ਬਾਕੀ ਕਿਸਮਾਂ ਨਾਲੋਂ ਘੱਟ ਪਾਈ ਜਾਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਝੋਨੇ ਦੀ ਪਨੀਰੀ ਤੋਂ ਪਹਿਲਾ ਖੇਤ ਨੂੰ ਰੌਣੀ ਕਰ ਲੈਣਾ ਚਾਹੀਦਾ ਤਾਂ ਜੋ ਪਿਛਲੇ ਸਾਲ ਬੀਜੇ ਝੋਨੇ ਦੇ ਬੀਜ ਉੱਗ ਸਕਣ ਅਤੇ ਪਨੀਰੀ ਵਿਚ ਪਿਛਲੇ ਸਾਲ ਵਾਲੇ ਬੀਜ ਤੋਂ ਉੱਗਣ ਵਾਲੇ ਬੂਟੇ ਰਲ ਨਾਂ ਸਕਣ। ਉਨ੍ਹਾਂ ਕਿਹਾ ਕਿ ਪਨੀਰੀ ਬੀਜਣ ਤੋਂ ਪਹਿਲਾਂ ਦੇਸੀ ਰੂੜੀ ਵਰਤਣ ਨਾਲ ਪਨੀਰੀ ਸੌਖਿਆਂ ਪੁੱਟੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਨੀਰੀ ਦੀ ਬਿਜਾਈ ਕਰਨ ਤੋਂ ਪਹਿਲਾਂ 4 ਕਿੱਲੋ ਯੂਰੀਆ, 7 ਕਿੱਲੋ ਸਿੰਗਲ ਸੁਪਰਫਾਸਫੇਟ ਤੇ 3 ਕਿੱਲੋ ਜ਼ਿੰਕ ਸਲਫ਼ੇਟ 33 ਫ਼ੀਸਦੀ ਪਾ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਚੋਣ ਕੀਤੇ ਗਏ ਤੰਦਰੁਸਤ ਬੀਜ ਨੂੰ 24 ਗਰਾਮ ਸਪਰਿੰਟ ਨਾਮ ਦੀ ਉੱਲੀ ਨਾਸ਼ਕ ਪ੍ਰਤੀ 8 ਕਿੱਲੋ ਬੀਜ ਨੂੰ 100 ਮਿਲੀ ਲੀਟਰ ਪਾਣੀ 'ਚ ਘੋਲ ਕੇ ਬੀਜ ਸੋਧ ਲਿਆ ਜਾਵੇ। ਉਨ੍ਹਾਂ ਕਿਹਾ ਕਿ ਸੋਧੇ ਹੋਏ ਬੀਜ ਨੂੰ ਗਿੱਲੀਆਂ ਬੋਰੀਆਂ ਉੱਪਰ 6-7 ਮੋਟੀ ਤਹਿ ਲਗਾ ਕੇ ਖਿਲਾਰ ਕੇ ਗਿੱਲੀਆਂ ਬੋਰੀਆਂ ਨਾਲ ਢੱਕਣ ਉਪਰੰਤ ਰੋਜ਼ਾਨਾ ਪਾਣੀ ਪਾ ਕੇ ਬੋਰੀਆਂ ਨੂੰ ਗਿੱਲਾ ਰੱਖੋ। ਇਸ ਤੋਂ ਇਲਾਵਾ ਪਨੀਰੀ ਦੀ ਬਿਜਾਈ ਤੋਂ 15-20 ਦਿਨਾਂ ਬਾਅਦ 100 ਗਰਾਮ ਬਿਸਪੈਰੀਬੈਕ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪਨੀਰੀ ਦੀ ਬਿਜਾਈ ਤੋਂ 15 ਦਿਨਾਂ ਬਾਅਦ 15 ਕਿੱਲੋ ਯੂਰੀਆ ਦਾ ਛੱਟਾ ਦੇ ਦੇਣਾ ਚਾਹੀਦਾ ਤਾਂ ਜੋ ਤੰਦਰੁਸਤ ਪਨੀਰੀ ਸਮੇਂ ਸਿਰ ਤਿਆਰ ਹੋ ਸਕੇ।

# ਭਿੰਡੀ ਸੈਦਾਂ ਵਿਖੇ ਅਚਾਨਕ ਘਰਾਂ ਨੂੰ ਅੱਗ ਲੱਗਣ ਨਾਲ ਹੋਇਆ ਲੱਖਾਂ ਦਾ ਨੁਕਸਾਨ

ਚੋਗਾਵਾਂ, 4 ਮਈ (ਸੁਬੇਗ ਸਿੰਘ ਸੋਨਾ): ਜ਼ਿਲ੍ਹਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਭਿੰਡੀ ਸੈਦਾਂ ਵਿਖੇ ਅਚਾਨਕ ਅੱਗ ਦੀ ਚਿੰਗਾਰੀ ਦੇ ਨਾਲ ਘਰਾਂ ਨੂੰ ਅੱਗ ਲੱਗਣ ਕਾਰਣ ਘਰ ਦਾ ਸਾਰਾ ਸਾਮਾਨ ਸੜਕੇ ਹੋਇਆ ਸਵਾਹ ਹੋਇਆ ਲੱਖਾ ਰੁਪਏ ਦਾ ਨੁਕਸਾਨ ਪਿੰਡ ਭਿੰਡੀ ਸੈਦਾਂ ਦੇ ਵਸਨੀਕ ਬਲਕਾਰ ਸਿੰਘ, ਧਰਮਾਂ ਸਿੰਘ ਤੇ ਭੋਲੀ ਕੌਰ ਨੇ ਭਰੇ ਮਨ ਨਾਲ ਦੱਸਿਆ ਕਿ ਬੀਤੀ ਰਾਤ ਨੂੰ ਤੇਜ਼ ਤੂਫ਼ਾਨ ਦੇ ਕਾਰਣ ਅੱਗ ਦੀ ਚਿੰਗਾਰੀ ਸਾਡੇ ਘਰ ਵੱਲ ਆਈ ਤੇ ਸਾਡੇ ਘਰਾਂ ਦਾ ਸਾਰਾ ਸਾਮਾਨ ਅੱਗ ਦੀ ਲਪੇਟ ਦੇ 'ਚ ਆ ਗਿਆ ਤੇ ਸੜ ਕੇ ਸਵਾਹ ਹੋ ਗਿਆ। ਇਸ ਮੌਕੇ 'ਤੇ ਪਿੰਡ ਭਿੰਡੀ ਸੈਦਾਂ ਦੇ ਆਮ ਆਦਮੀ ਪਾਰਟੀ ਦੇ ਲਖਵਿੰਦਰ ਸਿੰਘ ਲੱਖਾ ਕੋਆਰਡੀਨੇਟਰ ਹਲਕਾ ਰਾਜਾਸਾਸੀ ਨੇ ਦੱਸਿਆ ਕਿ ਬੀਤੀ ਰਾਤ ਅੱਗ ਲੱਗਣ ਦੇ ਕਾਰਨ ਇਹਨਾਂ ਦੇ ਘਰਾਂ ਦਾ ਸਾਰਾ ਸਮਾਨ ਸੜ ਕੇ ਸਵਾਹ ਹੋ ਗਿਆ। ਇਸ ਮੌਕੇ ਚੇਅਰਮੈਨ ਮਿਆਦੀਆਂ ਨੇ ਕੌਆਰਡੀਨੇਟਰ ਲਖਵਿੰਦਰ ਸਿੰਘ ਲੱਖਾ ਨੂੰ ਵਿਸ਼ਵਾਸ ਦਵਾਇਆ ਕਿ ਅਸੀਂ ਇਸ ਗਰੀਬ ਪਰਿਵਾਰ ਦੇ ਨਾਲ ਖੜੇ ਹਾਂ ਜੋ ਵੀ ਸਰਕਾਰ ਵੱਲੋਂ ਮਾਲੀ ਸਹਾਇਤਾ ਮਿਲਦੀ ਹੈ ਉਹ ਇਨ੍ਹਾਂ ਦੇ ਤੱਕ ਪਹੁੰਚਾਈ ਜਾਵੇਗੀ।

# ਜਗਦੀਸ਼ ਮਿੱਤਰ ਵੱਲੋਂ 98ਵੇਂ ਜਨਮਦਿਨ ਮੌਕੇ ਮੰਦਰ ਨੂੰ ਇੱਕ ਲੱਖ ਦਾ ਚੈਕ ਭੇਟ

ਧਾਰੀਵਾਲ, 4 ਮਈ (ਅਸ਼ੋਕ ਕੁਮਰ): ਜਗਦੀਸ਼ ਮਿੱਤਰ ਨੇ ਆਰੀਆ ਸਮਾਜ ਮੰਦਰ ਵਿਖੇ ਆਪਣਾ ਅਠਾਨਵੇਂ ਜਨਮ ਦਿਨ ਹਵਨ ਯੱਗ ਕਰਕੇ ਮਨਾਇਆ। ਇਸ ਮੌਕੇ ਉਨ੍ਹਾਂ ਦੇ ਸਪੁੱਤਰ ਧਰਮਵੀਰ ਮਹਾਜਨ, ਓਮ ਪ੍ਰਕਾਸ਼ ਮਹਾਜਨ, ਪ੍ਰੇਮ ਪਾਲ ਮਹਾਜਨ, ਸੋਮ ਭੂਸਨ ਮਹਾਜਨ ਪਰਿਵਾਰ ਸਮੇਤ ਜਗਦੀਸ਼ ਮਿੱਤਲ ਦਾ ਜਨਮ ਦਿਨ ਮਨਾਉਣੇ ਹੋਏ, ਆਰੀਆ ਸਮਾਜ ਮੰਦਰ ਦੀ ਉਪਰਲੀ ਮੰਜ਼ਿਲ ਬਣਾਉਣ ਲਈ ਇਕ ਲੱਖ ਰੁਪਏ ਦਾ ਯੋਗ ਦਾਨ ਪਾਇਆ ਤੇ ਅਪਣੇ ਪਿਤਾ ਜੀ ਦੀ ਲੰਬੀ ਉਮਰ ਲਈ ਹਵਨ ਯੱਗ ਕਰਵਾਇਆ। ਇਸ ਮੌਕੇ ਆਰੀਆ ਸਮਾਜ ਦੇ ਮੁੱਖ ਪ੍ਰਚਾਰਕ ਵਿਜੇ ਸ਼ਾਸਤਰੀ ਤੇ ਉਂਕਾਰ ਸ਼ਾਸਤਰੀ ਜਿੰਨਾ ਨੇ ਵੇਦ ਮੰਤਰਾਂ ਦਾ ਉਚਾਰਣ ਕਰਨ ਤੋਂ ਇਲਾਵਾ ਜਗਦੀਸ਼ ਦੀ ਜੀਵਨ ਸ਼ੈਲੀ ਦੇ ਬਾਰੇ ਦੱਸਿਆ। ਆਈਆਂ ਹੋਈਆਂ ਸੰਗਤਾਂ ਨੇ ਰਿਸ਼ੀ ਭੋਜਨ ਸਕਿਆ।



ਇਸ ਮੌਕੇ ਆਰੀਆ ਸਮਾਜ ਮੰਦਰ ਦੇ ਮੈਂਬਰ ਸੋਮਨਾਥ ਮਹਾਜਨ, ਯੈੱਸ ਪਾਲ ਮਹਾਜਨ, ਗੁਰਬਖਸ਼ ਰਾਏ, ਰਵੀ ਮਹਾਜਨ, ਹਰੀਸ਼, ਓਮ ਪ੍ਰਕਾਸ਼, ਪੱਤਰਕਾਰ ਅਸ਼ੋਕ ਕੁਮਾਰ, ਸੁਸ਼ੀਲ ਪੁਰੀ, ਸਮਰ, ਸੂਦ, ਸਾਈਂ ਦਾਸ, ਤੋਂ ਇਲਾਵਾ ਸ਼ਹਿਰ ਵਾਸੀਆਂ ਨੇ ਹਵਨ ਯੱਗ 'ਚ ਆਪਣੀ ਹਾਜ਼ਰੀ ਲਗਵਾਈ।

# ਸੁਖਜਿੰਦਰ ਸਿੰਘ ਰੰਧਾਵਾ ਨੇ ਉੱਦੋਂ ਵਾਲੀ ਪਰਿਵਾਰ ਨਾਲ ਕੀਤਾ ਦੁੱਖ ਸਾਂਝਾ



ਡੇਰਾ ਬਾਬਾ ਨਾਨਕ, 4 ਮਈ (ਹੈਪੀ ਕੋਟਲੀ): ਬੀਤੇ ਦਿਨੀ ਪੰਜਾਬ ਦੇ ਉੱਘੇ ਲੋਕ ਗਾਇਕ ਮਹਿਰੂਮ ਅਮਰਜੀਤ ਸਿੰਘ ਗੁਰਦਾਸਪੁਰੀ ਜੀ ਧਰਮ ਪਤਨੀ ਗੁਰਦੀਪ ਕੌਰ ਆਪਣੇ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਅੱਜ ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਤੇ ਸੰਸਦ ਗੁਰਦਾਸਪੁਰ ਸੁਖਜਿੰਦਰ ਸਿੰਘ ਰੰਧਾਵਾ ਨੇ ਵਿਸ਼ੇਸ਼ ਤੌਰ ਤੇ ਪਿੰਡ ਉਧੋਵਾਲੀ ਪਹੁੰਚਕੇ ਅਮਰਜੀਤ ਸਿੰਘ ਗੁਰਦਾਸਪੁਰੀ ਜੀ ਦੀ ਧਰਮ ਪਤਨੀ ਗੁਰਦੀਪ ਕੌਰ ਦੇ ਦੇਹਾਂਤ ਦਾ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਪਰਿਵਾਰ ਨੂੰ ਹੌਂਸਲਾ ਦਿੰਦੇ ਹੋਏ ਪ੍ਰਮਾਤਮਾ ਚਰਨਾਂ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ। ਇਸ ਮੌਕੇ ਮਹਿਰੂਮ ਅਮਰਜੀਤ ਸਿੰਘ ਗੁਰਦਾਸਪੁਰੀ ਦੇ ਰਿਸ਼ਤੇ ਬਲਦੇਵ ਸਿੰਘ ਕੋਟਲੀ, ਨਰਿੰਦਰ ਸਿੰਘ ਕੋਟਲੀ, ਡਾ. ਬਲਵਿੰਦਰ ਸਿੰਘ ਉੱਦੋਵਾਲੀ, ਕਾਮਰੇਡ ਸੁਖਦੇਵ ਸਿੰਘ ਉਦੋਵਾਲੀ, ਹਰਪਾਲ ਸਿੰਘ ਰੱਬ, ਅਮਰਜੀਤ ਸਿੰਘ ਸੈਕਟਰੀ, ਰਣਬੀਰ ਸਿੰਘ ਰਾਣਾ, ਸਰਪੰਚ ਕਮਲਜੋਤ ਸਿੰਘ ਉਦੋਵਾਲੀ, ਬਿੱਟੂ ਆੜ੍ਹਤੀ, ਰਾਮ ਸਿੰਘ ਆਦਿ ਹਾਜ਼ਰ ਸਨ।

# ਬਜਰੰਗ ਦਲ ਹਿੰਦੋਸਤਾਨ ਵੱਲੋਂ ਟ੍ਰੈਫਿਕ ਇੰਚ. ਸੁਰਿੰਦਰ ਗੋਰਾਇਆ ਤੇ ਰਣਜੀਤ ਸਿੰਘ ਦਾ ਸਨਮਾਨ

ਬਟਾਲਾ, 4 ਮਈ (ਬਲਵਿੰਦਰ ਸਿੰਘ ਪੰਜਗਰਾਈਂ, ਧੰਨ ਪਾਲ ਸਿੰਘ ਕਲਸੀ): ਬਜਰੰਗ ਦਲ ਹਿੰਦੁਸਤਾਨ ਪੰਜਾਬ, ਪ੍ਰਧਾਨ ਚੰਦਰਕਾਂਤ ਮਹਾਜਨ ਵੱਲੋਂ ਬਟਾਲਾ ਦੇ ਟਰੈਫਿਕ ਇੰਚਾਰਜ ਸੁਰਿੰਦਰ ਸਿੰਘ ਗੋਰਾਇਆ ਤੇ ਏਐਸ ਆਈ ਰਣਜੀਤ ਸਿੰਘ ਨੂੰ (ਗੁਰੂ ਦੀ ਬਖਸ਼ਿਸ) ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਤੇ ਕਿਹਾ ਕਿ ਸਾਨੂੰ ਬਹੁਤ ਮਾਣ ਹੈ ਬਟਾਲਾ ਦੇ ਟਰੈਫਿਕ ਵਿਭਾਗ ਦੇ ਜਾਂਬਾਜ ਅਫ਼ਸਰ ਸੁਰਿੰਦਰ ਸਿੰਘ ਗੋਰਾਇਆ, ਥਾਣੇਦਾਰ ਰਣਜੀਤ ਸਿੰਘ ਤੇ ਉਨ੍ਹਾਂ ਦੀ ਸਮੁੱਚੀ ਟੀਮ ਉੱਪਰ। ਮਹਾਜਨ ਨੇ ਕਿਹਾ ਕਿ ਬਟਾਲਾ ਪੁਲਿਸ ਦਾ ਟ੍ਰੈਫਿਕ ਵਿਭਾਗ, ਪੂਰੀ ਲਗਨ, ਦ੍ਰਿੜਤਾ, ਇਮਾਨਦਾਰੀ ਅਤੇ ਪੂਰੀ ਮੁਸਤੈਦੀ ਨਾਲ ਆਪਣੇ ਫਰਜ਼ ਨਿਭਾ ਰਿਹਾ ਹੈ। ਉਹਨਾਂ ਕਿਹਾ ਕਿ ਪਿਛਲੇ ਦਿਨੀ ਲੱਗੇ ਧਰਨੇ ਦੌਰਾਨ, ਉਨਾਂ ਜਿਸ ਦਲੇਰੀ ਅਤੇ ਦੁਸਾਹਸ ਨਾਲ ਪੀੜਤ ਨੌਜਵਾਨ ਦੀ ਮਦਦ ਕਰਕੇ ਉਸਦੀ ਜਾਨ ਬੱਚਾਈ, ਉਹ ਬਹੁਤ ਹੀ ਸ਼ਾਲਾਘਾਯੋਗ ਕੰਮ ਹੈ। ਇਸ ਮੌਕੇ ਟ੍ਰੈਫ਼ਿਕ ਇੰਚਾਰਜ ਗੋਰਾਇਆ ਨੇ ਕਿਹਾ ਕਿ ਜਨਤਾ ਨੂੰ ਭੈਅ ਮੁਕਤ ਅਤੇ ਸਾਫ਼ ਸੁਥਰਾ ਵਾਤਾਵਰਨ ਦੇਣ ਲਈ ਬਟਾਲਾ ਪੁਲਿਸ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ। ਉਹਨਾਂ ਕਿਹਾ ਕਿ ਮਾਨਯੋਗ ਐਸਐਸਪੀ ਸ੍ਰੀ ਸੁਹੇਲ ਮੀਰ ਕਾਸਮ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਉਹਨਾਂ ਦੇ ਹੁਕਮਾਂ ਤਹਿਤ , ਮੈਂ ਅਤੇ ਮੇਰੀ ਟੀਮ ਦੇ ਸਾਥੀ ਆਪਣੀ ਡਿਊਟੀ, ਪੂਰੀ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਨਿਭਾ ਰਹੇ ਹਾਂ। ਉਨ੍ਹਾਂ ਹੋਰ ਕਿਹਾ ਕਿ ਜਦੋਂ ਤੁਹਾਡੇ ਸੁਹਿਰਦ ਅਫ਼ਸਰ ਤੁਹਾਡੀ ਪਿੱਠ 'ਤੇ ਹੋਣ ਤੇ ਤੁਹਾਡੇ ਅੰਦਰ ਜਨਤਾ ਲਈ ਕੁਝ ਕਰ ਗੁਜ਼ਰਨ ਦਾ ਜਜ਼ਬਾ ਹੋਵੇ, ਤਾਂ ਤੁਹਾਡੇ ਵਿੱਚ ਹੌਸਲਾ ਅਤੇ ਚੰਗੇ ਕੰਮਾਂ ਲਈ ਦ੍ਰਿੜ ਇੱਛਾ ਸ਼ਕਤੀ ਵੀ ਪੈਦਾ ਹੁੰਦੀ ਹੈ। ਉਨ੍ਹਾਂ ਸ਼ਰਾਰਤੀ ਅਨਸਰਾਂ, ਨਸ਼ੇ ਦੇ ਸੌਦਾਗਰਾਂ, ਭੂੰਡ ਆਸ਼ਕਾਂ, ਮੋਟਰਸਾਈਕਲਾਂ ਦੇ ਪਟਾਕੇ ਮਰਵਾਉਣ ਵਾਲੇ ਅਤੇ (ਸਨੈਚਰਜ) ਲੋਟੂ ਟੋਲੇ ਅਤੇ ਵਾਹਨਾਂ ਦੇ ਅਧੂਰੇ ਕਾਗਜਾਂ ਵਾਲਿਆਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਪੰਜਾਬ ਪੁਲਿਸ ਆਪਣੀ ਡਿਊਟੀ ਪ੍ਰਤੀ ਪੂਰੀ ਤਰਾਂ ਨਾਲ ਮੁਸਤੈਦ ਹੋ ਕੇ ਕੰਮ ਕਰਦੀ ਹੈ। ਕਿਸੇ ਵੀ ਗਲਤ ਅਨਸਰ ਨੂੰ ਬਖਸ਼ਿਆਂ ਨਹੀਂ ਜਾਵੇਗਾ। ਉਹਨਾਂ ਕਿਹਾ ਕਿ ਅਸੀਂ ਲੋਕਾਂ ਦਾ ਸਹਿਯੋਗ ਲੈਕੇ, ਲੋਕਾਂ ਦੇ ਵਿਸ਼ਵਾਸ ਨੂੰ ਕਾਇਮ ਰੱਖਣਾ ਹੈ, ਭੈੜੇ ਅਨਸਰਾਂ ਨੂੰ ਫੜ ਕੇ ਜੇਲ੍ਹਾਂ ਅੰਦਰ ਡੱਕਣਾ ਹੈ। ਇਸ ਮੌਕੇ ਥਾਣੇਦਾਰ ਰਣਜੀਤ ਸਿੰਘ, ਥਾਣੇਦਾਰ ਕਮਲ ਕੁਮਾਰ, ਥਾਣੇਦਾਰ ਸੁਖਵਿੰਦਰ ਸਿੰਘ, ਥਾਣੇਦਾਰ ਭੂਪਿੰਦਰ ਸਿੰਘ, ਸੁਖਦੇਵ ਸਿੰਘ ਤੇ ਹੋਰ ਵੀ ਮੁਲਾਜ਼ਮ ਹਾਜ਼ਰ ਸਨ।



# ਐੱਚ.ਆਰ.ਏ. ਇੰਟਰਨੈਸ਼ਨਲ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ

ਗੁਰਦਾਸਪੁਰ, 4 ਮਈ (ਜਸਵਿੰਦਰ ਸਿੰਘ): ਆਈ.ਸੀ.ਐੱਸ.ਈ ਤੇ ਆਈ.ਐੱਸ.ਸੀ. ਬੋਰਡ ਵੱਲੋਂ ਐਲਾਨੇ ਗਏ ਦਸਵੀਂ ਤੇ ਬਾਰ੍ਹਵੀਂ ਕਲਾਸ ਦੇ ਨਤੀਜਿਆਂ 'ਚੋਂ ਐੱਚ.ਆਰ.ਏ ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਸਕੂਲ ਦੇ ਚੇਅਰਮੈਨ ਸੱਤਿਆ ਸੇਨ ਅਗਰਵਾਲ ਨੇ ਦੱਸਿਆ ਕਿ ਸ਼ੈਸ਼ਨ 2024- 25 ਵਿੱਚ ਕੁੱਲ 118 ਵਿਦਿਆਰਥੀਆਂ ਨੇ ਦਸਵੀਂ ਦੀ ਪ੍ਰੀਖਿਆ ਦਿੱਤੀ ਜਿਨ੍ਹਾਂ ਵਿੱਚੋਂ ਪਹਿਲਾ ਸਥਾਨ ਗਰੀਸ਼ਾ (97%) ਦੂਜਾ ਸਥਾਨ ਅੰਕਿਤਾ (96.4%) ਤੀਜਾ ਸਥਾਨ ਗੁਰਮਨ ਕੌਰ (94.4%) ਤੇ ਚੌਥਾ ਸਥਾਨ ਕਰਨਬੀਰ (94.2%) ਨੇ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਂ ਰੌਸ਼ਨ ਕੀਤਾ। ਇਸ ਤੋਂ ਇਲਾਵਾ ਅਦਿਤੀ (93.4%), ਦਿਵਿਆ (93.2%), ਸਹਿਜਪ੍ਰੀਤ ਸਿੰਘ (92.8%), ਤਰਨਪ੍ਰੀਤ ਕੌਰ (91.2), ਪੂਨਮ ਸ਼ਰਮਾ ( 90.6), ਇਸ਼ਮੀਤ ਕੌਰ (90.6%) ਤੇ ਅੰਮ੍ਰਿਤਜੋਤ ਸਿੰਘ (90.4%) ਆਦਿ ਵਿਦਿਆਰਥੀਆਂ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ ਹਨ। ਚੇਅਰਮੈਨ ਨੇ ਦੱਸਿਆ ਕਿ ਇਸ ਸਾਲ ਬਾਰਵੀਂ ਕਲਾਸ ਦੀ ਤਕਰੀਬਨ 37 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ। ਜਿਨ੍ਹਾਂ 'ਚੋਂ ਪਹਿਲਾ ਸਥਾਨ ਹਰਸ਼ਿਤਾ (ਆਰਟਸ) (91.25%) ਦੂਜਾ ਸਥਾਨ ਰਵਨੀਤ ਕੌਰ (ਮੈਡੀਕਲ) (90.75%), ਤੀਜਾ ਸਥਾਨ ਸ਼ਿਵਮ ਸ਼ਰਮਾ (ਕਾਮਰਸ) (89.25%) ਤੇ ਮੰਨਤ ( ਆਰਟਸ) (89.75) ਨੇ ਪ੍ਰਾਪਤ ਕੀਤਾ। ਜੋਬਨ ਪ੍ਰੀਤ ਸਿੰਘ (ਮੈਡੀਕਲ) (88%), ਚੰਦਨ ਬੈਂਸ (ਨੋਨ-ਮੈਡੀਕਲ) (86.50), ਹਰਪੁਨੀਤ ਕੌਰ (ਮੈਡੀਕਲ) (88%), ਪਰਨੀਤ ਕੌਰ (ਮੈਡੀਕਲ) (87.5%), ਜਸ਼ਨਪ੍ਰੀਤ ਕੌਰ (ਮੈਡੀਕਲ) (85.75%) ਤੇ ਅਮੀਤੋਜ (ਕਾਮਰਸ) (81.25%) ਆਦਿ ਨੇ ਸ਼ਾਨਦਾਰ ਅੰਕ ਪ੍ਰਾਪਤ ਕਰ ਕੇ ਆਪਣੇ ਸਕੂਲ ਦਾ ਮਾਣ ਵਧਾਇਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਾਡੇ ਸਕੂਲ ਦੇ ਬਾਕੀ ਵਿਦਿਆਰਥੀਆਂ ਨੇ ਵੀ ਦਸਵੀਂ ਤੇ ਬਾਰਵੀਂ ਕਲਾਸ ਵਿੱਚੋਂ ਬਹੁਤ ਹੀ ਵਧੀਆ ਅੰਕ ਪ੍ਰਾਪਤ ਕੀਤੇ ਹਨ। ਸਕੂਲ ਦੇ ਚੇਅਰਮੈਨ ਸੱਤਿਆ ਸੇਨ ਅਗਰਵਾਲ ਨੇ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਤੇ ਚੇਅਰਮੈਨ ਨੇ ਕਿਹਾ ਕਿ ਇਸ ਸ਼ਾਨਦਾਰ ਜਿੱਤ ਦਾ ਸਿਹਰਾ ਮਿਹਨਤੀ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਸਿਰ 'ਤੇ ਬੱਝਦਾ ਹੈਂ। ਇਸ ਮੌਕੇ 'ਤੇ ਆਂਚਲ ਅਗਰਵਾਲ, ਨੀਲੋਫਰ, ਸਵੀਨ ਪੁਰੀ ਤੇ ਨਵਦੀਪ ਕੌਰ ਨੇ 10ਵੀਂ ਤੇ 12ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਧੀਆ ਅੰਕ ਪ੍ਰਾਪਤ ਕਰਨ ਲਈ ਵਧਾਈ ਦਿੱਤੀ ਤੇ ਉਸ ਸਮੇਂ ਸਕੂਲ ਦੇ ਸਟਾਫ ਮੈਂਬਰ ਵੀ ਮੌਜੂਦ ਸਨ।



## ਸਿਲੇਖਵਾਰ ਇਸ਼ਤਿਹਾਰ/Classified Advertisements

**In the Court of Sh. Abhay Rajan Shukla Judicial Magistrate Ist Class-3**
CNR No. PBSA03-014992-2023
Next Date: 01.08.2025
NACT/862/2023
M/s Hella Infra Market Retail Pvt Ltd.
Versus
M/s Bhullar Traders
Notice to: 1.) M/S Bhullar Traders Khasra No 57-58, Hayat Nagar Mour Kala Nagar Gurdaspur (Pin Code 143521) Through Its Proprietor/Owner Dalbagh Singh 2.)Dalbagh Singh, Proprietor/Owner Of Bhullar Traders Khasra No. 57-58 Hayat Nagar Mour Kala Nangal Gurdaspur (Pin Code 143521)
In above titled case the accused could not be served. It is ordered that accused should appear in person or through counsel on **01.08.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 29-04-2025
**Sd/- Judicial Magistrate Ist Class-3**

**(U/o 5 Rule 20 CPC)**
**In the Court of Sh. Jagmohan Singh Sanghe Principal Judge, Family Court, Jalandhar**
CNR No.- PBJL01-018036-2024
Next Date:- 03-07-2025
DMC/2426/2024
Babita W/O Karan Kumar Nayyar Address: 113/A Gali No 1 Hargobind Nagar Jalandhar
Versus
Karan Kumar Nayyar S/O Raman Kumar Nayyar Address:23/10 Gali No 13 Sanjay Gandhi Nagar Jalandhar
Petition Under Section 13 Of Hindu Marriage Act For Dissolution Of Marriage By A Decree Of Divorce.
Notice to: Karan Kumar Nayyar Father::-Raman Kumar Nayyar 23/10 Gali No 13 Sanjay Gandhi Nagar Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **03.07.2025** at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 29-04-2025
**Sd/- Principal Judge, Family Court, Jalandhar**

**(U/o 5 Rule 20 CPC)**
**In the Court of Sh. Jagmohan Singh Sanghe Principal Judge, Family Court, Jalandhar**
CNR No. PBJL01-010357-2024
Next Date: 08.07.2025
HMA/176/2024
Sahil S/O Sardari Lal Address:Gali No 3 Ram Sharan Colony Basti Danishmanda Jalandhar
Versus
Priya Rani W/O Sahil D/O Rajesh Kumar Address: Guru Ravidass Mandir Factory Area Patiala
Petition Under Section 9 of The Hindu Marriage Act, 1955 For Restitution of Conjugal Right
Notice to: Priya Rani Spouse::-Sahil D/O Rajesh Kumar Guru Ravidass Mandir Factory Area Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **08.07.2025** at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 25-04-2025
**Sd/- Principal Judge, Family Court, Jalandhar**

**(U/o 5 Rule 20 CPC)**
**In the Court of Ms. Manni Arora Civil Judge (Junior Division), Patiala**
CNR No. PBPT02-003445-2021
Next Date: 04.07.2025
State Bank Of India Through Chief Manager
Versus
M/S Ahuja Confectionery Store
Notice to: 1.M/S Ahuja Confectionery Store C/O Main Road, Badungarh, Patiala Through Its Prop. Navdeep Kumar 2. Navdeep Kumar S/O Jagdish Kumar, Prop.Ahuja Confectionery Store Residence Of 333, New Basti Badungar, Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.07.2025** at 10:00 A.M.
For details logon to https://highcourtchd.gov.in/?mod=district_notice&district=Patiala
Dated, this day of 29-04-2025
**Sd/- Civil Judge (Senior Division), Patiala**

**Criminal Courts, Ludhiana**
**In the Court of Dr. Jasveer Singh Judicial Magistrate - Ist Class, Ludhiana**
**Next Date, Purpose of case, Orders and Judgments as well as other case Information is available on http://ecourts.gov.in**
CNR No.PBLD03-067739-2022
Next Date:- 09/06/2024
COMA/4497/2022
U/S:-138 Of N.I Act
Rajkanwal Singh
Versus
Hardeep Kaur
Publication Notice For Proclamation Under Section 82 CR.PC
To.
Hardeep Kaur Wife of Sanjeet Singh R/o Maan Patti Village Mangwal, Sangrur. M.No:-62390-04820
Whereas It has been proved to the satisfaction of the Court that You, the accused above named cannot be served in the ordinary way of service. Hence, this proclamation under section 82 CRPC is hereby Issued against you with a direction that you should appear personally before the court on 09-06-2025 AT 10.00 am. or within 30 days from the date of publication of this proclamation.
Take notice that, in default of your part to appear as directed above, the above sald case will be heard and determined as per law, In your absence.
Given under my hand and the seal of the Court, this FOR DETAILS LOGIN TO https://highcourtchd.gov.in/?trs-district notice&district ludhiana
**Sd/- Judicial Magistrate -Ist Class, Ludhiana**

**(U/o 5 Rule 20 CPC)**
**In the Court of Sh. Yukti Goyal Principal Judge Family Court, Khanna**
CNR No:- PBLDF2-000171-2023
Next Date:- 04-07-2025
HMA/113/2023
Asha Rani
Versus
Rohit
Notice to: Rohit:- S/o Maru R/o Street No. 1, Guru Teg Bahadur Nagar, Near Ashok Jewellar, Khanna, District Ludhiana.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 23.04.2025
**Sd/- Principal Judge Family Court, Khanna**

**(U/o 5 Rule 20 CPC)**
**(Succession Case)**
**In the Court of Ms. Karandeep Kaur Additional Civil Judge (Senior Division), Jagraon**
CNR No. PBLDE0-000446-2025
Next Date:02.07.2025
Karamjit Kaur
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **02.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 17-04-2025
**Sd/- Additional Civil Judge (Senior Division), Jagraon**

**(U/o 5 Rule 20 CPC)**
**In the Court of Ms. Papneet Civil Judge (Junior Division), Balachaur**
CNR No:- PBSBA0-000031-2023
Next Date:- 03-07-2025
CS/12/2023
Lovey Kumar
Versus
General Public
Notice to: General Public SBS Nagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **03.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 29-04-2025
**Sd/- Civil Judge (Junior Division), Balachaur**

**(U/o 5 Rule 20 CPC)**
**In the Court of Sh. Pritpal Singh Principal Judge Family Court, Gurdaspur**
CNR No. PBGD01-010004-2024
Next Date: 04.07.2025
HMA-688-2024
Rupinder Kaur Sandhu
Versus
Sukhjeet Singh Sandhu
Notice to: Sukhjeet Singh Sandhu Son:- Rattan Singh R/o Village VPO Bishankot, Tehsil and District Gurdaspur 143512
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.**07.2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated, this day of 29-04-2025
**Sd/- Principal Judge Family Court, Gurdaspur**

**(U/o 5 Rule 20 CPC)**
**(Under Guardian and Ward Act)**
**In the Court of Ms. Rana Kanwardeep Kaur Chahal Prinicpal Judge, Family Court Camp at Phagwara, Phagwara**
CNR No. PBKPF2-000336-2024
Next Date: 04.07.2025
Sajan Malhotra
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.**07.2025 at 10:00 A.M.
For details logon to https://highcourtchd.gov.in/?mod=district_notice&district=Kapurthala
Dated, this day of 25-04-2025
**Sd/- Prinicpal Judge, Family Court Camp at Phagwara, Phagwara**

**(U/o 5 Rule 20 CPC)**
**In the Court of Sh. Hem Amrit Mahi Additional Civil Judge Senior Division-1, Fazilka**
CNR No. PBFZC1-000899-2023
Next Date: 05.07.2025
Rakesh Kumar
Versus
General Public
Notice to: General Public:- General Public. Fazilka
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **05.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09-04-2025
**Sd/- Additional Civil Judge Senior Division-1, Fazilka**

**(U/o 5 Rule 20 CPC)**
**In the Court of Ms. Ankita Dhawan Civil Judge (Junior Division), Khamanon**
CNR No:- PBFGB0-000205-2024
Next Date:- 27-05-2025
Kuldeep Kaur
Versus
Mohan Singh
Notice to: 3 LR 1 Gurtej Singh S/o Gurbakhsh Singh son of Ajmer Singh s/o Jeon singh 3 LR 2 Harinder Singh @ Bhola S/o Gurbakhsh Singh son of Ajmer Singh s/o Jeon singh 4 Baldev Singh S/o Ajmer Singh s/o Jeon singh (now Deceased) through LR Harjit Singh S/o late Baldev singh all R/o Ward no. 3, Khamanon (Khamanon Kalan Patti Baba Ram Singh) Tehsil Khamanon, District Fatehgarh Sahib 6 Jagtar Singh S/o Sucha Singh S/o Chotta Singh 7 Daljit kaur D/o Sucha Singh S/o Chotta Singh 8 Bhago D/o Sucha Singh S/o Chotta Singh 9 Karmo D/o Sucha Singh S/o Chotta Singh all R/o Ward no 7 khamanon Tehsil Khamanon District fatehgarh Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 23.04.2025
**Sd/- Civil Judge (Junior Division), Khamanon**

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
**-ਇਸ਼ਤਿਹਾਰ ਮੈਨੇਜਰ**

# ਮੇਅਰ ਦੇ ਮਾਤਾ ਦੇ ਭੋਗ ਅਤੇ ਅੰਤਿਮ ਅਰਦਾਸ ਵਿੱਚ ਹਰ ਵਰਗ ਦੇ ਲੋਕ ਹੋਏ ਸ਼ਾਮਲ

ਲੁਧਿਆਣਾ,ਮਈ 4 (ਵਿਸ਼ਾਲ ਸ਼ਰਮਾਂ) ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਦੇ ਮਾਤਾ ਸਰਬਜੀਤ ਕੌਰ ਜਿਨ੍ਹਾਂ ਦਾ ਹਾਲ ਹੀ ਵਿੱਚ ਦੇਹਾਂਤ ਹੋ ਗਿਆ ਸੀ ਨੂੰ ਐਤਵਾਰ ਦੋਰਾਹਾ ਦੇ ਗੁਰਦੁਆਰਾ ਸ਼੍ਰੀ ਦਮਦਮਾ ਸਾਹਿਬ ਵਿਖੇ ਉਹਨਾਂ ਦੀ ਅੰਤਿਮ ਅਰਦਾਸ ਵਿੱਚ ਹਰ ਵਰਗ ਦੇ ਲੋਕਾਂ ਨੇ ਸ਼ਰਧਾਂਜਲੀ ਭੇਟ ਕੀਤੀ। ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ, ਰਾਜ ਸਭਾ ਐਮ.ਪੀ ਸੰਜੀਵ ਅਰੋੜਾ,ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ, ਲੁਧਿਆਣਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ,ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ,ਲੁਧਿਆਣਾ ਉੱਤਰੀ ਦੇ ਵਿਧਾਇਕ ਮਦਨ ਲਾਲ ਬੱਗਾ, ਲੁਧਿਆਣਾ ਦੱਖਣੀ ਦੇ ਵਿਧਾਇਕ ਰਜਿੰਦਰ ਪਾਲ ਕੌਰ ਛੀਨਾ,ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ,ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ,ਡਿਪਟੀ ਮੇਅਰ ਪ੍ਰਿੰਸ ਜੌਹਰ, ਮਰਹੂਮ ਵਿਧਾਇਕ ਗੁਰਪ੍ਰੀਤ ਗੋਗੀ ਦੀ ਪਤਨੀ ਅਤੇ ਪੇਡਾ ਦੀ ਚੇਅਰਪਰਸਨ ਡਾ ਸੁਖਚੈਨ ਕੌਰ ਬੱਸੀ, ਮਾਰਕਫੈੱਡ ਦੇ ਚੇਅਰਮੈਨ ਅਮਨਦੀਪ ਸਿੰਘ ਮੋਹੀ, ਚੇਅਰਮੈਨ ਨਵਜੋਤ ਜਰਗ, ਚੇਅਰਮੈਨ ਸੁਰੇਸ਼ ਗੋਇਲ, ਚੇਅਰਮੈਨ ਸ਼ਰਨਪਾਲ ਸਿੰਘ ਮੱਕੜ,ਦੋਰਾਹਾ ਨਗਰ ਕੌਂਸਲ ਦੇ ਪ੍ਰਧਾਨ ਸੁਦਰਸ਼ਨ ਕੁਮਾਰ ਸ਼ਰਮਾ,ਆਲ ਟਰੇਡ ਯੂਨੀਅਨ ਦੇ ਪ੍ਰਧਾਨ ਬੌਬੀ ਤਿਵਾੜੀ, ਰਾਹੁਲ ਰਿੱਕੀ ਸਮੇਤ ਹੋਰ ਕੌਂਸਲਰਾਂ ਅਤੇ ਨਗਰ ਨਿਗਮ ਲੁਧਿਆਣਾ ਦੇ ਅਧਿਕਾਰੀਆਂ ਨੇ ਵਿਛੜੀ ਆਤਮਾ ਨੂੰ ਅੰਤਿਮ ਸ਼ਰਧਾਂਜਲੀ ਭੇਟ ਕੀਤੀ।ਪਾਰਟੀ ਲਾਈਨਾਂ ਤੋਂ ਉੱਪਰ ਉੱਠ ਕੇ, ਪਾਇਲ ਦੇ ਸਾਬਕਾ ਵਿਧਾਇਕ ਲਖਵੀਰ ਲੱਖਾ,ਲੁਧਿਆਣਾ ਪੂਰਬੀ ਦੇ ਸਾਬਕਾ ਵਿਧਾਇਕ ਰਣਜੀਤ ਸਿੰਘ ਢਿੱਲੋਂ,ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ,ਅਕਾਲੀ ਆਗੂ ਪ੍ਰਿਤਪਾਲ ਸਿੰਘ ਪਾਲੀ ਸਮੇਤ ਹੋਰ ਪਾਰਟੀਆਂ ਦੇ ਕਈ ਆਗੂਆਂ ਨੇ ਵੀ ਵਿਛੜੀ ਆਤਮਾ ਨੂੰ ਅੰਤਿਮ ਸ਼ਰਧਾਂਜਲੀ ਭੇਟ ਕੀਤੀ। ਮਾਤਾ ਸਰਬਜੀਤ ਕੌਰ ਨੂੰ ਅੰਤਿਮ ਸ਼ਰਧਾਂਜਲੀ ਭੇਟ ਕਰਦੇ ਹੋਏ, ਰਾਜ ਸਭਾ ਐਮ.ਪੀ ਸੰਜੀਵ ਅਰੋੜਾ ਨੇ ਦੋਰਾਹਾ ਵਿੱਚ ਸ਼ਮਸ਼ਾਨਘਾਟ ਦੀ ਦੇਖਭਾਲ ਅਤੇ ਰੱਖ-ਰਖਾਅ ਲਈ 5 ਲੱਖ ਰੁਪਏ ਦਾ ਐਲਾਨ ਵੀ ਕੀਤਾ।ਸਾਰਿਆਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਦੁਖੀ ਪਰਿਵਾਰ ਨੂੰ ਇਸ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਸਹਿਣ ਕਰਨ ਦੀ ਤਾਕਤ ਦੇਣ ਅਤੇ ਵਿਛੜੀ ਆਤਮਾ ਨੂੰ ਸਦੀਵੀ ਸ਼ਾਂਤੀ ਦੇਣ।

# ਬਠਿੰਡਾ ਦੋਹਰਾ ਕਤਲ ਕਾਂਡ: ਮੁਟਿਆਰ ਕਤਲ ਤੋਂ ਬਾਅਦ ਆਤਮਹੱਤਿਆ ਕਰਨ ਵਾਲੇ ਨੌਜਵਾਨ 'ਤੇ ਕੇਸ ਦਰਜ





ਬਠਿੰਡਾ, 4 ਮਈ (ਦੀਪਕ ਸ਼ਰਮਾ) : ਸ਼ਹਿਰ ਦੇ ਪਰਸਰਾਮ ਨਗਰ ਗਲੀ ਨੰਬਰ 29 'ਚ ਰਹਿ ਰਹੀ ਇੱਕ ਮੁਟਿਆਰ ਨੂੰ ਗੋਲੀ ਮਾਰ ਕੇ ਕਤਲ ਕਰਨ ਅਤੇ ਫਿਰ ਆਪਣੇ ਆਪ ਨੂੰ ਵੀ ਗੋਲੀ ਮਾਰ ਕੇ ਖੁਦਕੁਸ਼ੀ ਕਰਨ ਵਾਲੇ ਨੌਜਵਾਨ ਦੇ ਮਾਮਲੇ ਵਿੱਚ ਥਾਣਾ ਕੈਨਾਲ ਕਾਲੋਨੀ ਪੁਲਿਸ ਨੇ ਸ਼੍ਰੀ ਗੰਗਾਨਗਰ ਨਿਵਾਸੀ 22 ਸਾਲਾ ਮ੍ਰਿਤਕ ਨੌਜਵਾਨ ਹਿਤੇਸ਼ ਅਰੋੜਾ ਦੇ ਖ਼ਿਲਾਫ਼ ਕਤਲ ਅਤੇ ਅਸਲਾ ਐਕਟ ਹੇਠ ਮੁਕੱਦਮਾ ਦਰਜ ਕਰ ਲਿਆ ਹੈ। ਪੁਲਿਸ ਨੇ ਇਹ ਕਾਰਵਾਈ ਮ੍ਰਿਤਕ ਲੜਕੀ ਦੀ ਮਾਂ ਮੋਨਿਕਾ ਰਾਣੀ ਦੇ ਬਿਆਨਾਂ 'ਤੇ ਕੀਤੀ ਹੈ। ਐਤਵਾਰ ਨੂੰ ਪੁਲਿਸ ਨੇ ਦੋਵਾਂ ਦੀਆਂ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀਆਂ। ਹਾਲਾਂਕਿ, ਪੁਲਿਸ ਅਤੇ ਪਰਿਵਾਰਕ ਮੈਂਬਰਾਂ ਨੂੰ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਦੋਹਾਂ ਦੇ ਵਿਚਕਾਰ ਇਸ ਤਰ੍ਹਾਂ ਦਾ ਕੀ ਵਾਪਰਿਆ ਜੋ ਉਨ੍ਹਾਂ ਨੇ ਇਸ ਖ਼ਤਰਨਾਕ ਕਦਮ ਨੂੰ ਚੁਣਿਆ। ਪੁਲਿਸ ਹਾਲੇ ਇਸ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਦੋਹਾਂ ਦੇ ਮੋਬਾਈਲ ਫੋਨਾਂ ਦੇ ਰਿਕਾਰਡਾਂ ਅਤੇ ਉਨ੍ਹਾਂ ਦੇ ਮੈਸੇਜਾਂ ਦੀ ਜਾਂਚ ਕਰ ਰਹੀ ਹੈ, ਤਾਂ ਜੋ ਇਹ ਪਤਾ ਲੱਗ ਸਕੇ ਕਿ ਝਗੜਾ ਕਿਸ ਗੱਲ 'ਤੇ ਹੋਇਆ। ਨਾਲ ਹੀ, ਪੁਲਿਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਵਾਰਦਾਤ 'ਚ ਵਰਤੀ ਗਈ ਪਿਸਟਲ ਕਾਨੂੰਨੀ ਸੀ ਜਾਂ ਗੈਰਕਾਨੂੰਨੀ। ਦੱਸਣਯੋਗ ਹੈ ਕਿ ਮ੍ਰਿਤਕ ਯੁਵਤੀ ਆਪਣੇ ਘਰ ਦੀ ਇਕਲੌਤੀ ਬੇਟੀ ਸੀ, ਜੋ ਕਿ ਪਿਛਲੇ 15 ਸਾਲਾਂ ਤੋਂ ਆਪਣੀ ਮਾਂ ਦੇ ਨਾਲ ਬਠਿੰਡਾ ਵਿੱਚ ਇੱਕ ਕਿਰਾਏ ਦੇ ਘਰ 'ਚ ਰਹਿ ਰਹੀ ਸੀ। ਦੂਜੇ ਪਾਸੇ, ਮ੍ਰਿਤਕ ਨੌਜਵਾਨ ਵੀ ਆਪਣੇ ਮਾਪਿਆਂ ਦਾ ਇਕਲੌਤਾ ਪੁੱਤ ਸੀ ਅਤੇ ਉਸ ਦੀਆਂ ਦੋ ਭੈਣਾਂ ਹਨ। ਜਾਣਕਾਰੀ ਅਨੁਸਾਰ ਮੋਨਿਕਾ ਵਾਸੀ ਪਟੇਲ ਨਗਰ ਅਬੋਹਰ, ਜ਼ਿਲ੍ਹਾ ਫਾਜ਼ਿਲਕਾ (ਹਾਲ ਮੌਜੂਦਾ ਕਿਰਾਏਦਾਰ, ਗਲੀ ਨੰਬਰ 29-ਬੀ ਪਰਸਰਾਮ ਨਗਰ, ਬਠਿੰਡਾ) ਨੇ ਥਾਣਾ ਕੈਨਾਲ ਕਲੋਨੀ ਵਿਖੇ ਬਿਆਨ ਦਰਜ ਕਰਵਾਏ ਹਨ ਕਿ ਉਸ ਦਾ ਵਿਆਹ ਅਬੋਹਰ ਨਿਵਾਸੀ ਭਾਰਤ ਭੂਸ਼ਣ ਨਾਲ ਹੋਇਆ ਸੀ। ਬੇਟੀ ਦੇ ਜਨਮ ਤੋਂ ਤਿੰਨ ਸਾਲ ਬਾਅਦ, 2010 ਵਿੱਚ ਉਹ ਆਪਣੇ ਪਤੀ ਤੋਂ ਵੱਖ ਹੋ ਕੇ ਬਠਿੰਡਾ ਆ ਗਈ ਅਤੇ ਇੱਥੇ ਕਿਰਾਏ ਦੇ ਘਰ ਵਿੱਚ ਰਹਿਣ ਲੱਗੀ। ਉਸ ਨੇ ਆਪਣੀ ਬੇਟੀ ਦੀ ਪਰਵਿਰਸ਼ ਅਤੇ ਪੜ੍ਹਾਈ-ਲਿਖਾਈ ਖੁਦ ਕੀਤੀ। ਮੋਨਿਕਾ ਅਨੁਸਾਰ ਉਹ ਬਠਿੰਡਾ ਦੇ ਪਰਸਰਾਮ ਨਗਰ 'ਚ ਇੱਕ ਕੈਫੇ ਚਲਾਉਂਦੀ ਹੈ। ਮੋਨਿਕਾ ਨੇ ਦੱਸਿਆ ਕਿ ਉਸ ਦੀ ਬੇਟੀ 2020 ਤੋਂ ਸ਼੍ਰੀ ਗੰਗਾਨਗਰ ਦੇ ਟਾਈਨੀ ਟੋਸ ਸਕੂਲ 'ਚ ਪੜ੍ਹ ਰਹੀ ਸੀ ਅਤੇ ਪੀਜੀ'ਚ ਰਹਿ ਰਹੀ ਸੀ। ਪਲੱਸ ਟੂ ਦੇ ਪੇਪਰਾਂ ਤੋਂ ਬਾਅਦ ਉਹ ਆਪਣੀ ਮਾਂ ਕੋਲ ਰਹਿਣ ਆ ਗਈ ਸੀ। ਮੋਨਿਕਾ ਦੇ ਅਨੁਸਾਰ ਪੜ੍ਹਾਈ ਦੌਰਾਨ ਹੀ ਉਸ ਦੀ ਬੇਟੀ ਦੀ ਪਛਾਣ ਹਿਤੇਸ਼ ਅਰੋੜਾ ਨਾਲ ਹੋਈ ਸੀ ਅਤੇ ਦੋਹਾਂ ਵਿੱਚ ਦੋਸਤੀ ਹੋ ਗਈ। ਦੋਨੋਂ ਜਣੇ ਇੱਕ-ਦੂਜੇ ਨਾਲ ਫੋਨ 'ਤੇ ਗੱਲਬਾਤ ਕਰਦੇ ਰਹਿੰਦੇ ਸਨ ਅਤੇ ਹਿਤੇਸ਼ ਘਰ ਵੀ ਆਉਂਦਾ ਜਾਂਦਾ ਰਹਿੰਦਾ ਸੀ। ਮੋਨਿਕਾ ਨੇ ਦੱਸਿਆ ਕਿ ਹਿਤੇਸ਼ ਅਤੇ ਉਸ ਦੀ ਬੇਟੀ ਦੀ ਦੋਸਤੀ ਬਾਰੇ ਹਿਤੇਸ਼ ਦੇ ਪਰਿਵਾਰ ਨੂੰ ਵੀ ਪੂਰੀ ਜਾਣਕਾਰੀ ਸੀ। ਪੀੜਤਾ ਦੇ ਅਨੁਸਾਰ ਹਰ ਰੋਜ਼ ਵਾਂਗ ਸ਼ਨੀਵਾਰ ਨੂੰ ਵੀ ਉਹ ਆਪਣੇ ਕੈਫੇ 'ਤੇ ਚਲੀ ਗਈ ਸੀ ਅਤੇ ਉਸ ਦੀ ਬੇਟੀ ਘਰ ਵਿੱਚ ਇਕੱਲੀ ਸੀ। ਦੁਪਹਿਰ ਵੇਲੇ ਜਦੋਂ ਉਹ ਘਰ ਵਾਪਸ ਆਈ, ਤਾਂ ਵੇਖਿਆ ਕਿ ਹਿਤੇਸ਼ ਘਰ ਦੇ ਕਮਰੇ ਵਿੱਚ ਮੌਜੂਦ ਸੀ ਅਤੇ ਉਹ ਉਸ ਦੀ ਬੇਟੀ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਕਰ ਰਿਹਾ ਸੀ। ਅਚਾਨਕ ਹੀ ਹਿਤੇਸ਼ ਨੇ ਆਪਣੀ ਪਿਸਟਲ ਕੱਢੀ ਅਤੇ ਕਾਸ਼ਿਸ਼ ਦੇ ਮੱਥੇ 'ਤੇ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ, ਫਿਰ ਤੁਰੰਤ ਹੀ ਆਪਣੇ ਕੰਨਪੱਟੀ 'ਤੇ ਪਿਸਟਲ ਰੱਖ ਕੇ ਆਪ ਵੀ ਗੋਲੀ ਮਾਰ ਕੇ ਆਤਮਹੱਤਿਆ ਕਰ ਲਈ। ਮੋਨਿਕਾ ਦੇ ਦੱਸਣ ਮੁਤਾਬਿਕ ਉਸ ਨੇ ਆਸ ਪਾਸ ਦੇ ਲੋਕਾਂ ਨੂੰ ਇਕੱਠਾ ਕਰ ਕੇ ਉਨ੍ਹਾਂ ਨੂੰ ਹਸਪਤਾਲ ਲਿਜਾਣ ਦੀ ਕੋਸ਼ਿਸ਼ ਕੀਤੀ, ਪਰ ਦੋਹਾਂ ਦੀ ਮੌਤ ਹੋ ਚੁੱਕੀ ਸੀ।

# ਸੰਤ ਅਤਰ ਸਿੰਘ ਅਕਾਲ ਅਕੈਡਮੀ ਵਿਖੇ ਇਨਵੈਸਟਚਰ ਸਮਾਰੋਹ ਕਰਵਾਇਆ



ਸੰਗਰੂਰ, 4 ਮਈ (ਹਰਕੰਵਲ ਸਿੰਘ ਹੈਪੀ): ਸੰਤ ਅਤਰ ਸਿੰਘ ਅਕਾਲ ਅਕੈਡਮੀ, ਮਸਤੂਆਣਾ ਸਾਹਿਬ ਵਿਖੇ ਬੀਤੇ ਦਿਨੀਂ ਅਕਾਦਮਿਕ ਸਾਲ 2025-26 ਦਾ ਇਨਵੇਸਟਚਰ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਨਵੇਂ ਵਿਦਿਆਰਥੀ ਪ੍ਰੀਸ਼ਦ ਦੇ ਮੈਂਬਰ ਨਿਯੁਕਤ ਕੀਤੇ ਗਏ ਅਤੇ ਉਹਨਾਂ ਨੂੰ ਜ਼ਿੰਮੇਵਾਰੀਆਂ ਅਤੇ ਲੀਡਰਸ਼ਿਪ ਭੂਮਿਕਾਵਾਂ ਸੌਂਪੀਆਂ ਗਈਆਂ। ਸਕੂਲ ਵਿੱਚ ਆਯੋਜਿਤ ਇਸ ਸਮਾਰੋਹ ਵਿੱਚ ਵਿਦਿਆਰਥੀ, ਅਧਿਆਪਕ ਅਤੇ ਪ੍ਰਿੰਸੀਪਲ ਸ਼ਾਮਲ ਹੋਏ। ਸ਼ਬਦ ਗਾਇਨ ਦੇ ਨਾਲ ਸਮਾਗਮ ਦੀ ਸ਼ੁਰੂਆਤ ਕਰਨ ਉਪਰੰਤ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਵਿਦਿਆਰਥੀ ਪ੍ਰੀਸ਼ਦ ਦੇ ਆਗੂਆਂ ਨੇ ਸਕੂਲ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਅਤੇ ਸਕੂਲ ਦੀ ਬਿਹਤਰੀ ਲਈ ਕੰਮ ਕਰਨ ਦੀ ਸੌਂਹ ਚੁੱਕੀ। ਇਸ ਦੌਰਾਨ ਲਵਕਰਨ ਸਿੰਘ ਨੂੰ ਹੈੱਡ ਬੁਆਏ, ਨੀਲਪ੍ਰੀਤ ਕੌਰ ਨੂੰ ਹੈੱਡ ਗਰਲ, ਸਹਿਜੀਤ ਸਿੰਘ ਨੂੰ ਡਿਪਟੀ ਹੈੱਡ ਬੁਆਏ, ਸਿਮਰਪ੍ਰੀਤ ਕੌਰ ਨੂੰ ਡਿਪਟੀ ਹੈੱਡ ਗਰਲ, ਸਾਹਿਬਜ਼ਾਦਾ ਅਜੀਤ ਸਿੰਘ ਹਾਊਸ ਦੇ ਕਪਤਾਨ ਅਤੇ ਉੱਪ ਕਪਤਾਨ ਅਨੁਪਿੰਦਰ ਕੌਰ ਅਤੇ ਕਮਲਪ੍ਰੀਤ ਕੌਰ, ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ ਦੇ ਕਪਤਾਨ ਅਤੇ ਉੱਪ ਕਪਤਾਨ ਰਮਨਜੀਤ ਕੌਰ ਅਤੇ ਗੁਰਮਹਿੰਦਰ ਕੌਰ, ਸਾਹਿਬਜ਼ਾਦਾ ਜੋਰਾਵਰ ਸਿੰਘ ਹਾਊਸ ਦੇ ਕਪਤਾਨ ਅਤੇ ਉੱਪ ਕਪਤਾਨ ਖੁਸ਼ਪ੍ਰੀਤ ਕੌਰ ਅਤੇ ਜੈਵੀਰ ਸਿੰਘ, ਸਾਹਿਬਜ਼ਾਦਾ ਫਤਿਹ ਸਿੰਘ ਹਾਊਸ ਦੇ ਕਪਤਾਨ ਅਤੇ ਉੱਪ ਕਪਤਾਨ ਪ੍ਰਭਜੋਤ ਕੌਰ ਅਤੇ ਨੀਸ਼ੂਪ੍ਰੀਤ ਕੌਰ ਨੂੰ ਨਿਯੁਕਤ ਕੀਤਾ ਗਿਆ। ਪ੍ਰਿੰਸੀਪਲ ਸ਼੍ਰੀ ਵਿਜੇ ਪਲਾਹਾ ਨੇ ਨਵੇਂ ਚੁਣੇ ਆਗੂਆਂ ਨੂੰ ਵਧਾਈ ਦਿੱਤੀ ਅਤੇ ਲੀਡਰਸ਼ਿਪ, ਅਨੁਸ਼ਾਸਨ ਅਤੇ ਜ਼ਿੰਮੇਵਾਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਹੈੱਡ ਬੁਆਏ ਲਵਕਰਨ ਸਿੰਘ ਅਤੇ ਹੈੱਡ ਗਰਲ ਨੀਲਪ੍ਰੀਤ ਕੌਰ ਨੇ ਆਪਣੇ ਧੰਨਵਾਦੀ ਭਾਸ਼ਣ ਵਿੱਚ ਅਨੁਸ਼ਾਸਿਤ ਲੀਡਰਸ਼ਿਪ ਕਰਨ ਦਾ ਭਰੋਸਾ ਦਵਾਇਆ। ਸਕੂਲ ਦੀ ਮੈਨੇਜਮੈਂਟ ਕਮੇਟੀ ਅਤੇ ਸਟਾਫ ਨੇ ਵੀ ਨਵੇਂ ਚੁਣੇ ਵਿਦਿਆਰਥੀ ਪ੍ਰੀਸ਼ਦ ਦੇ ਆਗੂਆਂ ਨੂੰ ਤਹਿਦਿਲੋਂ ਸ਼ੁੱਭਕਾਮਨਾਵਾਂ ਦਿੱਤੀਆਂ।

### ਰੈਡ ਕਰਾਸ ਸੁਸਾਇਟੀ, ਜ਼ਿਲ੍ਹਾ ਸ਼ਾਖਾ ਪਟਿਆਲਾ
### ਪਬਲਿਕ ਨੋਟਿਸ

ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਸਥਿਤ ਰੈਡ ਕਰਾਸ ਮੁਸਾਫਿਰਖਾਨਾ ਦੁਕਾਨ ਨੂੰ 1 ਤੋਂ 3 ਸਾਲ ਦੇ ਸਮੇਂ ਲਈ ਕਿਰਾਏ 'ਤੇ ਦਿੱਤੇ ਜਾਣ ਹਿੱਤ ਚਾਹਵਾਨ ਵਿਅਕਤੀਆਂ (ਬੇਰੁਜ਼ਗਾਰ ਵਿਧਵਾ ਅਤੇ ਬੇਸਹਾਰਾ ਔਰਤਾਂ) ਪਾਸੋਂ ਮਿਤੀ 11.05.2025 ਬਾਅਦ ਦੁਪਹਿਰ 3.00 ਵਜੇ ਤੱਕ ਮੋਹਰਬੰਦ ਟੈਂਡਰ ਮੰਗੇ ਜਾਂਦੇ ਹਨ। ਇਹ ਟੈਂਡਰ ਸਬੰਧਤ ਵਿਅਕਤੀਆਂ ਦੀ ਹਾਜ਼ਰੀ ਵਿਚ ਮਿਤੀ 13.05.2025 ਨੂੰ ਬਾਅਦ ਦੁਪਹਿਰ 3.00 ਵਜੇ ਖੋਲ੍ਹੇ ਜਾਣਗੇ।
ਰੈਡ ਕਰਾਸ ਮੁਸਾਫਿਰਖਾਨਾ ਦੁਕਾਨ ਨੂੰ ਠੇਕੇ ਤੇ ਦਿੱਤੇ ਜਾਣ ਸਬੰਧੀ ਰਾਖਵੀਂ ਕੀਮਤ/ਸ਼ਰਤਾਂ ਅਤੇ ਟੈਂਡਰ ਫਾਰਮ ਰੈਡ ਕਰਾਸ ਡੀ.ਡੀ.ਆਰ. ਸੀ, ਜੇਲ੍ਹ ਰੋਡ ਪਟਿਆਲਾ ਦੇ ਦਫਤਰ ਵਿਚੋਂ 02.05.2025 ਤੋਂ 1000/- ਪ੍ਰਤੀ ਫਾਰਮ ਪ੍ਰਾਪਤ ਕੀਤੇ ਜਾ ਸਕਦੇ ਹਨ। ਟੈਂਡਰ ਖੋਲ੍ਹਣ ਵਾਲਾ ਅਧਿਕਾਰੀ ਬਿਨ੍ਹਾਂ ਕਿਸੇ ਕਾਰਨ ਇਹ ਟੈਂਡਰ ਰੱਦ ਕਰ ਸਕਦਾ ਹੈ ਅਤੇ ਟੈਂਡਰ ਰਕਮ ਘੱਟ ਹੋਣ ਦੀ ਸੂਰਤ ਵਿਚ ਖੁੱਲ੍ਹੀ ਬੋਲੀ ਵੀ ਕਰਵਾਈ ਜਾ ਸਕਦੀ ਹੈ। ਬੋਲੀ/ਟੈਂਡਰ ਪ੍ਰਕ੍ਰਿਆ ਸਬੰਧੀ ਸਾਰੇ ਹੱਕ ਡਿਪਟੀ ਕਮਿਸ਼ਨਰ ਅਤੇ ਪ੍ਰਧਾਨ ਰੈਡ ਕਰਾਸ ਸੁਸਾਇਟੀ, ਜ਼ਿਲ੍ਹਾ ਸ਼ਾਖਾ ਪਟਿਆਲਾ ਪਾਸ ਰਾਖਵੇਂ ਹੋਣਗੇ।
**ਸਹੀ/-**
**ਸਕੱਤਰ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ, ਪਟਿਆਲਾ**
**ਫੋਨ: 0175-2364443, 2311323**

### OFFICE OF THE DISTRICT & SESSIONS JUDGE, BATHINDA.
**PUBLIC NOTICE**

Applications on prescribed proforma are invited for filling up of 19 posts of Stenographer Grade-III, on adhoc basis for a period of six months or till the regular appointments are made by the Hon'ble Punjab and Haryana High Court, Chandigarh, whichever is earlier, on fixed monthly emoluments of Rs.29,200/- as per letter No.1230 Spl/E.II/VII.B.4 (Pb.) 7-E dated 03.12.2024 of Hon'ble Punjab and Haryana High Court, Chandigarh, subject to any further revision and as per latest instructions/ clarifications received from Government of Punjab and duly adopted by Hon'ble Punjab and Haryana High Court, Chandigarh. The applications on prescribed proforma shall reach the below mentioned address by 20.05.2025 before 05.00 P.M.

**"Office of the District & Sessions Judge, Bathinda, Judicial Court Complex, Bathinda"**

With regard to the details of these posts e.g. educational qualification, age limit, salary, category of posts, date of test, selection criteria etc. as mentioned in the separate employment notice are available on the official website https://bathinda.dcourts.gov.in.

**Sd/-**
**DISTRICT & SESSIONS JUDGE, BATHINDA**

# ਪਾਣੀਆਂ ਦੇ ਮੁੱਦੇ 'ਤੇ ਸਿਆਸੀ ਜ਼ਮੀਨ ਨੂੰ ਤਰਾਸ਼ਣ ਦੀ ਸਿਆਸਤ ਹੋਈ, ਸਾਰੀਆਂ ਸਿਆਸੀ ਧਿਰਾਂ ਵੱਡਾ ਪ੍ਰੋਗਰਾਮ ਦੇਣ ਵਿੱਚ ਨਾਕਾਮ - ਝੂੰਦਾਂ



ਚੰਡੀਗੜ੍ਹ, 4 ਮਈ ( ਅੰਮਿਤ੍ਰਪਾਲ ) : ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਪੰਜ ਮੈਂਬਰੀ ਭਰਤੀ ਕਮੇਟੀ ਮੈਂਬਰਾਂ ਸਰਦਾਰ ਮਨਪ੍ਰੀਤ ਸਿੰਘ ਇਯਾਲੀ ਅਤੇ ਜੱਥੇਦਾਰ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਅਹਿਮ ਮੀਟਿੰਗ ਹਲਕਾ ਖਰੜ ਦੇ ਬਲਾਕ ਮਾਜਰੀ ਵਿੱਚ ਹੋਈ। ਇਸ ਮੀਟਿੰਗ ਵਿੱਚ ਸਾਬਕਾ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਸੰਗਤ ਦੇ ਸੱਦੇ 'ਤੇ ਉਚੇਚੇ ਤੌਰ 'ਤੇ ਹਾਜ਼ਰ ਰਹੇ। ਇਸ ਮੌਕੇ ਪੁਆਧ ਦੀ ਧਰਤੀ 'ਤੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸਰਦਾਰ ਇਯਾਲੀ ਨੇ ਪੰਜਾਬ ਨਾਲ ਜੁੜੇ ਮੁੱਦਿਆਂ ਦੀ ਠੋਸ ਰਾਖੀ ਅਤੇ ਸਖ਼ਤ ਪਹਿਰੇਦਾਰੀ ਕਰਨ ਲਈ ਆਪਣੀ ਖੇਤਰੀ ਸਿਆਸੀ ਧਿਰ ਨੂੰ ਮਜ਼ਬੂਤ ਕਰਨ ਦਾ ਸੁਨੇਹਾ ਦਿੱਤਾ। ਸਰਦਾਰ ਇਯਾਲੀ ਨੇ ਕਿਹਾ ਪੁਨਰ ਗਠਨ ਐਕਟ 1966 ਤੋਂ ਲੈਕੇ ਸਮੇਂ ਸਮੇਂ ਦੀਆਂ ਕੇਂਦਰੀ ਵਜਾਰਤ ਵਾਲੀਆਂ ਪਾਰਟੀਆਂ ਨੇ ਪੰਜਾਬ ਦੇ ਹੱਕ ਖੋਹੇ ਹਨ।

ਸਾਡੇ ਕੋਲ ਨਾ ਆਪਣੀ ਰਾਜਧਾਨੀ ਹੈ, ਨਾ ਸਾਨੂੰ ਪੰਜਾਬੀ ਬੋਲਦੇ ਇਲਾਕੇ ਮਿਲੇ, ਸਾਡੀ ਸਿੱਖਿਆ ਦਾ ਸਰਵ ਉੱਚ ਸਥਾਨ ਪੰਜਾਬ ਯੂਨੀਵਰਸਿਟੀ ਤੋਂ ਸਾਡੀ ਪਕੜ ਕਮਜ਼ੋਰ ਕੀਤੀ ਜਾ ਚੁੱਕੀ ਹੈ। ਬੀਬੀਐਮਬੀ ਵਿੱਚ ਸਾਡੀ ਸਥਾਈ ਮੈਂਬਰਸ਼ਿਪ ਖਤਮ ਕੀਤੀ ਜਾ ਚੁੱਕੀ ਹੈ। ਸਰਦਾਰ ਇਯਾਲੀ ਨੇ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਪੰਜਾਬ ਅਤੇ ਪੰਥ ਪ੍ਰਤੀ ਸੁਹਿਰਦ ਲੀਡਰਸ਼ਿਪ ਹੱਥ ਦੇਣ ਦੀ ਵਕਾਲਤ ਕਰਦਿਆਂ ਕਿਹਾ ਕਿ, ਜੇਕਰ ਹੁਣ ਵੀ ਅਸੀਂ ਆਪਣੇ ਹੱਕਾਂ ਦੀ ਰਾਖੀ ਲਈ ਅੱਗੇ ਨਾ ਸਕੇ ਤਾਂ ਆਉਣ ਵਾਲਾ ਸਮਾਂ ਅਤੇ ਪੀੜ੍ਹੀਆਂ ਸਾਨੂੰ ਮੁਆਫ਼ ਨਹੀਂ ਕਰਨਗੀਆਂ। ਸਰਦਾਰ ਇਯਾਲੀ ਨੇ ਭਰਤੀ ਦੇ ਸਬੰਧ ਵਿੱਚ ਕਿਹਾ ਕਿ ਜਿਸ ਤਰ੍ਹਾਂ ਦਾ ਹੁੰਗਾਰਾ ਪੂਰੇ ਪੰਜਾਬ ਤੋਂ ਮਿਲਿਆ ਹੈ, ਉਸ ਤੋਂ ਯਕੀਨਨ ਵਿਸ਼ਵਾਸ ਹੈ ਕਿ ਪੰਜਾਬ ਪ੍ਰਸਤ ਲੋਕ ਆਪਣੀ ਸਿਆਸੀ ਧਿਰ ਅਤੇ ਆਪਣੀ ਵਿਸ਼ਵਾਸ ਪਾਤਰ ਲੀਡਰਸ਼ਿਪ ਚੁਣਨ ਲਈ ਮਨ ਬਣਾ ਚੁੱਕੇ ਹਨ। ਇਸ ਮੌਕੇ ਜੱਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਪਾਣੀਆਂ ਦੇ ਮੁੱਦੇ 'ਤੇ ਸਖ਼ਤ ਸਟੈਂਡ ਅਖ਼ਤਿਆਰ ਕਰਦਿਆਂ ਕਿਹਾ ਕਿ ਅੱਜ ਸਾਰੀਆਂ ਸਿਆਸੀ ਜਮਾਤਾਂ ਆਪਣੇ ਗੁਆਚੇ ਹੋਏ ਸਿਆਸੀ ਅਧਾਰ ਨੂੰ ਬਚਾਈ ਰੱਖਣ ਲਈ ਸਿਆਸਤ ਕਰ ਰਹੀਆਂ ਹਨ। ਸਰਵ ਪਾਰਟੀ ਮੀਟਿੰਗ ਵਿੱਚ ਢੁੱਕਵਾਂ ਅਤੇ ਸਾਂਝਾ ਵੱਡਾ ਪ੍ਰੋਗਰਾਮ ਨਾ ਦੇਣਾ ਇਹ ਸਾਬਿਤ ਕਰਦਾ ਹੈ ਕਿ ਸਿਆਸੀ ਪਾਰਟੀਆਂ ਪੰਜਾਬ ਦੇ ਮੁੱਦਿਆਂ ਤੇ ਸਿਰਫ ਤੇ ਸਿਰਫ ਸਿਆਸਤ ਕਰ ਰਹੀਆਂ ਹਨ। ਜੱਥੇਦਾਰ ਝੂੰਦਾਂ ਨੇ ਠੋਕ ਕੇ ਕਿਹਾ ਕਿ ਬਤੌਰ ਖੇਤਰੀ ਪਾਰਟੀ ਦੇ ਨੁਮਾਇੰਦੇ ਹੋਣ 'ਤੇ ਜਿੱਥੇ ਵੀ ਸੂਬੇ ਦੇ ਮੁੱਦਿਆਂ ਦੀ ਰਾਖੀ ਲਈ ਆਵਾਜ਼ ਵੱਜੇਗੀ, ਉਥੇ ਹਿੱਕ ਡਾਹ ਕੇ ਪਹਿਰਾ ਦਿੱਤਾ ਜਾਵੇਗਾ, ਬਸ਼ਰਤੇ ਮੁੱਦਿਆਂ 'ਤੇ ਕਿਸੇ ਧਿਰ ਦਾ ਸਿਆਸੀ ਸਵਾਰਥ ਨਾ ਹੋਵੇ। ਇਸ ਵਰਕਰ ਮੀਟਿੰਗ ਵਿੱਚ ਸੰਗਤ ਦੇ ਸੱਦੇ 'ਤੇ ਆਪਣੇ ਜਰੂਰੀ ਰੁਝੇਵਿਆਂ ਨੂੰ ਛੱਡ ਕੇ ਹਾਜ਼ਰ ਰਹੇ ਸਾਬਕਾ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਥ ਅਤੇ ਪੰਜਾਬ ਦੇ ਮੌਜੂਦਾ ਮਸਲਿਆਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਇਸ ਮੌਕੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ ਚੰਦੂਮਾਜਰਾ ਨੇ ਆਪਣੇ ਭਾਸ਼ਣ ਦੌਰਾਨ ਨੌਜਵਾਨ ਵਰਗ ਨੂੰ ਅੱਗੇ ਆਕੇ ਖੇਤਰੀ ਪਾਰਟੀ ਲਈ ਕੰਮ ਕਰਨ ਦਾ ਸੱਦਾ ਦਿੱਤਾ। ਸਾਬਕਾ ਸਪੀਕਰ ਰਵੀ ਇੰਦਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਜਿੱਥੇ ਪੰਜਾਬ ਦੇ ਭਖਦੇ ਮੁੱਦਿਆਂ ਨੂੰ ਉਭਾਰਿਆ ਉਥੇ ਹੀ ਇਹਨ ਦੇ ਹੱਲ ਅਤੇ ਪਹਿਰੇਦਾਰੀ ਲਈ ਇਕਜੁੱਟਤਾ ਨੂੰ ਪੰਜਾਬ ਦੀ ਲੋੜ ਕਰਾਰ ਦਿੱਤਾ। ਇਸ ਮੌਕੇ ਮਿਸਲ ਸਤਲੁਜ ਵੱਲੋਂ ਸਰਦਾਰ ਅਜੇਪਾਲ ਸਿੰਘ ਬਰਾੜ ਨੇ ਜਿੱਥੇ ਆਈ ਹੋਈ ਲੀਡਰਸ਼ਿਪ ਦਾ ਧੰਨਵਾਦ ਕੀਤਾ, ਉਥੇ ਆਸ ਵੀ ਪ੍ਰਗਟ ਕੀਤੀ ਕਿ ਜਾਰੀ ਹੁਕਮਨਾਮਾ ਸਾਹਿਬ ਦੀ ਪਾਲਣਾ ਇੰਨ ਬਿੰਨ ਰੂਪ ਵਿੱਚ ਕਰਦੇ ਹੋਏ ਭਰਤੀ ਕਮੇਟੀ ਮੈਂਬਰ ਪੰਜਾਬ ਅਤੇ ਪੰਥ ਨੂੰ ਸਿਆਸੀ ਅਗਵਾਈ ਦਾ ਨੈਤਿਕ ਅਧਾਰ ਗੁਆ ਚੁੱਕੀ ਲੀਡਰਸ਼ਿਪ ਦੇ ਬਦਲੇ ਸੰਜੀਦਾ,ਪੰਥ ਅਤੇ ਪੰਜਾਬ ਨੂੰ ਸਮਰਪਿਤ ਲੀਡਰਸ਼ਿਪ ਦੇਵੇਗੀ।

ਇਸ ਮੌਕੇ ਰਾਜਵਿੰਦਰ ਸਿੰਘ ਵਜੀਦਪੁਰ, ਸਰਬਜੀਤ ਸਿੰਘ ਕਾਦੀਮਾਜਰਾ, ਮਨਜੀਤ ਸਿੰਘ ਮੁੱਧੋਂ, ਗੁਰਜੀਤ ਸਿੰਘ ਸ਼ੰਟੂ, ਮੇਜਰ ਸਿੰਘ ਬਸੰਤਪੁਰਾ, ਮਨਦੀਪ ਸਿੰਘ ਖਿਜਰਾਬਾਦ, ਰਵਿੰਦਰ ਸਿੰਘ ਪੈਂਟਾ, ਦਰਸ਼ਨ ਸਿੰਘ ਕੰਸਾਲਾ, ਭਜਨ ਸਿੰਘ ਸ਼ੇਰਗਿੱਲ, ਸੁਖਜਿੰਦਰ ਸਿੰਘ ਮੁੰਡੀਆਂ, ਹਰਬੰਸ ਸਿੰਘ ਕੰਦੋਲਾ, ਕੁਲਵਿੰਦਰ ਸਿੰਘ ਸੇਖੋਂ, ਹਰਦੀਪ ਸਿੰਘ ਡੋਡ, ਹਰਜੀਤ ਸਿੰਘ ਸਿੰਘ ਖਾਸ ਤੌਰ 'ਤੇ ਹਾਜ਼ਰ ਰਹੇ।

# ਸੂਬੇ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਬਣਾਉਣ ਲਈ ਚੁੱਕੇ ਜਾ ਰਹੇ ਹਨ ਸਾਰਥਕ ਕਦਮ: ਰਾਏ



ਫਤਹਿਗੜ੍ਹ ਸਾਹਿਬ,4 ਮਈ (ਹਰਪ੍ਰੀਤ ਕੌਰ ਟਿਵਾਣਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ, ਸਿੱਖਿਆ ਦਾ ਪੱਧਰ ਹੋਰ ਉੱਚਾ ਚੁੱਕਣ ਲਈ ਵਚਨਬੱਧ ਹੈ ਅਤੇ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਾਹੇਵੰਦ ਸਾਬਤ ਹੋ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਪਿੰਡ ਬਹਾਦਰਗੜ੍ਹ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਕਰੀਬ 11 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਸਰਕਾਰੀ ਸਕੂਲਾਂ ਨੂੰ ਸਾਰੀਆਂ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਸਾਫ਼ ਪੀਣ ਵਾਲਾ ਪਾਣੀ, ਹਾਈ ਸਪੀਡ ਵਾਈਫਾਈ ਕੁਨੈਕਸ਼ਨ, ਡੈਸਕ ਤੇ ਕੁਰਸੀਆਂ, ਚਾਰਦੀਵਾਰੀ ਤੇ ਹੋਰ ਵੱਖੋ ਵੱਖ ਸਹੂਲਤਾਂ ਸ਼ਾਮਲ ਹਨ।

ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਉਸਾਰੂ ਵਿਦਿਅਕ ਮਾਹੌਲ ਮਿਲਣ ਸਦਕਾ ਲਗਭਗ 200 ਵਿਦਿਆਰਥੀਆਂ ਨੇ ਜੇ.ਈ.ਈ. ਦਾ ਟੈਸਟ ਪਾਸ ਕਰਕੇ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਹਰ ਖੇਤਰ ਵਿੱਚ ਮੋਹਰੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਵਿਧਾਇਕ ਰਾਏ ਨੇ ਪਿੰਡਾਂ ਦੇ ਲੋਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸੂਬਾ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਗ੍ਰਿਫਤ ਵਿੱਚੋਂ ਬਾਹਰ ਕੱਢਿਆ ਜਾ ਸਕੇ। ਉਨ੍ਹਾਂ ਇਸ ਮੌਕੇ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਦੀਦਾਰ ਸਿੰਘ ਮਾਂਗਟ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਕਮਲਜੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਕੂਲਾਂ ਦੇ ਵਿਦਿਆਰਥੀ, ਮਾਪੇ ਤੇ ਅਧਿਆਪਕ ਹਾਜ਼ਰ ਸਨ।

# ਪ੍ਰੈਸ ਸੰਘਰਸ਼ ਜਰਨਲਿਸਟਸ ਐਸੋਸੀਏਸ਼ਨ ਇਕਾਈ ਤਰਨ ਤਾਰਨ ਦੀ ਹੋਈ ਸਾਲਾਨਾ ਮੀਟਿੰਗ

ਤਰਨ ਤਾਰਨ, 4 ਮਈ ( ਪੁਸ਼ਪਿੰਦਰ ਬੰਟੀ ਗੁਰਵਿੰਦਰ ਸਿੰਘ ): ਪ੍ਰੈਸ ਸੰਘਰਸ਼ ਜਰਨਲਿਸਟਸ ਐਸੋਸੀਏਸ਼ਨ ਇਕਾਈ ਤਰਨਤਾਰਨ ਦੀ ਸਲਾਨਾ ਮੀਟਿੰਗ ਯੂਨੀਅਨ ਦੇ ਸਰਪ੍ਰਸਤ ਤਰਸੇਮ ਸਿੰਘ ਭੁਪਾਲ, ਪ੍ਰਧਾਨ ਪੁਸ਼ਪਿੰਦਰ ਸਿੰਘ ਬੰਟੀ ਅਤੇ ਸ਼ਹਿਰੀ ਪ੍ਰਧਾਨ ਗੁਰਵਿੰਦਰ ਸਿੰਘ ਬੰਟੀ ਦੀ ਪ੍ਰਧਾਨਗੀ ਹੇਠ ਸਤਿਕਾਰ ਪੈਲਸ ਤਰਨਤਾਰਨ ਵਿਖੇ ਹੋਈ। ਮੀਟਿੰਗ ਵਿਚ ਜ਼ਿਲ੍ਹੇ ਭਰ ਦੇ ਪੱਤਰਕਾਰ ਭਾਈਚਾਰੇ ਨੇ ਹਿੱਸਾ ਲਿਆ ਅਤੇ ਪੱਤਰਕਾਰ ਭਾਈਚਾਰੇ ਨੂੰ ਆ ਰਹੀਆਂ ਮੁਸ਼ਕਿਲਾਂ ਸਬੰਧੀ ਗੱਲਬਾਤ ਕੀਤੀ। ਇਸ ਮੌਕੇ ਯੂਨੀਅਨ ਦੇ ਰਾਸ਼ਟਰੀ ਪ੍ਰਧਾਨ ਸੰਜੀਵ ਪੁੰਜ ਨੇ ਆਪਣੀ ਟੀਮ ਨਾਲ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਯੂਨੀਅਨ ਦਾ ਕੈਲੰਡਰ ਰਿਲੀਜ਼ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਰਾਸ਼ਟਰੀ ਪ੍ਰਧਾਨ ਸੰਜੀਵ ਪੁੰਜ ਨੇ ਕਿਹਾ ਪੱਤਰਕਾਰ ਭਾਈਚਾਰੇ ਨੂੰ ਆ ਰਹੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੇ ਹੱਕਾਂ ਪ੍ਰਤੀ ਪ੍ਰੈਸ ਸੰਘਰਸ਼ ਜਰਨਲਿਸਟਸ ਯੂਨੀਅਨ ਪੂਰੀ ਤਰ੍ਹਾਂ ਸੁਹਿਰਦ ਹੈ ਅਤੇ ਕਿਸੇ ਵੀ ਪੱਤਰਕਾਰ ਨਾਲ ਪ੍ਰਸ਼ਾਸਨ ਜਾਂ ਕਿਸੇ ਸਿਆਸੀ ਆਗੂ ਵੱਲੋਂ ਕੋਈ ਵਧੀਕੀ ਕੀਤੀ ਜਾਂਦੀ ਹੈ ਤਾਂ ਯੂਨੀਅਨ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਕਈ ਵਾਰ ਜਦੋਂ ਪੱਤਰਕਾਰ ਪਾਸ ਪੀਲਾ ਕਾਰਡ ਨਹੀਂ ਹੁੰਦਾ ਤਾਂ ਉਸਨੂੰ ਜਾਅਲੀ ਪੱਤਰਕਾਰ ਕਹਿਕੇ ਉਸਦਾ ਮਨੋਬਲ ਤੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਪੀਲਾ ਕਾਰਡ ਕਿਸੇ ਵੀ ਤਰ੍ਹਾਂ ਪੱਤਰਕਾਰ ਹੋਣ ਜਾਂ ਨਾ ਹੋਣ ਦਾ ਪ੍ਰਮਾਣ ਪੱਤਰ ਨਹੀਂ ਹੈ। ਕਿਉਂਕਿ ਪੱਤਰਕਾਰ ਦੀ ਪਹਿਚਾਣ ਅਦਾਰਾ ਤੈਅ ਕਰਦਾ ਹੈ ਅਤੇ ਉਸਨੂੰ ਕਿਸੇ ਵੀ ਤਰ੍ਹਾਂ ਸਰਕਾਰ ਦੇ ਕਿਸੇ ਵੀ ਮਾਪਦੰਡ ਵਿਚੋਂ ਨਿਕਲਣ ਦੀ ਲੋੜ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਪੱਤਰਕਾਰ ਨਾਲ ਅਜਿਹਾ ਹੁੰਦਾ ਹੈ ਤਾਂ ਉਹ ਯੂਨੀਅਨ ਨੂੰ ਜਾਣੂ ਕਰਵਾਏ ਤਾਂ ਕਿ ਯੂਨੀਅਨ ਅਜਿਹੇ ਮਾਮਲੇ 'ਤੇ ਬਣਦੀ ਕਾਰਵਾਈ ਕਰ ਸਕੇ। ਇਸ ਮੌਕੇ ਸਰਪ੍ਰਸਤ ਤਰਸੇਮ ਸਿੰਘ ਭੁਪਾਲ ਨੇ ਕਿਹਾ ਕਿ ਪੱਤਰਕਾਰ ਭਾਈਚਾਰਾ ਆਪਣੀ ਡਿਊਟੀ ਸਮਝਦੇ ਹੋਏ ਸਮਾਜਿਕ ਮੁੱਦਿਆਂ ਅਤੇ ਭ੍ਰਿਸ਼ਟਾਚਾਰ ਨੂੰ ਪ੍ਰਮੁੱਖਤਾ ਨਾਲ ਉਜਾਗਰ ਕਰਦੇ ਹਨ, ਜਦਕਿ ਪ੍ਰਸ਼ਾਸਨ ਵੱਲੋਂ ਭ੍ਰਿਸ਼ਟ ਮੁਲਾਜ਼ਮਾਂ ਖਿਲਾਫ ਕਾਰਵਾਈ ਕਰਨ ਦੀ ਬਜਾਏ ਤਫਤੀਸ਼ ਦੇ ਨਾਮ 'ਤੇ ਮਾਮਲਾ ਠੰਡੇ ਬਸਤੇ ਵਿਚ ਪਾ ਦਿੱਤਾ ਜਾਂਦਾ ਹੈ ਅਤੇ ਉਲਟਾ ਪੱਤਰਕਾਰਾਂ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੇ ਅਜਿਹੇ ਵਤੀਰੇ ਨੂੰ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਬੋਲਦਿਆਂ ਪ੍ਰਧਾਨ ਪੁਸ਼ਪਿੰਦਰ ਸਿੰਘ ਬੰਟੀ ਨੇ ਕਿਹਾ ਕਿ ਪੱਤਰਕਾਰ ਬਿਨ੍ਹਾਂ ਕਿਸੇ ਮਾਣਭੱਤੇ ਅਤੇ ਬਿਨ੍ਹਾਂ ਕਿਸੇ ਤਨਖਾਹ ਤੋਂ ਸਮਾਜ ਵਿਚ ਫੈਲੀਆਂ ਕੁਰੀਤੀਆਂ ਖਿਲਾਫ ਕੰਮ ਕਰਦੇ ਹਨ ਅਤੇ ਜੇਕਰ ਉਹ ਆਪਣੀ ਇਸ ਮਿਹਨਤ ਦਾ ਤਿਲ ਫੁਲ ਲੈ ਲੈਂਦੇ ਹਨ ਤਾਂ ਉਨ੍ਹਾਂ ਨੂੰ ਸਮਾਜ ਵਿਚ ਬਦਨਾਮ ਕੀਤਾ ਜਾਂਦਾ ਹੈ। ਜਿਸਦੇ ਉਲਟ ਪ੍ਰਸ਼ਾਸਨਿਕ ਅਧਿਕਾਰੀ ਸਰਕਾਰ ਪਾਸੋਂ ਮੋਟੀਆਂ ਤਨਖਾਹਾਂ ਲੈਣ ਦੇ ਬਾਵਜੂਦ ਵੀ ਆਪਣਾ ਕੰਮ ਸੁਚੱਜੇ ਢੰਗ ਨਾਲ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਅੱਜ ਦੇ ਇਸ ਗੁੰਡਾ ਗਰਦੀ ਦੇ ਮਾਹੌਲ ਵਿਚ ਫੀਲਡ ਪੱਤਰਕਾਰ ਦਾ ਇਕੱਲੇ ਕੰਮ ਕਰਨਾ ਖਤਰੇ ਤੋਂ ਖਾਲੀ ਨਹੀਂ, ਕਿਉਂਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਪੱਤਰਕਾਰਾਂ ਨੂੰ ਧਮਕੀਆਂ ਵੀ ਦਿੱਤੀਆਂ ਗਈਆਂ ਹਨ, ਜਿਸ ਕਰਕੇ ਪੱਤਰਕਾਰ ਹੁਣ ਫੀਲਡ ਵਿਚ ਗਰੁੱਪ ਬਣਾ ਕੇ ਜਾਂਦੇ ਹਨ, ਪਰ ਕੁਝ ਸ਼ਰਾਰਤੀ ਪੱਤਰਕਾਰਾਂ ਵੱਲੋਂ ਆਪਣਾ ਨਾਮ ਚਮਕਾਉਣ ਲਈ ਆਪਣੇ ਹੀ ਪੱਤਰਕਾਰ ਭਾਈਚਾਰੇ ਖਿਲਾਫ ਉਂਗਲ ਉਠਾਈ ਜਾਂਦੀ ਹੈ ਜੋ ਬਰਦਾਸ਼ਤ ਤੋਂ ਬਾਹਰ ਹੈ। ਉਨ੍ਹਾਂ ਅਜਿਹੇ ਪੱਤਰਕਾਰਾਂ ਨੂੰ ਤਾੜਨਾ ਕੀਤੀ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਮਨਦੀਪ ਸਿੰਘ ਰਾਜਨ ਅਤੇ ਸਰਬਜੋਤ ਸਿੰਘ ਸੰਧਾ ਵੱਲੋਂ ਨਿਭਾਈ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਗੁਰਮੀਤ ਸਿੰਘ ਪੱਟੀ, ਪ੍ਰਧਾਨ ਸੁਖਵਿੰਦਰ ਸਿੰਘ ਸਹੋਤਾ, ਪ੍ਰਧਾਨ ਅਮਰਜੀਤ ਸਿੰਘ ਪੱਟੀ, ਗੁਰਮੀਤ ਸਿੰਘ ਵਲਟੋਹਾ, ਰਣਜੀਤ ਸਿੰਘ ਦਿਓਲ, ਕੁਲਦੀਪ ਸਿੰਘ ਦੀਪਾ, ਦਿਨੇਸ਼ ਵਾਲੀਆ, ਸਾਹਿਬ ਸਿੰਘ, ਪ੍ਰਗਟ ਸਿੰਘ, ਜੀਵਨ ਜੱਜ, ਅਨੀਸ਼ ਨਰੂਲਾ, ਅਮਰਜੀਤ ਸਿੰਘ, ਵਿਜੇ ਭਾਰਗਵ, ਹਰਭਜਨ ਸਿੰਘ, ਹਰਜੀਤ ਸਿੰਘ, ਗੁਰਵਿੰਦਰ ਸਿੰਘ ਕਾਹਲਵਾਂ, ਸੰਦੀਪ ਸਿੰਘ ਸੰਧੂ, ਅੰਮ੍ਰਿਤ ਸਿੰਘ, ਕੰਵਲਜੀਤ ਸਿੰਘ, ਤਰੁਣ ਕਪੂਰ, ਗੁਰਪ੍ਰੀਤ ਸਿੰਘ ਕੱਦਗਿੱਲ, ਨਰਿੰਦਰਪਾਲ ਸਿੰਘ, ਸਰਬਜੀਤ ਸਿੰਘ ਮੀਆਂਪੁਰ, ਦਿਲਬਾਗ ਸਿੰਘ, ਸੁਖਦੇਵ ਰਾਜ, ਸ਼ੀਤਲ ਕੁਮਾਰ, ਧਰਮਜੀਤ ਸਿੰਘ ਸੁਰਸਿੰਘ, ਗੁਰਦਿਆਲ ਸਿੰਘ ਸੁਰਸਿੰਘ, ਅਜੇ ਕੁਮਾਰ, ਗੁਰਦੀਪ ਸਿੰਘ, ਹੁਸਨ ਚੀਮਾਂ, ਸਤਨਾਮ ਚੀਮਾਂ, ਅਮਰਜੀਤ ਸਿੰਘ, ਗੁਰਬਾਜ ਸਿੰਘ ਵਲਟੋਹਾ, ਬਲਜਿੰਦਰ ਸਿੰਘ ਵਲਟੋਹਾ, ਜਗਦੀਸ਼ ਰਾਜ ਵਲਟੋਹਾ, ਪਲਵਿੰਦਰਜੀਤ ਸਿੰਘ, ਸਤਪਾਲ ਸਿੰਘ, ਹਰਵਿੰਦਰ ਸਿੰਘ ਸਹੋਤਾ, ਅੰਮ੍ਰਿਤਪਾਲ ਸਿੰਘ, ਡਾ. ਜਗਦੇਵ ਸਿੰਘ, ਭਗਵਾਨ ਸਿੰਘ, ਹਰਮੀਤ ਸਿੰਘ, ਤਰਸੇਮ ਚੰਦ, ਗੌਰਵ ਅਰੋੜਾ, ਹਰਜੀਤ ਸਿੰਘ, ਗੁਰਮੀਤ ਸੂਰੀ, ਸੁਮੀਤ ਕੰਬੋਜ, ਹਰਸ਼ ਪੁੰਜ, ਪ੍ਰਦੀਪ ਗੋਇਲ, ਲਵਦੀਪ ਸਿੰਘ ਪੱਟੀ ਅਤੇ ਰਾਹੁਲ ਸ਼ਰਮਾ ਹਾਜ਼ਰ ਸਨ।

# ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਸੂਬਾ ਸਰਕਾਰ ਵਚਨਬੱਧ : ਚੇਅਰਮੈਨ ਘੁੱਲੀ



ਧੂਰੀ, 4 ਮਈ ( ਰਣਜੀਤ ਸਿੰਘ ਧੇਧਨੀ ): ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਅਤੇ ਪਾਣੀਆਂ ਦੇ ਮੁੱਦੇ ਦੀ ਜੰਗ ਵਿੱਚ ਹਰ ਪੰਜਾਬੀ ਨੂੰ ਯੋਧਾ ਬਣਨਾ ਪਵੇਗਾ, ਤਾਂ ਹੀ ਪੰਜਾਬ ਸਰਕਾਰ ਦਾ ਰੰਗਲਾ ਪੰਜਾਬ ਦਾ ਸੁਫਨਾ ਸਾਕਾਰ ਹੋਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕਿਟ ਕਮੇਟੀ ਧੂਰੀ ਨੇ ਕੀਤਾ। ਉਨ੍ਹਾਂ ਪਿਛਲੀਆਂ ਸਰਕਾਰਾਂ ਤੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵੱਲ ਧੱਕਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸਰਕਾਰ ਇਸ ਦਾਗ ਨੂੰ ਮਿਟਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਾਣੀਆਂ ਦੇ ਮੁੱਦੇ 'ਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਪੰਜਾਬ ਦੀ ਖੁਸ਼ਹਾਲੀ ਖੇਤੀਬਾੜੀ 'ਤੇ ਨਿਰਭਰ ਹੈ, ਅਤੇ ਖੇਤੀਬਾੜੀ ਦਾ ਆਧਾਰ ਪਾਣੀ ਹੈ ਪਰ ਕੇਂਦਰ ਸਰਕਾਰ ਦੀਆਂ ਨੀਤੀਆਂ ਪੰਜਾਬ ਦੇ ਪਾਣੀ ਨੂੰ ਖੋਹਣ ਦੀ ਡੂੰਘੀ ਸਾਜਿਸ਼ ਵੱਲ ਇਸ਼ਾਰਾ ਕਰ ਰਹੀਆਂ ਹਨ, ਜਿਸ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਪੰਚਾਇਤ ਯੂਨੀਅਨ ਬਲਾਕ ਧੂਰੀ ਦੇ ਪ੍ਰਧਾਨ ਸਰਪੰਚ ਜੱਗਾ ਭੋਜੋਵਾਲੀ, ਪੰਚਾਇਤ ਯੂਨੀਅਨ ਦੇ ਜਨਰਲ ਸਕੱਤਰ ਸਰਪੰਚ ਜਸਵੀਰ ਦਾਸ ਢਢੋਗਲ, ਸਰਪੰਚ ਗੁਰਜੰਟ ਸਿੰਘ ਭੜੀਮਾਨਸਾ, ਸਰਪੰਚ ਗੋਪੀ ਮੀਮਸਾ, ਸਰਪੰਚ ਸਿਮਰਨਜੀਤ ਸਿੰਘ ਕਾਲਾ ਬੂਲਾ, ਸਰਪੰਚ ਸੁਖਚੈਨ ਸਿੰਘ ਮੂਲੋਵਾਲ, ਸਰਪੰਚ ਅਮਨਦੀਪ ਸਿੰਘ ਰਣੀਕੇ, ਸਰਪੰਚ ਜਗਜੀਤ ਸਿੰਘ ਕੱਕੜਵਾਲ, ਸਰਪੰਚ ਬਲਵੀਰ ਸਿੰਘ ਈਸੀ, ਸਰਪੰਚ ਭਗਵਾਨ ਸਿੰਘ ਭਲਵਾਨ, ਸਰਪੰਚ ਰਵਿੰਦਰ ਕੁਮਾਰ ਰਿੰਕਾ ਰਸਨਪੁਰ, ਸਰਪੰਚ ਲਾਲੀ ਬੰਗਾਵਾਲੀ, ਸਰਪੰਚ ਅਮਨਦੀਪ ਸਿੰਘ, ਸਰਪੰਚ ਬਹਾਦਰ ਸਿੰਘ ਭਸੌੜ, ਹਾਜ਼ਰ ਸਨ।

# ਵਰਦੀ ਦੀ ਆੜ 'ਚ ਨਸ਼ੇ ਦੀ ਸਪਲਾਈ : ਕੇਂਦਰੀ ਜੇਲ੍ਹ 'ਚ ਤਾਇਨਾਤ ਏ.ਐਸ.ਆਈ. ਚਿੱਟੇ ਸਮੇਤ ਗ੍ਰਿਫਤਾਰ

ਬਠਿੰਡਾ, 4 ਮਈ (ਦੀਪਕ ਸ਼ਰਮਾ) : ਸੂਬੇ ਦੀ ਸਭ ਤੋਂ ਸੁਰੱਖਿਤ ਮੰਨੀ ਜਾਂਦੀ ਹਾਈ ਸਿਕਿਉਰਿਟੀ ਕੇਂਦਰੀ ਜੇਲ੍ਹ ਬਠਿੰਡਾ ਵਿੱਚ ਕੈਦੀਆਂ ਤੱਕ ਨਸ਼ਾ ਆਸਾਨੀ ਨਾਲ ਪਹੁੰਚ ਰਿਹਾ ਹੈ। ਜ਼ਿਕਰਯੋਗ ਹੈ ਕਿ ਕੈਦੀਆਂ ਤੱਕ ਨਸ਼ਾ ਪਹੁੰਚਾਉਣ ਦਾ ਕੰਮ ਕੋਈ ਬਾਹਰੀ ਵਿਅਕਤੀ ਨਹੀਂ, ਸਗੋਂ ਜੇਲ੍ਹ ਦੇ ਮੁਲਾਜ਼ਮ ਹੀ ਕਰ ਰਹੇ ਹਨ। ਥੋੜ੍ਹੀ ਜਿਹੀ ਰਕਮ ਦੇ ਲਾਲਚ ਵਿੱਚ ਉਹ ਕੈਦੀਆਂ ਤੱਕ ਉਹ ਚੀਜ਼ਾਂ ਪਹੁੰਚਾ ਰਹੇ ਹਨ, ਜਿਨ੍ਹਾਂ ਉੱਤੇ ਜੇਲ੍ਹ 'ਚ ਪਾਬੰਦੀ ਹੈ। ਤਾਜ਼ਾ ਮਾਮਲੇ ਵਿੱਚ ਕੇਂਦਰੀ ਜੇਲ੍ਹ ਬਠਿੰਡਾ ਵਿੱਚ ਤਾਇਨਾਤ ਪੰਜਾਬ ਪੁਲਿਸ ਦੀ ਰਿਜ਼ਰਵ ਬਟਾਲੀਅਨ ਦੇ ਏਐਸਆਈ ਗੁਰਪ੍ਰੀਤ ਸਿੰਘ ਨੂੰ ਜੇਲ੍ਹ ਅਧਿਕਾਰੀਆਂ ਨੇ 45 ਗ੍ਰਾਮ ਚਿੱਟੇ ਸਮੇਤ ਗ੍ਰਿਫਤਾਰ ਕੀਤਾ ਹੈ। ਉਕਤ ਏਐਸਆਈ ਵਰਦੀ ਵਿੱਚ ਚਿੱਟਾ ਲੁਕੋ ਕੇ ਅੰਦਰ ਲੈ ਕੇ ਜਾ ਰਿਹਾ ਸੀ। ਜੇਲ੍ਹ ਅਧਿਕਾਰੀਆਂ ਨੂੰ ਕਈ ਦਿਨਾਂ ਤੋਂ ਉਸ ਉੱਤੇ ਸ਼ੱਕ ਸੀ। ਜਿਸ ਕਾਰਨ ਸ਼ਨੀਵਾਰ ਨੂੰ ਡਿਊਟੀ 'ਤੇ ਜਾਣ ਤੋਂ ਪਹਿਲਾਂ ਜਦੋਂ ਉਸ ਦੀ ਤਲਾਸ਼ੀ ਲੀਤੀ ਗਈ ਤਾਂ ਉਸ ਕੋਲੋਂ 45 ਗ੍ਰਾਮ ਚਿੱਟਾ ਬਰਾਮਦ ਹੋਇਆ। ਇਸ ਤੋਂ ਬਾਅਦ ਉਸ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਥਾਣਾ ਕੈਂਟ ਵਿੱਚ ਐਨਡੀਪੀਐਸ ਐਕਟ ਹੇਠ ਮਾਮਲਾ ਦਰਜ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਤੀਸਰੀ ਆਈਆਰਬੀ ਕਮਾਂਡੋ ਬਟਾਲੀਅਨ ਦਾ ਪੁਲਿਸ ਅਧਿਕਾਰੀ ਗੁਰਪ੍ਰੀਤ ਸਿੰਘ ਲੰਬੇ ਸਮੇਂ ਤੋਂ ਬਠਿੰਡਾ ਜੇਲ੍ਹ ਵਿੱਚ ਤਾਇਨਾਤ ਸੀ ਅਤੇ ਉਸ ਨੂੰ ਜੇਲ੍ਹ ਅਧਿਕਾਰੀਆਂ ਨੇ ਕੇਂਦਰੀ ਸੁਰੱਖਿਆ ਬਲਾਂ ਦੀ ਮੱਦਦ ਨਾਲ ਗ੍ਰਿਫਤਾਰ ਕੀਤਾ ਹੈ। ਡੀਐਸਪੀ ਸਿਟੀ 2 ਸਰਬਜੀਤ ਸਿੰਘ ਬਰਾੜ ਨੇ ਦੱਸਿਆ ਕਿ ਮੁਲਜ਼ਮ ਗੁਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਥਾਣਾ ਕੈਂਟ 'ਚ ਐਨਡੀਪੀਐਸ ਐਕਟ ਹੇਠ ਮਾਮਲਾ ਦਰਜ ਕਰ ਲਿਆ ਗਿਆ ਹੈ। ਉਹਨਾਂ ਦੱਸਿਆ ਕਿ ਕਥਿਤ ਦੋਸ਼ੀ ਕਾਫੀ ਦਿਨਾਂ ਤੋਂ ਪੁਲਿਸ ਦੀ ਨਜ਼ਰ ਵਿੱਚ ਸੀ 'ਤੇ ਉਸ ਦੀ ਕਈ ਦਿਨਾਂ ਤੋਂ ਕੜੀ ਨਿਗਰਾਨੀ ਰੱਖੀ ਜਾ ਰਹੀ ਸੀ। ਇਹ ਭੀ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਇਸ ਧੰਦੇ ਵਿੱਚ ਹੋਰ ਕਰਮਚਾਰੀ ਵੀ ਸ਼ਾਮਲ ਹੋ ਸਕਦੇ ਹਨ। ਮਾਮਲੇ ਦੀ ਜਾਂਚ ਚੱਲ ਰਹੀ ਹੈ, ਜਦਕਿ ਏਐਸਆਈ ਦਾ ਪੁਲਿਸ ਰਿਮਾਂਡ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ, ਤਾਂ ਜੋ ਹੋਰ ਸ਼ਮਲ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਵੀ ਗ੍ਰਿਫਤਾਰ ਕੀਤਾ ਜਾ ਸਕੇ। ਜੇਲ੍ਹ ਸੁਪਰਿੰਟੈਂਡੈਂਟ ਮੰਜੀਤ ਸਿੰਘ ਦਾ ਕਹਿਣਾ ਹੈ ਕਿ ਏਐਸਆਈ ਗੁਰਪ੍ਰੀਤ ਸਿੰਘ ਨੂੰ ਬਠਿੰਡਾ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਉਸ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾ ਰਹੀ ਹੈ। ਜੇ ਕੋਈ ਵੀ ਮੁਲਾਜ਼ਮ ਇਨ੍ਹਾਂ ਕੰਮਾਂ 'ਚ ਲਿਪਤ ਪਾਇਆ ਗਿਆ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਜੇਲ੍ਹ ਵਿੱਚ ਦਾਖਲ ਹੋਣ ਵਾਲੇ ਹਰ ਸੁਰੱਖਿਆ ਕਰਮਚਾਰੀ ਜਾਂ ਅਧਿਕਾਰੀ ਦੀ ਮੁੱਖ ਗੇਟ'ਤੇ ਲੱਗੇ ਸਕੈਨਰ ਰਾਹੀਂ ਜਾਂਚ ਹੁੰਦੀ ਹੈ। ਫਿਰ ਵੀ ਉਕਤ ਸਹਾਇਕ ਥਾਣੇਦਾਰ ਲੰਬੇ ਸਮੇਂ ਤੋਂ ਕੈਦੀਆਂ ਤੱਕ ਨਸ਼ਾ ਪਹੁੰਚਾ ਰਿਹਾ ਸੀ। ਪੁਲਿਸ ਸਰੋਤਾਂ ਅਨੁਸਾਰ ਉਕਤ ਮੁਲਾਜ਼ਮ ਕੈਦੀਆਂ ਤੱਕ ਹੈਰੋਇਨ, ਬੀੜੀ ਦੇ ਬੰਡਲ, ਜਰਦੇ ਦੀਆਂ ਪੁੜੀਆਂ ਅਤੇ ਸਿਗਰਟ ਆਦਿ ਪਹੁੰਚਾਉਂਦਾ ਸੀ। ਉਹ ਇੱਕ ਬੀੜੀ ਦੇ ਬੰਡਲ ਦੇ 250 ਤੋਂ 300 ਰੁਪਏ, ਜਰਦੇ ਦੀ ਪੁੜੀ ਦੇ 300-350 ਰੁਪਏ ਅਤੇ ਹੈਰੋਇਨ ਦੀ ਇੱਕ ਬੀਟ ਦੇ 1500-2000 ਰੁਪਏ ਲੈਂਦਾ ਸੀ ਹੁਣ ਪੁਲਿਸ ਇਹ ਪਤਾ ਲਗਾ ਰਹੀ ਹੈ ਕਿ ਉਹ ਇਹ ਹੈਰੋਇਨ ਜੇਲ੍ਹ ਦੇ ਬਾਹਰ ਕਿਸ ਤੋਂ ਲੈਂਦਾ ਸੀ।

**ਇਸ ਤੋਂ ਪਹਿਲਾਂ ਵੀ ਕਈ ਮਾਮਲੇ ਆ ਚੁੱਕੇ ਨੇ ਸਾਹਮਣੇ**

4 ਫਰਵਰੀ 2019 ਨੂੰ ਕੇਂਦਰੀ ਜੇਲ੍ਹ ਵਿੱਚ ਪ੍ਰਾਈਵੇਟ ਸੁਰੱਖਿਆ ਗਾਰਡ ਮੰਗਲ ਸਿੰਘ ਦੇ ਜੁੱਤਿਆਂ ਵਿੱਚੋਂ 50 ਨਸ਼ੀਲੀਆਂ ਗੋਲੀਆਂ ਅਤੇ 50 ਬੀੜੀਆਂ ਮਿਲੀਆਂ। 7 ਮਾਰਚ 2019 ਨੂੰ ਜੇਲ੍ਹ ਵਿੱਚ ਪੈਸਕੋ ਕੰਪਨੀ ਦੇ ਕਰਮਚਾਰੀ ਪਵਿੱਤਰ ਸਿੰਘ ਕੋਲੋਂ ਇੱਕ ਮੋਬਾਈਲ, ਏਅਰਟੈਲ ਸਿਮ ਅਤੇ 8 ਬੀੜੀਆਂ ਦੇ ਬੰਡਲ ਬਰਾਮਦ ਹੋਏ।
22 ਮਈ 2019 ਨੂੰ ਪੈਸਕੋ ਕਰਮਚਾਰੀ ਦਲਬਾਰਾ ਸਿੰਘ ਕੋਲੋਂ 20 ਗ੍ਰਾਮ ਚਿੱਟਾ ਮਿਲਿਆ ਜੋ ਉਹ ਜੇਲ੍ਹ ਵਿੱਚ ਇੱਕ ਕੈਦੀ ਨੂੰ ਦੇਣ ਆਇਆ ਸੀ। 10 ਨਵੰਬਰ 2019 ਨੂੰ ਗੈਂਗਸਟਰ ਨਵੀਨ ਸੈਣੀ ਤੱਕ ਮੋਬਾਈਲ ਪਹੁੰਚਾਉਣ ਦੇ ਬਦਲੇ 20 ਹਜ਼ਾਰ ਰੁਪਏ ਦੀ ਰਿਸ਼ਵਤ ਲੈਣ ਵਾਲੇ ਏਐਸਆਈ ਪਵਨ ਕੁਮਾਰ ਅਤੇ ਸਿਪਾਹੀ ਮਨਿੰਦਰਜੀਤ ਸਿੰਘ ਨੂੰ ਫੜਿਆ ਗਿਆ। 24 ਅਪ੍ਰੈਲ 2020 ਨੂੰ ਪੈਰਾ ਲੀਗਲ ਵੋਲੰਟੀਅਰ ਸੁਖਚੈਨ ਸਿੰਘ ਨੂੰ 6 ਮੋਬਾਈਲ ਅਤੇ 14 ਜਰਦੇ ਦੀਆਂ ਪੁੜੀਆਂ ਦੇਣ ਦੇ ਦੌਰਾਨ ਫੜਿਆ ਗਿਆ। 3 ਜਨਵਰੀ 2021 ਨੂੰ ਜੇਲ੍ਹ ਵਾਰਡਨ ਅਮਨਪ੍ਰੀਤ ਸਿੰਘ ਨੂੰ 15 ਗ੍ਰਾਮ ਹੈਰੋਇਨ ਸਮੇਤ ਫੜਿਆ ਗਿਆ। 12 ਜੁਲਾਈ 2021 ਨੂੰ ਹੈੱਡ ਵਾਰਡਨ ਰਵਿੰਦਰ ਸਿੰਘ 9 ਸਿਗਰਟ, ਲਾਈਟਰ ਅਤੇ ਜਰਦੇ ਦੀ ਪੁੜੀ ਨਾਲ ਫੜਿਆ ਗਿਆ। ਮਾਰਚ 2023 ਨੂੰ ਆਈਆਰਬੀ ਦੇ ਦੋ ਕਾਂਸਟੇਬਲ ਗੁਰਦਾਸ ਸਿੰਘ ਅਤੇ ਜਗਤਾਰ ਸਿੰਘ 620 ਗ੍ਰਾਮ ਭੁੱਕੀ ਸਮੇਤ ਗ੍ਰਿਫਤਾਰ। 31 ਜਨਵਰੀ 2025 ਨੂੰ ਸੈਂਟਰਲ ਜੇਲ੍ਹ ਵਿੱਚ ਤਾਇਨਾਤ ਸੀਨੀਅਰ ਕਾਂਸਟੇਬਲ ਤਸਵੀਰ ਸਿੰਘ ਨੂੰ 15 ਗ੍ਰਾਮ ਹੈਰੋਇਨ ਅਤੇ ਜਰਦੇ ਸਮੇਤ ਗ੍ਰਿਫਤਾਰ ਕੀਤਾ ਗਿਆ। 22 ਜੁਲਾਈ 2024 ਨੂੰ ਜੇਲ੍ਹ ਵਾਰਡਨ ਲਵਪ੍ਰੀਤ ਸਿੰਘ ਨੂੰ ਨਸ਼ਾ ਸਪਲਾਈ ਕਰਨ ਦੇ ਦੋਸ਼ ਵੱਚ ਗ੍ਰਿਫਤਾਰ ਕੀਤਾ ਗਿਆ।

# ਹਲਕਾ ਵਿਧਾਇਕ ਵੱਲੋਂ ਆਧੁਨਿਕ ਸਾਇੰਸ ਲੈਬ ਦਾ ਉਦਘਾਟਨ



ਭਗਤਾ ਭਾਈ, 4 ਮਈ (ਸਵਰਨ ਸਿੰਘ ਭਗਤਾ): ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਸਿੱਖਿਆ ਕ੍ਰਾਂਤੀ ਮੁਹਿੰਮ ਚਲਾਈ ਜਾ ਰਹੀ ਹੈ ਕਿ ਸਰਕਾਰੀ ਸਕੂਲਾਂ ਦੀ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਸਰਕਾਰ ਸਿੱਖਿਆ ਕ੍ਰਾਂਤੀ ਤਹਿਤ ਵੱਡੇ ਪੱਧਰ ਉੱਤੇ ਯਤਨ ਕੀਤੇ ਜਾ ਰਹੇ ਹਨ। ਇਸੇ ਹੀ ਕੜੀ ਦੇ ਤਹਿਤ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਰੀਏਵਾਲਾ ਵਿਖੇ ਅਤਿ ਆਧੁਨਿਕ ਸਾਇੰਸ ਲੈਬ ਦੇ ਨਿਰਮਾਣ ਕਾਰਜ ਮੁਕੰਮਲ ਹੋਣ ਉਪਰੰਤ ਉਦਘਾਟਨ ਕਰ ਸਕੂਲ ਨੂੰ ਸਮਰਪਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਹਰਜਿੰਦਰ ਕੌਰ ਅਤੇ ਪ੍ਰਿੰਸੀਪਲ ਸ੍ਰੀ ਵਿਜੇ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਕੂਲਾਂ ਨੂੰ ਲੋੜੀਂਦੇ ਫੰਡ ਮੁਹੱਈਆ ਕਰਵਾਏ ਗਏ ਹਨ। ਇਸ ਦੇ ਤਹਿਤ 11 ਲੱਖ ਰੁਪਏ ਦੀ ਲਾਗਤ ਦੇ ਨਾਲ ਬਣੀ ਸਾਇੰਸ ਲੈਬ ਦਾ ਬੀਤੇ ਕੱਲ੍ਹ ਬਲਕਾਰ ਸਿੰਘ ਸਿੱਧੂ ਹਲਕਾ ਵਿਧਾਇਕ ਰਾਮਪੁਰਾ ਫੂਲ ਵੱਲੋਂ ਉਦਘਾਟਨ ਕੀਤਾ ਗਿਆ ਹੈ। ਇਸ ਲਈ ਉਹਨਾਂ ਨੇ ਪੰਜਾਬ ਸਰਕਾਰ ਅਤੇ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਦਾ ਧੰਨਵਾਦ ਕੀਤਾ। ਇਸ ਮੌਕੇ ਸਟੇਜ ਦੀ ਭੂਮਿਕਾ ਸ੍ਰੀਮਤੀ ਰਾਜਦੀਪ ਕੌਰ ਅਤੇ ਲੈਕ. ਨਵਜੋਤ ਜੋਤੀ ਵੱਲੋਂ ਨਿਭਾਈ ਗਈ। ਬੱਚਿਆਂ ਵੱਲੋਂ ਸ਼ਾਨਦਾਰ ਗੀਤ ਅਤੇ ਮਨੋਰੰਜਕ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ। ਪੰਜਾਬ ਸਰਕਾਰ ਦੇ ਸਿੱਖਿਆ ਕ੍ਰਾਂਤੀ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਹੈੱਡ ਮਾਸਟਰ ਮਨਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਲਗਾਤਾਰ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਜਿਸ ਦੇ ਤਹਿਤ ਅੱਜ ਪੰਜਾਬ ਦਾ ਕੋਈ ਵੀ ਸਕੂਲ ਚਾਰਦਿਵਾਰੀ ਤੋਂ ਬਿਨਾਂ ਨਹੀਂ ਹੈ ਅਤੇ ਹਰ ਇੱਕ ਸਕੂਲ ਦੇ ਵਿੱਚ ਸਕੂਲੀ ਬੱਚਿਆਂ ਦੇ ਬੈਠਣ ਲਈ ਬੈਂਚ ਮੁਹੱਈਆ ਹਨ ਅਤੇ ਵੱਧ ਗਿਣਤੀ ਵਾਲੇ ਸਕੂਲਾਂ ਦੇ ਵਿੱਚ ਵੈਨਾਂ ਅਤੇ ਸਿਕਿਉਰਟੀ ਗਾਰਡਾਂ ਤੇ ਕੈਂਪਸ ਮੈਨੇਜਰ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਅੰਤ ਵਿੱਚ ਸਾਰਿਆਂ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਦੋਂ ਤੋਂ ਸੱਤਾ ਵਿੱਚ ਆਈ ਹੈ ਉਦੋਂ ਤੋਂ ਹੀ ਸਾਡਾ ਸਭ ਤੋਂ ਵੱਧ ਧਿਆਨ ਸਿੱਖਿਆ ਉੱਪਰ ਕੇਂਦਰਿਤ ਹੈ।

# ਗਊਸ਼ਾਲਾ ਨੂੰ ਖਲ ਤੇ ਹੋਰ ਸਮਾਨ ਦਿੱਤਾ




ਲਹਿਰਾਗਾਗਾ, 4 ਮਈ (ਗੁਰਦੀਪ ਸਿੰਘ): ਗਊ ਅਤੇ ਗ਼ਰੀਬ ਦੀ ਸਹਾਇਤਾ ਕਰ ਰਹੀ ਸਮਾਜ ਸੇਵੀ ਧਾਰਮਿਕ ਸੰਸਥਾ ਸ਼੍ਰੀ ਵਿਸ਼ਾਲ ਦੁਰਗਾ ਸੰਕੀਰਤਨ ਮੰਡਲ (ਰਜ਼ਿ) ਵੱਲੋ ਇਲਾਕੇ ਦੀਆਂ 15 ਗਊਸ਼ਾਲਾਂ ਨੂੰ ਖਲ ,ਨਮਕ ਤੇ ਵੰਡ ਸੇਵਾ ਸਮਾਗਮ ਜੀ.ਪੀ.ਐਫ਼ ਧਰਮਸ਼ਾਲਾ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਪੰਕਜ ਬਾਂਸਲ (ਐ.ਡੀ.ਬੀ) ਗਰੁੱਪ ਵਾਲੇ ਉਨ੍ਹਾਂ ਦੇ ਸਾਥੀ ਵਿਸ਼ਾਲ ਬਾਂਸਲ,ਭਾਜਪਾ ਦੇ ਸੂਬਾ ਆਗੂ ਪਰਮਜੀਤ ਮੱਟੂ, ਪਰਵਿੰਦਰ ਸੋਨੂੰ, ਰਿੰਕੂ ਬਾਂਸਲ,ਅਤੇ ਨਗਰ ਕੌਂਸਲ ਪ੍ਰਧਾਨ ਕਾਂਤਾ ਗੋਇਲ , ਸ਼ੀਸ਼ਪਾਲ ਗਰਗ,ਪੰਜਾਬ ਐਗਰੋ ਦੇ ਸਾਬਕਾ ਵਾਈਸ ਚੇਅਰਮੈਨ ਭਾਜਪਾ ਦੇ ਸੀਨੀਅਰ ਆਗੂ ਸਤਪਾਲ ਸਿੰਗਲਾ ਨੇ ਸ਼ਿਰਕਤ ਕੀਤੀ। ਇਸ ਮੌਕੇ ਪੰਕਜ ਬਾਂਸਲ , ਪ੍ਰਧਾਨ ਕਾਂਤਾ ਗੋਇਲ , ਸਤਪਾਲ ਸਿੰਗਲਾ ਨੇ ਕਿਹਾ ਕਿ ਇਲਾਕੇ ਦੀਆਂ 15 ਗਊਸ਼ਾਲਾ ਨੂੰ ਪੰਦਰਾਂ ਬੋਰੀਆਂ ਖਲ ,ਪੰਜ ਗੱਟੇ ਨਮਕ ਦੇਣ 'ਤੇ ਸੰਸਥਾ ਵੱਲੋਂ ਹੋਰ ਕੀਤੇ ਜਾ ਰਹੇ ਮਹਾਨ ਕਾਰਜਾਂ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਕਿਹਾ ਕਿ ਗਊਆਂ ਦੀ ਸੇਵਾ ਸਭ ਤੋਂ ਮਹਾਨ ਕਾਰਜ ਹੈ। ਇਸ ਤੋਂ ਵੱਡਾ ਹੋਰ ਕੋਈ ਸੇਵਾ ਕਾਰਜ ਨਹੀਂ ਹੋ ਸਕਦਾ। ਇਸ ਮੌਕੇ ਸੰਸਥਾਂ ਦੇ ਪ੍ਰਧਾਨ ਸੁਰਿੰਦਰ ਗਰਗ,ਚੇਅਰਮੈਨ ਲੱਭੂ ਰਾਮ ਗੋਇਲ, ਖਜ਼ਾਨਚੀ ਗੋਰਵ ਵਿੱਕੀ , ਜੀ.ਪੀ.ਐਫ਼ ਦੇ ਚੇਅਰਮੈਨ ਸਤੀਸ਼ ਗੋਇਲ,ਪ੍ਰਧਾਨ ਸੰਜੀਵ ਕੁਮਾਰ (ਰੋਡਾ) ,ਸਾਬਕਾ ਕੌਂਸਲਰ ਸੰਦੀਪ ਦੀਪੂ , ਆਦਿ ਨੇ ਸੰਸਥਾਂ ਵੱਲੋ ਸਮੇਂ ਸਮੇਂ ਕੀਤੇ ਜਾਂਦੇ ਸਮਾਜ ਸੇਵੀ ਕੰਮਾਂ ਬਾਰੇ ਚਾਨਣਾ ਪਾਇਆ। ਆਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ , ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੁਰਲਾਲ ਸਿੰਘ, ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਗੁਰੀ ਚਹਿਲ , ਭਾਜਪਾ ਮੰਡਲ ਪ੍ਰਧਾਨ ਸੋਹਣ ਲਾਲ ਗੁਰਨੇ ,ਕੌਂਸਲਰ ਰਜ਼ਨੀਸ਼ ਰਾਜੂ ,ਜੀਵਨ ਕੁਮਾਰ ਕਾਲਾ,ਸੰਸਥਾਂ ਦੇ ਓਮ ਪ੍ਰਕਾਸ਼ ,ਲੱਭੂ ਗੋਇਲ, ਪ੍ਰਿੰਸੀਪਲ ਹੰਸ ਰਾਜ ਨੇ ਆਪਣੀ ਹਾਜ਼ਰੀ ਲਗਵਾਈ ।

# ਹੋਟਲ ਦੀ ਆੜ ਹੇਠ ਚੱਲ ਰਿਹਾ ਸੀ ਦੇਹ ਵਪਾਰ, ਦੋ ਔਰਤਾਂ ਸਮੇਤ ਚਾਰ ਗ੍ਰਿਫਤਾਰ



ਬਠਿੰਡਾ, 4 ਮਈ (ਦੀਪਕ ਸ਼ਰਮਾ): ਥਾਣਾ ਸਿਵਲ ਲਾਈਨ ਦੀ ਪੁਲਿਸ ਨੇ ਸ਼ਹਿਰ ਦੇ ਮਾਡਲ ਟਾਊਨ ਫੇਸ-1 ਵਿੱਚ ਸਥਿਤ ਕਿੰਗ ਨਾਂ ਦੇ ਹੋਟਲ ਵਿੱਚ ਚੱਲ ਰਹੇ ਦੇਹ ਵਪਾਰ ਦੇ ਧੰਧੇ ਦਾ ਪਰਦਾਫਾਸ਼ ਕਰਦਿਆਂ ਹੋਇਆਂ ਦੋ ਔਰਤਾਂ ਸਮੇਤ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਹੋਟਲ ਦਾ ਮਾਲਕ ਅਤੇ ਮਹਿਲਾ ਮੈਨੇਜਰ ਮਿਲ ਕੇ ਹੋਟਲ ਵਿੱਚ ਆਉਣ ਗਰਾਕਾਂ ਲਈ ਬਾਹਰੋਂ ਲੜਕੀਆਂ ਬੁਲਾ ਕੇ ਉਨ੍ਹਾਂ ਤੋਂ ਦੇਹ ਵਪਾਰ ਕਰਵਾਉਂਦੇ ਸਨ। ਥਾਣਾ ਸਿਵਲ ਲਾਈਨ ਦੀ ਪੁਲਿਸ ਨੇ ਹੋਟਲ ਮਾਲਕ ਵੱਲੋਂ ਦੇਹ ਵਪਾਰ ਲਈ ਬੁਲਾਈ ਗਈ ਇਕ ਮੁਟਿਆਰਦੀ ਸ਼ਿਕਾਇਤ 'ਤੇ ਹੋਟਲ 'ਚ ਛਾਪਾਮਾਰੀ ਕਰਕੇ ਦੋ ਔਰਤਾਂ ਸਮੇਤ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਖ਼ਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਗ੍ਰਿਫ਼ਤਾਰ ਹੋਣ ਵਾਲਿਆਂ ਵਿੱਚ ਹੋਟਲ ਮਾਲਕ, ਮੈਨੇਜਰ ਅਤੇ ਇਕ ਗਾਹਕ ਵੀ ਸ਼ਾਮਲ ਹਨ। ਥਾਣਾ ਸਿਵਲ ਲਾਈਨ ਦੇ ਐਸਐੱਚਓ ਇੰਸਪੈਕਟਰ ਹਰਜੋਤ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਸਨ, ਕਿ ਮਾਡਲ ਟਾਊਨ ਫੇਸ-1 ਵਿੱਚ ਸਥਿਤ ਕਿੰਗ ਹੋਟਲ ਵਿੱਚ ਗੈਰ ਕਾਨੂੰਨੀ ਕੰਮ ਚੱਲ ਰਹੇ ਹਨ। ਹੋਟਲ ਮਾਲਕ ਅਤੇ ਉਸ ਦੀ ਮਹਿਲਾ ਮੈਨੇਜਰ ਮਿਲ ਕੇ ਇੱਥੇ ਦੇਹ ਵਪਾਰ ਦਾ ਧੰਧਾ ਚਲਾਉਂਦੇ ਹਨ। ਇਹ ਲੋਕ ਬਾਹਰੋਂ ਲੜਕੀਆਂ ਬੁਲਾਕੇ ਉਨ੍ਹਾਂ ਤੋਂ ਗਲਤ ਕੰਮ ਕਰਵਾਉਂਦੇ ਹਨ। ਮਿਲੀ ਜਾਣਕਾਰੀ ਅਨੁਸਾਰ, ਸ਼ਨੀਵਾਰ ਦੀ ਸ਼ਾਮ ਪੁਲਿਸ ਟੀਮ ਵੱਲੋਂ ਹੋਟਲ 'ਚ ਛਾਪਾਮਾਰੀ ਕੀਤੀ ਗਈ, ਤਾਂ ਉੱਥੇ ਇਕ ਮੌਜੂਦ ਇੱਕ ਲੜਕੀ ਨੂੰ ਜ਼ਬਰਦਸਤੀ ਦੇਹ ਵਪਾਰ ਲਈ ਮਜਬੂਰ ਕੀਤਾ ਜਾ ਰਿਹਾ ਸੀ। ਪੀੜਤਾ ਦੀ ਸ਼ਿਕਾਇਤ 'ਤੇ ਪੁਲਿਸ ਨੇ ਹੋਟਲ ਮਾਲਕ ਨਰਿੰਦਰ ਯਾਦਵ ਵਾਸੀ ਨਿਊ ਪੁਲਿਸ ਲਾਈਨ, ਹਿਸਾਰ (ਹਰਿਆਣਾ), ਹਾਲ ਆਬਾਦ ਐਲਆਈਜੀ ਕਵਾਰਟਰ, ਮਾਡਲ ਟਾਊਨ ਫੇਸ-1 ਬਠਿੰਡਾ, ਮੈਨੇਜਰ ਰਮਨਦੀਪ ਕੌਰ ਵਾਸੀ ਪਿੰਡ ਕੋਟਭਾਈ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਨਵਜੋਤ ਕੌਰ ਉਰਫ ਨਵੂ ਵਾਸੀ ਐਲਆਈਜੀ ਕਵਾਰਟਰ, ਮਾਡਲ ਟਾਊਨ ਫੇਸ-1 ਬਠਿੰਡਾ ਅਤੇ ਗਾਹਕ ਗੁਰਸੇਵਕ ਸਿੰਘ ਉਰਫ ਸੇਵਕ ਵਾਸੀ ਪਿੰਡ ਦੌਲਤਪੁਰਾ, ਜ਼ਿਲ੍ਹਾ ਬਠਿੰਡਾ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਹੈ।

# ਮੁਫ਼ਤ ਮੈਡੀਕਲ ਕੈਂਪ 'ਚ 83 ਮਰੀਜ਼ਾਂ ਦਾ ਚੈੱਕ ਅੱਪ



ਲਹਿਰਾਗਾਗਾ 4 ਮਈ( ਰਾਮੇਸ਼ਵਰ ਸ਼ਰਮਾ/ਖੁਸ਼ਵਿੰਦਰ ਸ਼ਰਮਾ) ਬੇਸਹਾਰਾ ਜੀਵ ਜੰਤੂ ਵੈਲਫੇਅਰ ਸੁਸਾਇਟੀ ਅਤੇ ਜੈ ਸ਼੍ਰੀ ਮਹਾਂਕਾਲੀ ਮੰਦਿਰ ਕਮੇਟੀ ਵਲੋਂ ਪ੍ਰਧਾਨ ਰਕੇਸ਼ ਬਾਂਸਲ (ਆਰ.ਕੇ.) ਦੀ ਪ੍ਰਧਾਨਗੀ ਵਿੱਚ ਹਫਤਾਵਾਰ ਚੈਰੀਟੇਬਲ ਮੈਡੀਕਲ ਕੈਂਪ ਅਤੇ ਦਵਾਈਆਂ ਦਾ ਲੰਗਰ ਲਗਵਾਇਆ ਗਿਆ। ਇਸ ਮੌਕੇ ਸ. ਦਰਸ਼ਨ ਸਿੰਘ ਐਸ.ਡੀ.ਓ. ਨੇ ਆਪਣੇ ਪਰਿਵਾਰ ਨਾਲ ਮੁੱਖ ਮਹਿਮਾਨ ਦੇ ਤੌਰ ਹਾਜਰੀ ਲਗਵਾਈ ।ਇਸ ਕੈਂਪ ਵਿਚ ਡਾਕਟਰ ਆਸਥਾ ਸਿੰਗਲਾ ਅਤੇ ਡਾ.ਕਾਰਤਿਕ ਜੈਨ ਦੁਆਰਾ 83 ਮਰੀਜਾਂ ਦਾ ਚੈੱਕਅਪ ਕੀਤਾ ਗਿਆ ਅਤੇ ਮੁਫ਼ਤ ਦਵਾਈ ਵੀ ਦਿੱਤੀ ਗਈ। ਇਸ ਅਨਿਲ ਲਿਲੀ, ਕੁਲਭੂਸ਼ਨ (ਕੈਸ਼ੀਅਰ),ਆਸ਼ੂ ਗੋਇਲ ,ਅਰਸ਼ ਲੈਬ ਟੈਕਨੀਸ਼ੀਅਨ,ਰੋਹਿਤ ਲੌਰਡ ਕ੍ਰਿਸ਼ਨਾ,ਕਪਿਲ ਸਿੰਗਲਾ ਐਮ ਫਾਰਮਾ,ਮਹੇਸ਼ ਮੇਸ਼ੀ,ਮਹੇਸ਼ ਮੇਸ਼ੀ,ਰਿਸ਼ੂ ਸਿੰਗਲਾ,ਮਾਸਟਰ ਅੰਕੁਰ ਜਿੰਦਲ, ਅਮਨ ਗਰਗ ਜੈਕੀ, ਮਨੀਸ਼ ਸੁਪਰਡੈਂਟ ਅਤੇ ਹੋਰ ਮੈਂਬਰ ਵੀ ਹਾਜਰ ਰਹੇ।

# ਪਾਣੀਆਂ ਦੇ ਵਿਵਾਦ ਸਬੰਧੀ ਕੈਬਨਿਟ ਮੰਤਰੀ ਗੋਇਲ ਨੂੰ ਦਿੱਤਾ ਮੰਗ ਪੱਤਰ




ਲਹਿਰਾਗਾਗਾ, 4 ਮਈ (ਗੁਰਦੀਪ ਸਿੰਘ): ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪੱਧਰੀ ਸੱਦੇ ਤਹਿਤ ਅੱਜ ਇੱਥੇ ਸਥਾਨਕ ਕੈਬਨਿਟ ਮੰਤਰੀ ਬਰਿੰਦਰ ਗੋਇਲ ਦੇ ਦਫਤਰ ਵਿਖੇ ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਆਗੂ ਕੁਲਦੀਪ ਸਿੰਘ ਦੀ ਅਗਵਾਈ ਹੇਠ ਮੰਗ ਪੱਤਰ ਦੇ ਕੇ ਪੰਜਾਬ ਦੇ ਦਰਿਆਈ ਪਾਣੀ ਬਚਾਉਣ ਸਬੰਧੀ ਮੰਗ ਕੀਤੀ ਗਈ,ਜਿਸ ਵਿੱਚ ਉਨ੍ਹਾਂ ਕਿਹਾ ਕਿ ਕੱਲ੍ਹ ਦੇ ਪੰਜਾਬ ਵਿਧਾਨ ਸਭਾ ਦੇ ਇਜਲਾਸ ਵਿੱਚ ਕੇਂਦਰ ਵੱਲੋਂ ਸੂਬਿਆ ਦੇ ਪਾਣੀਆਂ ਦੇ ਅਧਿਕਾਰਾਂ 'ਤੇ ਡਾਕਾ ਮਾਰਨ ਲਈ ਬਣਾਏ ਗਏ ਡੈਮ ਸੇਫਟੀ ਐਕਟ ਨੂੰ ਰੱਦ ਕੀਤਾ ਜਾਵੇ। ਇਸੇ ਤਰ੍ਹਾਂ ਕੌਮਾਂਤਰੀ ਪੱਧਰ 'ਤੇ ਪ੍ਰਮਾਣਿਕ ਪਾਣੀਆਂ ਸਬੰਧੀ ਝਗੜਿਆਂ ਬਾਰੇ ਪ੍ਰਚੱਲਿਤ ਰਿਪੇਰੀਅਨ ਸਿਧਾਂਤ ਅਨੁਸਾਰ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਹੱਲ ਕੀਤੇ ਜਾਣ,ਪੰਜਾਬ ਦੇ ਹਰੇਕ ਖੇਤ ਤੱਕ ਨਹਿਰੀ ਪਾਣੀ ਅਤੇ ਹਰੇਕ ਘਰ ਤੱਕ ਪੀਣ ਯੋਗ ਪਾਣੀ ਪਹੁੰਚਦਾ ਕੀਤਾ ਜਾਵੇ,ਦਿੱਲੀ ਹਰਿਆਣਾ,ਤੇ ਰਾਜਸਥਾਨ ਦੀਆਂ ਪਾਣੀ ਲੋੜਾਂ ਪੂਰੀਆਂ ਕਰ ਲਈ ਸ਼ਾਰਦਾ ਨਦੀ ਦੇ ਅਜਾਈ ਜਾ ਰਹੇ ਪਾਣੀ ਦੀ ਵਰਤੋਂ ਕਰਨ ਲਈ ਸ਼ਾਰਦਾ, ਯਮਨਾ ਲਿੰਕ ਨਹਿਰ ਦੀ ਉਸਾਰੀ ਦਾ ਸੁਝਾਓ ਕੇਂਦਰ ਨੂੰ ਦਿੱਤਾ ਜਾਵੇ ਅਤੇ ਇਸੇ ਤਰ੍ਹਾਂ ਰਾਵੀ ਦਰਿਆ ਦੇ ਪਾਕਿਸਤਾਨ ਨੂੰ ਅਜਾਈਂ ਜਾ ਰਹੇ ਪਾਣੀ ਨੂੰ ਵਰਤਣ ਲਈ ਕੇਂਦਰ ਸਰਕਾਰ ਪੰਜਾਬ ਨੂੰ 2 ਲੱਖ ਕਰੋੜ ਦਾ ਵਿੱਤੀ ਪੈਕਜ ਦੇਵੇ ਤਾਂ ਜੋ ਇਸ ਪਾਣੀ ਨੂੰ ਵਰਤਣ ਲਈ ਢਾਂਚੇ ਦੀ ਉਸਾਰੀ ਕੀਤੀ ਜਾ ਸਕੇ। ਉਪਰੋਕਤ ਮੰਗ ਪੱਤਰ ਦੇ ਕੇ ਵਿਧਾਇਕ ਨੂੰ ਬੇਨਤੀ ਕੀਤੀ ਗਈ ਕਿ ਇਹਨਾਂ ਮਾਮਲਿਆਂ ਨੂੰ ਵਿਧਾਨ ਸਭਾ ਵਿੱਚ ਵਿਚਾਰ ਕੇ ਮਤੇ ਪਾਸ ਕੀਤੇ ਜਾਣ, ਫਿਰ ਹੀ ਪੰਜਾਬ ਦੇ ਪਾਣੀਆਂ ਦੀ ਰਾਖੀ ਹੋ ਸਕਦੀ ਹੈ। ਅੱਜ ਦੇ ਵਫਦ ਵਿੱਚ ਕਿਰਤੀ ਕਿਸਾਨ ਯੂਨੀਅਨ ਇਕਾਈ ਖਾਈ ਦੇ ਆਗੂ ਦਰਸ਼ਨ ਸਿੰਘ,ਯੂਥ ਵਿੰਗ ਦੇ ਆਗੂ ਗੁਰਪ੍ਰੀਤ ਸਿੰਘ, ਗੁਲਾਬ ਸਿੰਘ ਆਦਿ ਹਾਜ਼ਰ ਸਨ।

# ਅਕੇਡੀਆ ਵਰਲਡ ਸਕੂਲ ਵਿੱਚ ਕਰਵਾਏ ਅੰਗਰੇਜ਼ੀ ਐਕਸਟੈਂਮਪੋਰ ਮੁਕਾਬਲੇ



ਸੁਨਾਮ ਊਧਮ ਸਿੰਘ ਵਾਲਾ, 4 ਮਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਇਲਾਕੇ ਦੀ ਵਿੱਦਿਅਕ ਸੰਸਥਾ ਅਕੇਡੀਆ ਵਰਲਡ ਸਕੂਲ ਵਿਖੇ ਜਮਾਤ ਪੰਜਵੀਂ ਅਤੇ ਛੇਵੀਂ ਵਿਚਕਾਰ ਕਰਵਾਏ ਗਏ ' ਅੰਗਰੇਜ਼ੀ ਐਕਸਟੈਂਮਪੋਰ ਮੁਕਾਬਲੇ'। ਇਹ ਮੁਕਾਬਲਾ ਜਮਾਤ ਪੰਜਵੀਂ ਅਤੇ ਛੇਵੀਂ ਦੇ ਸੈਕਸ਼ਨ (ਲਾਇਲੈਕ ਅਤੇ ਐਸਟਰ) ਵਿਚਕਾਰ ਕਰਵਾਇਆ ਗਿਆ। ਇਸ ਮੁਕਾਬਲੇ ਦੀ ਤਿਆਰੀ ਅੰਗਰੇਜ਼ੀ ਅਧਿਆਪਕਾ ਮਿਸ ਮਨਦੀਪ ਕੌਰ ਅਤੇ ਲਵਪ੍ਰੀਤ ਸਿੰਘ ਵੱਲੋਂ ਕਰਵਾਈ ਗਈ। ਇਹ ਮੁਕਾਬਲੇ ਦੋ ਰਾਊਂਡ ਵਿੱਚ ਕਰਵਾਏ ਗਏ। ਜਿਸ ਵਿੱਚ 19 ਵਿਦਿਆਰਥੀਆਂ ਜਮਾਤ ਪੰਜਵੀਂ ਵਿੱਚੋਂ ਮਨਪ੍ਰੀਤ ਸਿੰਘ, ਗੁਨਜੋਤ ਸਿੰਘ, ਹਰਨਿਭ ਸਿੰਘ, ਜਸਪੁਨੀਤ ਕੌਰ ,ਸਰਗੁਣ ਕੌਰ, ਰਾਧੇਸ਼ ਬਾਂਸਲ ,ਰੂਹਾਨੀ ਕੌਰ ,ਸੁਖਮਨਵੀਰ ਕੌਰ, ਰਿਯਾਨ ਮੋਦਗਿਲ ,ਉਤਕਰਸ਼ ਗੋਇਲ, ਗੁਰਮਨਵੀਰ ਸਿੰਘ ਅਤੇ ਜਮਾਤ ਛੇਵੀਂ ਵਿੱਚੋਂ ਰਾਧੇਸ਼ ਜਿੰਦਲ, ਗੁਰਸ਼ਾਨ ਸਿੰਘ, ਰਫ਼ਤਾਰ ਸਿੰਘ, ਜੀਵਿਕਾ, ਬਦਰਿਸ਼ ਕਾਂਸਲ, ਯਾਹਵੀ ਸ਼ਰਮਾ, ਏਕਨੂਰ ਸਿੰਘ , ਪ੍ਰੀਕਸ਼ੀਤ ਨੂੰ ਫਾਈਨਲ ਮੁਕਾਬਲੇ ਲਈ ਚੁਣਿਆ ਗਿਆ। ਇਸ ਮੁਕਾਬਲੇ ਵਿੱਚ ਜੱਜ ਦੀ ਭੂਮਿਕਾ ਅੰਗਰੇਜ਼ੀ ਡਿਪਾਰਟਮੈਂਟ ਦੇ ਐਚ.ਓ.ਡੀ. ਮਿਸ ਬਿੰਦੀਆ ਵੱਲੋਂ ਨਿਭਾਈ ਗਈ। ਇਹ ਮੁਕਾਬਲਾ ਸਕੂਲ ਦੇ ਪ੍ਰਿੰਸੀਪਲ ਰਣਜੀਤ ਕੌਰ ਦੀ ਨਿਗਰਾਨੀ ਹੇਠ ਕਰਵਾਇਆ ਗਿਆ। ਮੁਕਾਬਲੇ ਦਾ ਮੁਲਾਂਕਣ ਹੇਠ ਲਿਖੇ ਮਾਪਦੰਡਾਂ ਅਨੁਸਾਰ ਕੀਤਾ ਗਿਆ ਸੀ 'ਬੋਲਣ ਦਾ ਹੁਨਰ, ਵਿਸ਼ੇ ਦੀ ਚੋਣ, ਆਤਮ-ਵਿਸ਼ਵਾਸ, ਰਚਨਾਤਮਕਤਾ ਅਤੇ ਪੇਸ਼ਕਾਰੀ ।ਬੱਚਿਆਂ ਵੱਲੋਂ ਬੋਲਣ ਦੇ ਵਿਸ਼ੇ ਬਹੁਤ ਹੀ ਸਿੱਖਿਆਦਾਇਕ ਸਨ। ਵਿਦਿਆਰਥੀਆਂ ਨੇ ਆਪਣੇ ਵਿਚਾਰਾਂ ਨੂੰ ਬਹੁਤ ਸੋਹਣੇ ਢੰਗ ਨਾਲ ਪੇਸ਼ ਕੀਤਾ। ਉਹਨਾਂ ਨੇ ਪੂਰੇ ਹੌਂਸਲੇ ਅਤੇ ਆਤਮਵਿਸ਼ਵਾਸ ਦੇ ਨਾਲ ਇਸ ਮੁਕਾਬਲੇ ਵਿੱਚ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਯਾਹਵੀ ਸ਼ਰਮਾ (ਛੇਵੀਂ ਲਾਇਲੈਕ) ਦੂਜੇ ਸਥਾਨ ਤੇ ਏਕਨੂਰ ਸਿੰਘ (ਛੇਵੀਂ ਲਾਇਲੈਕ) ਤੀਜੇ ਸਥਾਨ ਤੇ ਸੁਖਮਨਵੀਰ ਕੌਰ (ਪੰਜਵੀਂ ਲਾਇਲੈਕ), ਰਿਯਾਨ ਮੋਦਗਿਲ (ਪੰਜਵੀਂ ਲਾਇਲੈਕ) ਨੇ ਹਾਸਲ ਕੀਤਾ ।ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਵੱਲੋਂ ਜੇਤੂ ਬੱਚਿਆਂ ਨੂੰ ਸਰਟੀਫਿਕੇਟ ਦਿੱਤੇ ਗਏ ਅਤੇ ਉਹਨਾਂ ਨੇ ਬੱਚਿਆਂ ਨੂੰ ਵਧਾਈ ਦਿੰਦਿਆਂ ਹੋਇਆ ਹੌਂਸਲਾ ਅਫ਼ਜਾਈ ਕੀਤੀ। ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਅਨੁਸਾਰ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਦਾ ਆਤਮ -ਵਿਸ਼ਵਾਸ ਵਧਾਉਂਦੇ ਹਨ ਅਤੇ ਉਹਨਾਂ ਨੂੰ ਇੱਕ ਚੰਗਾ ਪਲੇਟਫਾਰਮ ਦਿੰਦੇ ਹਨ। ਉਹਨਾਂ ਨੇ ਬੱਚਿਆਂ ਨੂੰ ਬਹੁਤ ਸ਼ੁੱਭਕਾਮਨਾਵਾਂ ਦਿੱਤੀਆਂ।

# ਦਿਆਲਪੁਰਾ ਮਿਰਜ਼ਾ ਵਿਖੇ ਮੁਰੱਬੇਬੰਦੀ ਦੇ ਪੱਥਰਾਂ ਦੀ ਮੁੜ ਸੁਰਜੀਤੀ ਦਾ ਕੰਮ ਸ਼ੁਰੂ



ਭਗਤਾ ਭਾਈਕਾ, 4 ਮਈ (ਸਵਰਨ ਸਿੰਘ ਭਗਤਾ): ਪਿੰਡ ਦਿਆਲਪੁਰਾ ਮਿਰਜ਼ਾ ਵਿਖੇ ਸਰਪੰਚ ਸੁਰਿੰਦਰ ਕੌਰ ਸਿੱਧੂ ਅਤੇ ਸਮੂਹ ਨਗਰ ਪੰਚਾਇਤ ਦੀ ਅਗਵਾਈ ਹੇਠ ਪਿੰਡ ਦੀ ਵਾਹੀ ਯੋਗ ਜ਼ਮੀਨ ਦੀ ਮਿਣਤੀ ਦੀ ਨਿਸ਼ਾਨਦੇਹੀ ਕਰਦੇ ਪੱਥਰਾਂ ਦੀ ਮੁੜ ਸੁਰਜੀਤੀ ਲਈ ਐਸ ਡੀ ਐਮ ਰਾਮਪੁਰਾ ਫੂਲ ਗਗਨਦੀਪ ਸਿੰਘ ਨੇ ਇਸ ਕੰਮ ਦਾ ਉਦਘਾਟਨ ਕੀਤਾ । ਜ਼ਿਕਰਯੋਗ ਹੈ ਕਿ ਪਿੰਡ ਦੇ ਲੱਗਭਗ 5400 ਏਕੜ ਦੇ ਕਰੀਬ ਰਕਬੇ ਵਿੱਚ ਮੁਰੱਬੇਬੰਦੀ ਵੇਲੇ ਲਗਾਏ ਗਏ ਪੱਥਰ ਖਤਮ ਹੋ ਚੁੱਕੇ ਸਨ ।ਜਿਸ ਨਾਲ ਕਿਸਾਨਾਂ ਨੂੰ ਆਪਣੀ ਜ਼ਮੀਨ ਦੀ ਮਿਣਤੀ ਲਈ ਖੱਜਲ ਖੁਆਰ ਹੋਣਾ ਪੈਂਦਾ ਸੀ । ਜ਼ਮੀਨ ਦੀ ਨਿਸ਼ਾਨ ਦੇਹੀ ਕਰਨ ਲਈ ਵੱਟਾ ਜਾਂ ਰਕਬਾ ਪੂਰਾ ਕਰਨ ਲਈ ਪਿੰਡ ਦੇ ਕਿਸਾਨਾਂ ਨੂੰ ਵਾਰ ਵਾਰ ਮਿਣਤੀਆਂ ਕਰਵਾਉਣੀਆਂ ਪੈਂਦੀਆਂ ਸਨ । ਜਿਸ ਨਾਲ ਦਫਤਰਾਂ ਦੀ ਖੱਜਲ ਖੁਆਰੀ ਅਤੇ ਵਾਧੂ ਆਰਥਿਕ ਬੋਝ ਝੱਲਣਾ ਪੈਂਦਾ ਸੀ। ਇਸ ਮੌਕੇ ਬੋਲਦਿਆਂ ਨੌਜਵਾਨ ਆਗੂ ਗੁਰਸੇਵਕ ਸਿੰਘ ਸੋਨੀ ਨੇ ਕਿਹਾ ਕਿ ਇਹਨਾਂ ਵਾਧੂ ਸਮੱਸਿਆਵਾਂ ਦੇ ਹੱਲ ਲਈ ਪਿੰਡ ਦੀ ਪੰਚਾਇਤ ਵੱਲੋਂ ਪਿੰਡ ਦੇ ਸੂਝਵਾਨ ਲੋਕਾਂ ਨੂੰ ਨਾਲ ਲੈਕੇ ਇਕ ਮੁਰੱਬੇਬੰਦੀ ਕਮੇਟੀ ਬਣਾਈ ਹੈ । ਜਿਸ ਦੀ ਅਗਵਾਹੀ ਹੇਠ ਪਿੰਡ ਦੇ ਪੂਰੇ ਰਕਬੇ ਨੂੰ ਮਿਣਕੇ 200 ਦੇ ਕਰੀਬ ਪੱਥਰ ਲਗਾਏ ਜਾਣਗੇ । ਓਨ੍ਹਾਂ ਦੱਸਿਆ ਕਿ ਇਹ ਸਾਰੀ ਮਿਣਤੀ ਆਧੁਨਿਕ ਤਕਨੀਕ ਨਾਲ ਕਰਵਾਈ ਜਾ ਰਹੀ ਹੈ ।ਓਨ੍ਹਾਂ ਇਸ ਕਾਰਜ ਲਈ ਵਿਸ਼ੇਸ਼ ਸਹਿਯੋਗ ਦੇਣ ਲਈ ਐਸ ਡੀ ਐਮ ਗਗਨਦੀਪ ਸਿੰਘ ਦਾ ਧਨਵਾਦ ਵੀ ਕੀਤਾ । ਇਸ ਮੌਕੇ ਗੁਰਪਾਲ ਸਿੰਘ ਭੱਟੀ, ਜਸਪਾਲ ਸਿੰਘ ਸਿੱਧੂ, ਹਰਜੀਤ ਸਿੰਘ ਸਿੱਧੂ, ਤੀਰਥ ਸਿੰਘ ਸਿੱਧੂ, ਅਮਨਦੀਪ ਸਿੰਘ, ਗੁਰਦਰਸ਼ਨ ਸਿੰਘ ਪਟਵਾਰੀ, ਹਰਪ੍ਰੀਤ ਸਿੰਘ ਕਾਨੂੰਗੋ, ਅਮਰੀਕ ਸਿੰਘ, ਸਿਕੰਦਰ ਸਿੰਘ ਪੰਚ, ਅਵਤਾਰ ਸਿੰਘ, ਤੀਰਥ ਸਿੰਘ ਪੰਚ, ਤੀਰਥ ਸਿੰਘ ਸਿੱਧੂ, ਹਰਪ੍ਰੀਤ ਸਿੰਘ ਪੰਚ, ਰਣਜੀਤ ਸਿੰਘ ਪੰਚ, ਅਵਤਾਰ ਸਿੰਘ ਕਾਲਾ, ਪਰਮਜੀਤ ਸਿੰਘ ਸਿੱਧੂ, ਜਰਨੈਲ ਸਿੰਘ ਸਾਬਕਾ ਪੰਚ, ਕਵਲਜੀਤ ਸਿੰਘ ਸਿੱਧੂ ਲਖਵਿੰਦਰ ਸਿੰਘ, ਗਗਨਦੀਪ ਸਿੰਘ ਖਟੜਾ, ਸੁਖਜੀਤ ਸਿੰਘ, ਰਾਜਵਿੰਦਰ ਸਿੰਘ ਸਿੱਧੂ ਅਮਨਦੀਪ ਸ਼ਰਮਾ, ਹਰਪਾਲ ਸਿੰਘ ਪਟਵਾਰੀ ਆਦਿ ਹਾਜ਼ਰ ਸਨ।

# ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਜ਼ਿਲ੍ਹਾ ਸੰਗਰੂਰ ਵਿਖੇ 122 ਮੁਕੱਦਮੇ ਦਰਜ਼ 166 ਦੋਸ਼ੀਆਂ ਨੂੰ ਕੀਤਾ ਗ੍ਰਿਫ਼ਤਾਰ



ਸੰਗਰੂਰ, 4 ਮਈ (ਹਰਕੰਵਲ ਸਿੰਘ ਹੈਪੀ): ਸ੍ਰੀ ਸਰਤਾਜ ਸਿੰਘ ਚਾਹਲ, ਐਸ.ਐਸ.ਪੀ. ਸੰਗਰੂਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ "ਯੁੱਧ ਨਸ਼ਿਆਂ ਵਿਰੁੱਧ"ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਮਿਤੀ 1 ਅਪ੍ਰੈਲ ਤੋਂ 30 ਅਪ੍ਰੈਲ 2025 ਤੱਕ ਡਰੱਗ ਦੇ 88 ਮੁਕੱਦਮੇਂ ਦਰਜ ਕਰਕੇ 131 ਦੋਸ਼ੀ ਕਾਬੂ ਕਰਕੇ 463 ਗ੍ਰਾਮ ਹੈਰੋਇਨ, 1 ਕਿੱਲੋ 550 ਗ੍ਰਾਮ ਅਫੀਮ, 03 ਕੁਇੰਟਲ 86 ਕਿੱਲੋ ਭੁੱਕੀ ਚੂਰਾ ਪੋਸਤ, 200 ਗ੍ਰਾਮ ਚਰਸ, 02 ਕਿੱਲੋ 743 ਗ੍ਰਾਮ ਗਾਂਜਾ/ਸੁਲਫਾ, 50 ਗ੍ਰਾਮ ਨਸ਼ੀਲਾ ਪਾਊਡਰ, 7985 ਨਸੀਲੀਆਂ ਗੋਲੀਆਂ, 34 ਨਸੀਲੀਆਂ ਸੀਸੀਆਂ ਅਤੇ 6,05,500/- ਰੁਪਏ ਡਰੱਗ ਮਨੀ ਬ੍ਰਾਮਦ ਕਰਵਾਈ ਗਈ। ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 34 ਮੁਕੱਦਮੇ ਦਰਜ ਕਰਕੇ 35 ਦੋਸ਼ੀਆਂ ਨੂੰ ਕਾਬੂ ਕਰਕੇ 948.750 ਲੀਟਰ ਸ਼ਰਾਬ ਠੇਕਾ ਦੇਸੀ, 119.250 ਲੀਟਰ ਸ਼ਰਾਬ ਨਜਾਇਜ਼, 74.250 ਲੀਟਰ ਸ਼ਰਾਬ ਅੰਗਰੇਜੀ, 200 ਲੀਟਰ ਸਪਰਿੱਟ, 640 ਲੀਟਰ ਲਾਹਣ ਬ੍ਰਾਮਦ ਕਰਵਾਈ ਗਈ। ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਮਿਤੀ 24.04.2025 ਨੂੰ ਸੰਗਰੂਰ ਪ੍ਰਸ਼ਾਸਨ ਵੱਲੋਂ "ਯੁੱਧ ਨਸ਼ਿਆਂ ਵਿਰੁੱਧ"ਮੁਹਿੰਮ ਦੇ ਚੱਲਦਿਆਂ 01 ਨਸ਼ਾ ਤਸਕਰ ਵੱਲੋਂ ਨਸ਼ਿਆਂ ਦੀ ਤਸਕਰੀ ਕਰਕੇ ਮਾਰਕੀਟ ਕਮੇਟੀ ਸੁਨਾਮ ਦੀ ਜ਼ਮੀਨ ਪਰ ਬਣਾਈ ਗੈਰਕਾਨੂੰਨੀ ਪ੍ਰਾਪਰਟੀ, ਬੁਲਡੋਜ਼ਰ ਚਲਾ ਕੇ ਢਾਹ ਦਿੱਤੀ ਗਈ। ਮਿਤੀ 25.04.2025 ਨੂੰ ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਪਬਲਿਕ ਦੇ 120 ਗੁੰਮ ਹੋਏ ਮੋਬਾਇਲ ਫੋਨ ਟਰੇਸ ਕਰਕੇ ਉਨ੍ਹਾਂ ਦੇ ਵਾਰਸਾਂ ਦੇ ਹਵਾਲੇ ਕੀਤੇ, ਇਨ੍ਹਾਂ ਮੋਬਾਇਲਾਂ ਦੀ ਕੀਮਤ ਕਰੀਬ 13,12,000/- ਰੁਪਏ ਬਣਦੀ ਹੈ। ਇਸੇ ਤਰ੍ਹਾਂ ਮਿਤੀ 25.04.2025 ਨੂੰ ਪੰਜਾਬ ਵਿੱਚ ਅਸਲਾ ਸਪਲਾਈ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰਕੇ 03 ਦੋਸੀਆਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 3 ਨਜਾਇਜ ਪਿਸਟਲ 32 ਬੋਰ ਸਮੇਤ 03 ਮੈਗਜੀਨ ਤੇ 4 ਜਿੰਦਾ ਕਾਰਤੂਸ ਅਤੇ 3 ਨਜਾਇਜ ਅਸਲੇ 315 ਬੋਰ ਸਮੇਤ 3 ਜਿੰਦਾ ਕਾਰਤੂਸ ਸਮੇਤ ਆਲਟੋ ਗੱਡੀ ਬ੍ਰਾਮਦ ਕਰਵਾਈ ਗਈ। ਚਾਹਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ ਹੈ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ ਸਪੋਰਟਸ ਕਲੱਬਾਂ/ਮੋਹਤਵਰ ਪੁਰਸ਼ਾਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਅਰਸੇ ਦੌਰਾਨ ਵੱਖ ਵੱਖ ਗਜਟਿਡ ਅਫਸਰਾਂ ਵੱਲੋਂ 44 ਪਿੰਡਾਂ/ਸ਼ਹਿਰਾਂ ਵਿੱਚ ਆਮ ਪਬਲਿਕ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ। ਆਮ ਪਬਲਿਕ ਨੂੰ ਨਸੇ ਦਾ ਧੰਦਾਂ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਿਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ।

# ਹਲਕਾ ਲਹਿਰਾ ਦੇ ਬਸਪਾ ਅਹੁਦੇਦਾਰਾਂ ਦੀ ਹੋਈ ਚੋਣ



ਖਨੌਰੀ, 4 ਮਈ (ਓਮਪ੍ਰਕਾਸ਼ ਮੁਆਲ ): ਬਹੁਜਨ ਸਮਾਜ ਪਾਰਟੀ ਦੇ ਆਗੂ ਜਿਸ ਵਿੱਚ ਡਾਕਟਰ ਮੱਖਣ ਸਿੰਘ ਲੋਕ ਸਭਾ ਇੰਚਾਰਜ ਸੰਗਰੂਰ, ਚਮਕੌਰ ਸਿੰਘ ਵੀਰ ਜਰਨਲ ਸਕੱਤਰ ਪੰਜਾਬ, ਰਣਧੀਰ ਸਿੰਘ ਨਾਗਰਾ ਹਲਕਾ ਇੰਚਾਰਜ ਸੰਗਰੂਰ, ਨਿਰਮਲ ਸਿੰਘ ਕੋਹਰੀਆ ਜ਼ਿਲ੍ਹਾ ਪ੍ਰਧਾਨ ਸੰਗਰੂਰ, ਬਸਪਾ ਆਗੂ ਮੱਟੂ ਸਾਹਿਬ, ਪਵਿੱਤਰ ਸਿੰਘ ਆਦਿ ਦੀ ਅਗਵਾਈ ਹੇਠ ਇੱਕ ਜ਼ਰੂਰੀ ਮੀਟਿੰਗ ਬੇਗਮਪੁਰਾ ਧਾਮ ਸ੍ਰੀ ਗੁਰੂ ਰਵਿਦਾਸ ਮੰਦਿਰ ਬੋਪੁਰ ਵਿਚ ਹੋਈ। ਜਿਸ ਵਿੱਚ ਹਲਕਾ ਲਹਿਰਾ ਦੇ ਪਿੰਡਾਂ 'ਚੋਂ ਭਾਰੀ ਗਿਣਤੀ ਵਿੱਚ ਬਸਪਾ ਆਗੂਆਂ ਤੇ ਵਰਕਰਾਂ ਨੇ ਹਿੱਸਾ ਲਿਆ। ਜਿਸ ਵਿੱਚ ਬਸਪਾ ਹਲਕਾ ਲਹਿਰਾ ਦੀ ਬਾਡੀ ਦੀ ਚੋਣ ਕੀਤੀ ਗਈ । ਇਸ ਵਿੱਚ ਰਾਜਕੁਮਾਰ ਜੱਸਲ ਬੋਪੁਰ ਨੂੰ ਹਲਕਾ ਲਹਿਰਾ ਦਾ ਪ੍ਰਧਾਨ, ਅਮਨ ਬੋਧ ਖਨੌਰੀ ਨੂੰ ਜਿਲ੍ਹਾ ਕੋਆਰਡੀਨੇਟਰ, ਸੰਭੂ ਰੰਗਾ ਚੱਠਾ ਗੋਬਿੰਦਪੁਰਾ ਨੂੰ ਜਰਨਲ ਸਕੱਤਰ, ਰਾਮ ਨਾਥ ਲਹਿਰਾ ਨੂੰ ਖ਼ਜ਼ਾਨਚੀ, ਤਰਸੇਮ ਸਿੰਘ ਨੂੰ ਬੀ. ਵੀ .ਐਫ ਪ੍ਰਧਾਨ, ਜਗਸੀਰ ਸਿੰਘ ਬੋਪੁਰ ਨੂੰ ਵਾਇਸ ਪ੍ਰਧਾਨ, ਗੁਲਾਬ ਸਿੰਘ ਨੂੰ ਸ਼ਹਿਰੀ ਪ੍ਰਧਾਨ ਖਨੌਰੀ, ਰਾਜਿੰਦਰ ਸਿੰਘ ਸਹਿਰੀ ਪ੍ਰਧਾਨ ਲਹਿਰਾ ਲਾਇਆ ਗਿਆ। ਇਸ ਮੌਕੇ ਰਾਮਨਾਥ ਸਿੰਘ ਲਹਿਰਾ , ਡਾਕਟਰ ਭੂਰਾ ਸਿੰਘ, ਬੰਤ ਸਿੰਘ ਲਹਿਰਾ, ਰਾਮਦਾਸ ਭੂੱਕਲ, ਕ੍ਰਿਸ਼ਨ ਸਿੰਘ ਜੱਸਲ , ਸੁਰਜੀਤ ਸਿੰਘ, ਕਰਮਚੰਦ ਫੌਜੀ ਠਸਕਾ , ਡਾ. ਓਮਪਕਾਸ਼, ਨੰਬਰਦਾਰ ਸ਼ਰਨਜੀਤ ਸਿੰਘ, ਸੁਰੇਸ਼ ਕੁਮਾਰ ਬਨਾਰਸੀ, ਆਖੇ ਰਾਮ ਖਨੌਰੀ ਖ਼ੁਰਦ, ਬਿਕਰਮ ਸਿੰਘ, ਮਿੱਠੂ ਰਾਮ, ਚਾਨਣ ਸਿੰਘ ਭੁੱਲਣ , ਸਾਬਕਾ ਪ੍ਰਧਾਨ ਜਗਸੀਰ ਸਿੰਘ, ਬਾਲੀ ਸਿੰਘ, ਰਾਮ ਰੂਪ ਸਿੰਘ ਠਸਕਾ , ਜੇਠੂ ਰਾਮ ਮੰਡਵੀ, ਆਦਿ ਨਾਲ ਪਿੰਡਾਂ ਚੋ ਬਸਪਾ ਆਗੂ ਭਾਰੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਬਾਬਾ ਜਗਦੀਸ਼ ਦਾਸ ਜੀ ਮੰਡਵੀ ਵਾਲਿਆਂ ਅਤੇ ਬਾਬਾ ਕਰਨੈਲ ਸਿੰਘ ਖਨੌਰੀ ਨੇ ਆਏ ਬਸਪਾ ਆਗੂਆਂ ਦਾ ਧੰਨਵਾਦ ਕੀਤਾ।

# ਹਲਕਾ ਵਿਧਾਇਕ ਵੱਲੋਂ ਸਕੂਲ ਦੇ ਦੋ ਕਮਰਿਆਂ ਦੀ ਮੁਰੰਮਤ ਦੇ ਕੰਮ ਦਾ ਉਦਘਾਟਨ



ਮੌੜ ਮੰਡੀ , 4 ਮਈ (ਜੀਵਨ ਕੁਮਾਰ ਗੁਪਤਾ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੇ ਸਹਿਯੋਗ ਨਾਲ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਲਿਆਉਣ ਲਈ ਕਰੋੜਾਂ ਫੰਡ ਜਾਰੀ ਹੋਏ ਹਨ , ਜਿਸ ਨਾਲ ਜਿੱਥੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਹੈ, ਉੱਥੇ ਸਕੂਲਾਂ ਵਿੱਚ ਬਣੇ ਸਮਾਰਟ ਕਮਰਿਆਂ ਨੇ ਸਕੂਲਾਂ ਨੂੰ ਚਾਰ ਚੰਨ ਲਗਾ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਫੰਡਾਂ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਮੌੜ ਮੰਡੀ ,ਜ਼ਿਲ੍ਹਾ ਬਠਿੰਡਾ ਵਿਖੇ ਬਣੇ ਜਮਾਤ ਦੇ ਨਵੇਂ ਕਮਰੇ ਅਤੇ ਦੋ ਕਮਰਿਆਂ ਦੀ ਰਿਪੇਅਰ ਦਾ ਉਦਘਾਟਨ ਕਰਨ ਲਈ ਹਲਕਾ ਮੌੜ ਦੇ ਵਿਧਾਇਕ ਸੁਖਵੀਰ ਸਿੰਘ ਜੀ ਮਾਈਸਰਖਾਨਾ ਆਪਣੀ ਪੂਰੀ ਟੀਮ ਨਾਲ ਪਹੁੰਚੇ ਸ.ਪ.ਸ ਸਕੂਲ ਦੇ ਮੁਖੀ ਮੈਡਮ ਮੀਨੂੰ ਸਿੰਗਲਾ / ਸਰਬਜੀਤ ਕੌਰ ਸਾਬਕਾ ਸੀ ਐਚ ਟੀ/ਗੁਲਜ਼ਾਰੀ ਲਾਲ ਸਮਾਜ ਸੇਵਕ/ ਸਵਿਤਾ ਰਾਣੀ/ਸ਼ਿਖਾ ਰਾਣੀ/ਊਸ਼ਾ ਰਾਣੀ/ਸ਼ਾਰਦਾ ਰਾਣੀ/ ਰੇਖਾ/ਨਰਿੰਦਰ ਕੌਰ ਅਧਿਆਪਕਾਂ ਨੇ ਵਿਧਾਇਕ ਸਾਹਿਬ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਵਿਧਾਇਕ ਸਾਹਿਬ ਨੂੰ ਜੀ ਆਇਆਂ ਕਿਹਾ। ਸਮੂਹ ਸਕੂਲ ਸਟਾਫ / ਐਸ.ਐਮ.ਸੀ ਮੈਂਬਰਜ ਅਤੇ ਮੰਡੀ ਅਤੇ ਦੂਰ ਨੇੜੇ ਦੇ ਪਿੰਡਾਂ ਦੇ ਪਤਵੰਤੇ ਸੱਜਣਾਂ ਵੱਲੋਂ ਐਮ .ਐੱਲ.ਏ ਸਾਹਿਬ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਐਮ.ਐੱਲ.ਏ ਸੁਖਵੀਰ ਸਿੰਘ ਮਾਈਸਰਖਾਨਾ ਨੇ ਉਦਘਾਟਨੀ ਪੱਥਰ ਤੋਂ ਪਰਦਾ ਹਟਾ ਕੇ ਆਧੁਨਿਕ ਕਮਰੇ ਦਾ ਰਸਮੀ ਉਦਘਾਟਨ ਕੀਤਾ। ਵਿਧਾਇਕ ਸਾਹਿਬ ਦੇ ਨਾਲ ਉਨ੍ਹਾਂ ਦੀ ਟੀਮ ਦੇ ਖਾਸ ਮੈਂਬਰ ਇਸ ਖਾਸ ਮੌਕੇ 'ਤੇ ਪਹੁੰਚੇ। ਮਹਿਮਾਨਾਂ ਦੇ ਲਈ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਚਾਹ-ਪਾਣੀ,ਕੋਲਡ ਡਰਿੰਕਸ ਅਤੇ ਛਾਇਆਵਾਨਾਂ ਦਾ ਯੋਗ ਪ੍ਰਬੰਧ ਕੀਤਾ ਗਿਆ ਸੀ। ਇਸ ਦੌਰਾਨ ਉਨ੍ਹਾਂ ਵਿੱਦਿਆਰਥੀਆਂ ਦੇ ਮਾਪਿਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਗੁਣਤਾਮਕ ਸਿੱਖਿਆ ਲਈ ਵਚਨਬੱਧ ਹੈ। ਇਸ ਦੇ ਨਾਲ ਨਾਲ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਪੜ੍ਹਾਈ ਲਈ ਕਰੋੜਾਂ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਜਿਸ ਨਾਲ ਸਕੂਲਾਂ ਦੇ ਸਮਾਰਟ ਕਮਰਿਆਂ ਦੀ ਉਸਾਰੀ ਹੋਈ ਹੈ। ਇਸੇ ਲੜੀ ਤਹਿਤ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਮੌੜ ਮੰਡੀ ਵਿੱਚ ਵਿੱਚ ਨਵੇਂ ਬਣੇ ਜਮਾਤ ਦੇ ਕਮਰੇ ਅਤੇ ਰਿਨੀਉ ਕੀਤੇ ਕਮਰਿਆਂ ਦਾ ਉਦਘਾਟਨ ਕੀਤਾ ਗਿਆ । ਪੰਜਾਬ ਸਰਕਾਰ ਦੇ ਇਸ ਉਪਰਾਲੇ ਨਾਲ ਵਿਦਿਆਰਥੀਆਂ ਵਧੀਆ ਢੰਗ ਨਾਲ ਸਿੱਖਿਆ ਹਾਸਲ ਕਰ ਸਕਣਗੇ। ਵਿਧਾਇਕ ਸਾਹਿਬ ਨੇ ਸਮੂਹ ਮਾਤਾ-ਪਿਤਾ ਅਤੇ ਸਮਾਜਿਕ ਭਾਈਚਾਰੇ ਨੂੰ ਅਪੀਲ ਕੀਤੀ ਕਿ ਸਰਕਾਰੀ ਸਹੂਲਤਾਂ ਦਾ ਲਾਭ ਪ੍ਰਾਪਤ ਕਰਨ ਲਈ ਆਪਣੇ ਵੱਧ ਤੋਂ ਵੱਧ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਅਤੇ ਸਰਕਾਰੀ ਸਿੱਖਿਆ ਤੰਤਰ ਨੂੰ ਹੋਰ ਬਿਹਤਰ ਕਰਨ ਲਈ ਸਹਿਯੋਗ ਦੇਣ । ਵਿਧਾਇਕ ਸਾਹਿਬ ਨੇ ਕਿਹਾ ਕਿ ਸਰਕਾਰੀ ਸਿੱਖਿਆ ਢਾਂਚੇ ਨੂੰ ਮਜਬੂਤ ਕਰਕੇ ਹੀ ਅਸੀਂ ਆਪਣੀ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਸਰਕਾਰੀ ਨੌਕਰੀਆਂ ਦਾ ਪ੍ਰਬੰਧ ਕਰ ਸਕਦੇ ਹਾਂ।

# ਪੁਰੀ ਪਰਿਵਾਰ ਵੱਲੋਂ ਕੀਤਾ ਗਿਆ ਪ੍ਰਸਿੱਧ ਭਜਨ ਗਾਇਕ ਕਰਮਾ ਰੋਪੜ ਵਾਲੇ ਦਾ ਸਨਮਾਨ



ਸੁਨਾਮ ਊਧਮ ਸਿੰਘ ਵਾਲਾ, 4 ਮਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਸ੍ਰੀ ਨੈਣਾਂ ਦੇਵੀ ਮੰਦਰ ਕਮੇਟੀ ਵੱਲੋਂ ਮਾਤਾ ਨੈਣਾ ਦੇਵੀ ਜੀ ਦੀ ਮੂਰਤੀ ਸਥਾਪਨਾ ਦਿਵਸ ਦੇ ਸਬੰਧ ਵਿੱਚ 38 ਵਾਂ ਵਿਸ਼ਾਲ ਭਗਵਤੀ ਜਾਗਰਣ ਕਰਵਾਇਆ ਗਿਆ। ਇਸ ਜਾਗਰਣ ਵਿੱਚ ਪਹੁੰਚੇ ਭਜਨ ਲੇਖਕ ਅਤੇ ਗਾਇਕ ਕਰਮਾ ਰੋਪੜ ਵਾਲੇ ਅਤੇ ਉਹਨਾਂ ਦੇ ਪੁੱਤਰ ਜਾਫਰ ਜੂਫੀ ਪੰਜਾਬੀ ਕਲਾਕਾਰ ਨੂੰ ਪੁਰੀ ਪਰਿਵਾਰ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਜਾਗਰਣ ਵਿੱਚ ਕਰਮਾ ਰੋਪੜ ਵਾਲੇ ਵੱਲੋਂ ਤੇਰੀ ਚੂਨੀਆਂ ਲਾਲ ਅਤੇ ਦੇ ਚਰਨਾਂ ਦਾ ਪਿਆਰ ਮਾਏਂ ਸਾਨੂੰਰੱਖ ਰਚਨਾ ਦੇ ਕੋਲ ਸੁਣਾਂ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਵਿਰੋਚਨ ਪੁਰੀ ਭਾਰਤੀ ਪੁਰੀ ਨੀਰਜਾ ਪੁਰੀ ਵਾਹਿਨ ਪੁਰੀ ਤਰੁੱਣ ਜਿੰਦਲ ਜੋਤੀ ਮਿਤਾਸ ਅਤੇ ਵੱਡੀ ਗਿੱਣਤੀ ਵਿੱਚ ਸ਼ਰਧਾਲੂਆਂ ਨੇ ਪਹੁੰਚ ਕੇ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਪੰਜਾਬ ਦੇ ਪਾਣੀ ਦੀ ਇੱਕ ਬੂੰਦ ਵੀ ਨਹੀ ਦਿਆਂਗੇ: ਬਹਿਰਾਮਕੇ

ਕੋਟ ਈਸੇ ਖਾਂ, 4 ਮਈ (ਗਾਂਧੀ/ ਗੁਰਦੇਵ ਖੁਰਾਣਾ): ਕਿਸਾਨ ਮਜ਼ਦੂਰ ਮੋਰਚੇ ਦੇ ਆਗੂ ਬਲਵੰਤ ਸਿੰਘ ਬਹਿਰਾਮਕੇ ਸੂਬਾ ਪ੍ਰਧਾਨ ਬੀਕੇਯੂ ਬਹਿਰਾਮਕੇ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਕਾਫੀ ਸਾਲਾਂ ਤੋਂ ਪੰਜਾਬ ਦੀਆਂ ਜ਼ਮੀਨਾਂ 'ਤੇ ਪੰਜਾਬ ਦੇ ਪਾਣੀਆਂ ਤੇ ਕੇਂਦਰ ਤੇ ਸੂਬਈ ਸਰਕਾਰਾਂ ਦੀ ਨਜ਼ਰ ਹੈ। ਭਾਜਪਾ ਦੀ ਡਬਲ ਇੰਜਣ ਦੀ ਸਰਕਾਰ ਹੁੰਦਿਆਂ ਆਪਸੀ ਮਿਲੀ ਭੁਗਤ ਨਾਲ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਰਾਹੀਂ ਪੰਜਾਬ ਦਾ ਪਾਣੀ ਖੋਹਣ ਦਾ ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਨੇ ਸਖ਼ਤ ਸ਼ਬਦਾਂ ਵਿੱਚ ਵਿਰੋਧ ਕੀਤਾ ਹੈ। ਬਹਿਰਾਮਕੇ ਨੇ ਕਿਹਾ ਕਿ ਪੰਜਾਬ ਚ ਵਸਦੇ ਕਿਸਾਨਾਂ, ਮਜ਼ਦੂਰਾਂ ਤੇ ਹਰੇਕ ਵਰਗ ਨਾਲ ਪਾਣੀਆ ਦੇ ਮਸਲੇ 'ਤੇ ਪਹਿਲਾਂ ਕਾਫੀ ਧੱਕਾ ਹੋਇਆ ਹੈ। ਇਹ ਦੁਬਾਰਾ ਫਿਰ ਨਵਾਂ ਧੱਕਾ ਕੀਤਾ ਜਾ ਰਿਹਾ ਹੈ,ਜੋ ਹਰਗਿਜ ਬਰਦਾਸ਼ਤ ਨਹੀਂ ਕੀਤਾ ਜਾਏਗਾ। ਇਸ ਧੱਕੇ ਲਈ ਕੇਂਦਰ ਦੇ ਨਾਲ ਨਾਲ ਪੰਜਾਬ ਸਰਕਾਰ ਵੀ ਦੋਸ਼ੀ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਕੇਂਦਰ ਸਰਕਾਰ ਨਾਲ ਮਿਲੀਭੁਗਤ ਹੈ। ਪੰਜਾਬ ਤੇ ਹਰਿਆਣਾ ਸਰਕਾਰ ਦੋਵੇਂ ਸੂਬਿਆ ਦੇ ਲੋਕਾਂ ਨੂੰ ਆਪਸ ਵਿੱਚ ਲੜਾਉਣ ਦੀ ਵੱਡੀ ਸਾਜਿਸ਼ ਹੈ। ਬੀਕੇਯੂ ਬਹਿਰਾਮਕੇ ਪਹਿਲਾ ਵੀ ਇਹ ਮੰਗ ਰੱਖੀ ਗਈ ਸੀ ਕਿ ਡੈਮ ਸੇਫਟੀ ਐਕਟ ਰੱਦ ਕੀਤਾ ਜਾਵੇ ਪਰ ਪੰਜਾਬ ਸਰਕਾਰ ਨੇ ਚੁੱਪ ਚਾਪ ਸਵਿਕਾਰ ਕਰ ਲਿਆ। ਜਲ-ਸੋਧ ਐਕਟ ਨੂੰ ਕਿਸਾਨ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਵੀ ਵਿਧਾਨ ਸਭਾ ਵਿੱਚ ਕਾਨੂੰਨ ਬਣਾ ਕੇ ਮਨਜ਼ੂਰ ਕਰ ਲਿਆ। ਉਨ੍ਹਾਂ ਆਖਿਆ ਕਿ ਹਰਿਆਣਾ ਨੂੰ ਪਹਿਲਾਂ ਹੀ 4 ਹਜਾਰ ਕਿਊਸਿਕ ਛੁੱਟ ਪਾਣੀ ਰੋਜਾਨਾ ਜਾਂਦਾ ਹੈ, ਇਸ ਦੇ ਬਾਵਜੂਦ ਵੀ ਹਰਿਆਣਾ ਸਰਕਾਰ 8500 ਕਿਊਸਿਕ ਪਾਣੀ ਦੀ ਹੋਰ ਮੰਗ ਕੀਤੀ ਜਾ ਰਹੀ ਹੈ। ਜਿਨੇ ਵੀ ਡੈਮ ਹਨ ਉਨਾਂ ਚ ਪਾਣੀ ਦਾ ਪੱਧਰ ਲਗਾਤਾਰ ਨੀਵਾਂ ਹੁੰਦਾ ਜਾ ਰਿਹਾ ਹੈ। ਬਹਿਰਾਮਕੇ ਤੇ ਮਸਤੇਵਾਲ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ 'ਤੇ ਪਹਿਲਾ ਹੱਕ ਪੰਜਾਬ ਦਾ ਹੀ ਹੈ। ਇਸ ਲਈ ਪੰਜਾਬ ਵਾਸੀਆਂ ਨਾਲ ਧੱਕਾ ਨਹੀ ਹੋਣ ਦਿਆਂਗੇ। ਪੰਜਾਬ ਦਾ ਇੱਕ ਬੂੰਦ ਵੀ ਪਾਣੀ ਨਹੀਂ ਦਿਆਂਗੇ। ਇਸ ਮੌਕੇ ਜਗਰੂਪ ਸਿੰਘ ਰੋਡਿਆਵਾਲਾ ਜ਼ਿਲ੍ਹਾ ਪ੍ਰਧਾਨ ਮੋਗਾ, ਗੁਰਮੇਲ ਸਿੰਘ ਗਿੱਲ ਸਹਿਰੀ ਪ੍ਰਧਾਨ ਧਰਮਕੋਟ, ਜਗੀਰ ਸਿੰਘ ਫੌਜੀ, ਬਾਜ ਸਿੰਘ ਸੰਗਲਾ, ਬਲਵੀਰ ਸਿੰਘ ਮਾਨ ਸੰਗਲਾ, ਕੁਲਦੀਪ ਸਿੰਘ ਬਘੇਲੇ ਵਾਲਾ ਜੋਨ ਪ੍ਰਧਾਨ, ਦੇਸਾ ਸਿੰਘ ਭੁੱਲਰ, ਕੁਲਜਿੰਦਰ ਸਿੰਘ ਸਿੱਧੂ ਆਦਿ ਕਿਸਾਨ ਹਾਜਰ ਸਨ।



# ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਗਤਕੇ ਦੇ ਜੌਹਰ ਦਿਖਾਏ ਅਤੇ ਕੁਸ਼ਤੀ ਮੁਕਾਬਲੇ ਵੀ ਹੋਏ

ਭੋਗਪੁਰ, 4 ਮਈ ( ਅਮਰਜੀਤ ਸਿੰਘ ਜੰਡੀਰ ): ਮਿਸਲ ਨਵਾਬ ਕਪੂਰ ਸਿੰਘ ਜੀ ਬੁੱਢਾ ਦਲ ਮੁਖੀ ਜਥੇਦਾਰ ਬਾਬਾ ਦਵਿੰਦਰ ਸਿੰਘ ਜੀ ਅਕਾਲੀ ਜੀ ਵੱਲੋਂ ਪਿੰਡ ਭਟਨੂਰਾ ਲੁਬਾਣਾ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ। ਵੱਖ ਵੱਖ ਰਾਗੀ ਜੱਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਖੂਬ ਨਿਹਾਲ ਕੀਤਾ ਅਤੇ ਢਾਡੀ ਜਥਿਆਂ ਨੇ ਮਿਸਲ ਨਵਾਬ ਕਪੂਰ ਸਿੰਘ ਜੀ ਦੇ ਇਤਿਹਾਸ ਅਤੇ ਸਿੱਖ ਇਤਿਹਾਸ ਤੋਂ ਜਾਣੂੰ ਕਰਵਾਇਆ। ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਗੱਤਕੇ ਦੇ ਜ਼ੋਹਰ ਦਿਖਾਏ,ਅਤੇ ਕੁਸ਼ਤੀ ਮੁਕਾਬਲੇ ਵੀ ਕੀਤੇ ਗਏ, ਉਪਰੰਤ ਛਬੀਲਾਂ ਤੇ ਚਾਹ ਪਕੌੜਿਆਂ ਦੇ ਲੰਗਰ ਲਗਾਏ ਗਏ। ਭਟਨੂਰਾ ਲੁਬਾਣਾ ਵਿੱਚ ਖੂਬ ਰੌਣਕਾਂ ਲੱਗੀਆਂ ਹੋਈਆਂ। ਦੁਕਾਨਾਂ ਸਜੀਆਂ ਹੋਈਆਂ ਸਨ। ਸਮਾਗਮ ਵਿੱਚ ਵੱਖ ਵੱਖ ਨਿਹੰਗ ਸਿੰਘ ਜਥੇਬੰਦੀਆਂ ਨੇ ਹਾਜ਼ਰੀਆਂ ਭਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਬੇਨਤੀ ਕੀਤੀ,ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜਗਾਰੇ ਗੂੰਜ ਰਹੇ ਸਨ, ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ।



# ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੱਖਾਂ ਦੀ ਜਾਂਚ ਸਬੰਧੀ ਕੈਂਪ

## ਸਪੀਕਰ ਸੰਧਵਾਂ, ਕੈਬਨਿਟ ਮੰਤਰੀ ਸੌਂਦ ਤੇ ਵਿਧਾਇਕ ਗੈਰੀ ਬੜਿੰਗ ਨੇ ਕੈਂਪ 'ਚ ਕੀਤੀ ਸ਼ਿਰਕਤ

ਅਮਲੋਹ, 4 ਮਈ (ਜਸਵੰਤ ਸਿੰਘ):ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਰਾਮਗੜ੍ਹੀਆ ਮਿਸਲ ਦੇ ਬਾਨੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੱਜ ਅਮਲੋਹ ਵਿਖੇ ਰਾਮਗੜ੍ਹੀਆ ਵੈਲਫੇਅਰ ਫੈਡਰੇਸ਼ਨ ਪੰਜਾਬ ਵੱਲੋਂ ਅੱਖਾਂ ਦੀ ਜਾਂਚ ਸਬੰਧੀ ਮੁਫ਼ਤ ਕੈਂਪ ਲਗਾਇਆ ਗਿਆ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਰਾਮਗੜ੍ਹੀਆ ਭਾਈਚਾਰੇ ਨੂੰ ਵਧਾਈ ਦਿੱਤੀ। ਸ੍ਰੀ ਸੰਧਵਾਂ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ, ਸਿੱਖ ਇਤਿਹਾਸ ਵਿੱਚ ਉਨ੍ਹਾਂ ਦੀ ਸ਼ਾਨਾਮੱਤੀ ਭੂਮਿਕਾ 'ਤੇ ਸਿੱਖ ਰਾਜ ਦੀ ਉਸਾਰੀ ਵਿੱਚ ਯੋਗਦਾਨ ਬਾਰੇ ਦੱਸਿਆ, ਜਿਨ੍ਹਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।ਉਨ੍ਹਾਂ ਕਿਹਾ ਕਿ ਅਜਿਹੇ ਮਹਾਨ ਯੋਧਿਆਂ ਦੇ ਜੀਵਨ ਬਾਰੇ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨ ਲਈ ਅਜਿਹੇ ਸਮਾਗਮ ਨਿਯਮਤ ਤੌਰ ਉੱਤੇ ਕਰਵਾਏ ਜਾਣੇ ਚਾਹੀਦੇ ਹਨ।ਸ੍ਰੀ ਸੌਂਦ ਨੇ ਜਿੱਥੇ ਕੌਮ ਦੇ ਇਸ ਮਹਾਨ ਨਾਇਕ ਨੂੰ ਸਿਜਦਾ ਕੀਤਾ ਉੱਥੇ ਹੀ ਰਾਮਗੜ੍ਹੀਆ ਭਾਈਚਾਰੇ ਨੂੰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਦੀ ਮੁਬਾਰਕਬਾਦ ਵੀ ਭੇਟ ਕੀਤੀ। ਉਨ੍ਹਾਂ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਵਿਚ ਲੋਕਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਰਾਮਗੜ੍ਹੀਆ ਵੈਲਫੇਅਰ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਜਤਿੰਦਰ ਸਿੰਘ ਰਾਮਗੜ੍ਹੀਆ ਨੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਵੱਲੋਂ ਦਿਖਾਏ ਮਾਰਗ ਉੱਤੇ ਚੱਲਦੇ ਹੋਏ ਮਨੁੱਖਤਾ ਦੀ ਭਲਾਈ ਲਈ ਉਪਰਾਲੇ ਜਾਰੀ ਰੱਖੇ ਜਾਣਗੇ। ਕੈਂਪ ਵਿਚ 500 ਤੋਂ ਵੱਧ ਮਰੀਜ਼ਾਂ ਦਾ ਚੈਕਅੱਪ ਕੀਤਾ ਗਿਆ ਅਤੇ ਲੋੜਵੰਦਾਂ ਦੇ ਅਪਰੇਸ਼ਨ ਕਰਵਾਉਣ ਦਾ ਐਲਾਨ ਕੀਤਾ। ਇਸ ਮੌਕੇ ਆਪ ਆਗੂ ਸ਼ਿੰਗਾਰਾ ਸਿੰਘ ਸਲਾਣਾ, ਕੌਂਸਲ ਪ੍ਰਧਾਨ ਸਿਕੰਦਰ ਸਿੰਘ ਗੋਗੀ, ਮਾਰਕੀਟ ਕਮੇਟੀ ਦੀ ਚੇਅਰਪਰਸਨ ਸੁਖਵਿੰਦਰ ਕੌਰ ਗਹਿਲੌਤ, ਸਮਾਜ ਸੇਵੀ ਡਾ.ਅਮਰਜੀਤ ਸਿੰਘ ਅਨੇਤਾ, ਵੈਲਫੇਅਰ ਫੈਡਰੇਸ਼ਨ ਦੇ ਮੀਤ ਪ੍ਰਧਾਨ ਰਜਿੰਦਰ ਸਿੰਘ ਬੱਬੀ, ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ, ਜਗਦੀਸ਼ ਸਿੰਘ ਲੋਟੇ, ਸਰਪਰਸਤ ਪਰਮਜੀਤ ਸਿੰਘ, ਸੀਤਲਾ ਮਾਤਾ ਮੰਦਰ ਕਮੇਟੀ ਦੇ ਵਿਨੇ ਪੁਰੀ, ਕਲਾਕਾਰ ਪ੍ਰਗੱਟ ਚੱਨ, ਸ਼੍ਰੋਮਣੀ ਅਤੇ ਵੈਟਰਨ ਪੱਤਰਕਾਰ ਭੂਸ਼ਨ ਸੂਦ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਬ੍ਰਿਜ ਭੂਸ਼ਨ ਗਰਗ, ਕੁਲਵਿੰਦਰ ਸਿੰਘ ਬਿੱਟੂ, ਗਗਨਦੀਪ ਸਿੰਘ, ਜਗਤਾਰ ਸਿੰਘ, ਲਵਪ੍ਰੀਤ ਸਿੰਘ ਲਵੀ, ਭੁਪਿੰਦਰ ਸਿੰਘ ਮਿੰਟੂ, ਮਨਿੰਦਰ ਸਿੰਘ ਭੱਟੋ, ਯਾਦਵਿੰਦਰ ਸਿੰਘ ਮਾਨਗੜ੍ਹ, ਨਰੇਸ਼ ਸ਼ਰਮਾ, ਮਨੀਸ਼ ਗੁਪਤਾ, ਸਾਬਕਾ ਕੌਂਸਲਰ ਕੁਲਦੀਪ ਦੀਪਾ, ਪਾਲੀ ਅਰੋੜਾ, ਕੌਂਸਲ ਮੀਤ ਪ੍ਰਧਾਨ ਜਰਨੈਲ ਸਿੰਘ, ਆਪ ਆਗੂ ਰੁਪਿੰਦਰ ਜਿੰਦਲ ਆਦਿ ਹਾਜ਼ਰ ਸਨ। ਸਟੇਜ ਦਾ ਫਰਜ ਭਗਵਾਨ ਦਾਸ ਮਾਜਰੀ ਨੇ ਨਿਭਾਇਆ।ਸਮਾਗਮ ਵਿਚ ਅਕਾਲੀ ਆਗੂ ਗੁਰਪ੍ਰੀਤ ਸਿੰਘ ਰਾਜੂ ਖੰਨਾ ਅਤੇ ਭਾਜਪਾ ਦੇ ਸੂਬਾਈ ਆਗੂ ਪ੍ਰਦੀਪ ਗਰਗ ਆਦਿ ਨੇ ਵੀ ਸ਼ਿਰਕਤ ਕੀਤੀ।



# 'ਯੁੱਧ ਨਸ਼ਿਆਂ ਵਿਰੁੱਧ' ਨਸ਼ਾ ਤਸਕਰ ਦੀ ਨਾਜਾਇਜ਼ ਉਸਾਰੀ ਢਾਹੀ

ਬਟਾਲਾ, 4 ਮਈ (ਸੁਖਦੇਵ ਸਿੰਘ ਰੰਧਾਵਾ ਬਲਵੀਰ ਸੋਹਲ) : ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਵੱਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਦੇ ਹੋਏ ਅੱਜ ਬਟਾਲਾ ਪੁਲਿਸ ਨੇ ਕਾਦੀਆਂ ਵਿਖੇ ਵਰ੍ਹਦੇ ਮੀਂਹ 'ਚ ਨਸ਼ਾ ਤਸਕਰ ਨਵਸ਼ਰਨ ਦਾਸ ਉਰਫ ਕਾਕਾ ਦੀ ਨਾਜਾਇਜ਼ ਉਸਾਰੀ ਕੋਠੀ ਜੇ.ਸੀ.ਬੀ ਮਸ਼ੀਨ ਲਗਾ ਕੇ ਢਾਹ ਦਿੱਤੀ ਗਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਬਟਾਲਾ ਦੇ ਐਸ.ਐਸ.ਪੀ, ਸੁਹੇਲ ਕਾਸਿਮ ਮੀਰ ਨੇ ਦੱਸਿਆ, ਕਿ ਇਸ ਨਸ਼ਾ ਤਸਕਰ ਦੇ ਖਿਲਾਫ਼ ਵੱਖ-ਵੱਖ ਥਾਣਿਆਂ ਵਿੱਚ 06 ਮੁਕੱਦਮੇ ਦਰਜ ਹਨ, ਜਿਨ੍ਹਾਂ ਵਿੱਚ ਚਾਰ ਪਰਚੇ ਐਨ.ਡੀ.ਪੀ.ਐਸ ਐਕਟ ਤਹਿਤ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰ 'ਤੇ ਪੁਲਿਸ ਸਟੇਸ਼ਨ ਕਾਦੀਆਂ ਵਿਖੇ 3 ਪਰਚੇ, ਕਾਹਨੂੰਵਾਨ, ਦੀਨਾਨਗਰ ਅਤੇ ਐਸ.ਏ.ਐਸ ਨਗਰ ਵਿਖੇ ਇੱਕ-ਇੱਕ ਪਰਚਾ ਦਰਜ ਹੈ। ਉਨ੍ਹਾਂ ਕਿਹਾ ਕਿ ਇਸ ਉੱਤੇ ਲੱਗੀਆਂ ਧਰਾਵਾਂ ਅਤੇ ਇਸ ਦੀ ਕੇਸ ਹਿਸਟਰੀ ਤੋਂ ਸਪੱਸ਼ਟ ਹੈ ਕਿ ਇਹ ਨਸ਼ਾ ਤਸਕਰੀ ਦੇ ਧੰਦੇ ਵਿੱਚ ਲੰਮੇ ਸਮੇਂ ਤੋਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰ ਵੱਲੋਂ ਨਾਜਾਇਜ਼ ਕਮਾਈ ਨਾਲ ਇਹ ਉਸਾਰੀ ਕੀਤੀ ਗਈ ਸੀ, ਜਿਸਨੂੰ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਢਾਹਿਆ ਗਿਆ ਹੈ।



ਐਸ.ਐਸ.ਪੀ ਨੇ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੋ ਵੀ ਵਿਅਕਤੀ ਕਿਸੇ ਵੀ ਗੈਰ ਕਾਨੂੰਨੀ ਕਾਰਵਾਈ ਵਿੱਚ ਸ਼ਾਮਲ ਹੈ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਸ ਖਿਲਾਫ ਠੋਸ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਉਨਾਂ ਕਿਹਾ ਕਿ ਇਹ ਕਾਰਵਾਈ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਲੋਕ ਮੁੱਖ ਧਾਰਾ ਵਿੱਚ ਆ ਨਹੀਂ ਜਾਂਦੇ ਜਾਂ ਉਹ ਪੰਜਾਬ ਛੱਡ ਕੇ ਪੰਜਾਬ ਤੋਂ ਬਾਹਰ ਚਲੇ ਨਹੀਂ ਜਾਂਦੇ।ਐਸ.ਐਸ.ਪੀ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਅਤੇ ਡੀਜੀਪੀ ਸ੍ਰੀ ਗੌਰਵ ਯਾਦਵ ਵੱਲੋਂ ਇਸ ਬਾਬਤ ਬੜੀਆਂ ਸਪੱਸ਼ਟ ਹਦਾਇਤਾਂ ਹਨ ਕਿ ਜੋ ਵੀ ਵਿਅਕਤੀ ਨਸ਼ਾ ਤਸਕਰੀ ਦੇ ਧੰਦੇ ਵਿੱਚ ਸ਼ਾਮਿਲ ਹੈ, ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।ਐਸ.ਐਸ.ਪੀ ਬਟਾਲਾ ਨੇ ਅੱਗੇ ਕਿਹਾ ਕਿ ਬਟਾਲਾ ਪੁਲਿਸ ਵਲੋਂ ਨਸ਼ਿਆਂ ਵਿਰੁੱਧ ਜੀਰੋ ਟਾਲਰੈਂਸ ਦੀ ਨੀਤੀ ਅਪਣਾਈ ਗਈ ਹੈ ਅਤੇ ਬਟਾਲਾ ਪੁਲਿਸ ਵਲੋਂ ਪਿਛਲੇ ਦੋ ਮਹੀਨਿਆਂ ਵਿੱਚ 250 ਪਰਚੇ ਦਰਜ ਕੀਤੇ ਗਏ ਹਨ। ਨਸ਼ਾ ਤਸਕਰਾਂ ਦੀਆਂ 52 ਸੰਪੱਤੀ ਕਾਨੂੰਨੀ ਕਾਰਵਾਈ ਕਰਦਿਆਂ ਅਟੈਚ ਕੀਤੀ ਗਈ ਹੈ, ਜਿਸ ਦੀ ਕੀਮਤ ਕਰੀਬ 28 ਕਰੋੜ ਰੁਪਏ ਬਣਦੀ ਹੈ। ਉਨ੍ਹਾਂ ਦੱਸਿਆ ਕਿ ਪਿੰਡ ਤੇ ਵਾਰਡ ਪੱਧਰ 'ਤੇ ਸੁਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੇ ਸਹਿਯੋਗ ਨਾਲ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਰਹੀ ਹੈ ਅਤੇ 110 ਪਿੰਡਾਂ ਵਲੋਂ ਨਸ਼ਿਆਂ ਨੂੰ ਖਤਮ ਕਰਨ ਲਈ ਮਤੇ ਪਾਏ ਗਏ ਹਨ, ਜਿਸ ਨਾਲ ਨਸ਼ੇ ਨੂੰ ਜੜ੍ਹੋਂ ਖਤਮ ਕੀਤਾ ਜਾਵੇਗਾ। ਐਸ.ਐਸ.ਪੀ ਨੇ ਅੱਗੇ ਕਿਹਾ ਕਿ ਸਾਡੇ ਲਈ ਸਾਡੇ ਬੱਚੇ , ਸਾਡੀ ਜਵਾਨੀ ਨੂੰ ਸੰਭਾਲਣਾ ਬੇਹੱਦ ਜਰੂਰੀ ਹੈ , ਜੋ ਕਿ ਇਨ੍ਹਾਂ ਤਸਕਰਾਂ ਦੇ ਘਟੀਆ ਕੰਮਾਂ ਕਾਰਨ ਨਸ਼ੇ ਦੀ ਚੇਟਕ ਨਾਲ ਆਪਣਾ ਜੀਵਨ ਤਬਾਹ ਕਰ ਲੈਂਦੇ ਹਨ। ਉਨਾਂ ਕਿਹਾ ਕਿ ਅਸੀਂ ਨਸ਼ਾ ਤਸਕਰਾਂ ਲਈ ਦੀਵਾਰ ਬਣ ਕੇ ਖੜ੍ਹੇ ਹਾਂ ਅਤੇ ਜੋ ਵਿਅਕਤੀ ਨਸ਼ਾ ਪੀਂਦੇ ਹਨ, ਉਨ੍ਹਾਂ ਨੂੰ ਇਸ ਦਾ ਰੋਗੀ ਜਾਣ ਕੇ ਇਲਾਜ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਰਾਜੇਸ਼ ਕੱਕੜ, ਡੀ.ਐਸ.ਪੀ ਕਾਦੀਆਂ, ਭੁਪਿੰਦਰ ਸਿੰਘ ਈ.ਓ ਕਾਦੀਆਂ, ਨਿਰਮਲ ਸਿੰਘ ਐਸ.ਐਚ.ਓ ਕਾਦੀਆਂ, ਐਸ.ਐਚ.ਓਜ਼ ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀ ਵੀ ਮੌਕੇ 'ਤੇ ਮੌਜੂਦ ਸਨ।

# ਜਿੱਤ ਦੀ ਦੇਵੀ ਮਾਤਾ ਬਗਲਾਮੁਖੀ

ਮੋਹਿਤ ਸਿੰਗਲਾ ਤਪਾ
ਮੋ: 90412-95900



ਦੇਵੀ ਬਗਲਾਮੁਖੀ ਜਿਸਨੂੰ ਦਸ ਮਹਾਂਵਿੱਦਿਆਵਾਂ ਵਿੱਚੋਂ ਅੱਠਵੀਂ ਮਹਾਂਵਿੱਦਿਆ ਵਜੋਂ ਸਤਿਕਾਰਿਆ ਜਾਂਦਾ ਹੈ ਦੀ ਪੂਜਾ ਵੈਸਾਖ ਦੇ ਸ਼ੁਕਲ ਪੱਖ ਦੇ ਅੱਠਵੇਂ ਦਿਨ ਬਹੁਤ ਧੂਮਧਾਮ ਨਾਲ ਕੀਤੀ ਜਾਂਦੀ ਹੈ। ਦੇਵੀ ਬਗਲਾਮੁਖੀ ਨੂੰ ਸ਼ਕਤੀ ਦਾ ਭਿਆਨਕ ਰੂਪ ਮੰਨਿਆ ਜਾਂਦਾ ਹੈ ਜੋ ਯੁੱਧ ਜਿੱਤਣ, ਦੁਸ਼ਮਣਾਂ ਨੂੰ ਹਰਾਉਣ ਅਤੇ ਬੋਲੀ ਅਤੇ ਬੁੱਧੀ ਨੂੰ ਕਾਬੂ ਕਰਨ ਦੀ ਚਮਤਕਾਰੀ ਸ਼ਕਤੀ ਪ੍ਰਦਾਨ ਕਰਦੀ ਹੈ। ਉਸਨੂੰ ਪੀਤਾਂਬਰ ਅਤੇ ਬ੍ਰਹਮਾਸਤਰ ਰੂਪਿਨੀ ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਦੇਵੀ ਦਾ ਵਾਹਨ ਬਗਲਾ ਪੰਛੀ ਹੈ, ਜੋ ਕਿ ਚੁੱਪ ਅਤੇ ਸਟੀਕ ਹਮਲੇ ਦੀ ਅਸਾਧਾਰਨ ਕਲਾ ਦਾ ਪ੍ਰਤੀਕ ਹੈ।

ਪੌਰਾਣਿਕ ਮਾਨਤਾਵਾਂ ਦੇ ਅਨੁਸਾਰ ਸੱਤਯੁਗ ਵਿੱਚ ਧਰਤੀ ਉੱਤੇ ਇੱਕ ਭਿਆਨਕ ਤਬਾਹੀ ਦਾ ਖ਼ਤਰਾ ਸੀ। ਇਸ ਸੰਕਟ ਨੂੰ ਦੇਖ ਕੇ ਭਗਵਾਨ ਵਿਸ਼ਨੂੰ ਬਹੁਤ ਚਿੰਤਤ ਹੋ ਗਏ ਅਤੇ ਹੱਲ ਲਈ ਭਗਵਾਨ ਸ਼ਿਵ ਕੋਲ ਪਹੁੰਚੇ। ਸ਼ਿਵ ਨੇ ਉਨ੍ਹਾਂ ਨੂੰ ਦੱਸਿਆ ਕਿ ਸਿਰਫ਼ ਆਦਿਸ਼ਕਤੀ ਹੀ ਇਸ ਸੰਕਟ ਤੋਂ ਰਾਹਤ ਪ੍ਰਦਾਨ ਕਰ ਸਕਦੀ ਹੈ। ਭਗਵਾਨ ਵਿਸ਼ਨੂੰ ਨੇ ਕਠੋਰ ਤਪੱਸਿਆ ਕੀਤੀ, ਜਿਸ ਤੋਂ ਖੁਸ਼ ਹੋ ਕੇ ਦੇਵੀ ਸੌਰਾਸ਼ਟਰ ਖੇਤਰ ਦੇ ਹਰਿਦਰਾ ਝੀਲ ਵਿੱਚ ਬਗਲਾਮੁਖੀ ਦੇ ਰੂਪ ਵਿੱਚ ਪ੍ਰਗਟ ਹੋਈ। ਆਪਣੇ ਖੜ੍ਹਵੇਂ ਅਤੇ ਸੁਰੱਖਿਅਤ ਰੂਪ ਵਿੱਚ ਦੇਵੀ ਨੇ ਸਾਰੇ ਜੀਵਾਂ ਦੀ ਰੱਖਿਆ ਕੀਤੀ ਅਤੇ ਧਰਤੀ ਨੂੰ ਤਬਾਹੀ ਤੋਂ ਬਚਾਇਆ।

ਇੱਕ ਹੋਰ ਕਹਾਣੀ ਦੱਸਦੀ ਹੈ ਕਿ ਇੱਕ ਅਸੁਰ ਨੇ ਭਗਵਾਨ ਬ੍ਰਹਮਾ ਦੀ ਸ੍ਰਿਸ਼ਟੀ ਪੁਸਤਕ ਚੋਰੀ ਕਰ ਲਈ ਅਤੇ ਪਾਤਾਲ ਵਿੱਚ ਪਨਾਹ ਲਈ। ਇਸ ਸੰਕਟ ਦਾ ਹੱਲ ਵੀ ਦੇਵੀ ਬਗਲਾਮੁਖੀ ਨੇ ਕੀਤਾ ਸੀ। ਉਸਨੇ ਬਗਲੇ ਦਾ ਰੂਪ ਧਾਰਨ ਕੀਤਾ ਅਤੇ ਦੈਂਤ ਨੂੰ ਹਰਾ ਦਿੱਤਾ ਅਤੇ ਆਪਣੀ ਰਚਨਾ ਪੁਸਤਕ ਬ੍ਰਹਮਾਜੀ ਨੂੰ ਵਾਪਸ ਦੇ ਦਿੱਤੀ। ਦੇਵੀ ਬਗਲਾਮੁਖੀ ਦੀ ਪੂਜਾ ਦਾ ਉਪਦੇਸ਼ ਬ੍ਰਹਮਾ ਨੇ ਸਨਕਾਦੀ ਰਿਸ਼ੀਆਂ ਨੂੰ ਦਿੱਤਾ ਸੀ। ਸਨਕਾਦੀਆਂ ਤੋਂ ਪ੍ਰੇਰਿਤ ਹੋ ਕੇ ਰਿਸ਼ੀ ਦੇਵਰਸ਼ੀ ਨਾਰਦ ਨੇ ਵੀ ਦੇਵੀ ਦੀ ਪੂਜਾ ਕੀਤੀ। ਬਾਅਦ ਵਿੱਚ ਭਗਵਾਨ ਵਿਸ਼ਨੂੰ ਨੇ ਇਸ ਬ੍ਰਹਮ ਗਿਆਨ ਦਾ ਭੇਤ ਭਗਵਾਨ ਪਰਸ਼ੂਰਾਮ ਨੂੰ ਦਿੱਤਾ ਅਤੇ ਪਰਸ਼ੂਰਾਮ ਨੇ ਇਸਨੂੰ ਗੁਰੂ ਦਰੋਣਾਚਾਰੀਆ ਨੂੰ ਸੌਂਪ ਦਿੱਤਾ। ਵੈਦਿਕ ਕਾਲ ਵਿੱਚ ਸਪਤਰਿਸ਼ੀਆਂ ਦੁਆਰਾ ਦੇਵੀ ਬਗਲਾਮੁਖੀ ਦੀ ਪੂਜਾ ਦਾ ਜ਼ਿਕਰ ਮਿਲਦਾ ਹੈ।

ਮਹਾਂਭਾਰਤ ਦੇ ਮਹਾਨ ਯੁੱਧ ਤੋਂ ਪਹਿਲਾਂ ਭਗਵਾਨ ਕ੍ਰਿਸ਼ਨ ਨੇ ਪਾਂਡਵਾਂ ਨੂੰ ਵੀ ਮਾਂ ਬਗਲਾਮੁਖੀ ਦੀ ਪੂਜਾ ਕਰਨ ਦਾ ਆਦੇਸ਼ ਦਿੱਤਾ ਸੀ ਤਾਂ ਜੋ ਉਹ ਜਿੱਤ ਪ੍ਰਾਪਤ ਕਰ ਸਕਣ। ਦੇਵੀ ਬਗਲਾਮੁਖੀ ਦੀ ਪੂਜਾ ਅਤੇ ਹਵਨ ਯੱਗ ਰਾਤ ਨੂੰ ਕੀਤਾ ਜਾਂਦਾ ਹੈ ਅਤੇ ਇਸ ਪੂਜਾ ਨੂੰ ਬਹੁਤ ਪ੍ਰਭਾਵਸ਼ਾਲੀ ਅਤੇ ਫਲਦਾਇਕ ਮੰਨਿਆ ਜਾਂਦਾ ਹੈ। ਉਸਦਾ ਭੈਰਵ ਮਹਾਕਾਲ ਹੈ ਜੋ ਸਾਧਨਾ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰਦਾ ਹੈ।

ਦੇਵੀ ਬਗਲਾਮੁਖੀ ਨੂੰ ਦੋ-ਹਥਿਆਰਾਂ ਵਾਲੀ ਦੇਵੀ ਵਜੋਂ ਦਰਸਾਇਆ ਗਿਆ ਹੈ। ਉਹ ਇੱਕ ਹੱਥ ਵਿੱਚ ਗਦਾ ਫੜੀ ਹੋਈ ਹੈ ਅਤੇ ਦੂਜੇ ਹੱਥ ਨਾਲ ਉਹ ਇੱਕ ਭੂਤ ਦੀ ਜੀਭ ਫੜ ਕੇ ਉਸਨੂੰ ਕਾਬੂ ਕਰ ਰਹੀ ਹੈ। ਇਹ ਚਿੱਤਰਣ ਉਸਦੇ ਖੜ੍ਹੇ, ਅਧੀਨ ਅਤੇ ਜੇਤੂ ਰੂਪ ਦਾ ਜੀਵਤ ਪ੍ਰਤੀਕ ਹੈ।

ਸੋਲ੍ਹਾਂ ਵਿਸ਼ੇਸ਼ ਸ਼ਕਤੀਆਂ ਬਗਲਾਮੁਖੀ ਦੇਵੀ ਵਿੱਚ ਰਹਿੰਦੀਆਂ ਹਨ - ਮੰਗਲ, ਵਸ਼ਿਆ, ਅਚਲਯਾ, ਮੰਦਾਰਾ, ਸੁਭਿਨੀ, ਬਾਲਯ, ਜ਼ਿੰਭਿਨੀ, ਮੋਹਿਨੀ, ਭਾਵਿਕਾ, ਧਤਰੀ, ਕਾਲਨਾ, ਭਰਮਿਕਾ, ਕਲਪਮਾਸਾ, ਕਾਲਕਰਸ਼ਿਨੀ, ਭੋਗਸਥਾ ਅਤੇ ਮਾਂਗਮਨਾ। ਸਾਧਨਾ ਦੌਰਾਨ ਸਾਧਕ ਨੂੰ ਇਨ੍ਹਾਂ ਸਾਰੀਆਂ ਸ਼ਕਤੀਆਂ ਦਾ ਆਸ਼ੀਰਵਾਦ ਪ੍ਰਾਪਤ ਹੁੰਦਾ ਹੈ ਜੋ ਉਸਨੂੰ ਅਜਿੱਤ ਬਣਾਉਂਦੀਆਂ ਹਨ।

ਦੇਵੀ ਦੀ ਪੂਜਾ ਵਿੱਚ ਪੀਲੇ ਰੰਗ ਦਾ ਵਿਸ਼ੇਸ਼ ਮਹੱਤਵ ਹੈ। ਸਾਧਕ ਪੀਲੇ ਕੱਪੜੇ ਪਹਿਨਦਾ ਹੈ ਅਤੇ ਪੀਲੇ ਪਦਾਰਥਾਂ ਨਾਲ ਪੂਜਾ ਕਰਦਾ ਹੈ। ਦੇਵੀ ਦਾ ਰੂਪ ਸੋਨੇ ਵਾਂਗ ਚਮਕਦਾ ਹੈ। ਸਾਧਨਾ ਸ਼ੁਰੂ ਕਰਨ ਤੋਂ ਪਹਿਲਾਂ ਹਰਿਦਰ ਗਣਪਤੀ ਦੀ ਪੂਜਾ ਕਰਨਾ ਲਾਜ਼ਮੀ ਹੈ ਜੋ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਦਾ ਹੈ ਅਤੇ ਸਾਧਨਾ ਨੂੰ ਸਫਲ ਬਣਾਉਂਦਾ ਹੈ।

ਭਾਰਤ ਵਿੱਚ ਦੇਵੀ ਬਗਲਾਮੁਖੀ ਦੇ ਤਿੰਨ ਪ੍ਰਮੁੱਖ ਸ਼ਕਤੀਪੀਠਾਂ ਦਾ ਵਿਸ਼ੇਸ਼ ਮਹੱਤਵ ਹੈ - ਮੱਧ ਪ੍ਰਦੇਸ਼ ਦੇ ਦਤੀਆ ਜ਼ਿਲ੍ਹੇ ਦਾ ਸ਼ਕਤੀਪੀਠ, ਨਲਖੇੜਾ (ਅਗਰ ਮਾਲਵਾ ਜ਼ਿਲ੍ਹਾ) ਦਾ ਮੰਦਰ ਅਤੇ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਵਿੱਚ ਸਥਿਤ ਮਸ਼ਹੂਰ ਬਗਲਾਮੁਖੀ ਧਾਮ। ਇਨ੍ਹਾਂ ਸਥਾਨਾਂ 'ਤੇ ਸ਼ਰਧਾਲੂ ਜਿੱਤ, ਸੁਰੱਖਿਆ, ਦੁਸ਼ਮਣ ਰੁਕਾਵਟਾਂ ਨੂੰ ਦੂਰ ਕਰਨ ਅਤੇ ਸਫਲਤਾ ਪ੍ਰਾਪਤ ਕਰਨ ਲਈ ਦੇਵੀ ਦੀ ਵਿਸ਼ੇਸ਼ ਪੂਜਾ ਕਰਦੇ ਹਨ।

ਦੇਵੀ ਬਗਲਾਮੁਖੀ ਸਾਧਨਾ ਦਾ ਸਾਰ ਇਹ ਹੈ ਕਿ ਸਾਧਕ ਅਦੁੱਤੀ ਹਿੰਮਤ, ਸਥਿਰਤਾ, ਮਾਨਸਿਕ ਤਾਕਤ ਅਤੇ ਜੇਤੂ ਸੰਕਲਪ ਨਾਲ ਭਰਪੂਰ ਹੋਣਾ ਚਾਹੀਦਾ ਹੈ। ਇਹ ਮੁਸੀਬਤਾਂ ਨੂੰ ਅਧਰੰਗ ਕਰਦੇ ਹਨ, ਵਿਰੋਧੀਆਂ ਨੂੰ ਬੇਅਸਰ ਕਰਦੇ ਹਨ ਅਤੇ ਸਾਧਕ ਨੂੰ ਹਰ ਖੇਤਰ ਵਿੱਚ ਅਜਿੱਤ ਬਣਾਉਂਦੇ ਹਨ। ਵੈਸ਼ਾਖ ਸ਼ੁਕਲ ਅਸ਼ਟਮੀ ਦੇ ਦਿਨ ਨੂੰ ਦੇਵੀ ਦੇ ਚਰਨਾਂ ਵਿੱਚ ਸਮਰਪਿਤ ਕਰਨ ਨਾਲ, ਜੀਵਨ ਵਿੱਚ ਜਿੱਤ ਅਤੇ ਖੁਸ਼ਹਾਲੀ ਦਾ ਆਸ਼ੀਰਵਾਦ ਆਸਾਨੀ ਨਾਲ ਪ੍ਰਾਪਤ ਹੁੰਦਾ ਹੈ।

# ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਪਿੰਡ ਚਾਹਲ ਕਲਾਂ ਤੋਂ 'ਆਪ' ਦੇ ਕਈ ਪਰਿਵਾਰ ਕਾਂਗਰਸ 'ਚ ਸ਼ਾਮਿਲ

ਘੁਮਾਣ /ਸ੍ਰੀ ਹਰਿਗੋਬਿੰਦਪੁਰ ਸਾਹਿਬ, 4 ਮਈ (ਡਾ. ਨਰਿੰਦਰ ਸਿੰਘ ਘੁਮਾਣ/ ਜਗੀਰ ਸਿੰਘ ਮੰਡ) : ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ 'ਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਭਾਰੀ ਝਟਕਾ ਲੱਗਾ ਜਦੋਂ ਪਿੰਡ ਚਾਹਲ ਕਲਾਂ ਦੇ ਵੱਡੀ ਗਿਣਤੀ 'ਚ ਪਰਿਵਾਰ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ। ਪਾਰਟੀ ਦੇ ਬੂਥ ਇਨਚਾਰਜ ਅਤੇ ਯੂਥ ਆਗੂ ਨਵਜੋਤ ਸਿੰਘ ਬਾਜਵਾ ਦੇ ਗ੍ਰਹਿ ਵਿਖੇ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਸਾਬਕਾ ਮੰਤਰੀ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਹਲਕਾ ਇੰਚਾਰਜ ਮਨਦੀਪ ਸਿੰਘ ਰੰਗੜ ਨੰਗਣ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਕਾਂਗਰਸ ਪਾਰਟੀ ਆਗੂ ਮਲਕੀਤ ਸਿੰਘ ਚਾਹਲ ਦੀ ਪ੍ਰੇਰਨਾ ਸਦਕਾ ਨਵਜੋਤ ਸਿੰਘ ਬਾਜਵਾ ਦੀ ਅਗਵਾਈ ਹੇਠ ਪਿੰਡ ਚਾਲ ਕਲਾਂ ਦੇ ਵੱਡੀ ਗਿਣਤੀ 'ਚ ਪਰਿਵਾਰ ਆਮ ਆਦਮੀ ਪਾਰਟੀ ਨੂੰ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਹਲਕਾ ਇੰਚਾਰਜ ਮਨਦੀਪ ਸਿੰਘ ਵੱਲੋਂ ਸਿਰੋਪਾ ਪਾ ਕੇ ਜੀ ਆਇਆਂ ਆਖਿਆ। ਇਸ ਮੌਕੇ ਸਰਦਾਰ ਬਾਜਵਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦੇ ਰਾਜ ਸਮੇਂ ਜਿੱਥੇ ਬਹੁਤ ਸਾਰੇ ਵਿਕਾਸ ਕਾਰਜ ਕਰਵਾਏ ਗਏ ਹਨ, ਉੱਥੇ ਪਾਰਟੀ ਨਾਲ ਖੜ੍ਹਨ ਵਾਲੇ ਵਰਕਰਾਂ ਨੂੰ ਵੀ ਪੂਰਾ ਮਾਣ ਸਤਿਕਾਰ ਤੇ ਅਹੁਦੇ ਦੇ ਕੇ ਨਿਵਾਜਿਆ ਗਿਆ ਸੀ। ਇਸ ਮੌਕੇ ਮਨਦੀਪ ਸਿੰਘ ਨੇ ਸ਼ਾਮਿਲ ਹੋਣ ਵਾਲਿਆਂ ਨੂੰ ਜੀ ਆਇਆਂ ਕਹਿੰਦਿਆਂ ਕਿਹਾ ਕਿ ਆਉਣ ਵਾਲਾ ਸਮਾਂ ਕਾਂਗਰਸ ਪਾਰਟੀ ਦਾ ਹੈ, ਅਤੇ ਹਰੇਕ ਵਰਕਰ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਸਾਬਕਾ ਵਾਈਸ ਚੇਅਰਮੈਨ ਮਾਸਟਰ ਅਜਮੇਰਪਾਲ ਸਿੰਘ ਚਾਹਲ ਨੇ ਆਏ ਲੀਡਰ ਸਾਹਿਬਾਨ ਅਤੇ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਲਵਿੰਦਰ ਸਿੰਘ ਬਾਜਵਾ ਨਵਜੋਤ ਸਿੰਘ ਸੁਖਵਿੰਦਰ ਸਿੰਘ ਸੋਨੂ ਸ਼ਮਸ਼ੀਰ ਸਿੰਘ ਮਨਪ੍ਰੀਤ ਸਿੰਘ ਗੁਰਪ੍ਰੀਤ ਸਿੰਘ ਜੋਗਾ ਸਿੰਘ ਮਨਜੀਤ ਸਿੰਘ ਸੁਖਦੇਵ ਸਿੰਘ ਰਮਨ ਅਮਰੀਕ ਸਿੰਘ ਕਰਨੈਲ ਸਿੰਘ ਤਰਸੇਮ ਸਿੰਘ ਜਗੀਰਦਾਰ ਹਰਭਜਨ ਸਿੰਘ ਨਵਾਂ ਪਿੰਡ ਮਲਕੀਤ ਸਿੰਘ ਨਵਾਂ ਪਿੰਡ ਹੰਸ ਰਾਜ ਸਿੰਘ ਸਮੇਤ ਕਈ ਪਰਿਵਾਰ ਸ਼ਾਮਿਲ ਹੋਣ ਵਾਲਿਆਂ ਵਿੱਚ ਸ਼ਾਮਿਲ ਸਨ। ਪਰਿਵਾਰਾਂ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੇ ਵਲੰਟਰੀਅਰਾਂ ਇਹਦੀ ਸੁਣਵਾਈ ਨਹੀਂ ਹੁੰਦੀ। ਇਸੇ ਕਾਰਨ ਹੀ ਪੁਰਾਣੇ ਵਲੰਟੀਅਰ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿੱਚ ਸ਼ਾਮਿਲ ਹੋ ਰਹੇ ਹਨ।



## ਜਨਮ ਦਿਨ 'ਤੇ ਵਿਸ਼ੇਸ਼

# ਗਿ. ਜੈਲ ਸਿੰਘ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਨਾਲ ਜੋੜਨ ਲਈ ਬਣਾਇਆ ਗੁਰੂ ਗੋਬਿੰਦ ਸਿੰਘ ਮਾਰਗ



ਗਿਆਨ ਸਿੰਘ
ਮੋ.9815784100
ਜ਼ਿਲਾ ਲੋਕ ਸੰਪਰਕ ਅਫ਼ਸਰ (ਰਿਟਾ)

ਗਿਆਨੀ ਜ਼ੈਲ ਸਿੰਘ ਨੇ ਭਾਰਤ ਦੇ ਸੱਤਵੇਂ ਰਾਸ਼ਟਰਪਤੀ ਬਣਕੇ ਪਿੰਡ ਸੰਧਵਾਂ ਤੋਂ ਦਿੱਲੀ ਦੇ ਰਾਸ਼ਟਰਪਤੀ ਭਵਨ ਤੱਕ ਦਾ ਸਫਰ ਤਹਿ ਕੀਤਾ। ਗਿਆਨੀ ਜ਼ੈਲ ਸਿੰਘ ਨੇ ਹਮੇਸ਼ਾ ਸ੍ਰੀ ਗੁਰੂ ਗਰੰਥ ਸਾਹਿਬ ਦਾ ਓਟ ਆਸਰਾ ਲਿਆ ਤੇ ਗੁਰਬਾਣੀ ਨੂੰ ਆਪਣਾ ਮਾਰਗ ਦਰਸ਼ਕ ਬਣਾਇਆ। ਉਹਨਾਂ ਦਾ ਗੁਰਬਾਣੀ 'ਤੇ ਅਟੁੱਟ ਵਿਸ਼ਵਾਸ ਸੀ।ਗਿਆਨੀ ਜੀ ਨੇ ਹਮੇਸ਼ਾ ਆਪਣੇ ਸੰਧਵਾਂ ਵਾਲੇ ਘਰ ਤੋਂ ਲੈ ਕੇ ਰਾਸ਼ਟਰਪਤੀ ਭਵਨ ਤੱਕ ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਵਾਇਆ। ਗਿਆਨੀ ਜ਼ੈਲ ਸਿੰਘ ਜਦੋਂ 17 ਮਾਰਚ 1972 ਨੂੰ ਪੰਜਾਬ ਦੇ ਮੁੱਖ ਮੰਤਰੀ ਬਣੇ। ਉਹਨਾਂ ਨੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਉਪਰੰਤ ਸਭ ਤੋਂ ਪਹਿਲਾ ਕੰਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਨੂੰ ਸਮਰਪਤਿ ਦੋ ਤਖ਼ਤਾਂ ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ ਜੋੜਨ ਵਾਲਾ 640 ਕਿਲੋਲਮਮੀਟਰ ਗੁਰੂ ਗੋਬਿੰਦ ਸਿੰਘ ਮਾਰਗ ਬਣਵਾਇਆ। ਗਿਆਨੀ ਜੀ ਨੇ ਗੋਬਿੰਦ ਸਿੰਘ ਮਾਰਗ ਬਣਾਉਣ ਤੋਂ ਪਹਿਲਾਂ ਉਸ ਵੇਲੇ ਦੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਸਾਰੀਆਂ ਸਿਆਸੀ ਪਾਰਟੀਆਂ ਦੇ ਮੁੱਖੀਆਂ, ਸੰਤਾਂ, ਮਹਾਂਪੁਰਸ਼ਾ ਨਾਲ ਵਿਚਾਰ ਵਟਾਂਦਰਾ ਕਰਨ ਲਈ ਮੀਟਿੰਗ ਬੁਲਾਈ। ਸ੍ਰੀ ਅਨੰਦਪੁਰ ਸਾਹਬਿ ਤੋਂ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਯਾਤਰਾ ਦੇ ਆਰੰਭ ਸਮੇਂ ਗਿਆਨੀ ਜੀ ਨੇ ਖੁਲ੍ਹੀ ਜੀਪ ਵਿੱਚ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਆਪਣੇ ਨਾਲ ਖੜ੍ਹਾ ਕੀਤਾ। ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਧਾਰਮਕਿ ਮਾਰਚ 6 ਤੋਂ 13 ਅਪ੍ਰੈਲ 1972 ਤੱਕ ਚੱਲਿਆ। ਗਿਆਨੀ ਜੀ ਦਾ ਦੂਜਾ ਵੱਡਾ ਕਾਰਨਾਮਾ ਮਹਾਨ ਸੂਫੀ ਸੰਤ ਬਾਬਾ ਫ਼ਰੀਦ ਜੀ ਦੀ ਵਰੋਸਾਈ ਧਰਤੀ 'ਤੇ ਆਪਣੇ ਜੱਦੀ ਪਿੰਡ ਸੰਧਵਾਂ ਦੇ ਨਜ਼ਦੀਕ ਫ਼ਰੀਦਕੋਟ ਨੂੰ 7 ਅਗਸਤ 1972 ਨੂੰ ਪੰਜਾਬ ਦਾ ਬਾਰ੍ਹਵਾਂ ਜ਼ਿਲ੍ਹਾ ਬਣਾਇਆ।ਮੁੱਖ ਮੰਤਰੀ ਬਣਨ ਉਪਰੰਤ ਮਹਾਰਾਜਾ ਫਰੀਦਕੋਟ ਹਰਿੰਦਰ ਸਿੰਘ ਬਰਾੜ ਦੇ ਕੋਲ ਜਾ ਕੇ ਧੰਨਵਾਦ ਕਰਨਾ ਤੇ ਕਹਿਣਾ ਕਿ ਉਨ੍ਹਾਂ ਦੀ ਬਦੌਲਤ ਹੀ ਉਹ ਮੁੱਖ ਮੰਤਰੀ ਬਣੇ ਹਨ। ਉਹਨਾਂ ਫਰੀਦਕੋਟ ਨੂੰ ਜ਼ਿਲ੍ਹਾ ਬਨਾਉਣ ਲਈ ਮਹਾਰਾਜਾ ਫ਼ਰੀਦਕੋਟ ਤੋਂ ਕਿਲ੍ਹੇ ਸਮੇਤ ਹੋਰ ਇਮਾਰਤਾਂ ਦੀ ਮੰਗ ਕੀਤੀ ਜੋ ਰਾਜੇ ਨੇ ਤੁਰੰਤ ਹਾਂ ਕਰ ਦਿੱਤੀ। ਇੱਥੇ ਜ਼ਿਕਰਯੋਗ ਹੈ ਕਿ ਫ਼ਰੀਦਕੋਟ ਦੇ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੇ ਰਾਜ ਸਮੇਂ ਗਿਆਨੀ ਜੀ ਨੂੰ ਤਸੀਹੇ ਦਿੱਤੇ ਗਏ ਤੇ ਅਨੇਕਾਂ ਵਧੀਕੀਆਂ ਕੀਤੀਆਂ ਸਨ। ਗਿਆਨੀ ਜੀ ਨੇ ਆਪਣੇ ਪਿੰਡ ਸੰਧਵਾਂ ਦੇ ਵਸਨੀਕ ਵਿਰੋਧੀ ਧਿਰ ਦੇ ਨੇਤਾ ਸਵਰਗੀ ਜਸਵਿੰਦਰ ਸਿੰਘ ਬਰਾੜ ਸਾਬਕਾ ਮੰਤਰੀ ਨੂੰ ਭਰੋਸੇ ਵਿਚ ਲੈ ਕੇ ਜ਼ਿਲ੍ਹਾ ਬਣਾਉਣ ਦਾ ਫੈਸਲਾ ਲਿਆ ਅਤੇ ਉਦਘਾਟਨ ਵਾਲੇ ਦਿਨ ਗਿਆਨੀ ਜੀ ਨੇ ਸ ਜਸਵਿੰਦਰ ਸਿੰਘ ਬਰਾੜ ਨੂੰ ਆਪਣੇ ਨਾਲ ਖੁੱਲ੍ਹੀ ਜੀਪ ਵਿੱਚ ਖੜ੍ਹਾ ਕੀਤਾ।

5 ਮਈ 1916 ਨੂੰ ਗਿਆਨੀ ਜ਼ੈਲ ਸਿੰਘ ਨੇ ਮਾਤਾ ਇੰਦ ਕੌਰ ਦੀ ਕੁੱਖੋਂ ਭਾਈ ਕਿਸ਼ਨ ਸਿੰਘ ਦੇ ਘਰ ਪਿੰਡ ਸੰਧਵਾਂ ਵਿਖੇ ਜਨਮ ਲਿਆ ਸੀ।ਉਨ੍ਹਾਂ ਦਾ ਸਿੱਖ ਧਰਮ ਅਤੇ ਗੁਰਬਾਣੀ ਵਿਚ ਅਟੁੱਟ ਵਿਸ਼ਵਾਸ ਅਤੇ ਸ਼ਰਧਾ ਸੀ। ਉਨਾਂ ਦਾ ਪਿਛੋਕੜ ਕ੍ਰਿਤੀ ਪ੍ਰੀਵਾਰ ਨਾਲ ਸਬੰਧਿਤ ਸੀ।

ਗਿਆਨੀ ਜ਼ੈਲ ਸਿੰਘ ਦੇ ਵਿਅਕਤੀਵ ਬਾਰੇ ਕੁਝ ਗੱਲਾਂ ਹਨ,ਉਹ ਬਹੁਤ ਸੂਝਵਾਨ ਅਤੇ ਦੂਰਦਰਸ਼ੀ ਸਨ। ਉਹ ਨਿੱਘੇ ਸੁਭਾਅ ਦੇ ਵਿਅਕਤੀ ਸਨ। ਉਨਾਂ ਦਾ ਵਡੱਪਣ ਸੀ ਕਿ ਉਹ ਆਮ ਲੋਕਾਂ ਤੋਂ ਲੈ ਕੇ ਆਪਣੇ ਵਿਰੋਧੀਆਂ ਤੱਕ ਨਿਮਰਤਾ ਤੇ ਹਲੀਮੀ ਨਾਲ ਪੇਸ਼ ਆਉਂਦੇ ਸਨ।ਇਤਿਹਾਸਕ ਪੱਖ 'ਤੇ ਨਜ਼ਰ ਮਾਰੀਏ ਤਾਂ ਇਤਫ਼ਾਕ ਨਾਲ ਗਿਆਨੀ ਜ਼ੈਲ ਸਿੰਘ ਨੂੰ 25 ਜੁਲਾਈ 1982 ਨੂੰ ਭਾਰਤ ਦੇ 7ਵੇਂ ਰਾਸ਼ਟਰਪਤੀ ਬਣਨ ਉਪਰੰਤ ਲਾਲ ਕਿਲ੍ਹੇ ਦੀ ਫ਼ਸੀਲ 'ਤੇ 26 ਜਨਵਰੀ 1983 ਨੂੰ ਤਿਰੰਗਾ ਲਹਿਰਾਉਣ ਦਾ ਮਾਣ ਪ੍ਰਾਪਤ ਹੋਇਆ ਸੀ ਅਤੇ ਉਹ ਇਸ ਅਹੁਦੇ 'ਤੇ 25 ਜੁਲਾਈ, 1987 ਤਕ ਰਹੇ। ਇਸ ਤੋਂ ਪਹਿਲਾਂ ਉਹ ਪੈਪਸੂ ਵਿਚ ਮਾਲ ਅਤੇ ਖੇਤੀਬਾੜੀ ਮੰਤਰੀ, 1972 ਤੋਂ 1977 ਤੱਕ ਪੰਜਾਬ ਦੇ ਮੁੱਖ ਮੰਤਰੀ, 1980 ਤੋਂ 1982 ਤਕ ਤੱਕ ਭਾਰਤ ਦੇ ਗ੍ਰਹਿ ਮੰਤਰੀ ਰਹੇ। ਉਹ ਸਾਰੀ ਉਮਰ ਕਾਂਗਰਸ ਪਾਰਟੀ ਦੇ ਵਫਾਦਾਰ ਰਹੇ। ਅੱਜ ਸਿਆਸੀ ਪਾਰਟੀਆਂ ਦੀਆਂ ਵਫਾਦਾਰੀਆਂ ਸੌਦੇਬਾਜੀ ਬਣ ਕੇ ਰਹਿ ਗਈਆਂ ਹਨ।ਅੱਜ ਦੇਸ਼ ਵਿਚ ਕੋਈ ਵੀ ਸਿਆਸੀ ਪਾਰਟੀ ਦਾਅਵੇ ਨਾਲ ਆਪਣੇ ਮੈਂਬਰਾਂ 'ਤੇ ਵਿਸ਼ਵਾਸ ਨਹੀਂ ਕਰ ਸਕਦੀ। ਹੁਣ ਆਇਆ ਰਾਮ ਗਿਆ ਰਾਮ ਦਾ ਦੌਰ ਚੱਲ ਰਿਹਾ। ਗਿਆਨੀ ਜ਼ੈਲ ਸਿੰਘ ਦੇ ਮੌਕੇ ਅਜਿਹਾ



ਗਿਆਨੀ ਜ਼ੈਲ ਸਿੰਘ

ਨਹੀ ਸੀ। ਹੁਣ ਸਿਆਸੀ ਪਾਰਟੀਆਂ ਦੀ ਵਫਾਦਾਰੀ ਸੌਦੇਬਾਜੀ 'ਤੇ ਨਿਰਭਰ ਹੈ, ਸੌਦੇਬਾਜੀ ਹੋਈ ਤਾਂ ਠੀਕ, ਨਹੀ ਕਿਸੇ ਹੋਰ ਸਿਆਸੀ ਪਾਰਟੀ ਦਾ ਲੜ੍ਹ ਫੜ ਲੈਂਦੇ ਹਨ।ਜਿੰਨੀ ਦਲਬਦਲੀ ਪਿਛਲੇ ਚਾਰ ਪੰਜ ਸਾਲਾਂ ਦੌਰਾਨ ਹੋਈ ਇਸਨੇ ਪਛਿਲੇ 75 ਸਾਲਾਂ ਦੇ ਇਤਿਹਾਸ ਨੂੰ ਮਾਤ ਪਾ ਦਿੱਤੀ । ਸਿਆਸੀ ਪਾਰਟੀਆਂ ਨੂੰ ਮਾਲਦਾਰ ਸਾਮੀਆਂ ਤੇ ਮੌਕਾਪ੍ਰਸਤਾਂ ਦੀ ਲੋੜ ਹੈ। ਅਜਿਹੀ ਸਥਿਤੀ ਵਿਚ ਆਮ ਨਾਗਰਿਕ ਭੰਬਲਭੂਸੇ ਵਿਚ ਹਨ ਕਿ ਭਵਿੱਖ ਵਿਚ ਕਿਸ ਪਾਰਟੀ ਦੇ ਉਮੀਦਵਾਰ ਦਾ ਸਮਰੱਥਨ ਕਰਨ।ਸਿਆਸੀ ਨੇਤਾਵਾਂ ਨੂੰ ਗਿਆਨੀ ਜ਼ੈਲ ਸਿੰਘ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ, ਉਹ ਜੀਵਨ ਭਰ ਆਲ ਇੰਡੀਆ ਕਾਂਗਰਸ ਪਾਰਟੀ ਦੇ ਵਫਾਦਾਰ ਰਹੇ।

ਉਨ੍ਹਾਂ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਸਿਆਸਤ ਤੋਂ ਹਮੇਸ਼ਾ ਦੂਰ ਰੱਖਿਆ।ਆਪ ਨੇ 1972 ਵਿਚ ਪੰਜਾਬ ਦੇ ਮੁੱਖ ਮੰਤਰੀ ਬਣਨ ਉਪਰੰਤ ਆਪਣੇ ਇਕਲੌਤੇ ਪੁੱਤਰ ਜੋਗਿੰਦਰ ਸਿੰਘ ਨੂੰ ਨਾਲ ਲੈ ਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਬਿ ਵਿਖੇ ਮੱਥਾ ਟੇਕਣ ਗਏ ਜਿੱਥੇ ਉਸ ਕੋਲੋਂ ਵਚਨ ਲਿਆ ਕਿ ਉਹ ਸਰਕਾਰ ਦੇ ਕੰਮਕਾਜ ਵਿੱਚ ਕੋਈ ਦਖ਼ਲਅੰਦਾਜ਼ੀ ਨਹੀਂ ਕਰੇਗਾ। ਉਨ੍ਹਾਂ ਨੇ ਪਰਮਾਤਮਾ ਕੋਲੋਂ ਆਸ਼ੀਰਵਾਦ ਲਿਆ ਅਤੇ ਆਪਣੀ ਜਿੰਮੇਵਾਰੀ ਸੰਭਾਲੀ ਸੀ ਤੇ ਸਫ਼ਲਤਾ ਪੂਰਵਿਕ ਨਿਭਾਈ।ਗਿਆਨੀ ਜੀ ਨੇ ਮੁੱਖ ਮੰਤਰੀ ਦੀ ਰਹਾਇਸ ਲਈ ਰਾਖਵੀਂ ਸਰਕਾਰੀ ਕੋਠੀ ਨੰਬਰ 45 ਸੈਕਟਰ 2 ਚੰਡੀਗੜ੍ਹ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਹਿਲੀ ਵਾਰ ਪ੍ਰਕਾਸ਼ ਕਰਵਾਇਆ।ਗਿਆਨੀ ਜੀ ਰੋਜ਼ਾਨਾ ਆਪਣਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੁਕਮਨਾਮਾ ਲੈਂਦੇ ਸਨ।

ਗਿਆਨੀ ਜੀ ਦੀ ਸਰਕਾਰ ਨੇ ਪੰਜਾਬ ਦੇ ਵਿਕਾਸ ਲਈ ਕਈ ਕਦਮ ਚੁੱਕੇ ਜਹਿਨਾਂ ਵਿਚ ਪਿੰਡਾਂ ਦਾ ਸੌ-ਫ਼ੀਸਦੀ ਬਿਜਲੀਕਰਨ ਸਭ ਤੋਂ ਵੱਡੀ ਪ੍ਰਾਪਤੀ ਰਹੀ। ਫ਼ਰੀਦਕੋਟ ਵਿਖੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਲਿਆਉਣਾ,ਜੋ ਹੁਣ ਬਾਬਾ ਫ਼ਰੀਦ ਮੈਡੀਕਲ ਯੂਨੀਵਰਸਟੀ ਬਣ ਗਈ ਹੈ। ਪੱਛੜੇ ਇਲਾਕੇ ਦੇ ਲੋਕਾਂ ਲਈ ਵੱਡੀ ਸਹੂਲਤ ਹੈ। ਗਿਆਨੀ ਜ਼ੈਲ ਸਿੰਘ ਦੇ ਸਮੇਂ ਲੈਂਡ ਸੀਲਿੰਗ ਐਕਟ 1972 ਬਣਿਆ ।ਗਿਆਨੀ ਜੀ ਨੇ ਜੇਲ੍ਹਾਂ ਦੇ ਸੁਧਾਰ ਲਈ ਵੀ ਵਿਸ਼ੇਸ ਧਿਆਨ ਦਿੱਤਾ। ਫ਼ਰੀਦਕੋਟ ਦੀ ਪੁਰਾਣੀ ਜੇਲ੍ਹ ਵਾਲੀ ਥਾਂ ਤੇ ਉਨ੍ਹਾਂ ਦੀ ਯਾਦਗਾਰ ਨੂੰ ਕਾਇਮ ਰੱਖਣ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ,ਜਿੱਥੇ ਉਨ੍ਹਾਂ ਜੇਲ੍ਹ ਕੱਟੀ ਸੀ।

ਗਿਆਨੀ ਜੀ ਦੇ ਯਤਨਾਂ ਨਾਲ ਹੀ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਇੰਗਲੈਂਡ ਤੋਂ ਭਾਰਤ ਲਿਆਂਦੀਆਂ ਤੇ ਉਨ੍ਹਾਂ ਦਾ ਸੁਨਾਮ ਵਿਖੇ ਸੰਸਕਾਰ ਕਰਕੇ ਯਾਦਗਾਰ ਕਾਇਮ ਕੀਤੀ। ਮਲੇਰਕੋਟਲਾ ਵਿਖੇ ਕੂਕਿਆਂ (ਨਾਮਧਾਰੀਆਂ)ਦੀ ਸ਼ਹੀਦੀ ਵਾਲੀ ਥਾਂ 'ਤੇ ਯਾਦਗਾਰ ਕਾਇਮ ਕਰਨਾ, ਢੁੱਡੀਕੇ ਵਿਖੇ ਲਾਲਾ ਲਾਜਪੱਤ ਰਾਏ ਤੇ ਗੱਦਰੀ ਬਾਬਿਆਂ ਦੀ ਯਾਦਗਾਰ ਬਣਾਉਣਾ ਇਤਿਹਾਸਕ ਫੈਸਲੇ ਸਨ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਹੁਸੈਨੀਵਾਲਾ ਵਿਖੇ ਯਾਦਗਾਰ ਬਣਵਾਈ। ਗਿਆਨੀ ਜੀ ਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਕੁਰਬਾਨੀ ਨੂੰ ਸੀਸ ਝੁਕਾਦਿਆਂ ਉਸ ਦੀ ਮਾਤਾ ਸ੍ਰੀਮਤੀ ਵਿੱਦਿਆਵਤੀ ਨੂੰ 'ਪੰਜਾਬ ਮਾਤਾ' ਦੇ ਖ਼ਿਤਾਬ ਨਾਲ ਸਨਮਾਨਿਆ।ਉਹਨਾਂ ਦੀ ਮੌਤ ਉਪਰੰਤ ਅੰਤਮ ਸੰਸਕਾਰ ਵੀ ਸਰਕਾਰੀ ਸਨਮਾਨਾਂ ਨਾਲ ਹੁਸੈਨੀਵਾਲਾ ਵਿਖੇ ਕਰਕੇ ਯਾਦਗਾਰ ਕਾਇਮ ਕੀਤੀ।ਕੇਂਦਰ ਸਰਕਾਰ ਵੱਲੋਂ ਸੁਤੰਤਰਤਾ ਸੰਗਰਾਮੀਆਂ ਨੂੰ ਸਨਮਾਨ ਲਈ ਤਾਮਰ ਪੱਤਰ ਤੇ ਪੈਨਸ਼ਨਾਂ ਦੇਣ ਦੀ ਸਕੀਮ ਤਿਆਰ ਕਰਨ ਵਿਚ ਗਿਆਨੀ ਜੀ ਦਾ ਵਿਸ਼ੇਸ ਯੋਗਦਾਨ ਸੀ। ਕਿਉਂਕਿ ਉਹ ਖ਼ੁਦ ਪਰਜਾਮੰਡਲ ਲਹਿਰ ਵਿੱਚ ਸਰਗਰਮ ਰਹੇ ਸਨ। ਗਿਆਨੀ ਜੀ ਵੱਲੋਂ ਸੁਤੰਤਰਤਾ ਸੰਗਰਾਮ ਲਈ ਕੀਤੀਆਂ ਕੁਰਬਾਨੀਆਂ ਸਦਕਾ ਉਹ ਹਮੇਸਾ ਸੁਤੰਤਰਤਾ ਸੰਗਰਾਮੀਆਂ ਦੀ ਮੱਦਦ ਨੂੰ ਪਹਿਲ ਦਿੰਦੇ ਸਨ। ਭਾਵੇਂ ਉਹ ਕਿਸੇ ਵੀ ਅਹੁੱਦੇ 'ਤੇ ਰਹੇ। ਉਨ੍ਹਾਂ ਦੇ ਪੁਰਾਣੇ ਸਾਥੀ ਅਤੇ ਵਾਰਸ ਅੱਜ ਵੀ ਉਨ੍ਹਾਂ ਦੀਆਂ ਕਹਾਣੀਆਂ ਫ਼ਖ਼ਰ ਨਾਲ ਸੁਣਾਉਂਦੇ ਹਨ।

ਗਿਆਨੀ ਜੀ ਦਾ ਆਪਣੇ ਆਪ 'ਤੇ ਪੂਰਨ ਕੰਟਰੋਲ ਸੀ। ਉਹ ਵੱਡੀ ਤੋਂ ਵੱਡੀ ਘੱਟਨਾ ਹੋਣ 'ਤੇ ਵੀ ਅਡੋਲ ਰਹੇ। ਚਾਹੇ ਮੋਗਾ ਗੋਲੀ ਕਾਂਡ ਹੋਵੇ,ਚਾਹੇ ਨਕਸਲਵਾੜੀ ਲਹਿਰ ਹੋਵੇ,

ਚਾਹੇ ਐਮਰਜੈਂਸੀ ਦਾ ਸਮਾਂ ਹੋਵੇ, ਚਾਹੇ ਸਾਕਾ ਨੀਲਾ ਤਾਰਾ ਜਾਂ ਹੋਰ ਕੋਈ ਹਾਲਾਤ ਹੋਣ। ਉਨ੍ਹਾਂ ਦੇ ਕਾਰਜ਼ਕਾਲ ਦੌਰਾਨ ਸਿਆਸੀ ਪਾਰਟੀਆਂ ਦੇ ਨੇਤਾਵਾਂ ਜਾਂ ਲੋਕਾਂ ਨਾਲ ਕਿਸੇ ਤਰ੍ਹਾਂ ਦੀ ਜ਼ਿਆਦਤੀ ਜਾਂ ਬਦਲਾਖੋਰੀ ਦੀ ਕੋਈ ਘਟਨਾ ਨਹੀਂ ਮਿਲਦੀ।ਗਿਆਨੀ ਜੀ ਨੂੰ ਵਿਰੋਧੀ ਸਿਆਸੀ ਪਾਰਟੀਆਂ ਦੇ ਕਈ ਨੇਤਾ ਆਪਣਾ ਸਿਆਸੀ ਗੁਰੂ ਸਮਝਦੇ ਸਨ ਤੇ ਲੋੜ੍ਹ ਪੈਣ 'ਤੇ ਸਲਾਹ ਵੀ ਲੈਂਦੇ ਸਨ।

ਗਿਆਨੀ ਜੀ ਜੰਮੇ ਪਲੇ ਮਾਲਵੇ ਦੀ ਧਰਤੀ 'ਤੇ ਪਿੰਡ ਸੰਧਵਾਂ ਵਿਖੇ,ਇਥੇ ਸੁਤੰਤਰਤਾ ਸੰਗਰਾਮ ਲਈ ਪਰਜਾਮੰਡਲ ਲਹਿਰ ਚਲਾਈ,ਜੇਲ੍ਹਾਂ ਕੱਟੀਆਂ ਤਸੀਹੇ ਝੱਲੇ। ਪਰ ਇਸ ਇਲਾਕੇ ਦੇ ਲੋਕਾਂ ਵਲੋਂ ਸਨਮਾਨ ਨਾ ਮਿਲਿਆ, ਅਖੀਰ 1972 ਵਿਚ ਖਾਲਸੇ ਦੇ ਜਨਮ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਤੋਂ ਜਿੱਤ ਪ੍ਰਾਪਤ ਕਰਕੇ ਪੰਜਾਬ ਦੀ ਵਾਂਗਡੋਰ ਸੰਭਾਲੀ। ਆਪ ਮੈਂਬਰ ਪਾਰਲੀਮੈਂਟ ਵੀ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਬਣੇ ਤਾਂ ਸ੍ਰੀ ਅਨੰਦਪੁਰ ਸਾਹਿਬ ਵਿਧਾਨ ਸਭਾ ਹਲਕਾ ਵੀ ਹੁਸ਼ਿਆਰਪੁਰ ਵਿਚ ਸ਼ਾਮਲ ਸੀ।

ਗਿਆਨੀ ਜੀ ਆਖਰੀ ਸਮੇਂ ਆਪਣੀ ਜਨਮ ਭੂਮੀ ਸੰਧਵਾਂ,ਕੋਟਕਪੂਰਾ ਤੇ ਫਰੀਦਕੋਟ ਵਿਚ ਦੋਸਤਾਂ ਮਿੱਤਰਾਂ ਨੂੰ ਮਿਲ ਕੇ ਗਏ।ਕੁਝ ਦਿਨਾਂ ਬਾਅਦ 29 ਨਵੰਬਰ 1994 ਨੂੰ ਸ੍ਰੀ ਅਨੰਦਪੁਰ ਦੀ ਧਰਤੀ ਤੇ ਸ੍ਰੀ ਕੀਰਤਪੁਰ ਸਾਹਿਬ ਨੇੜੇ ਟਰੱਕ ਨਾਲ ਕਾਰ ਦਾ ਐਕਸੀਡੈਂਟ ਹੋਇਆ ਜੋ ਜਾਨਲੇਵਾ ਸਾਬਤ ਹੋਇਆ। ਅਖੀਰ ਆਪਣੀਆਂ ਮਿੱਠੀਆਂ ਯਾਦਾਂ ਛੱਡਦੇ ਹੋਏ 25 ਦਸੰਬਰ 1994 ਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦੀ ਇੱਛਾ ਅਨੁਸਾਰ ਅੰਤਮ ਸੰਸ਼ਕਾਰ ਦਿੱਲੀ ਵਿਖੇ ਕੀਤਾ ਗਿਆ, ਜਿੱਥੇ ਜਨਮ ਦਿਨ ਤੇ ਬਰਸੀ ਮੌਕੇ ਨੇਤਾਂਵਾਂ ਵੱਲੋਂ ਫੁੱਲ ਮਲਾਵਾਂ ਅਰਪਿਤ ਕੀਤੀਆਂ ਜਾਂਦੀਆਂ ਹਨ। ਗਿਆਨੀ ਜੀ ਆਪ ਭਾਵੇਂ ਪਾਰਟੀ ਦੇ ਵਫਾਦਾਰ ਰਹੇ ਪਰ ਪਰਵਿਾਰਕ ਮੈਬਰ ਕਾਂਗਰਸ ਪਾਰਟੀ ਨੂੰ ਤਿਆਗ ਕੇ ਸਰਗਰਮ ਸਿਆਸਤ ਵਿਚ ਯੋਗਦਾਨ ਪਾ ਰਹੇ ਹਨ, ਉਨ੍ਹਾਂ ਦੇ ਵੱਡੇ ਭਰਾ ਜੰਗੀਰ ਸਿੰਘ ਦਾ ਪੋਤਰਾ ਕੁਲਤਾਰ ਸਿੰਘ ਸੰਧਵਾਂ ਆਮ ਆਦਮੀ ਪਾਰਟੀ ਵਲੋਂ ਹਲਕਾ ਕੋਟਕਪੂਰਾ ਤੋਂ ਵਿਧਾਇਕ ਬਣਕੇ ਅੱਜ ਪੰਜਾਬ ਵਿਧਾਨ ਸਭਾ ਦੇ ਸਪੀਕਰ ਵਜੋਂ ਵਧੀਆ ਭੂਮਿਕਾ ਨਿਭਾ ਰਹੇ ਹਨ। ਗਿਆਨੀ ਜੀ ਦਾ ਆਪਣਾ ਪੋਤਰਾ ਇੰਦਰਜੀਤ ਸਿੰਘ ਬੱਬੂ ਭਾਰਤੀ ਜਨਤਾ ਪਾਰਟੀ ਵਿਚ ਸਰਗਰਮ ਹਨ।

ਆਓ ਅਸੀਂ ਗਿਆਨੀ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਦਿਆਂ ਸਿਆਸਤ ਤੋਂ ਉੱਪਰ ਉੱਠਕੇ ਧਾਰਮਕਿ ਨਿਰਪੱਖਤਾ,ਮਨੁੱਖਤਾ ਨਾਲ ਪਿਆਰ, ਪੰਜਾਬ,ਪੰਜਾਬੀ ਅਤੇ ਪੰਜਾਬੀਅਤ ਦੇ ਭਲੇ ਲਈ ਮਿਲਜੁਲ ਕੇ ਕੰਮ ਕਰੀਏ।

ਅੱਜ ਜਦੋਂ ਪੰਜਾਬ ਸਾਹਮਣੇ ਪਾਣੀਆਂ ਦਾ ਮੁੱਦਾ ਆਇਆ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਾਰੀਆਂ ਸਿਆਸੀ ਪਾਰਟੀਆਂ ਦੀ ਮੀਟਿੰਗ ਬੁਲਾਕੇ ਸਭ ਦੀ ਸਹਿਮਤੀ ਲਈ ਤੇ ਸਾਰੀਆਂ ਪਾਰਟੀਆਂ ਇਕੱਠੀਆਂ ਹੋਈਆਂ ਹਨ।ਇਸ ਪਰਥਾ ਨੂੰ ਭਵਿੱਖ ਵਿਚ ਕਾਇਮ ਰੱਖਣਾ ਚਾਹੀਦਾ।ਗਿਆਨੀ ਜ਼ੈਲ ਸਿੰਘ ਜੀ ਦਾ ਜੀਵਨ ਭਰ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨਾਲ ਪਿਆਰ ਵਾਲਾ ਵਰਤਾਓ ਰਿਹਾ ਸੀ। ਗਿਆਨੀ ਜੀ ਦਾ ਜੀਵਨੀ ਸਿਆਸੀ ਨੁਮਾਇੰਦਿਆਂ ਲਈ ਪ੍ਰੇਰਨਾਸਰੋਤ ਹੈ।

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# ਗਰਮੀਆਂ 'ਚ ਬੱਚੇ ਨਹੀਂ ਹੋਣਗੇ ਬਿਮਾਰ ਡਾਈਟ 'ਚ ਸ਼ਾਮਿਲ ਕਰੋ ਇਹ 5 ਚੀਜ਼ਾਂ



ਗਰਮੀਆਂ ਦੇ ਮੌਸਮ ਵਿੱਚ ਸਿਹਤ ਦਾ ਖਾਸ ਧਿਆਨ ਰੱਖਣਾ ਪੈਂਦਾ ਹੈ। ਕਿਉਂਕਿ ਗਰਮੀਆਂ ਵਿੱਚ ਬਿਮਾਰ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। ਤੇਜ਼ ਧੁੱਪ, ਨਮੀ ਅਤੇ ਬਦਲਦੇ ਮੌਸਮ ਕਾਰਨ, ਬਾਲਗਾਂ ਦੀ ਸਿਹਤ ਵਿਗੜਦੀ ਹੈ ਜਦੋਂ ਕਿ ਬੱਚਿਆਂ ਦੇ ਬਿਮਾਰ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। ਬੱਚੇ ਗਰਮੀ ਦੀ ਦਹਿਸ਼ਤ ਵਿੱਚ ਸਕੂਲ ਜਾਂਦੇ ਹਨ ਅਤੇ ਇਸ ਕਾਰਨ ਉਨ੍ਹਾਂ ਦੀ ਊਰਜਾ ਤੇਜ਼ੀ ਨਾਲ ਘੱਟ ਜਾਂਦੀ ਹੈ। ਜ਼ਿਆਦਾਤਰ ਮਾਪੇ ਆਪਣੇ ਬੱਚਿਆਂ ਨੂੰ ਘਰ ਆਉਣ ਤੇ ਠੰਡਾ ਪਾਣੀ ਜਾਂ ਹੋਰ ਠੰਡੀਆਂ ਚੀਜ਼ਾਂ ਦਿੰਦੇ ਹਨ, ਜੋ ਕਿ ਉਨ੍ਹਾਂ ਦੇ ਬਿਮਾਰ ਹੋਣ ਦਾ ਇੱਕ ਵੱਡਾ ਕਾਰਨ ਵੀ ਹੈ।ਅਜਿਹੇ ਮੌਸਮ ਵਿੱਚ, ਬੱਚਿਆਂ ਦੀ ਖੁਰਾਕ ਵਿੱਚ ਕੁਝ ਬਦਲਾਅ ਕਰਕੇ ਉਨ੍ਹਾਂ ਦੀ ਸਿਹਤ ਦਾ ਬਿਹਤਰ ਧਿਆਨ ਰੱਖਿਆ ਜਾ ਸਕਦਾ ਹੈ।

**ਹਰੀਆਂ ਸਬਜ਼ੀਆਂ** : ਗਰਮੀਆਂ ਵਿੱਚ, ਤੁਸੀਂ ਬੱਚਿਆਂ ਦੀ ਖੁਰਾਕ ਵਿੱਚ ਲੌਕੀ ਵਰਗੀਆਂ ਹੋਰ ਸਬਜ਼ੀਆਂ ਸ਼ਾਮਲ ਕਰ ਸਕਦੇ ਹੋ ਕਿਉਂਕਿ ਇਨ੍ਹਾਂ ਵਿੱਚ ਫਾਈਬਰ ਅਤੇ ਵਿਟਾਮਿਨ ਸੀ ਹੁੰਦਾ ਹੈ। ਬੱਚੇ ਆਮ ਤੌਰ ਤੇ ਇਨ੍ਹਾਂ ਸਬਜ਼ੀਆਂ ਨੂੰ ਖਾਣਾ ਪਸੰਦ ਨਹੀਂ ਕਰਦੇ, ਇਸ ਲਈ ਤੁਸੀਂ ਉਨ੍ਹਾਂ ਨੂੰ ਲੌਕੀ ਦਾ ਹਲਵਾ ਜਾਂ ਬਰਫ਼ੀ ਬਣਾ ਕੇ ਖੁਆ ਸਕਦੇ ਹੋ।

**ਤਰਬੂਜ ਅਤੇ ਖਰਬੂਜਾ:** ਤੁਸੀਂ ਬੱਚਿਆਂ ਦੀ ਖੁਰਾਕ ਵਿੱਚ ਤਰਬੂਜ ਅਤੇ ਖਰਬੂਜਾ ਸ਼ਾਮਲ ਕਰ ਸਕਦੇ ਹੋ। ਇਨ੍ਹਾਂ ਵਿੱਚ ਭਰਪੂਰ ਪਾਣੀ ਹੁੰਦਾ ਹੈ ਅਤੇ ਡੀਹਾਈਡਰੇਸ਼ਨ ਤੋਂ ਰਾਹਤ ਦਿੰਦੇ ਹਨ। ਇਸ ਤੋਂ ਇਲਾਵਾ, ਇਨ੍ਹਾਂ ਫਲਾਂ ਵਿੱਚ ਐਂਟੀਆਕਸੀਡੈਂਟ ਅਤੇ ਵਿਟਾਮਿਨ ਸੀ ਹੁੰਦਾ ਹੈ ਜੋ ਬੱਚਿਆਂ ਦੀ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਂਦਾ ਹੈ।

**ਨਿੰਬੂ ਪਾਣੀ:** ਗਰਮੀਆਂ ਦੇ ਮੌਸਮ ਵਿੱਚ, ਬੱਚੇ ਅਕਸਰ ਕੋਲਡ ਡਰਿੰਕਸ ਪੀਣ ਦੀ ਜ਼ਿੱਦ ਕਰਦੇ ਹਨ ਪਰ ਇਸ ਨਾਲ ਬਹੁਤ ਨੁਕਸਾਨ ਹੁੰਦਾ ਹੈ। ਅਜਿਹੀ ਸਥਿਤੀ ਵਿੱਚ, ਤੁਸੀਂ ਘਰ ਵਿੱਚ ਸਿਹਤਮੰਦ ਡਰਿੰਕ ਬਣਾ ਸਕਦੇ ਹੋ ਅਤੇ ਆਪਣੇ ਬੱਚਿਆਂ ਨੂੰ ਦੇ ਸਕਦੇ ਹੋ। ਜਿਸ ਕਾਰਨ ਉਨ੍ਹਾਂ ਦੀ ਸਿਹਤ ਚੰਗੀ ਰਹੇਗੀ ਅਤੇ ਗਰਮੀਆਂ ਦੇ ਮੌਸਮ ਵਿੱਚ ਹੀਟ ਸਟ੍ਰੋਕ ਦਾ ਖ਼ਤਰਾ ਵੀ ਘੱਟ ਜਾਵੇਗਾ। ਗਰਮੀਆਂ ਦੇ ਮੌਸਮ ਵਿੱਚ ਤੁਸੀਂ ਬੱਚਿਆਂ ਨੂੰ ਨਿੰਬੂ ਪਾਣੀ ਪਿਲਾ ਸਕਦੇ ਹੋ। ਇਸ ਵਿੱਚ ਵਿਟਾਮਿਨ ਸੀ ਅਤੇ ਇਲੈਕਟ੍ਰੋਲਾਈਟਸ ਹੁੰਦੇ ਹਨ ਜੋ ਬੱਚਿਆਂ ਨੂੰ ਹਾਈਡਰੇਟ ਰੱਖਦੇ ਹਨ ਅਤੇ ਪ੍ਰਤੀਰੋਧਕ ਸ਼ਕਤੀ ਨੂੰ ਵੀ ਵਧਾਉਂਦੇ ਹਨ।

**ਨਾਰੀਅਲ ਪਾਣੀ** : ਬੱਚਿਆਂ ਨੂੰ ਡੀਹਾਈਡਰੇਸ਼ਨ ਤੋਂ ਬਚਾਉਣ ਲਈ, ਤੁਹਾਨੂੰ ਉਨ੍ਹਾਂ ਨੂੰ ਭਰਪੂਰ ਪਾਣੀ ਦੇਣਾ ਚਾਹੀਦਾ ਹੈ ਪਰ ਇਸ ਦੇ ਨਾਲ, ਤੁਸੀਂ ਉਨ੍ਹਾਂ ਦੀ ਖੁਰਾਕ ਵਿੱਚ ਨਾਰੀਅਲ ਪਾਣੀ ਸ਼ਾਮਲ ਕਰ ਸਕਦੇ ਹੋ। ਇਸ ਵਿੱਚ ਮੈਗਨੀਸ਼ੀਅਮ, ਕੈਲਸ਼ੀਅਮ, ਵਿਟਾਮਿਨ ਸੀ ਅਤੇ ਇਲੈਕਟ੍ਰੋਲਾਈਟਸ ਵਰਗੇ ਪੌਸ਼ਟਿਕ ਤੱਤ ਹੁੰਦੇ ਹਨ ਜੋ ਡੀਹਾਈਡਰੇਸ਼ਨ ਤੋਂ ਰਾਹਤ ਦਿੰਦੇ ਹਨ ਅਤੇ ਬੱਚਿਆਂ ਨੂੰ ਸਿਹਤਮੰਦ ਰੱਖਦੇ ਹਨ।

**ਅੰਬ ਪੰਨਾ:** ਤੁਸੀਂ ਬੱਚਿਆਂ ਦੀ ਖੁਰਾਕ ਵਿੱਚ ਅੰਬ ਪੰਨਾ ਸ਼ਾਮਲ ਕਰ ਸਕਦੇ ਹੋ ਜੋ ਸਿਹਤਮੰਦ ਹੋਣ ਦੇ ਨਾਲ-ਨਾਲ ਸੁਆਦੀ ਵੀ ਹੈ। ਇਸ ਵਿੱਚ ਮੌਜੂਦ ਵਿਟਾਮਿਨ ਸੀ ਅਤੇ ਏ ਬੱਚਿਆਂ ਦੇ ਪਾਚਨ ਤੰਤਰ ਨੂੰ ਸਿਹਤਮੰਦ ਰੱਖਦਾ ਹੈ ਅਤੇ ਪੇਟ ਨੂੰ ਵੀ ਠੰਡਾ ਰੱਖਦਾ ਹੈ।

# ਮੋਦੀ ਨੇ ਸਿੰਗਾਪੁਰ ਦੀਆਂ ਆਮ ਚੋਣਾਂ ਚ ਜਿੱਤ ਤੇ ਲਾਰੈਂਸ ਵੋਂਗ ਨੂੰ ਦਿੱਤੀ ਵਧਾਈ

ਨਵੀਂ ਦਿੱਲੀ, 4 ਮਈ (ਚ.ਨ.ਸ.) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਸਿੰਗਾਪੁਰ ਦੀਆਂ ਆਮ ਚੋਣਾਂ'ਚ ਪ੍ਰਧਾਨ ਮੰਤਰੀ ਲਾਰੈਂਸ ਵੋਂਗ ਨੂੰ ਉਨ੍ਹਾਂ ਦੀ ਸ਼ਾਨਦਾਰ ਜਿੱਤ ਤੇ ਵਧਾਈ ਦਿੱਤੀ ਤੇ ਕਿਹਾ ਕਿ ਉਹ ਉਨ੍ਹਾਂ ਨਾਲ ਮਿਲ ਕੇ ਕੰਮ ਕਰਦੇ ਰਹਿਣ ਲਈ ਉਤਸੁਕ ਹਨ। ਵੋਂਗ ਦੀ ਪਾਰਟੀ, ਪੀਪਲਜ਼ ਐਕਸ਼ਨ ਪਾਰਟੀ (ਪੀਏਪੀ) ਨੇ ਸ਼ਨੀਵਾਰ ਨੂੰ ਸਿੰਗਾਪੁਰ ਦੀਆਂ ਆਮ ਚੋਣਾਂ 'ਚ 97 ਸੰਸਦੀ ਸੀਟਾਂ 'ਚੋਂ 87 'ਤੇ ਭਾਰੀ ਜਿੱਤ ਦਰਜ ਕੀਤੀ। ਉਹ ਸਿੰਗਾਪੁਰ 'ਚ ਮੁੜ ਸੱਤਾ ਸੰਭਾਲੇਗਾ।ਪੀ.ਐੱਮ. ਮੋਦੀ ਨੇ ਸੋਸ਼ਲ ਮੀਡੀਆ ਮੰਚ ਐਕਸ 'ਤੇ ਲਿਖਿਆ,ਲਾਰੈਂਸ ਵੋਂਗ, ਆਮ ਚੋਣਾਂ 'ਚ ਸ਼ਾਨਦਾਰ ਜਿੱਤ 'ਤੇ ਤੁਹਾਨੂੰ ਹਾਰਦਿਕ ਵਧਾਈ। ਭਾਰਤ ਤੇ ਸਿੰਗਾਪੁਰ ਵਿਚਾਲੇ ਮਜ਼ਬੂਤ ਤੇ ਬਹੁਪੱਖੀ ਸਾਂਝੇਦਾਰੀ ਹੈ, ਜੋ ਲੋਕਾਂ ਦੇ ਆਪਸੀ ਨਜ਼ਦੀਕੀ ਸੰਬੰਧਾਂ 'ਤੇ ਆਧਾਰਤ ਹੈ।ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਦੋਵਾਂ ਦੇਸ਼ਾਂ ਵਿਚਾਲੇ ਵਿਆਪਕ ਰਣਨੀਤਕ ਸਾਂਝੇਦਾਰੀ ਨੂੰ ਹੋਰ ਅੱਗੇ ਵਧਾਉਣ ਲਈ ਆਪਣੇ ਸਿੰਗਾਪੁਰੀ ਹਮਰੁਤਬਾ ਨਾਲ ਕੰਮ ਕਰਨ ਲਈ ਉਤਸੁਕ ਹਨ।



# ਭਾਰਤੀ ਮਹਿਲਾ ਹਾਕੀ ਟੀਮ ਨੇ ਆਸਟ੍ਰੇਲੀਆ ਨੂੰ 1-0 ਨਾਲ ਹਰਾਇਆ

ਪਰਥ, 4 ਮਈ (ਚ.ਨ.ਸ.) : ਭਾਰਤੀ ਮਹਿਲਾ ਹਾਕੀ ਟੀਮ ਨੇ ਇਕ ਰੋਮਾਂਚਕ ਮੈਚ ਵਿੱਚ ਆਸਟ੍ਰੇਲੀਆ ਨੂੰ 1-0 ਨਾਲ ਹਰਾ ਕੇ ਆਪਣੀ ਪਹਿਲੀ ਤੇ ਆਖਰੀ ਜਿੱਤ ਹਾਸਲ ਕੀਤੀ ਹੈ। ਇਸ ਤੋਂ ਬਾਅਦ ਭਾਰਤੀ ਟੀਮ ਆਸਟਰੇਲੀਆ ਤੋਂ ਵਤਨ ਪਰਤ ਆਵੇਗੀ। ਪਰਥ ਹਾਕੀ ਸਟੇਡੀਅਮ ਵਿੱਚ 21ਵੇਂ ਮਿੰਟ ਵਿੱਚ ਸਟਰਾਈਕਰ ਨਵਨੀਤ ਕੌਰ ਨੇ ਗੋਲ ਕਰਕੇ ਭਾਰਤ ਨੂੰ ਜਿੱਤ ਦਿਵਾਈ। ਇਸ ਤੋਂ ਪਹਿਲਾਂ ਭਾਰਤ 1 ਮਈ ਤੇ 3 ਮਈ ਨੂੰ ਆਸਟਰੇਲੀਆ ਦੀ ਸੀਨੀਅਰ ਟੀਮ ਤੋਂ 0-2 ਤੇ 2-3 ਨਾਲ ਹਾਰ ਗਿਆ ਸੀ ਤੇ ਇਸ ਤੋਂ ਇਲਾਵਾ ਭਾਰਤ ਨੂੰ ਆਸਟ੍ਰੇਲੀਆ 'ਏ' ਤੋਂ 3-5 ਤੇ 2-3 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਪਹਿਲੇ ਕੁਆਰਟਰ ਵਿੱਚ ਆਸਟਰੇਲੀਆ ਨੇ ਖੇਡ ਵਿੱਚ ਦਬਦਬਾ ਬਣਾਇਆ ਅਤੇ ਦੋ ਪੈਨਲਟੀ ਕਾਰਨਰ ਹਾਸਲ ਕੀਤੇ ਪਰ ਭਾਰਤ ਦੀ ਬਚਾਅ ਪੰਕਤ ਨੇ ਗੋਲ ਨਾ ਹੋਣ ਦਿੱਤਾ। ਦੂਜੇ ਕੁਆਰਟਰ ਦੇ ਛੇ ਮਿੰਟ ਬਾਅਦ ਭਾਰਤ ਨੇ ਉਪ ਕਪਤਾਨ ਨਵਨੀਤ ਕੌਰ ਦੇ ਮੈਦਾਨੀ ਗੋਲ ਦੀ ਬਦੌਲਤ ਲੀਡ ਹਾਸਲ ਕੀਤੀ। ਆਖ਼ਰੀ ਕੁਆਰਟਰ ਵਿੱਚ ਆਸਟਰੇਲੀਆ ਨੂੰ ਇੱਕ ਪੈਨਲਟੀ ਕਾਰਨਰ ਮਿਲਿਆ ਪਰ ਉਹ ਉਸ ਨੂੰ ਗੋਲ ਵਿਚ ਨਾ ਬਦਲ ਸਕਿਆ।



## ਯੂਕਰੇਨ ਨੇ ਰੂਸ ਦਾ ਲੜਾਕੂ ਜਹਾਜ਼ ਡੇਗਿਆ

# ਸਮੁੰਦਰੀ ਡਰੋਨ ਤੋਂ ਰੂਸੀ ਲੜਾਕੂ ਜਹਾਜ਼ 'ਤੇ ਹਮਲਾ; ਰੂਸ ਨੇ ਦਾਅਵਿਆਂ ਬਾਰੇ ਕੋਈ ਟਿੱਪਣੀ ਨਹੀਂ ਕੀਤੀ

ਕੀਵ, 4 ਮਈ (ਚ.ਨ.ਸ.) : ਯੂਕਰੇਨ ਨੇ ਸਮੁੰਦਰੀ ਡਰੋਨ ਤੋਂ ਦਾਗੀ ਗਈ ਮਿਜ਼ਾਈਲ ਦੀ ਵਰਤੋਂ ਕਰਕੇ ਇੱਕ ਰੂਸੀ ਐਸਯੂ -30 ਲੜਾਕੂ ਜਹਾਜ਼ ਨੂੰ ਡੇਗ ਦਿੱਤਾ ਹੈ। ਇਹ ਜਾਣਕਾਰੀ ਯੂਕਰੇਨ ਦੀ ਖੁਫੀਆ ਏਜੰਸੀ ਨੇ ਅੱਜ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਡਰੋਨ ਰਾਹੀਂ ਦੁਨੀਆ ਦਾ ਪਹਿਲਾ ਜੰਗੀ ਜਹਾਜ਼ ਤਬਾਹ ਕਰ ਦਿੱਤਾ ਗਿਆ। ਉਨ੍ਹਾਂ ਸੋਸ਼ਲ ਮੀਡੀਆ 'ਤੇ ਬਿਆਨ ਵਿਚ ਕਿਹਾ ਕਿ ਇਕ ਲੜਾਕੂ ਜਹਾਜ਼ ਨੂੰ ਕਾਲੇ ਸਾਗਰ ਵਿਚਲੀ ਪ੍ਰਮੁੱਖ ਰੂਸੀ ਬੰਦਰਗਾਹ ਸ਼ਹਿਰ ਨੋਵੋਰੋਸਿਸਕ ਨੇੜੇ ਗਰੁੱਪ 13 ਨਾਮੀ ਫੌਜੀ ਖੁਫੀਆ ਯੂਨਿਟ ਨੇ ਉਡਾ ਦਿੱਤਾ। ਯੂਕਰੇਨ ਨੇ ਪਹਿਲਾਂ ਕਿਹਾ ਸੀ ਕਿ ਉਸਨੇ ਦਸੰਬਰ 2024 ਵਿੱਚ ਉਸੇ ਕਿਸਮ ਦੇ ਸਮੁੰਦਰੀ ਡਰੋਨ ਤੋਂ ਦਾਗੀ ਗਈ ਇੱਕ ਮਿਜ਼ਾਈਲ ਦੀ ਵਰਤੋਂ ਕਰਦਿਆਂ ਇੱਕ ਰੂਸੀ ਫੌਜੀ ਹੈਲੀਕਾਪਟਰ ਨੂੰ ਉਡਾ ਦਿੱਤਾ ਸੀ।ਦੂਜੇ ਪਾਸੇ ਯੂਕਰੇਨੀ ਦਾਅਵੇ ਦੇ ਉਲਟ ਰੂਸੀ ਰੱਖਿਆ ਮੰਤਰਾਲੇ ਨੇ ਕੋਈ ਟਿੱਪਣੀ ਨਹੀਂ ਕੀਤੀ ਪਰ ਮੰਤਰਾਲੇ ਦੇ ਨਜ਼ਦੀਕੀ ਮੰਨੇ ਜਾਂਦੇ ਇੱਕ ਅਧਿਕਾਰਤ ਰੂਸੀ ਬਲੌਗਰ ਨੇ ਕਿਹਾ ਕਿ ਜੈੱਟ ਨੂੰ ਨਿਸ਼ਾਨਾ ਬਣਾਇਆ ਗਿਆ ਹੈ।



# ਦਲਾਈ ਲਾਮਾ ਨੇ ਆਸਟ੍ਰੇਲੀਆਈ ਪੀ.ਐਮ. ਅਲਬਾਨੀਜ਼ ਨੂੰ ਮੁੜ ਚੁਣੇ ਜਾਣ 'ਤੇ ਦਿੱਤੀ ਵਧਾਈ

ਧਰਮਸ਼ਾਲਾ/ਮੈਲਬੌਰਨ, 4 ਮਈ (ਚ.ਨ.ਸ.) : ਤਿੱਬਤੀ ਅਧਿਆਤਮਿਕ ਆਗੂ ਦਲਾਈ ਲਾਮਾ ਨੇ ਐਤਵਾਰ ਨੂੰ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੂੰ ਸੰਸਦੀ ਚੋਣਾਂ ਵਿੱਚ ਆਪਣੀ ਪਾਰਟੀ ਦੀ ਜਿੱਤ ਤੋਂ ਬਾਅਦ ਦੁਬਾਰਾ ਚੁਣੇ ਜਾਣ 'ਤੇ ਵਧਾਈ ਦਿੱਤੀ। ਧਰਮਸ਼ਾਲਾ ਸਥਿਤ ਆਪਣੇ ਦਫ਼ਤਰ ਤੋਂ ਜਾਰੀ ਇੱਕ ਬਿਆਨ ਵਿੱਚ ਉਨ੍ਹਾਂ ਕਿਹਾ, ਇਹ ਮੇਰੇ ਲਈ ਬਹੁਤ ਖੁਸ਼ਕਿਸਮਤੀ ਦੀ ਗੱਲ ਰਹੀ ਹੈ ਕਿ ਮੈਨੂੰ ਪਿਛਲੇ ਸਾਲਾਂ ਵਿੱਚ ਕਈ ਵਾਰ ਆਸਟ੍ਰੇਲੀਆ ਜਾਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਨੇ ਕਿਹਾ,ਮੈਂ ਤੁਹਾਨੂੰ ਆਸਟ੍ਰੇਲੀਆ ਦੇ ਲੋਕਾਂ ਦੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਪੂਰਾ ਕਰਨ ਲਈ ਅੱਗੇ ਆਉਣ ਵਾਲੀਆਂ ਚੁਣੌਤੀਆਂ ਨੂੰ ਸਫਲਤਾਪੂਰਵਕ ਪਾਰ ਕਰਨ ਲਈ ਸ਼ੁਭਕਾਮਨਾਵਾਂ ਦਿੰਦਾ ਹਾਂ। ਦਲਾਈ ਲਾਮਾ ਨੇ ਕਿਹਾ ਕਿ ਉਹ ਆਸਟ੍ਰੇਲੀਆਈ ਲੋਕਾਂ ਦੀ ਦੋਸਤੀ ਅਤੇ ਪਿਆਰ ਤੋਂ ਬਹੁਤ ਪ੍ਰਭਾਵਿਤ ਹੋਏ ਹਨ ਅਤੇ ਉਨ੍ਹਾਂ ਦੁਆਰਾ ਪਿਆਰ, ਹਮਦਰਦੀ ਅਤੇ ਅੰਤਰ-ਧਾਰਮਿਕ ਸਦਭਾਵਨਾ ਵਰਗੇ ਮਨੁੱਖੀ ਮੁੱਲਾਂ ਨੂੰ ਵਧਾਵਾ ਦੇਣ ਦੇ ਉਨ੍ਹਾਂ ਦੇ ਉਤਸ਼ਾਹ ਤੋਂ ਪ੍ਰੇਰਿਤ ਹਨ। ਉਨ੍ਹਾਂ ਕਿਹਾ, ਮੈਂ ਇਸ ਮੌਕੇ 'ਤੇ ਤਿੱਬਤੀ ਲੋਕਾਂ ਦੀ ਆਜ਼ਾਦੀ ਅਤੇ ਮਾਣ-ਸਨਮਾਨ ਵਿੱਚ ਆਸਟ੍ਰੇਲੀਆ ਦੀ ਸਰਕਾਰ ਅਤੇ ਲੋਕਾਂ ਦੁਆਰਾ ਦਿਖਾਏ ਗਏ ਸਮਰਥਨ ਅਤੇ ਦਿਲਚਸਪੀ ਲਈ ਆਪਣੀ ਡੂੰਘੀ ਸ਼ੁਕਰਗੁਜ਼ਾਰੀ ਪ੍ਰਗਟ ਕਰਦਾ ਹਾਂ।



# ਆਸਟ੍ਰੇਲੀਆਈ ਲੋਕਾਂ ਨੇ ਵੰਡ ਦੀ ਬਜਾਏ ਏਕਤਾ ਨੂੰ ਚੁਣਿਆ: ਐਂਥਨੀ ਅਲਬਾਨੀਜ਼

ਮੈਲਬੌਰਨ, 4 ਮਈ (ਚ.ਨ.ਸ.) : ਆਸਟ੍ਰੇਲੀਆ ਦੇ ਦੁਬਾਰਾ ਚੁਣੇ ਗਏ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਐਤਵਾਰ ਨੂੰ ਸਿਡਨੀ ਦੇ ਇੱਕ ਕੈਫੇ ਵਿੱਚ ਲੋਕਾਂ ਤੋਂ ਵਧਾਈ ਮਿਲਣ ਤੋਂ ਬਾਅਦ ਕਿਹਾ ਕਿ ਦੇਸ਼ ਦੇ ਲੋਕਾਂ ਨੇ ਵੰਡ ਦੀ ਬਜਾਏ ਏਕਤਾ ਨੂੰ ਚੁਣਿਆ ਹੈ। ਅਲਬਾਨੀਜ਼ ਦੀ ਲੇਬਰ ਪਾਰਟੀ ਨੇ ਸ਼ਨੀਵਾਰ ਨੂੰ ਹੋਈਆਂ ਚੋਣਾਂ ਵਿੱਚ ਵੱਡੀ ਜਿੱਤ ਹਾਸਲ ਕੀਤੀ। ਅਲਬਾਨੀਜ਼ ਨੇ ਸਿਡਨੀ ਦੇ ਲੀਚਹਾਰਟ ਦੇ ਇੱਕ ਵਿਅਸਤ ਕੈਫੇ ਵਿੱਚ ਪੱਤਰਕਾਰਾਂ ਨੂੰ ਕਿਹਾ,ਆਸਟ੍ਰੇਲੀਆਈ ਲੋਕਾਂ ਨੇ ਵੰਡ ਦੀ ਬਜਾਏ ਏਕਤਾ ਨੂੰ ਚੁਣਿਆ ਹੈ। ਉਸਨੇ ਅਤੇ ਉਸਦੀ ਮੰਗੇਤਰ ਜੋਡੀ ਹੇਡਨ ਨੇ ਆਪਣੇ ਸਾਥੀਆਂ ਅਤੇ ਸਮਰਥਕਾਂ ਨਾਲ ਕੈਫੇ ਵਿੱਚ ਕੌਫੀ ਦਾ ਆਨੰਦ ਮਾਣਿਆ। ਅਲਬਾਨੀਜ਼ ਨੇ ਕਿਹਾ, ਅਸੀਂ ਆਪਣੇ ਦੂਜੇ ਕਾਰਜਕਾਲ ਵਿੱਚ ਸਰਕਾਰ ਨੂੰ ਅਨੁਸ਼ਾਸਿਤ ਅਤੇ ਯੋਜਨਾਬੱਧ ਢੰਗ ਨਾਲ ਚਲਾਵਾਂਗੇ ਜਿਵੇਂ ਅਸੀਂ ਆਪਣੇ ਪਹਿਲੇ ਕਾਰਜਕਾਲ ਵਿੱਚ ਚਲਾਇਆ ਸੀ। ਉਸਨੇ ਕਿਹਾ ਕਿ ਬਚਪਨ ਵਿੱਚ ਉਹ ਅਕਸਰ ਆਪਣੀ ਮਾਂ, ਮਾਰੀਅਨ ਅਲਬਾਨੀਜ਼ ਨਾਲ ਕੈਫੇ ਜਾਂਦਾ ਸੀ।



# ਸਾਬਕਾ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਕੀਤਾ ਡਾਂਸ

ਨਿਊਯਾਰਕ, 4 ਮਈ (ਚ.ਨ.ਸ.) : ਅਮਰੀਕਾ ਦੀ ਸਾਬਕਾ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਆਪਣੇ ਡਾਂਸ ਦੇ ਨਾਲ ਸਭ ਨੂੰ ਹੈਰਾਨ ਕਰ ਦਿੱਤਾ। ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਉਸ ਦੀ ਹਾਰ ਤੋਂ ਬਾਅਦ ਉਸਦੇ ਡਾਂਸ ਲਈ ਜਨਤਕ ਤੌਰ 'ਤੇ ਉਸਦੀ ਪ੍ਰਸ਼ੰਸਾ ਕੀਤੀ ਗਈ ਹੈ। ਉਨ੍ਹਾਂ ਨੇ "ਬੂਟਸ ਔਨ ਦ ਗਰਾਊਂਡ" ਗੀਤ 'ਤੇ ਡਾਂਸ ਕੀਤਾ। ਉਸ ਨੇ ਸੈਨ ਫਰਾਂਸਿਸਕੋ ਕੈਲੀਫੋਰਨੀਆ ਦੇ ਵਿੱਚ ਐਮਰਜ ਅਮਰੀਕਾ ਦੀ 20ਵੀਂ ਵਰ੍ਹੇਗੰਢ ਦੇ ਸਮਾਰੋਹ ਵਿੱਚ ਸਮੱਗਰੀ ਸਿਰਜਣਹਾਰ ਕੇਨੇਥ ਵਾਲਡਨ ਨਾਲ ਡਾਂਸ ਕੀਤਾ। ਉਸ ਦਾ ਡਾਂਸ ਇਸ ਸਮੇਂ ਸੋਸ਼ਲ ਮੀਡੀਆ ਤੇ ਟ੍ਰੈਂਡ ਕਰ ਰਿਹਾ ਹੈ। ਇਹ ਨਾਚ ਸਾਰਿਆਂ ਨੂੰ ਬਹੁਤ ਪ੍ਰਭਾਵਿਤ ਕਰ ਰਿਹਾ ਹੈ। ਕਮਲਾ ਹੈਰਿਸ 2024 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਟਰੰਪ ਤੋਂ ਹਾਰ ਗਈ ਸੀ। ਉਦੋਂ ਤੋਂ ਉਹ ਬਹੁਤੀ ਵਾਰ ਨਹੀਂ ਦੇਖੀ ਗਈ। ਉਨ੍ਹਾਂ ਨੇ ਹਾਲ ਹੀ ਵਿੱਚ ਇੱਕ ਜਨਤਕ ਸਮਾਗਮ ਵਿੱਚ ਆਪਣੇ ਡਾਂਸ ਨਾਲ ਸਾਰਿਆਂ ਨੂੰ ਖੂਬ ਪ੍ਰਭਾਵਿਤ ਕੀਤਾ। ਆਪਣੇ ਭਾਸ਼ਣ ਵਿੱਚ ਉਨ੍ਹਾਂ ਨੇ ਟਰੰਪ ਪ੍ਰਸ਼ਾਸਨ ਦੀ ਆਲੋਚਨਾ ਕੀਤੀ। ਟੈਰਿਫ ਅਤੇ ਇਮੀਗ੍ਰੇਸ਼ਨ ਵਿਰੁੱਧ ਗੰਭੀਰ ਦੋਸ਼ ਲਗਾਏ ਗਏ ਸਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਅਮਰੀਕਾ ਦੇਸ਼ ਇੱਕ ਖ਼ਤਰਨਾਕ ਦਿਸ਼ਾ ਵੱਲ ਜਾ ਰਿਹਾ ਹੈ।



# ਤੇਲ ਅਵੀਵ ਹਵਾਈ ਅੱਡੇ 'ਤੇ ਮਿਜ਼ਾਈਲ ਹਮਲਾ, ਇੱਕ ਘੰਟੇ ਤੱਕ ਰੁਕੀਆਂ ਉਡਾਣਾਂ

ਬੇਨ ਗੁਰੀਅਨ, 4 ਮਈ (ਚ.ਨ.ਸ.) : ਯਮਨ ਦੇ ਈਰਾਨ ਸਮਰਥਿਤ ਬਾਗ਼ੀਆਂ ਦੁਆਰਾ ਦਾਗੀ ਗਈ ਇੱਕ ਮਿਜ਼ਾਈਲ ਤੋਂ ਬਾਅਦ ਐਤਵਾਰ ਨੂੰ ਇਜ਼ਰਾਈਲ ਦੇ ਮੁੱਖ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਡਾਣਾਂ ਲਗਭਗ ਇੱਕ ਘੰਟੇ ਤੱਕ ਰੁਕੀਆਂ ਰਹੀਆਂ। ਯਮਨ ਦੇ ਹੂਤੀ ਬਾਗੀਆਂ ਵੱਲੋਂ ਦਾਗੀ ਗਈ ਮਿਜ਼ਾਈਲ ਕਾਰਨ ਧੂੰਏਂ ਦਾ ਬੱਦਲ ਉੱਠਦਾ ਦੇਖਿਆ ਗਿਆ ਅਤੇ ਯਾਤਰੀਆਂ ਵਿੱਚ ਦਹਿਸ਼ਤ ਫੈਲ ਗਈ। ਗਾਜ਼ਾ ਵਿੱਚ ਜੰਗ ਦੌਰਾਨ ਫਲਸਤੀਨੀਆਂ ਨਾਲ ਏਕਤਾ ਲਈ ਹੂਤੀ ਬਾਗ਼ੀ ਇਜ਼ਰਾਈਲ 'ਤੇ ਹਮਲੇ ਕਰ ਰਹੇ ਹਨ। ਬੇਨ-ਗੁਰੀਅਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹਮਲਾ ਇਜ਼ਰਾਈਲੀ ਕੈਬਨਿਟ ਦੇ ਉੱਚ ਮੰਤਰੀਆਂ ਵੱਲੋਂ ਗਾਜ਼ਾ ਪੱਟੀ ਵਿੱਚ ਦੇਸ਼ ਦੇ ਫੌਜੀ ਆਪ੍ਰੇਸ਼ਨਾਂ ਨੂੰ ਤੇਜ਼ ਕਰਨ ਬਾਰੇ ਵੋਟ ਪਾਉਣ ਤੋਂ ਕੁਝ ਘੰਟੇ ਪਹਿਲਾਂ ਹੋਇਆ। ਇਸ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਫੌਜ ਨੇ ਗਾਜ਼ਾ ਵਿੱਚ ਪੂਰੇ ਪੈਮਾਨੇ 'ਤੇ ਕਾਰਵਾਈ ਦੀ ਉਮੀਦ ਵਿੱਚ ਹਜ਼ਾਰਾਂ ਰਿਜ਼ਰਵ ਫੌਜੀਆਂ ਨੂੰ ਬੁਲਾਉਣ ਦੀ ਸ਼ੁਰੂਆਤ ਕਰ ਦਿੱਤੀ ਹੈ। ਐਤਵਾਰ ਨੂੰ ਹੂਤੀ ਬਾਗੀਆਂ ਵੱਲੋਂ ਦਾਗੀ ਗਈ ਮਿਜ਼ਾਈਲ ਤੋਂ ਬਾਅਦ ਇਜ਼ਰਾਈਲ ਦੇ ਕਈ ਹਿੱਸਿਆਂ ਵਿੱਚ ਹਵਾਈ ਹਮਲੇ ਦੇ ਸਾਇਰਨ ਵੱਜੇ। ਇਜ਼ਰਾਈਲੀ ਮੀਡੀਆ ਵੱਲੋਂ ਪ੍ਰਸਾਰਿਤ ਤਸਵੀਰਾਂ ਅਨੁਸਾਰ ਹਵਾਈ ਅੱਡੇ 'ਤੇ ਧੂੰਏਂ ਦੇ ਬੱਦਲ ਦਿਖਾਈ ਦੇ ਰਹੇ ਸਨ।ਪੁਲਸ ਨੇ ਦੱਸਿਆ ਕਿ ਹਮਲੇ ਤੋਂ ਬਾਅਦ ਹਵਾਈ, ਸੜਕੀ ਅਤੇ ਰੇਲ ਆਵਾਜਾਈ ਨੂੰ ਰੋਕ ਦਿੱਤਾ ਗਿਆ ਹੈ। ਇਜ਼ਰਾਈਲ ਹਵਾਈ ਅੱਡਾ ਅਥਾਰਟੀ ਨੇ ਕਿਹਾ ਕਿ ਆਵਾਜਾਈ ਲਗਭਗ ਇੱਕ ਘੰਟੇ ਬਾਅਦ ਮੁੜ ਸ਼ੁਰੂ ਹੋਈ। ਇਜ਼ਰਾਈਲ ਦੀ ਪੈਰਾਮੈਡਿਕ ਸੇਵਾ ਮੈਗੇਨ ਡੇਵਿਡ ਐਡੋਮ ਨੇ ਕਿਹਾ ਕਿ ਚਾਰ ਲੋਕ ਮਾਮੂਲੀ ਜ਼ਖਮੀ ਹੋਏ ਹਨ।



# ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਅਗਲੇ ਹਫ਼ਤੇ ਜਾਣਗੇ ਰੂਸ

ਮਾਸਕੋ, 4 ਮਈ (ਚ.ਨ.ਸ.) : ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ 7 ਤੋਂ 10 ਮਈ ਲਈ ਰੂਸ ਦੇ ਦੌਰੇ 'ਤੇ ਜਾਣਗੇ। ਕਰੈਮਲਿਨ ਨੇ ਚੀਨੀ ਸਦਰ ਦੇ ਤਜਵੀਜ਼ਤ ਦੌਰੇ ਦੀ ਪੁਸ਼ਟੀ ਕੀਤੀ ਹੈ। ਕਾਬਿਲੇਗੌਰ ਹੈ ਕਿ ਸ਼ੀ ਪਹਿਲਾਂ ਹੀ ਉਨ੍ਹਾਂ ਮਹਿਮਾਨਾਂ ਦੀ ਸੂਚੀ ਵਿਚ ਸ਼ਾਮਲ ਹਨ, ਜੋ 9 ਮਈ ਨੂੰ ਮਾਸਕੋ ਵਿਚ ਵਿਕਟਰੀ ਡੇਅ ਪਰੇਡ ਵਿਚ ਸ਼ਾਮਲ ਹੋਣਗੇ।ਕਰੈਮਲਿਨ ਨੇ ਕਿਹਾ ਕਿ ਸ਼ੀ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੂਤਿਨ ਦੇ ਸੱਦੇ 'ਤੇ ਵਿਕਟਰੀ ਡੇਅ ਪਰੇਡ ਦੇ ਜਸ਼ਨਾਂ ਵਿਚ ਸ਼ਾਮਲ ਹੋਣਗੇ। ਦੋਵੇਂ ਆਗੂ 'ਸਬੰਧਾਂ ਨੂੰ ਹੋਰ ਅੱਗੇ ਵਧਾਉਣ ਲਈ ਵਿਆਪਕ ਭਾਈਵਾਲੀ ਅਤੇ ਰਣਨੀਤਕ ਗੱਲਬਾਤ' ਅਤੇ 'ਕੌਮਾਂਤਰੀ ਅਤੇ ਖੇਤਰੀ ਏਜੰਡੇ ਦੇ ਮੁੱਦਿਆਂ' ਉੱਤੇ ਚਰਚਾ ਕਰਨਗੇ।ਬਿਆਨ ਵਿਚ ਕਿਹਾ ਗਿਆ ਹੈ ਕਿ ਪੂਤਿਨ ਅਤੇ ਸ਼ੀ ਕਈ ਦੁਵੱਲੇ ਦਸਤਾਵੇਜ਼ਾਂ 'ਤੇ ਸਹੀ ਵੀ ਪਾਉਣਗੇ। ਕਰੈਮਲਿਨ ਵੱਲੋਂ ਫਰਵਰੀ 2022 'ਚ ਯੂਕਰੇਨ ਵਿੱਚ ਫੌਜਾਂ ਭੇਜਣ ਤੋਂ ਬਾਅਦ ਸ਼ੀ ਦੀ ਇਹ ਤੀਜੀ ਰੂਸ ਫੇਰੀ ਹੋਵੇਗੀ।ਸ਼ੀ ਇਸ ਤੋ ਪਹਿਲਾਂ ਸਤੰਬਰ 2024 ਵਿੱਚ ਬ੍ਰਿਕਸ ਸੰਮੇਲਨ ਲਈ ਰੂਸ ਗਏ ਸਨ। ਉਨ੍ਹਾਂ ਨੇ ਮਾਰਚ 2023 ਵਿੱਚ ਰੂਸ ਦਾ ਸਰਕਾਰੀ ਦੌਰਾ ਵੀ ਕੀਤਾ ਸੀ ਅਤੇ ਪੂਤਿਨ ਨੇ ਉਸੇ ਸਾਲ ਅਕਤੂਬਰ ਵਿੱਚ ਚੀਨ ਦੀ ਆਪਣੀ ਯਾਤਰਾ ਦੇ ਜਵਾਬ ਵਿੱਚ ਇਹ ਦੌਰਾ ਕੀਤਾ ਸੀ।ਇਸ ਤੋਂ ਬਾਅਦ ਦੋਵੇਂ ਨੇਤਾ ਮਈ 2024 ਵਿੱਚ ਬੀਜਿੰਗ ਵਿੱਚ ਵੀ ਮਿਲੇ ਹਨ, ਜਿੱਥੇ ਪੂਤਿਨ ਨੇ ਆਪਣੇ ਪੰਜਵੇਂ ਰਾਸ਼ਟਰਪਤੀ ਕਾਰਜਕਾਲ ਦੀ ਪਹਿਲੀ ਵਿਦੇਸ਼ੀ ਯਾਤਰਾ ਕੀਤੀ ਸੀ।



# ਅਮਰੀਕਾ 'ਚ ਪਰਿਵਾਰਕ ਸਮਾਗਮ ਦੌਰਾਨ ਗੋਲੀਬਾਰੀ ਦੌਰਾਨ ਇੱਕ ਦੀ ਮੌਤ, ਕਈ ਜ਼ਖ਼ਮੀ

ਹਿਊਸਟਨ , 4 ਮਈ (ਚ.ਨ.ਸ.) : ਅਮਰੀਕਾ ਦੇ ਸ਼ਹਿਰ ਹਿਊਸਟਨ ਵਿੱਚ ਸ਼ਨੀਵਾਰ ਦੇਰ ਰਾਤ ਇੱਕ ਸਮਾਗਮ ਦੌਰਾਨ ਹੋਈ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਲਗਭਗ 14 ਲੋਕ ਜ਼ਖਮੀ ਹੋ ਗਏ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਸਹਾਇਕ ਪੁਲਸ ਮੁਖੀ ਪੈਟਰੀਸ਼ੀਆ ਕੈਂਟੂ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਦੱਖਣ-ਪੂਰਬੀ ਹਿਊਸਟਨ ਦੇ ਚੈਰੀ ਹਿੱਲ ਖੇਤਰ ਵਿੱਚ ਸਥਾਨਕ ਸਮੇਂ ਅਨੁਸਾਰ ਦੁਪਹਿਰ 12:50 ਵਜੇ ਗੋਲੀਬਾਰੀ ਦੀ ਸੂਚਨਾ ਮਿਲੀ। ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਪੁਲਸ ਮੌਕੇ 'ਤੇ ਪਹੁੰਚੀ, ਤਾਂ ਉਨ੍ਹਾਂ ਨੂੰ ਇੱਕ ਘਰ ਦੇ ਆਲੇ-ਦੁਆਲੇ ਕਈ ਲੋਕ ਜ਼ਖਮੀ ਮਿਲੇ।

ਪੁਲਿਸ ਦਾ ਕਹਿਣਾ ਹੈ ਕਿ ਇਹ ਇੱਕ ਪਰਿਵਾਰਕ ਸਮਾਗਮ ਸੀ, ਜਿਸ 'ਚ ਇੱਕ ਅਣਜਾਣ ਵਿਅਕਤੀ ਬਿਨਾਂ ਬੁਲਾਏ ਪਹੁੰਚਿਆ ਸੀ। ਜਦੋਂ ਉਸਨੂੰ ਜਾਣ ਲਈ ਕਿਹਾ ਗਿਆ ਤਾਂ ਉਸਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਕੁਝ ਹੋਰ ਲੋਕਾਂ ਨੇ ਵੀ ਜਵਾਬੀ ਕਾਰਵਾਈ ਵਿੱਚ ਗੋਲੀਬਾਰੀ ਕੀਤੀ। ਹਿਊਸਟਨ ਫਾਇਰ ਡਿਪਾਰਟਮੈਂਟ ਮੌਕੇ 'ਤੇ ਪਹੁੰਚਿਆ ਤੇ ਇੱਕ ਵਿਅਕਤੀ ਦੀ ਮੌਤ ਦੀ ਪੁਸ਼ਟੀ ਕੀਤੀ। ਕੈਂਟੂ ਅਨੁਸਾਰ ਕਈ ਲੋਕਾਂ ਦੀ ਹਾਲਤ ਗੰਭੀਰ ਸੀ। ਉਨ੍ਹਾਂ ਇਹ ਵੀ ਕਿਹਾ ਕਿ ਕੁਝ ਪੀੜਤ ਆਪਣੇ ਆਪ ਇਲਾਜ ਲਈ ਨੇੜਲੇ ਹਸਪਤਾਲਾਂ ਵਿੱਚ ਗਏ। ਕੈਂਟੂ ਨੇ ਕਿਹਾ ਕਿ ਪੁਲਸ ਨੇ ਕਈ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ, ਪਰ ਇਹ ਤੁਰੰਤ ਸਪੱਸ਼ਟ ਨਹੀਂ ਹੋਇਆ ਕਿ ਕੀ ਉਨ੍ਹਾਂ ਨੇ ਗੋਲੀਬਾਰੀ ਵਿੱਚ ਸ਼ੱਕੀ ਨੂੰ ਫੜ ਲਿਆ ਹੈ।



# ਕੈਨੇਡਾ ਇਸ ਮਹੀਨੇ ਯੂ.ਕੇ ਦੇ ਕਿੰਗ ਚਾਰਲਸ III, ਰਾਣੀ ਦਾ ਕਰੇਗਾ ਸਵਾਗਤ

ਟੋਰਾਂਟੋ, 4 ਮਈ (ਚ.ਨ.ਸ.) : ਯੂ.ਕੇ ਦੇ ਕਿੰਗ ਚਾਰਲਸ III ਅਤੇ ਰਾਣੀ ਕੈਮਿਲਾ 26-27 ਮਈ ਨੂੰ ਸਿੰਘਾਸਣ ਤੋਂ ਭਾਸ਼ਣ ਦੇਣ ਲਈ ਕੈਨੇਡਾ ਦਾ ਦੌਰਾ ਕਰਨਗੇ, ਇਹ 50 ਸਾਲਾਂ ਵਿੱਚ ਪਹਿਲੀ ਵਾਰ ਹੋਵੇਗਾ ਜਦੋਂ ਇਹ ਸਮਾਗਮ ਤੁਰੰਤ ਚੋਣਾਂ ਤੋਂ ਬਾਅਦ ਸੰਸਦੀ ਸੈਸ਼ਨ ਦੇ ਉਦਘਾਟਨ ਲਈ ਹੋਵੇਗਾ। ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸ਼ੁੱਕਰਵਾਰ ਨੂੰ ਇਸ ਸਬੰਧੀ ਐਲਾਨ ਕੀਤਾ।ਕਾਰਨੀ ਨੇ ਇਕ ਬਿਆਨ ਵਿਚ ਕਿਹਾ,ਮਹਾਮਹਿਮ ਰਾਜਾ ਅਤੇ ਰਾਣੀ 26 ਤੇ 27 ਮਈ, 2025 ਨੂੰ ਕੈਨੇਡਾ ਦਾ ਦੌਰਾ ਕਰਨਗੇ। ਸਾਨੂੰ ਮਹਾਮਹਿਮ ਕਿੰਗ ਚਾਰਲਸ III ਦਾ ਸਵਾਗਤ ਕਰਨ ਦਾ ਸਨਮਾਨ ਮਿਲੇਗਾ, ਜੋ 27 ਮਈ ਨੂੰ ਸਿੰਘਾਸਣ ਤੋਂ ਕੈਨੇਡਾ ਦਾ ਭਾਸ਼ਣ ਦੇਣਗੇ। ਕਾਰਨੀ ਨੇ ਆਪਣੇ ਬਿਆਨ ਵਿੱਚ ਅੱਗੇ ਕਿਹਾ ਕਿ ਕੈਨੇਡਾ ਵਿੱਚ ਸਾਡੀ ਪ੍ਰਭੂਸੱਤਾ ਵਿੱਚ ਇੱਕ ਦ੍ਰਿੜ ਰਖਵਾਲਾ ਹੈ। ਬਿਆਨ ਵਿੱਚ ਲਿਖਿਆ ਗਿਆ ਹੈ,ਇਹ ਲਗਭਗ 50 ਸਾਲਾਂ ਵਿੱਚ ਪਹਿਲੀ ਵਾਰ ਹੋਵੇਗਾ ਜਦੋਂ ਕੈਨੇਡਾ ਦਾ ਰਾਜਾ ਸੰਸਦ ਦੇ ਰਾਜ ਉਦਘਾਟਨ ਵਿੱਚ ਹਿੱਸਾ ਲਵੇਗਾ।



# 'ਆਪ' ਸਰਕਾਰ ਪੰਜਾਬ ਦੇ ਪਾਣੀਆਂ ਦੇ ਅਧਿਕਾਰਾਂ ਦੀ ਉਲੰਘਣਾ ਨਹੀਂ ਹੋਣ ਦੇਵੇਗੀ: ਕੰਗ

ਚੰਡੀਗੜ੍ਹ , 4 ਮਈ (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਬੁਲਾਰੇ ਅਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਅੱਜ ਕੇਂਦਰ ਸਰਕਾਰ ਅਤੇ ਹਰਿਆਣਾ ਦੀ ਪੰਜਾਬ ਨੂੰ ਪਾਣੀ ਦੇ ਉਸ ਦੇ ਸਹੀ ਹਿੱਸੇ ਤੋਂ ਵਾਂਝਾ ਕਰਨ ਦੀ ਸਾਜ਼ਿਸ਼ ਰਚਣ ਦੀ ਸਖ਼ਤ ਨਿੰਦਾ ਕੀਤੀ ਹੈ। ਐਤਵਾਰ ਨੂੰ ਪਾਰਟੀ ਵਧਾਈ ਵਿਖੇ ਆਪ ਦੇ ਬੁਲਾਰੇ ਗਗਨਦੀਪ ਸਿੰਘ ਅਤੇ ਰਣਜੀਤ ਸਿੰਘ ਨਾਲ ਇੱਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ, ਕੰਗ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਤੇ ਕਾਂਗਰਸ ਵੱਲੋਂ ਪੰਜਾਬ ਵਿਰੁੱਧ ਸ਼ੁਰੂ ਕੀਤੀ ਗਈ ਇਤਿਹਾਸਕ ਬੇਇਨਸਾਫ਼ੀ ਨੂੰ ਜਾਰੀ ਰੱਖਣ ਦਾ ਦੋਸ਼ ਲਗਾਇਆ।ਕੰਗ ਨੇ ਕਿਹਾ ਭਾਜਪਾ ਅਤੇ ਕਾਂਗਰਸ ਦੋਵਾਂ ਦਾ ਪੰਜਾਬ ਦੇ ਪਾਣੀ ਦੇ ਅਧਿਕਾਰਾਂ ਨੂੰ ਲੁੱਟਣ ਦਾ ਲੰਮਾ ਇਤਿਹਾਸ ਰਿਹਾ ਹੈ। ਅੱਜ, ਇੱਕ ਸੀਨੀਅਰ ਕਾਂਗਰਸੀ ਨੇਤਾ ਰਣਦੀਪ ਸੁਰਜੇਵਾਲਾ ਨੇ ਆਪ ਅਤੇ ਭਾਜਪਾ ਤੇ ਪਾਣੀ ਦੇ ਮੁੱਦਿਆਂ ਤੇ ਮਿਲੀਭੁਗਤ ਕਰਨ ਦਾ ਦੋਸ਼ ਲਗਾਇਆ, ਪਰ ਸੱਚਾਈ ਬਿਲਕੁਲ ਉਲਟ ਹੈ। ਕਾਂਗਰਸ ਨੇ ਪੰਜਾਬ ਦੇ ਪਾਣੀ ਦਾ ਸ਼ੋਸ਼ਣ ਕਰਨ ਦੀ ਨੀਂਹ ਰੱਖੀ, ਅਤੇ ਭਾਜਪਾ ਹੁਣ ਇਸ ਨੂੰ ਹੋਰ ਅੱਗੇ ਲੈ ਜਾ ਰਹੀ ਹੈ।ਕੰਗ ਨੇ ਕਾਂਗਰਸ ਦੇ ਦੋਹਰੇ ਮਾਪਦੰਡਾਂ ਦੀ ਆਲੋਚਨਾ ਕੀਤੀ, ਪੰਜਾਬ ਅਤੇ ਹਰਿਆਣਾ ਦੇ ਕਾਂਗਰਸੀ ਆਗੂਆਂ ਦੇ ਵਿਰੋਧੀ ਰੁਖ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ, ਸੁਰਜੇਵਾਲਾ ਨੂੰ ਪਹਿਲਾਂ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਪੰਜਾਬ ਕਾਂਗਰਸ ਸਹੀ ਹੈ ਜਾਂ ਹਰਿਆਣਾ ਕਾਂਗਰਸ। ਪੰਜਾਬ ਵਿੱਚ ਸਰਬ ਪਾਰਟੀ ਮੀਟਿੰਗ ਦੌਰਾਨ, ਕਾਂਗਰਸੀ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਇਸ ਸਟੈਂਡ ਦਾ ਸਮਰਥਨ ਕੀਤਾ ਸੀ ਕਿ ਪੰਜਾਬ ਆਪਣੇ ਹਿੱਸੇ ਦੇ ਪਾਣੀ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਜ਼ਬਰਦਸਤੀ ਬਰਦਾਸ਼ਤ ਨਹੀਂ ਕਰੇਗਾ। ਪਰ ਅੱਜ ਸੁਰਜੇਵਾਲਾ ਨੇ ਪੰਜਾਬ 'ਤੇ ਗਲਤ ਕੰਮ ਕਰਨ ਦਾ ਦੋਸ਼ ਲਗਾ ਕੇ ਹਰਿਆਣਾ ਦੇ ਕੁਪ੍ਰਬੰਧਨ ਅਤੇ ਪਾਣੀ ਦੀ ਬਹੁਤ ਜ਼ਿਆਦਾ ਖਪਤ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ।ਕੰਗ ਨੇ ਇੰਦਰਾ ਗਾਂਧੀ ਦੇ ਯੁੱਗ ਤੋਂ ਲੈ ਕੇ ਪੰਜਾਬ ਦੇ ਕਾਂਗਰਸ ਮੁੱਖ ਮੰਤਰੀਆਂ ਦੁਆਰਾ ਐਸਵਾਈਐਲ ਨਹਿਰ ਦਾ ਨੀਂਹ ਪੱਥਰ ਰੱਖਣ ਤੱਕ, ਕਾਂਗਰਸ ਸਰਕਾਰਾਂ ਦੁਆਰਾ ਕੀਤੇ ਗਏ ਇਤਿਹਾਸਕ ਬੇਇਨਸਾਫ਼ੀਆਂ ਵੱਲ ਵੀ ਇਸ਼ਾਰਾ ਕੀਤਾ। ਕੰਗ ਨੇ ਕਿਹਾ ਕਾਂਗਰਸ ਦੀ ਵਿਰਾਸਤ ਪੰਜਾਬ ਦੇ ਅਧਿਕਾਰਾਂ ਨੂੰ ਕਮਜ਼ੋਰ ਕਰਨ 'ਤੇ ਬਣੀ ਹੈ, ਅਤੇ ਭਾਜਪਾ ਨੇ ਇਸ ਏਜੰਡੇ ਨੂੰ ਸਿਰਫ ਤੇਜ਼ ਕੀਤਾ ਹੈ।ਕੰਗ ਨੇ ਪੰਜਾਬ ਦੇ ਪਾਣੀ ਦੇ ਅਧਿਕਾਰਾਂ ਦੀ ਰੱਖਿਆ ਅਤੇ ਸਿੰਚਾਈ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਦੇ ਸਰਗਰਮ ਉਪਾਵਾਂ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਸ਼ੰਸ਼ਾ ਕੀਤੀ। ਉਨ੍ਹਾਂ ਕਿਹਾ ਪਿਛਲੀਆਂ ਸਰਕਾਰਾਂ ਦੇ ਅਧੀਨ, ਨਹਿਰੀ ਪ੍ਰਣਾਲੀ ਰਾਹੀਂ ਪੰਜਾਬ ਦੀ ਸਿੰਚਾਈ ਸਮਰੱਥਾ 25% ਸੀ। ਅੱਜ, ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਮਹੱਤਵਪੂਰਨ ਵਿਕਾਸ ਕਾਰਨ ਇਹ 60% ਤੋਂ ਵੱਧ ਹੋ ਗਈ ਹੈ। ਦਹਾਕਿਆਂ ਤੋਂ ਪੰਜਾਬ ਦੇ ਭੂਮੀਗਤ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਨਾਲ ਬਹੁਤ ਸਾਰੇ ਖੇਤਰ ਡਾਰਕ ਜ਼ੋਨ ਵਿੱਚ ਚਲੇ ਗਏ। ਇਸ ਸਰਕਾਰ ਨੇ ਇਸ ਰੁਝਾਨ ਨੂੰ ਉਲਟਾ ਦਿੱਤਾ ਹੈ। ਕੰਗ ਨੇ ਕੇਂਦਰ ਸਰਕਾਰ ਦੇ ਦਬਾਅ ਹੇਠ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐਮਬੀ) ਦੁਆਰਾ ਵਰਤੇ ਗਏ ਤਾਨਾਸ਼ਾਹੀ ਚਾਲਾਂ ਦੀ ਨਿੰਦਾ ਕੀਤੀ।




# ਪਹਿਲਗਾਮ ਹਮਲੇ 'ਚ ਮਾਰੇ ਗਏ ਲੋਕਾਂ ਨੂੰ ਚੀਨ ਸਥਿਤ ਭਾਰਤੀ ਅੰਬੈਸੀ 'ਚ ਦਿੱਤੀ ਸ਼ਰਧਾਂਜਲੀ

ਸ਼ੰਘਾਈ, 4 ਮਈ (ਚ.ਨ.ਸ.) : ਪਹਿਲਗਾਮ 'ਚ ਬੇਹੱਦ ਭਿਆਨਕ ਅੱਤਵਾਦੀ ਹਮਲੇ 'ਚ 26 ਲੋਕਾਂ ਦੀ ਜਾਨ ਚਲੀ ਗਈ ਸੀ। ਇਸ ਹਮਲੇ ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਚੀਨ ਵਿੱਚ ਭਾਰਤੀ ਡਿਪਲੋਮੈਟਾਂ ਨੇ ਪੀੜਤਾਂ ਦਾ ਸਨਮਾਨ ਕਰਨ ਲਈ ਸ਼ੋਕ ਸਭਾਵਾਂ ਦਾ ਆਯੋਜਨ ਕੀਤਾ। ਸ਼ੰਘਾਈ ਅਤੇ ਗੁਆਂਗਜ਼ੂ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਸਭਾ ਦੀ ਮੇਜ਼ਬਾਨੀ ਕੀਤੀ ਜਿੱਥੇ ਕੌਂਸਲੇਟ ਅਧਿਕਾਰੀ, ਸਟਾਫ, ਭਾਰਤੀ ਪ੍ਰਵਾਸੀ ਅਤੇ ਭਾਰਤ ਦੇ ਦੋਸਤ ਆਪਣੇ ਦੁੱਖ ਅਤੇ ਏਕਤਾ ਦਾ ਪ੍ਰਗਟਾਵਾ ਕਰਨ ਲਈ ਇਕੱਠੇ ਹੋਏ। ਇਨ੍ਹਾਂ ਮੀਟਿੰਗਾਂ ਵਿੱਚ ਪੀੜਤਾਂ ਦੀਆਂ ਤਸਵੀਰਾਂ ਪ੍ਰਦਰਸ਼ਿਤ ਕੀਤੀਆਂ ਗਈਆਂ ਤੇ ਉਨ੍ਹਾਂ ਨੂੰ ਫੁੱਲਾਂ ਦੀ ਸ਼ਰਧਾਂਜਲੀ ਭੇਟ ਕੀਤੀ ਗਈ। ਪਹਿਲਗਾਮ ਹਮਲੇ ਦੀ ਵਿਸ਼ਵ ਪੱਧਰ 'ਤੇ ਨਿੰਦਾ ਹੋਈ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ, ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਸਮੇਤ ਕਈ ਹੋਰ ਗਲੋਬਲ ਲੀਡਰਾਂ ਨੇ ਭਾਰਤ ਲਈ ਸਖ਼ਤ ਸਮਰਥਨ ਅਤੇ ਪੀੜਤਾਂ ਲਈ ਸੰਵੇਦਨਾ ਪ੍ਰਗਟ ਕੀਤੀ ਹੈ। ਹੋਰ ਦੇਸ਼ਾਂ, ਜਿਵੇਂ ਕਿ ਯੂ.ਏ.ਈ., ਜਰਮਨੀ, ਚੀਨ, ਇਜ਼ਰਾਈਲ, ਯੂਰਪੀਅਨ ਯੂਨੀਅਨ ਅਤੇ ਆਸਟ੍ਰੇਲੀਆ ਨੇ ਵੀ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਅੱਤਵਾਦ ਦੇ ਵਿਰੋਧ 'ਤੇ ਜ਼ੋਰ ਦਿੱਤਾ ਹੈ।



# ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈਲਫੇਅਰ ਕਲੱਬ ਨੇ ਸਰਬਸੰਮਤੀ ਨਾਲ ਵਿਨੋਦ ਸ਼ਰਮਾ ਨੂੰ ਚੁਣਿਆ ਪ੍ਰਧਾਨ



ਬਰਨਾਲਾ, 4 ਮਈ (ਸੁਖਵਿੰਦਰ ਸਿੰਘ ਭੰਡਾਰੀ):ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈਲਫੇਅਰ ਕਲੱਬ (ਰਜਿ.) ਬਰਨਾਲਾ ਨੇ ਸਰਬਸੰਮਤੀ ਨਾਲ ਵਿਨੋਦ ਸ਼ਰਮਾ ਨੂੰ ਅਗਲੇ ਦੋ ਸਾਲਾਂ ਲਈ ਪ੍ਰਧਾਨ ਚੁਣਿਆ ਹੈ। ਜਾਣਕਾਰੀ ਦਿੰਦਿਆਂ ਕਲੱਬ ਦੇ ਪੀਆਰਓ ਰਜਿੰਦਰ ਬਾਂਸਲ ਨੇ ਦੱਸਿਆ ਕਿ ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈਲਫੇਅਰ ਕਲੱਬ (ਰਜਿ.), ਬਰਨਾਲਾ ਦੀ ਇੱਕ ਮੀਟਿੰਗ ਬਰਨਾਲਾ ਕਲੱਬ ਵਿਖੇ ਹੋਈ। ਮੀਟਿੰਗ ਵਿੱਚ ਕਲੱਬ ਵੱਲੋਂ ਕਰਵਾਏ ਗਏ ਸਾਲਾਨਾ ਸਮਾਗਮ ਦਾ ਲੇਖਾ-ਜੋਖਾ ਪੇਸ਼ ਕੀਤਾ ਗਿਆ। ਰਾਜਵਿੰਦਰ ਸਿੰਘ ਅਤੇ ਦਿਨੇਸ਼ ਸਿੰਗਲਾ ਨੂੰ ਸਾਲਾਨਾ ਸਮਾਗਮ ਲਈ ਵੱਧ ਫੰਡ ਇਕੱਠਾ ਕਰਨ ਲਈ ਸਨਮਾਨਿਤ ਕੀਤਾ ਗਿਆ। ਮੀਟਿੰਗ ਵਿੱਚ ਕਲੱਬ ਦੇ ਸਾਬਕਾ ਪ੍ਰਧਾਨ ਰਾਮ ਪਾਲ ਸਿੰਗਲਾ ਦੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਗਈ ਅਤੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਜਿਸ ਤੋਂ ਬਾਅਦ ਚੇਅਰਮੈਨ ਸੁਭਾਸ਼ ਮਿੱਤਲ ਵੱਲੋਂ ਪ੍ਰਧਾਨ ਦੇ ਅਹੁਦੇ ਲਈ ਵਿਨੋਦ ਸ਼ਰਮਾ ਦਾ ਨਾਮ ਲਿਆ ਗਿਆ, ਜਿਸਨੂੰ ਮੀਟਿੰਗ ਵਿੱਚ ਮੌਜੂਦ ਸਾਰੇ ਮੈਂਬਰਾਂ ਨੇ ਤਾੜੀਆਂ ਨਾਲ ਪ੍ਰਵਾਨਗੀ ਦੇ ਦਿੱਤੀ। ਸਾਰੇ ਮੈਂਬਰਾਂ ਨੇ ਸਾਬਕਾ ਪ੍ਰਧਾਨ ਅਤੇ ਨਵੇਂ ਬਣੇ ਪ੍ਰਧਾਨ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਵਿਨੋਦ ਸ਼ਰਮਾ ਨੇ ਕਿਹਾ ਕਿ ਉਹ ਕਲੱਬ ਦੀ ਤਰੱਕੀ ਲਈ ਪਹਿਲਾਂ ਨਾਲੋਂ ਵੀ ਵੱਧ ਮਿਹਨਤ ਨਾਲ ਕੰਮ ਕਰਨਗੇ ਅਤੇ ਆਉਣ ਵਾਲੇ ਸਮੇਂ ਵਿੱਚ ਉਹ ਸਾਰੇ ਮੈਂਬਰਾਂ ਨੂੰ ਨਾਲ ਲੈ ਕੇ ਕਲੱਬ ਰਾਹੀਂ ਛੋਟੇ-ਵੱਡੇ ਪ੍ਰੋਜੈਕਟਾਂ ਨੂੰ ਅਮਲ ਵਿੱਚ ਲਿਆਉਣਗੇ। ਕਲੱਬ ਨੇ ਵਿਨੋਦ ਸ਼ਰਮਾ ਨੂੰ ਆਪਣੀ ਕਾਰਜਕਾਰਨੀ ਬਣਾਉਣ ਦਾ ਅਧਿਕਾਰ ਵੀ ਦਿੱਤਾ ਗਿਆ। ਆਪਣੀ ਟੀਮ ਬਣਾਉਂਦੇ ਹੋਏ ਵਿਨੋਦ ਸ਼ਰਮਾ ਨੇ ਦੱਸਿਆ ਕਿ ਰਾਮ ਪਾਲ ਸਿੰਗਲਾ ਨੂੰ ਮੁੱਖ ਸਰਪ੍ਰਸਤ, ਸੁਰੇਸ਼ ਕੁਮਾਰ ਨੂੰ ਸਰਪ੍ਰਸਤ, ਸੁਭਾਸ਼ ਚੰਦ ਮਿੱਤਲ ਨੂੰ ਚੇਅਰਮੈਨ, ਵਿਮਲ ਸ਼ਰਮਾ ਅਤੇ ਰਾਜਵਿੰਦਰ ਸਿੰਘ ਨੂੰ ਉਪ ਚੇਅਰਮੈਨ, ਰਾਕੇਸ਼ ਸਿੰਗਲਾ ਨੂੰ ਸੀਨੀਅਰ ਉਪ ਪ੍ਰਧਾਨ, ਸ਼ੀਤਲ ਕੁਮਾਰ, ਰਵੀ ਜਿੰਦਲ ਅਤੇ ਰਾਜਿੰਦਰ ਕੁਮਾਰ ਨੂੰ ਉਪ ਪ੍ਰਧਾਨ, ਹਰੀਸ਼ ਬਾਂਸਲ ਨੂੰ ਜਨਰਲ ਸਕੱਤਰ, ਸੰਜੀਵ ਸ਼ਰਮਾ ਨੂੰ ਸੰਯੁਕਤ ਸਕੱਤਰ, ਦਿਨੇਸ਼ ਸਿੰਗਲਾ ਨੂੰ ਖਜ਼ਾਨਚੀ, ਰਾਜਿੰਦਰ ਰਿੰਪੀ ਨੂੰ ਪੀਆਰਓ, ਕੁਨਾਲ ਗੋਇਲ, ਸੰਜੀਵ ਬਾਂਸਲ ਅਤੇ ਸੇਵਕ ਸਿੰਘ ਭੰਮ ਕਾਰਜਕਾਰੀ ਮੈਂਬਰ, ਮੋਹਿੰਦਰ ਗਰੋਵਰ, ਨਰੇਸ਼ ਨੀਟੀ, ਸੁਰਿੰਦਰ ਮੋਹਨ ਕਾਂਸਲ ਅਤੇ ਅਮਨਦੀਪ ਸਿੰਘ ਉਨ੍ਹਾਂ ਦੇ ਮਾਣਯੋਗ ਮੈਂਬਰ ਹੋਣਗੇ। ਮੀਟਿੰਗ ਰਾਸ਼ਟਰੀ ਗੀਤ ਨਾਲ ਸਮਾਪਤ ਹੋਈ।

# ਤਪਾ-ਜਿਉਂਦ ਮਾਈਨਰ 'ਚ ਪਿਆ ਪਾੜ,ਖੇਤ ਪਾਣੀ ਨਾਲ ਭਰੇ

ਤਪਾ ਮੰਡੀ, 4 ਮਈ (ਭੂਸ਼ਨ ਘੜੈਲਾ)-ਸਥਾਨਕ ਢਿਲੋਂ ਬਸਤੀ ਵਿੱਚੋਂ ਦੀ ਲੰਘਦਾ ਹੰਡਿਆਈਆ-ਜਿਉਂਦ ਮਾਈਨਰ 'ਚ 20-25 ਚੌੜਾ ਪਾੜ ਪੈ ਗਿਆ। ਖੇਤ ਮਾਲਕਾਂ ਨੇ ਦੱਸਿਆ ਕਿ ਫ਼ਸਲਾਂ ਦੀ ਵਾਢੀ ਖ਼ਤਮ ਹੋਣ ਕਰਕੇ ਫਸਲਾਂ ਦਾ ਨੁਕਸਾਨ ਨਹੀਂ ਹੋਇਆ,ਪਾਣੀ ਓਵਰਫਲੋ ਹੋਣ ਕਾਰਨ ਘਰਾਂ ਦੇ ਨੇੜੇ ਪਹੁੰਚ ਚੁੱਕਿਆ ਹੈ। ਜਦ ਅਸੀਂ ਮੌਕੇ 'ਤੇ ਜਾਕੇ ਦੇਖਿਆ ਤਾਂ ਲੋਕਾਂ ਨੇ ਦੱਸਿਆ ਇਸ ਮਾਈਨਰ ਦੀ ਸਮੇਂ-ਸਮੇਂ ਤੇ ਸਫਾਈ ਨਾ ਹੋਣ ਕਾਰਨ ਤੇ ਪਹਿਲਾਂ ਤੋਂ ਹੀ ਘਟੀਆ ਮਟੀਰੀਅਲ ਲੱਗਿਆ ਹੋਣ ਕਰਕੇ ਇਹ ਪਾੜ ਪਿਆ ਹੈ। ਭਾਵੇਂ ਅਜੇ ਤੱਕ ਪਾੜ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਇਹ ਪਤਾ ਲੱਗਿਆ ਹੈ ਕਿ ਸੂਏ ਨੂੰ ਪਿੱਛੋਂ ਬੰਦ ਕਰ ਦਿੱਤਾ ਗਿਆ ਹੈ। ਇਸ ਮੌਕੇ ਹਾਜਰ ਹਰਦੀਪ ਸਿੰਘ, ਬਿੱਕਰ ਸਿੰਘ, ਪਰਮਜੀਤ ਸਿੰਘ,ਕਰਮਜੀਤ ਸਿੰਘ, ਜਸਪਾਲ ਸਿੰਘ ਨੇ ਦੱਸਿਆ ਕਿ ਵਾਢੀ ਖ਼ਤਮ ਹੋਣ ਅਨੁਸਾਰ ਹੰਡਿਆਇਆ ਜਿਉਂਦ ਮਾਈਨਰ ਵਿੱਚ ਨਹਿਰੀ ਵਿਭਾਗ ਵੱਲੋਂ ਪਾਣੀ ਛੱਡ ਦਿੱਤਾ ਗਿਆ। ਪਾਣੀ ਇਸ ਲਈ ਛੱਡਿਆ ਗਿਆ ਕਿ ਕਿਸਾਨਾਂ ਵੱਲੋਂ ਵਾਢੀ ਖ਼ਤਮ ਹੋਣ ਉਪਰੰਤ ਹੀ ਨਰਮੇ ਦੀ ਫਸਲ ਬਿਜਾਈ ਲਈ ਰੌਣੀ ਕਰਨੀ ਹੋਵੇਗੀ। ਅਗਰ ਨਹਿਰੀ ਵਿਭਾਗ ਨੇ ਇਸ ਪਾੜ ਨੂੰ ਬੰਦ ਨਾ ਕੀਤਾ ਗਿਆ ਤਾਂ ਪਾਣੀ ਘਰਾਂ 'ਚ ਦਾਖਲ ਹੋਕੇ ਨੁਕਸਾਨ ਕਰ ਸਕਦਾ ਹੈ। ਇਸ ਮੌਕੇ ਹਾਜਰ ਜਸਪਾਲ ਸਿੰਘ ਨੇ ਦੱਸਿਆ ਕਿ ਉਸਨੇ ਆਪਣੇ ਖੇਤ 'ਚ ਪਸ਼ੂਆਂ ਲਈ ਤੂੜੀ ਬਣਾਉਣੀ ਪਈ ਸੀ ਜੋ ਇਸ ਪਾਣੀ 'ਚ ਡੁੱਬਕੇ ਸਾਰੀ ਖਰਾਬ ਹੋ ਗਈ। ਇਸ ਮੌਕੇ ਹਾਜਰ ਕੁਝ ਲੋਕਾਂ ਨੇ ਦੱਸਿਆ ਕਿ ਇਹ ਮਾਈਨਰ ਅਕਾਲੀ ਸਰਕਾਰ ਸਮੇਂ ਬਣਿਆ ਸੀ ਜਿਸ ਵਿੱਚ ਠੇਕੇਦਾਰ ਵੱਲੋਂ ਘਟੀਆ ਸਮੱਗਰੀ ਦੀ ਵਰਤੋਂ ਹੋਣ ਕਾਰਨ ਇਹ ਮਾਈਨਰ ਕਈ ਵਾਰ ਟੁੱਟ ਚੁਕਿਆ ਹੈ ਅਤੇ ਨਾ ਹੀ ਨਹਿਰੀ ਵਿਭਾਗ ਵੱਲੋਂ ਇਸ ਦੀ ਸਮੇਂ ਸਿਰ ਸਫਾਈ ਕਰਵਾਈ ਜਾਂਦੀ ਹੈ।

# ਸਿੱਖਿਆ ਕ੍ਰਾਂਤੀ ਤਹਿਤ ਹੋ ਰਹੇ ਉਦਘਾਟਨ ਵਿਰੋਧੀ ਪਾਰਟੀਆਂ ਨੂੰ ਹਜ਼ਮ ਨਹੀਂ ਹੋ ਰਹੇ : ਐਮ.ਐਲ.ਏ ਮਾਈਸਰਖਾਨਾ



ਤਪਾ ਮੰਡੀ, 4 ਮਈ(ਭੂਸ਼ਨ ਘੜੈਲਾ/ਰਾਜੂ ਮਹਿਰਾ):ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਿੱਖਿਆ ਖੇਤਰ ਨੂੰ ਬਿਹਤਰ ਬਣਾਉਣ ਲਈ ਵਿੱਢੀ ਮੁਹਿੰਮ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਇਸ ਤਹਿਤ ਵਿਧਾਨ ਹਲਕਾ ਮੌੜ ਦੇ ਵਿਧਾਇਕ ਸੁਖਬੀਰ ਸਿੰਘ ਮਾਈਸਰਖਾਨਾ ਨੇ ਪਿੰਡ ਘੜੈਲਾ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਚਾਰਦੀਵਾਰੀ ਦਾ ਉਦਘਾਟਨ ਕਰਨ ਮੌਕੇ ਪਿੰਡ ਦੇ ਲੋਕਾਂ, ਵਿਦਿਆਰਥੀਆਂ ਅਤੇ ਬੱਚਿਆਂ ਦੇ ਮਾਪਿਆਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਆਖੇ। ਉਨ੍ਹਾਂ ਕਿਹਾ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਕੇ ਸਕੂਲਾਂ ਨੂੰ ਹਰ ਪੱਖੋਂ ਸਰਵੋਤਮ ਸੁਵਿਧਾਵਾਂ ਪ੍ਰਦਾਨ ਕਰਨ ਦੇ ਲਗਾਤਾਰ ਉਪਰਾਲੇ ਕਰ ਰਹੀ ਹੈ, ਤਾਂ ਜੋ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਸਮੇਂ ਦੇ ਹਾਣੀ ਬਣ ਸਕਣ। ਉਨ੍ਹਾਂ ਵਿਰੋਧੀ ਪਾਰਟੀਆਂ ਤੇ ਵਰਦਿਆਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿਚ ਕੀਤੇ ਵਿਕਾਸ ਕੰਮਾਂ ਦੇ ਉਦਘਾਟਨ ਵਿਰੋਧੀਆਂ ਨੂੰ ਹਜ਼ਮ ਨਹੀਂ ਹੋ ਰਹੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਿੰਡਾਂ ਵਿਚ ਮਹੱਲਾ ਕਲਿਨਿਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸਰਕਾਰ ਵੱਲੋਂ ਖੋਲ੍ਹੇ ਗਏ ਹਨ ਜਿੱਥੇ ਤੁਸੀਂ ਆਪਣੇ ਸਰੀਰ ਦੇ ਟੈਸਟ ਅਤੇ ਇਲਾਜ ਸੋਖਾ ਕਰਵਾ ਸਕਦੇ ਹੋ ਜੇ ਸਿਹਤ ਠੀਕ ਹੈ ਤਾਂ ਸਭ ਕੁਝ ਠੀਕ ਹੈ ਜੇ ਸਿਹਤ ਠੀਕ ਨਹੀਂ ਤਾਂ ਇੱਥੇ ਕੁਝ ਵੀ ਨਹੀਂ ਉਨਾਂ ਕਿਹਾ ਕਿ ਸਿਹਤਮੰਦ ਪੰਜਾਬ ਹੀ ਦੇਸ਼ ਲਈ ਲੜ ਸਕਦਾ ਹੈ। ਇਸ ਮੌਕੇ ਉਨ੍ਹਾਂ ਵੱਲੋਂ ਸਕੂਲ ਅਧਿਆਪਕ ਅਤੇ ਸਕੂਲੀ ਬੱਚਿਆਂ ਦੀ ਵੀ ਪ੍ਰਸੰਸਾ ਕੀਤੀ। ਇਸ ਤੋਂ ਪਹਿਲਾਂ ਸਕੂਲ ਦੇ ਛੋਟੇ ਬੱਚਿਆਂ ਵੱਲੋਂ ਜਿੱਥੇ ਹਲਕਾ ਵਿਧਾਇਕ ਦਾ ਨਿੱਘਾ ਸਵਾਗਤ ਕੀਤਾ ਗਿਆ ਉੱਥੇ ਇੱਕ ਸਾਦੇ ਪ੍ਰੋਗਰਾਮ ਰਾਹੀਂ ਬੱਚਿਆਂ ਨੇ ਮਾਂ ਬੋਲੀ ਪੰਜਾਬੀ ਤੇ ਕਵਿਤਾ ਪੇਸ਼ ਕੀਤੀ ਗਈ ਤੇ ਬੱਚੀਆਂ ਵੱਲੋਂ ਗਿੱਧਾ ਪੇਸ਼ ਕੀਤਾ ਗਿਆ। ਸਕੂਲ ਦੇ ਮੁੱਖ ਅਧਿਆਪਕ ਸਵਰਨ ਸਿੰਘ ਵੱਲੋਂ ਹਲਕਾ ਵਿਧਾਇਕ ਸੁਖਬੀਰ ਸਿੰਘ ਮਾਈਸਰਖਾਨਾ ਨੂੰ ਗੁਲਦਸਤਾ ਭੇਟ ਕੀਤਾ ਗਿਆ ਤੇ ਉੱਨਾਂ ਨਾਲ ਆਈ ਟੀਮ, ਨਗਰ ਪੰਚਾਇਤ ਘੜੈਲਾ,ਆਮ ਆਦਮੀ ਪਾਰਟੀ ਦੇ ਸਮੂਹ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਲਹਿਰਾ ਮਹੁੱਬਤ ਸਕੂਲ ਤੋਂ ਮਾਸਟਰ ਗੁਰਬਿੰਦਰ ਸਿੰਘ ਬਲਾਕ ਕੁਆਡੀਨੇਟਰ ਨੇ ਵੀ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਪੜ੍ਹੇ ਲਿਖੇ ਨੌਜਵਾਨਾਂ ਨੂੰ ਨੌਕਰੀਆਂ ਦੇਣਾ, ਨਸ਼ਿਆਂ ਦੇ ਵਿਰੁੱਧ ਲੜਣਾ, ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਸਰਕਾਰ ਦਾ ਸ਼ਲਾਘਾਯੋਗ ਉਦਮ ਹੈ। ਇਸ ਮੌਕੇ ਉਨ੍ਹਾਂ ਪਿੰਡ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਹੀ ਲਗਾਓ ਤਾਂ ਬੱਚਾ ਵਧੀਆ ਵਿੱਦਿਆ ਪ੍ਰਾਪਤ ਆਪਣੇ ਮੁਕਾਮ ਤੱਕ ਪਹੁੰਚ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਲੋੜਵੰਦ ਪਰਿਵਾਰ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਬਹੁਤ ਵੱਡੇ ਉਪਰਾਲੇ ਕਰ ਰਹੀ ਹੈ। ਇਸ ਮੌਕੇ ਉਨ੍ਹਾਂ ਨਾਲ ਮਾਰਕੀਟ ਕਮੇਟੀ ਮੌੜ ਦੇ ਚੇਅਰਮੈਨ ਬਲਵਿੰਦਰ ਸਿੰਘ, ਹਲਕਾ ਇੰਚਾਰਜ ਗੁਰਜੀਤ ਸਿੰਘ ਗਿੱਲ ਕਲਾਂ,ਬਲਾਕ ਪ੍ਰਧਾਨ ਗੁਰਲਾਲ ਸਿੰਘ ਗਿੱਲ ਕਲਾਂ, ਕੁਲਦੀਪ ਸਿੰਘ ਇੰਟਰਨੈਸ਼ਨਲ ਬੌਸਰ, ਮਾਂ ਰਾਜੇਸ਼ ਕੁਮਾਰ ਤੋਂ ਇਲਾਵਾ ਸਰਪੰਚ ਬਲਜਿੰਦਰ ਸਿੰਘ ਘੜੈਲਾ,ਪੰਚ ਪ੍ਰਗਟ ਸਿੰਘ,ਪੰਚ ਵੀਰ ਬਿੰਦਰ ਕੌਰ,ਲਖਵੀਰ ਸਿੰਘ ਤਰਜਿੰਦਰ ਸਿੰਘ, ਮਨਦੀਪ ਸਿੰਘ,ਸੋਨੀ ਸਿੰਘ, ਤੇਜਿੰਦਰ ਸਿੰਘ ਬਿੱਲੂ, ਗੋਰਾ ਸਿੰਘ, ਰਿਟਾ ਥਾਣੇਦਾਰ ਪਰਸਨ ਸਿੰਘ, ਗੋਗੀ ਪੰਡਿਤ,ਲੱਬੀ ਸਿੰਘ,ਪਾਲਾ ਪੰਡਿਤ, ਬਲਵੀਰ ਸਿੰਘ ਪੰਮੀ, ਭੋਲਾ ਸਿੰਘ, ਸੁਖਦੇਵ ਸਿੰਘ, ਬਲਦੇਵ ਸਿੰਘ,ਕੋਰਾ ਸਿੰਘ ਸਾਬਕਾ ਪੰਚ ਕੁਲਦੀਪ ਸਿੰਘ ਸਾਬਕਾ ਪੰਚ ਤੋਂ ਇਲਾਵਾ ਆਪ ਵਰਕਰ ਰਾਜਾ ਸਿੰਘ ਫੋਜੀ ਸੀਆਰਪੀ), ਗੁਰਦੀਪ ਸਿੰਘ ਫੌਜੀ, ਦਸੌਂਦਾ ਸਿੰਘ, ਭੁਪਿੰਦਰ ਸਿੰਘ ਨੰਬਰਦਾਰ, ਨਿਰਮਲ ਸਿੰਘ, ਕੁਲਦੀਪ ਸਿੰਘ,ਬਲਜੀਤ ਸਿੰਘ ਜੀਤਾ ਮਹੰਤ,ਕੈਪਟਨ ਗੁਰਜੰਟ ਸਿੰਘ, ਹਰਦੇਵ ਸਿੰਘ ਬਰਾੜ , ਡਾਕਟਰ ਜਰਨੈਲ ਸਿੰਘ,ਜੀਤਾ ਸਿੰਘ ਤੇ ਪਿੰਡ ਵਾਸੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਗੋਬਿੰਦ ਸਕੂਲ ਦੀ ਵਿਦਿਆਰਥਣ ਹਰਨੂਰ ਸ਼ਰਮਾ ਨੇ 10ਵੀਂ ਦੇ ਨਤੀਜੇ 'ਚੋਂ ਮਾਰੀ ਬਾਜ਼ੀ



ਭਦੌੜ, 4 ਮਈ (ਸੁਖਵਿੰਦਰ ਪਲਾਹਾ):ਆਈਸੀਐਸਸੀ ਬੋਰਡ ਵੱਲੋਂ ਐਲਾਨੇ ਦਸਵੀਂ ਦੇ ਨਤੀਜੇ 'ਚ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਦੀ ਦਸਵੀਂ ਦੀ ਵਿਦਿਆਰਥਣ ਹਰਨੂਰ ਸ਼ਰਮਾ ਪੁੱਤਰੀ ਯੋਗੇਸ਼ ਸ਼ਰਮਾ ਨੇ ਆਏ ਨਤੀਜਿਆਂ 'ਚੋਂ ਬਾਜੀ ਮਾਰਦਿਆਂ 95.6 ਅੰਕ ਹਾਸਲ ਕਰਦਿਆਂ ਗੋਬਿੰਦ ਸਕੂਲ 'ਚੋਂ ਪਹਿਲੀ ਪੁਜੀਸ਼ਨ ਹਾਸਲ ਕੀਤੀ। ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਚੇਅਰਮੈਨ ਦਰਸ਼ਨ ਸਿੰਘ ਗਿੱਲ ਅਤੇ ਪ੍ਰਿੰਸੀਪਲ ਪੀ.ਕੇ ਠਾਕੁਰ ਅਤੇ ਇੰਚਾਰਜ ਜੋਸਫ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਹਰਨੂਰ ਸ਼ਰਮਾ ਦਾ ਮੂੰਹ ਮਿੱਠਾ ਕਰਵਾਇਆ ਅਤੇ ਪਰਿਵਾਰ ਨੂੰ ਮੁਬਾਰਕਬਾਦ ਦਿੰਦਿਆਂ ਉਸਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।ਇਸ ਮੌਕੇ ਚੇਅਰਮੈਨ ਦਰਸ਼ਨ ਸਿੰਘ ਗਿੱਲ ਅਤੇ ਪ੍ਰਿੰਸੀਪਲ ਪੀ ਕੇ ਠਾਕੁਰ ਨੇ ਕਿਹਾ ਕਿ ਅਜਿਹੇ ਹੋਣਹਾਰ ਵਿਦਿਆਰਥੀਆਂ ਤੇ ਸਕੂਲ ਨੂੰ ਹਮੇਸ਼ਾ ਮਾਣ ਰਹੇਗਾ ਅਤੇ ਉਮੀਦ ਕਰਦੇ ਹਾਂ ਕਿ ਆਉਣ ਵਾਲੇ ਸਮੇਂ 'ਚ ਇਹ ਵਿਦਿਆਰਥੀ ਹੋਰ ਉਚਾਈਆਂ ਨੂੰ ਛੂੰਹਦਿਆਂ ਇਲਾਕੇ ਦਾ ਨਾਮ ਰੌਸ਼ਨ ਕਰਨਗੇ। ਇਸ ਮੌਕੇ ਚੇਅਰਮੈਨ ਦਰਸ਼ਨ ਸਿੰਘ ਗਿੱਲ, ਪ੍ਰਿੰਸੀਪਲ ਪੀ ਕੇ ਠਾਕੁਰ,ਐਮਡੀ ਹਰਪ੍ਰੀਤ ਸਿੰਘ ਗਿੱਲ, ਮਾਸਟਰ ਮੰਗਤ ਰਾਏ, ਸੀ.ਪੀ ਸਰ,ਜੋਸਫ ਸਰ ਤੋਂ ਇਲਾਵਾ ਰੰਜੂ ਸ਼ਰਮਾ, ਰੰਜਨਾ ਸ਼ਰਮਾ, ਸੰਗੀਤਾ ਸ਼ਰਮਾ, ਐਡਵੋਕੇਟ ਕੀਰਤ ਸਿੰਗਲਾ, ਨੀਤਨ ਸਿੰਗਲਾ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ ਅਤੇ ਮੈਨੇਜਮੈਂਟ ਕਮੇਟੀ ਹਾਜ਼ਰ ਸੀ।

# ਸਿਲਵਰ ਓਕਸ ਸਕੂਲ 'ਚ ਸਾਲਾਨਾ ਇਨਵੈਸਟਚਰ ਸਮਾਰੋਹ ਕਰਵਾਇਆ




ਭੁੱਚੋ ਮੰਡੀ ਨਥਾਣਾ, 4 ਮਈ (ਹਰਬੰਸ ਸਿੰਘ। ਭੋਲਾ): ਵਿਦਿਆਰਥੀਆਂ ਵਿੱਚ ਜ਼ਿੰਮੇਵਾਰੀ ਅਤੇ ਸਮਰਪਣ ਦੀ ਭਾਵਨਾ ਵਿਕਸਤ ਕਰਨ ਵਾਰੇ ਅਤੇ ਜਾਗਰੂਕਤਾ ਪੈਦਾ ਕਰਨ ਲਈ ਸਿਲਵਰ ਓਕਸ ਸਕੂਲ ਵਿੱਚ ਸਾਲਾਨਾ ਇਨਵੈਸਟਚਰ ਸਮਾਰੋਹ ਦਾ ਆਯੋਜਨ ਕੀਤਾ। ਇਸ ਸਮਾਰੋਹ ਦੀ ਸ਼ੁਰੂਆਤ ਸਕੂਲ ਦੀ ਡਾਇਰੈਕਟਰ ਸ੍ਰੀਮਤੀ ਬਰਨਿੰਦਰ ਪਾਲ ਸੇਖੋਂ ਅਤੇ ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ ਵੱਲੋਂ ਕੀਤੀ ਗਈ। ਸਮਾਰੋਹ ਦੀ ਸ਼ੁਰੂਆਤ ਸ਼ਮਾ ਜਗਾ ਕੇ ਕੀਤੀ ਗਈ। ਇਸ ਤੋਂ ਬਾਅਦ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਆਰੰਭ ਅਤੇ ਮਲਹਾਰੀ ਗੀਤਾਂ ਉੱਤੇ ਇੱਕ ਸ਼ਾਨਦਾਰ ਡਾਂਸ ਦੀ ਪੇਸ਼ਕਾਰੀ ਕੀਤੀ। ਨਵੇਂ ਕੌਂਸਲ ਮੈਂਬਰਾਂ ਦਾ ਜੋਸ਼ ਦੇਖਣਯੋਗ ਸੀ ਜਦੋਂ ਉਹ ਮਾਣ ਨਾਲ ਆਪਣਾ ਸਿਰ ਉੱਚਾ ਰੱਖਦੇ ਹੋਏ ਪਰੇਡ ਕਰਦੇ ਹੋਏ ਆਏ। ਸਕੂਲ ਨਿਰਦੇਸ਼ਿਕਾ ਸ੍ਰੀਮਤੀ ਬਰਨਿੰਦਰ ਪਾਲ ਸੇਖੋਂ ਅਤੇ ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ ਨੇ ਲੰਬੇ ਸਮੇਂ ਦੀ ਉਡੀਕ ਨੂੰ ਖ਼ਤਮ ਕਰਦੇ ਹੋਏ ਨਵੇਂ ਚੁਣੇ ਗਏ ਸਕੂਲ ਹੈਡ ਬੁਆਏ, ਹੈਡ ਗਰਲ, ਹਾਊਸ ਪ੍ਰੀਫੈਕਟਸ ਆਦਿ ਨੂੰ ਉਨ੍ਹਾਂ ਦੀਆਂ ਪੋਸਟਾਂ ਜਾਂ ਰੁਤਬੇ ਨਾਲ ਸਬੰਧਿਤ ਬੈਜ ਦੇ ਕੇ ਸਨਮਾਨਿਤ ਕੀਤਾ। ਜਿਸ ਵਿੱਚ ਹੈੱਡ ਬੋਏ - ਮਾਸਟਰ ਕੈਰਵ ਮਿਤਲ, ਹੈੱਡ ਗਰਲ - ਮਿਸ ਦੀਪਨੂਰ ਕੌਰ, ਆਜ਼ਾਦ ਹਾਊਸ ਪ੍ਰੀਫੈਕਟ - ਮਾਸਟਰ ਵਿਹਾਨ ਗਰਗ, ਭਗਤ ਹਾਊਸ ਪ੍ਰੀਫੈਕਟ - ਮਾਸਟਰ ਸਹਜਦੀਪ ਸਿੰਘ, ਸੁਭਾਸ਼ ਹਾਊਸ ਪ੍ਰੀਫੈਕਟ - ਮਾਸਟਰ ਲਕਸ਼ੇ ਗਰਗ, ਉਧਮ ਹਾਊਸ ਪ੍ਰੀਫੈਕਟ - ਮਿਸ ਵਿਧੀ ਭਾਰਦਵਾਜ, ਐਸ.ਕੇ.ਓ. ਕੋਆਰਡੀਨੇਟਰ - ਮਾਸਟਰ ਸਾਹਿਬਰੂਪ ਸਿੰਘ, ਖੇਡ ਕਪਤਾਨ - ਮਾਸਟਰ ਜਸਕਰਨ ਸਿੰਘ, ਐਸ.ਈ.ਏ. ਕੋਆਰਡੀਨੇਟਰ - ਮਿਸ ਸਮਰੀਤ ਕੌਰ, ਅਨੁਸ਼ਾਸਨ ਇੰਚਾਰਜ - ਮਾਸਟਰ ਉਦੈ ਕਰਣਵੀਰ ਸਿੰਘ ਸ਼ਾਮਿਲ ਹਨ। ਸਾਰੇ ਵਿਦਿਆਰਥੀ ਕੌਂਸਲ ਮੈਂਬਰਾਂ ਦੀ ਚੋਣ ਕਈ ਪੜਾਵਾਂ ਰਾਹੀਂ ਕੀਤੀ ਗਈ, ਜਿਸ ਵਿੱਚ ਪਹਿਲਾ ਪੜਾਅ ਨੋਮੀਨੇਸ਼ਨ ਨਾਲ ਸੰਬੰਧਿਤ ਸੀ, ਜਿਸ ਵਿਚ ਵਿਦਿਆਰਥੀਆਂ ਨੇ ਆਪਣੇ ਤੇ ਆਪਣੀਆਂ ਰੁਚੀਆਂ ਬਾਰੇ ਦੱਸਿਆ। ਦੂਸਰਾ ਸਕੂਲ ਦੇ ਮੁੱਖ ਅਧਿਆਪਕਾ ਨਾਲ ਇੰਟਰੈਕਸ਼ਨ ਪੜਾਅ ਸੀ। ਤੀਸਰਾ ਰਾਊਂਡ ਮੈਨੀਫੈਸਟੋ ਘੋਸ਼ਨਾ ਦੌਰ ਜਿਸ ਵਿੱਚ ਵਿਦਿਆਰਥੀਆ ਨੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੇ ਵਾਅਦੇ ਕੀਤੇ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਆਪਣੇ ਲਈ ਪ੍ਰਚਾਰ ਕਰਦੇ ਹੋਏ ਵੋਟਾਂ ਦੀ ਮੰਗ ਕੀਤੀ। ਅੰਤਿਮ ਦੌਰ ਵਿੱਚ ਵੋਟਿੰਗ ਹੋਈ, ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੋਟਾਂ ਪਾ ਕੇ ਉਮੀਦਵਾਰਾਂ ਦੀ ਜਿੱਤ ਨੂੰ ਯਕੀਨੀ ਬਣਾਇਆ। ਹੈੱਡ ਬੋਏ ਅਤੇ ਹੈੱਡ ਗਰਲ ਨੇ ਸਕੂਲ ਪ੍ਰਸ਼ਾਸਨ, ਅਧਿਆਪਕਾਂ ਅਤੇ ਆਪਣੇ ਸਹਿਯੋਗੀ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਉਨ੍ਹਾਂ ਤੇ ਵਿਸ਼ਵਾਸ ਜਤਾਇਆ। ਇਹ ਸਮਾਂ 2024-25 ਸੈਸ਼ਨ ਦੇ ਸਾਰੇ ਵਿਦਿਆਰਥੀਆਂ ਲਈ ਵੀ ਇੱਕ ਗੌਰਵਪੂਰਨ ਮੋੜ ਸੀ। ਵਿਦਿਆਰਥੀਆਂ ਨੂੰ ਵਧੇਰੇ ਉਚਾਈਆਂ ਨੂੰ ਛੂਹਣ ਲਈ ਪ੍ਰੇਰਿਤ ਕਰਨ ਅਤੇ ਉਨ੍ਹਾਂ ਦੀਆਂ ਵਿਸ਼ੇਸ਼ ਉਪਲਬਧੀਆਂ ਦੀ ਪ੍ਰਸ਼ੰਸਾ ਕਰਨ ਲਈ ਸਕੂਲ ਨੇ ਸਨਮਾਨ ਸਮਾਰੋਹ ਵੀ ਕਰਵਾਇਆ। ਸਕੂਲ ਦੀ ਡਾਇਰੈਕਟਰ ਅਤੇ ਮੁੱਖ ਅਧਿਆਪਕਾ ਨੇ ਪਿਛਲੇ ਵਰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਅਕੈਡਮਿਕ ਐਕਸੀਲੈਂਸ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ। ਸਕੂਲ ਦੀ ਡਾਇਰੈਕਟਰ ਸ੍ਰੀਮਤੀ ਬਰਨਿੰਦਰ ਪਾਲ ਸੇਖੋਂ ਨੇ ਨਵੇਂ ਬਣੇ ਅਹੁਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਅਤੇ ਸੁਚੇਤ ਰਹਿਣ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਕਿਹਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਸਕੂਲ ਦੇ ਛੋਟੇ ਵਿਦਿਆਰਥੀਆਂ ਲਈ ਪ੍ਰੇਨਾ ਸ੍ਰੋ ਬਣ ਕੇ ਉਨ੍ਹਾਂ ਲਈ ਨਵੇਂ ਤੇ ਉਸਾਰੂ ਰਸਤੇ ਉਲੀਕਣਾ। ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ ਨੇ ਵੀ ਸਿਲਵਰੀਅ ਨਜ਼ ਨੂੰ ਉਨ੍ਹਾਂ ਦੀਆਂ ਅਦਭੁਤ ਉਪਲਬਧੀਆਂ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਕੰਮ ਵਿੱਚ ਨਿਰਪੱਖ ਅਤੇ ਇਮਾਨਦਾਰ ਰਹਿਣ ਦੀ ਸਲਾਹ ਦਿੱਤੀ।

# ਪੰਜਾਬ ਦੇ ਪਾਣੀਆਂ 'ਤੇ ਡਾਕਾ ਨਹੀਂ ਮਾਰਨ ਦਿਆਂਗੇ : ਧੰਨਾ ਸਿੰਘ ਗਰੇਵਾਲ



ਬਰਨਾਲਾ, 4 ਮਈ (ਸੁਖਵਿੰਦਰ ਸਿੰਘ ਭੰਡਾਰੀ):ਕਾਂਗਰਸ ਪਾਰਟੀ ਦੇ ਕਿਸਾਨ ਮੋਰਚਾ ਦੇ ਸੂਬਾ ਮੀਤ ਪ੍ਰਧਾਨ ਧੰਨਾ ਸਿੰਘ ਗਰੇਵਾਲ ਨੇ ਕਿਹਾ ਕਿ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰਿਆਣਾ ਨੂੰ 8500 ਕਿਊਸਿਕ ਪਾਣੀ ਦਿੱਤੇ ਜਾਣ ਦੇ ਫ਼ੈਸਲੇ ਨਾਲ ਪੰਜਾਬ ਨਾਲ ਬਹੁਤ ਵੱਡਾ ਧੱਕਾ ਕੀਤਾ ਜਾ ਰਿਹਾ ਹੈ ਜੋ ਕਿ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਪੰਜਾਬ ਕਾਂਗਰਸ ਦਾ ਸਾਫ਼ ਸਟੈਂਡ ਹੈ ਕਿ ਪੰਜਾਬ ਕੋਲ ਕਿਸੇ ਹੋਰ ਰਾਜ ਨੂੰ ਵਾਧੂ ਪਾਣੀ ਦੇਣ ਲਈ ਇਕ ਬੂੰਦ ਵੀ ਨਹੀਂ ਹੈ। ਪੰਜਾਬ ਕਾਂਗਰਸ ਹਰਿਆਣਾ ਨੂੰ ਪਾਣੀ ਦੇਣ ਦੇ ਫ਼ੈਸਲੇ ਨਾਲ ਸਹਿਮਤ ਨਹੀਂ ਹੈ ਅਤੇ ਇਹ ਫ਼ੈਸਲਾ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ। ਪੰਜਾਬ ਪਹਿਲਾਂ ਹੀ ਪਾਣੀ ਦੀ ਕਮੀ ਦੀ ਮਾਰ ਸਹਿ ਰਿਹਾ ਹੈ। ਇਸ ਲਈ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਡੈਮਾਂ ਦਾ ਪਾਣੀ ਪੱਧਰ ਲਗਾਤਾਰ ਘੱਟ ਰਿਹਾ ਹੈ—ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਵਰਗੇ ਮੁੱਖ ਪਾਣੀ ਸਰੋਤ ਆਮ ਪੱਧਰ ਤੋਂ ਕਾਫੀ ਥੱਲੇ ਹਨ।ਉਨ੍ਹਾਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਪੰਜਾਬ ਦੇ ਹਿਤਾਂ ਨੂੰ ਅਣਡਿੱਠ ਨਹੀਂ ਹੋਣ ਦੇਵਾਂਗੇ ਅਤੇ ਕਾਂਗਰਸ ਪੰਜਾਬ ਅਤੇ ਪੰਜਾਬੀਆਂ ਦੇ ਨਾਲ ਚਟਾਨ ਵਾਂਗ ਖੜ੍ਹੀ ਹੈ।ਸੂਬਾ ਆਗੂ ਧੰਨਾ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਇਸ ਅਹਿਮ ਮੁੱਦੇ 'ਤੇ ਪੰਜਾਬ ਸਰਕਾਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਮੀਟਿੰਗ ਵਿੱਚ ਆਪਣਾ ਪੱਖ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਰੱਖ ਸਕੀ। ਰਾਜ ਦੇ ਕਿਸਾਨਾਂ ਨੂੰ ਆਉਣ ਵਾਲੇ ਦਿਨਾਂ ਵਿੱਚ ਗੰਭੀਰ ਪਾਣੀ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਮੁੱਦੇ 'ਤੇ ਪੰਜਾਬ ਸਰਕਾਰ ਆਪਣੀ ਨਾਕਾਮੀ ਨੂੰ ਛੁਪਾਉਣ ਲਈ ਹੁਣ ਨਾਟਕ ਕਰ ਰਹੀ ਹੈ। ਅੱਜ ਜੋ ਵੀ ਸਥਿਤੀ ਬਣੀ ਹੈ, ਉਸ ਲਈ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਧੀ ਤੌਰ 'ਤੇ ਜ਼ਿੰਮੇਵਾਰ ਹੈ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮਦਿਹਾੜੇ ਮੌਕੇ ਕਰਵਾਇਆ ਧਾਰਮਿਕ ਸਮਾਗਮ



ਤਪਾ ਮੰਡੀ,4 ਮਈ (ਭੂਸ਼ਨ ਘੜੈਲਾ/ਰਾਜੂ ਮਹਿਰਾ):ਸਰਵਹਿੱਤਕਾਰੀ ਸਕੂਲ ਨੇੜੇ ਬਾਬਾ ਬੇਲਾ ਸਿੰਘ ਜੀ ਦੇ ਤਪ ਅਸਥਾਨ 'ਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆਂ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਸਮੂਹ ਭਾਈਚਾਰੇ ਵੱਲੋਂ ਤਿੰਨ ਰੋਜਾ ਧਾਰਮਿਕ ਸਮਾਗਮਾਂ ਦੇ ਭੋਗ ਸਰਧਾਪੂਰਵਕ ਪਾਏ ਗਏ। ਇਸ ਸਮਾਗਮ 'ਚ ਕਥਾਵਾਚਕ ਨਿਰਮਲ ਸਿੰਘ ਹੈਡ ਗ੍ਰੰਥੀ ਬਾਬਾ ਗੁਰਦਿੱਤਾ ਜੀ,ਗ੍ਰੰਥੀ ਸਿੰਦਰ ਸਿੰਘ,ਗ੍ਰੰਥੀ ਗੇਜਾ ਸਿੰਘ, ਸ਼ਮਸੇਰ ਸਿੰਘ ਸੇਰੀ ਜੀ ਖਾਲਸਾ ਵੱਲੋ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿੱਚ ਰਾਗੀ ਅਤੇ ਢਾਡੀ ਜਥਿਆਂ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆਂ ਦੇ ਜੀਵਨ ਤੇ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਢਾਡੀ ਵਾਰਾਂ ਨਾਲ ਨਿਹਾਲ ਕੀਤਾ ਗਿਆ। ਇਸ ਸਮਾਗਮ 'ਚ ਬਾਬਾ ਮੋਹਣ ਦਾਸ,ਬਲਾਕ ਪ੍ਰਧਾਨ ਬਲਜੀਤ ਬਾਸੀ,ਪ੍ਰਧਾਨ ਜੋਗਿੰਦਰ ਮੋਗਾ,ਬੇਅੰਤ ਮਾਂਗਟ,ਟਰੱਕ ਯੂਨੀਅਨ ਪ੍ਰਧਾਨ ਜਸਵਿੰਦਰ ਸਿੰਘ ਚੱਠਾ,ਨਰਾਇਣ ਸਿੰਘ ਪੰਧੇਰ,ਸਿੰਦਰ ਟੂਟੀਆਂ ਵਾਲਾ, ਅਮਰਜੀਤ ਸਿੰਘ ਧਾਲੀਵਾਲ,ਹਰਦੀਪ ਸੇਖੋ,ਜੁਗਰਾਜ ਨੰਬਰਦਾਰ,ਜੀਵਨ ਸਿੰਘ ਔਜਲਾ,ਕ੍ਰਿਸਨ ਸਿੰਘ ਸਵਰਨਕਾਰ, ਰਾਜ ਕੁਮਾਰਬੈਟਰੀਆਂ ਵਾਲਾ,ਜਗਦੇਵ ਸਿੰਘ ਔਜਲਾ,ਜੱਸੀ ਚੱਠਾ,ਕੁਲਵੰਤ ਸਿੰਘ ਧਾਲੀਵਾਲ,ਗੁਰਬਚਨ ਸਿੰਘ ਰੋਸ਼ਾ,ਡਾ.ਗੁਰਪ੍ਰੀਤ ਸਿੰਘ,ਡਾ.ਜਗਦੇਵ ਸਿੰਘ,ਦਵਿੰਦਰ ਦੀਕਸਿਤ,ਤਰਲੋਚਨ ਬਾਂਸਲ,ਗੱਬਰ ਸਿੰਘ ਮੇਲਾ ਰਾਮ ਕਾਲੀਆ,ਬਲਵੰਤ ਸਿੰਘ ਸਰੋਏ,ਬਿੰਦਰ ਖਰੋੜ ਆਦਿ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਆਸ਼ੀਰਵਾਦ ਲਿਆ। ਇਸ ਮੌਕੇ ਹਾਜਰ ਪ੍ਰਬੰਧਕਾਂ ਸ਼ਮਸੇਰ ਸਿੰਘ,ਹਰਦੇਵ ਸਿੰਘ,ਮਿਸਤਰੀ ਮਿਠੂ ਸਿੰਘ,ਇਕਬਾਲ ਸਿੰਘ,ਹਰਦੀਪ ਸਿੰਘ,ਬਲਵਿੰਦਰ ਸਿੰਘ,ਸੁਖਵਿੰਦਰ ਸਿੰਘ,ਕੁਲਦੀਪ ਸਿੰਘ,ਭੋਲਾ ਸਿੰਘ,ਹਰਪਾਲ ਸਿੰਘ,ਭਿੰਦਰ ਸਿੰਘ ਆਦਿ ਨੇ ਦੱਸਿਆ ਕਿ ਸ੍.ਜੱਸਾ ਸਿੰਘ ਰਾਮਗੜ੍ਹੀਆ ਸਿੱਖ ਕੌਮ ਦੇ ਉਹ ਕਰਨੈਲ ਹੋਏ ਹਨ ਜਿਨ੍ਹਾਂ ਨੇ ਗਰੀਬਾਂ,ਮਜਲੂਮਾਂ ਅਤੇ ਔਰਤਾਂ ਦੀ ਰਾਖੀ ਕੀਤੀ ਅਤੇ ਮੁਗਲਾਂ ਖਿਲਾਫ ਕਈ ਲੜਾਈਆਂ ਲੜੀਆਂ ਤੇ ਸਿੱਖ ਕੌਮ ਦੀ ਆਨ-ਸ਼ਾਨ ਅਤੇ ਮਾਣ ਮਰਿਯਾਦਾ ਨੂੰ ਕਾਇਮ ਰੱਖਿਆ।

# ਬੱਚਿਆਂ ਦੇ ਅੰਗਰੇਜ਼ੀ ਭਾਸ਼ਾ ਦੇ ਸੁੰਦਰ ਲਿਖਤ ਮੁਕਾਬਲੇ ਕਰਵਾਏ



ਬਰਨਾਲਾ, 4 ਮਈ (ਸੁਖਵਿੰਦਰ ਸਿੰਘ ਭੰਡਾਰੀ):ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਧੂ ਪੱਤੀ ਬਰਨਾਲਾ ਵਿਖੇ ਸਕੂਲ ਪ੍ਰਿੰਸੀਪਲ ਰਾਜੇਸ਼ ਕੁਮਾਰ ਦੀ ਅਗਵਾਈ ਵਿੱਚ ਵਿਦਿਆਰਥੀਆਂ ਦੇ ਅੰਗਰੇਜ਼ੀ ਵਿਸ਼ੇ ਦੇ ਸੁੰਦਰ ਲਿਖਤ ਮੁਕਾਬਲੇ ਕਰਵਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅੰਗਰੇਜ਼ੀ ਵਿਸ਼ੇ ਦੀ ਅਧਿਆਪਕਾ ਮੈਡਮ ਹਰਪ੍ਰੀਤ ਕੌਰ ਨੇ ਦੱਸਿਆ ਕਿ ਸੁੰਦਰ ਲਿਖਤ ਮੁਕਾਬਲੇ ਬੱਚਿਆਂ ਦੇ ਵਿਅਕਤੀਗਤ ਵਿਕਾਸ ਅਤੇ ਅਕਾਦਮਿਕ ਜੀਵਨ ਦੋਹਾਂ ਵਿਚ ਮਦਦਗਾਰ ਹੁੰਦੇ ਹਨ। ਪ੍ਰਿੰਸੀਪਲ ਰਾਜੇਸ਼ ਕੁਮਾਰ ਨੇ ਕਿਹਾ ਕਿ ਲਿਖਤ ਮੁਕਾਬਲੇ ਰਾਹੀਂ ਵਿਦਿਆਰਥੀਆਂ ਦੀ ਲਿਖਤ ਸੁੰਦਰ, ਪੜ੍ਹਨਯੋਗ ਅਤੇ ਸਾਫ਼ ਬਣਦੀ ਹੈ। ਉਹਨਾਂ ਕਿਹਾ ਕਿ ਜਦੋਂ ਵਿਦਿਆਰਥੀ ਕਿਸੇ ਮੁਕਾਬਲੇ ਵਿੱਚ ਹਿੱਸਾ ਲੈਂਦੇ ਹਨ ਅਤੇ ਜਿੱਤਦੇ ਹਨ, ਤਾਂ ਉਹਨਾਂ ਦੇ ਆਤਮ ਵਿਸ਼ਵਾਸ 'ਚ ਵੀ ਵਾਧਾ ਹੁੰਦਾ ਹੈ ਅਤੇ ਲਿਖਤ ਮੁਕਾਬਲੇ ਭਾਸ਼ਾ ਅਤੇ ਲਿਖਾਈ ਪ੍ਰਤੀ ਰੁਚੀ ਪੈਦਾ ਕਰਦੇ ਹਨ, ਜਿਸ ਨਾਲ ਵਿਦਿਆਰਥੀ ਭਾਸ਼ਾ ਵਿੱਚ ਹੋਰ ਵੀ ਮਾਹਿਰ ਬਣਦੇ ਹਨ। ਇਹਨਾਂ ਮੁਕਾਬਲਿਆਂ ਵਿੱਚ ਮਿਡਲ ਵਰਗ ਵਿੱਚ ਰਮਨਦੀਪ ਕੌਰ, ਖੁਸ਼ਗੀਤ ਕੌਰ ਤੇ ਅਮਨਜੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ , ਜਦਕਿ ਹਾਈ ਵਰਗ ਵਿੱਚ ਜਸਲੀਨ ਕੌਰ, ਟਵਿੰਕਲ ਤੇ ਕੋਮਲਪ੍ਰੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਸਕੂਲ ਅਧਿਆਪਕ ਜਸਪ੍ਰੀਤ ਸਿੰਘ, ਰੁਪਿੰਦਰ ਸਿੰਘ, ਸੰਜੀਵ ਵਧਵਾ, ਮੈਡਮ ਅਨੁਪਮਾ, ਸੁਨੀਤਾ ਰਾਣੀ, ਤਰਨਜੀਤ ਕੌਰ, ਹਨਦੀਪ ਕੌਰ ਆਦਿ ਹਾਜ਼ਿਰ ਰਹੇ।

# ਕੌਮੀ ਲੋਕ ਅਦਾਲਤ 10 ਮਈ ਨੂੰ



ਬਰਨਾਲਾ, 4 ਮਈ (ਬਘੇਲ ਸਿੰਘ ਧਾਲੀਵਾਲ):ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ 10 ਮਈ ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਕੌਮੀ ਲੋਕ ਅਦਾਲਤ ਵਿੱਚ ਦੋ ਧਿਰਾਂ ਦਾ ਆਪਸੀ ਰਜਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ—ਕਮ— ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਬੀ.ਬੀ.ਐਸ. ਤੇਜੀ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੌਮੀ ਲੋਕ ਅਦਾਲਤ ਵਿੱਚ 138 ਐਨ.ਆਈ.ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਜੰਗਲਾਤ ਵਿਭਾਗ ਦੇ ਕੇਸ, ਬਿਜਲੀ, ਪਾਣੀ, ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ ਆਦੀ ਸਾਰੇ ਤਰ੍ਹਾਂ ਦੇ ਕੇਸਾਂ ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਮਿਤੀ 10 ਮਈ ਨੂੰ ਕੌਮੀ ਲੋਕ ਅਦਾਲਤ, ਜ਼ਿਲ੍ਹਾ ਕਚਹਿਰੀਆਂ ਬਰਨਾਲਾ ਵਿਖੇ ਲਗਾਈ ਜਾਵੇਗੀ।ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਬਰਨਾਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਦਨ ਲਾਲ, ਪੀ.ਸੀ.ਐਸ, ਮਾਨਯੋਗ ਸਿਵਲ ਜੱਜ (ਸੀਨੀਅਰ ਡੀਵੀਜ਼ਨ) ਸੀ.ਜੇ.ਐਮ—ਕਮ— ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਨੇ ਲੀਡ ਬੈਂਕ ਮੈਨੇਜਰ, ਇੰਸੋਰੈਂਸ ਕੰਪਨੀ ਦੇ ਵਕੀਲਾਂ ਨਾਲ ਕੌਮੀ ਲੋਕ ਅਦਾਲਤ ਸੰਬਧੀ ਮੀਟਿੰਗ ਕੀਤੀ। ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਕੌਮੀ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸ ਰੱਖਣ ਲਈ ਕਿਹਾ ਗਿਆ ਤਾਂ ਜੋ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਆਪਸੀ ਰਾਜੀਨਾਮੇ ਰਾਹੀਂ ਹੋ ਸਕੇ।

# ਡਿਪਟੀ ਕਮਿਸ਼ਨਰ ਵੱਲੋਂ ਮੋਗਾ ਬਾਈ ਪਾਸ ਵਿਖੇ ਕੂੜਾ ਡੰਪ ਸਾਈਟ ਦਾ ਦੌਰਾ



ਬਰਨਾਲਾ, 4 ਮਈ (ਬਘੇਲ ਸਿੰਘ ਧਾਲੀਵਾਲ):ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਨਗਰ ਕਾਉਂਸਿਲ ਬਰਨਾਲਾ ਦੇ ਅਧਿਕਾਰ ਖੇਤਰ ਹੇਠਾਂ ਪੈਂਦੇ ਇਲਾਕਿਆਂ 'ਚ ਸਫਾਈ ਸੇਵਕਾਂ ਦੀ ਹਾਜ਼ਰੀ ਸਬੰਧੀ ਚੈਕਿੰਗ ਕੀਤੀ। ਉਨ੍ਹਾਂ ਸਦਰ ਬਜ਼ਾਰ ਅਤੇ ਬਾਲਮੀਕੀ ਚੌਂਕ ਵਿਖੇ ਚੈਕਿੰਗ ਕੀਤੀ ਜਿੱਥੇ ਸਾਰੇ ਸਫਾਈ ਸੇਵਕ ਹਾਜ਼ਰ ਪਾਏ ਗਏ। ਡਿਪਟੀ ਕਮਿਸ਼ਨਰ ਨੇ ਨਿਰਦੇਸ਼ ਦਿੱਤੇ ਕਿ ਸ਼ਹਿਰ ਦੀ ਸਫਾਈ ਦਾ ਕੰਮ ਪੂਰੀ ਤਨਦੇਹੀ ਨਾਲ ਹੋਣਾ ਚਾਹੀਦਾ ਹੈ ਅਤੇ ਜੇਕਰ ਕਿਸੇ ਵੀ ਪ੍ਰਕਾਰ ਦੀ ਊਣਤਾਈ ਪਾਈ ਜਾਂਦੀ ਹੈ ਤਾਂ ਸਬੰਧਿਤ ਵਿਅਕਤੀ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨਾਲ ਕਾਰਜਸਾਧਕ ਅਫਸਰ ਵਿਸ਼ਾਲਦੀਪ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਮੋਗਾ ਬਾਈ ਪਾਸ ਵਿਖੇ ਕੂੜਾ ਡੰਪ ਕਰਨ ਵਾਲੀ ਸਾਈਟ ਦਾ ਦੌਰਾ ਕੀਤਾ ਜਿੱਥੇ ਪਿਛਲੇ ਕੁਝ ਸਾਲਾਂ ਤੋਂ ਸ਼ਹਿਰ ਦਾ ਕੂੜਾ ਸੁੱਟਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਦਾਣਾ ਮੰਡੀ ਬਰਨਾਲਾ ਵਿਖੇ ਲੱਗੇ ਕੂੜੇ ਦੇ ਢੇਰ ਨੂੰ ਸੋਧਣ ਦਾ ਕੰਮ ਚੱਲ ਰਿਹਾ ਹੈ ਅਤੇ ਜਲਦ ਹੀ ਇਹ ਕੰਮ ਮੋਗਾ ਬਾਈਪਾਸ ਸਾਈਟ ਵਿਖੇ ਵੀ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਨਗਰ ਕਾਉਂਸਿਲ ਬਰਨਾਲਾ ਦੀ ਸੈਨੀਟੇਸ਼ਨ ਸ਼ਾਖਾ ਵਿਖੇ ਚੱਲ ਰਹੇ ਐਮ ਆਰ ਐੱਫ ਕੇਂਦਰ, ਜਿੱਥੇ ਸ਼ਹਿਰ ਦੇ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ ਵੱਖ ਕਰਕੇ ਵਰਤੋਂ ਵਿਚ ਲਿਆਇਆ ਜਾਂਦਾ ਹੈ, ਦਾ ਵੀ ਦੌਰਾ ਕੀਤਾ। ਉਨ੍ਹਾਂ ਹੁਕਮ ਦਿੱਤੇ ਕਿ ਗਿੱਲੇ ਕੂੜੇ ਦੀ ਖਾਦ ਅਤੇ ਸੁੱਕਾ ਕੂੜਾ ਕੈਟਾਗਰੀ ਅਨੁਸਾਰ ਨਜਿੱਠਿਆ ਜਾਵੇ। ਉਨ੍ਹਾਂ ਬਰਨਾਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕੂੜਾ ਕੇਵਲ ਨਗਰ ਕਾਉਂਸਿਲ ਵੱਲੋਂ ਤੈਨਾਤ ਸਫਾਈ ਸੇਵਕਾਂ ਨੂੰ ਹੀ ਦੇਣ ਅਤੇ ਸੜਕ ਉੱਤੇ ਨਾ ਸੁੱਟਣ।

# ਕਣਕ ਦੀ ਆਮਦ ਆਖਰੀ ਪੜਾਅ 'ਤੇ : ਡਿਪਟੀ ਕਮਿਸ਼ਨਰ

ਬਠਿੰਡਾ, 4 ਮਈ (ਜਗਸੀਰ ਭੁੱਲਰ): ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ ਕਣਕ ਦੀ ਆਮਦ ਲਗਭਗ 93 ਫੀਸਦੀ ਹੋ ਚੁੱਕੀ ਹੈ ਜੋ ਕਿ ਆਖਰੀ ਪੜਾਅ 'ਤੇ ਪਹੁੰਚ ਚੁੱਕੀ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਕਣਕ ਦੀ ਲਿਫਟਿੰਗ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੇ ਕੋਈ ਸਮੱਸਿਆਂ ਨਾ ਆਉਣ ਦਿੱਤੀ ਜਾਵੇ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ 3 ਮਈ 2025 ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 844202 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਨ੍ਹਾਂ ਵਿਚੋਂ ਵੱਖ-ਵੱਖ ਖਰੀਦ ਏਜੰਸੀਆਂ ਨੇ 822934 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ 1761.60 ਕਰੋੜ ਰੁਪਏ ਕਣਕ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ ਨੇ 3 ਮਈ 2025 ਅਪ੍ਰੈਲ ਤੱਕ ਵੱਖ-ਵੱਖ ਏਜੰਸੀਆਂ ਦੁਆਰਾ ਕੀਤੀ ਖਰੀਦੀ ਗਈ ਕਣਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਨਗ੍ਰੇਨ ਵੱਲੋਂ 252712 ਮੀਟ੍ਰਿਕ ਟਨ, ਮਾਰਕਫ਼ੈਡ 176383, ਪਨਸਪ 190640, ਵੇਅਰ ਹਾਊਸ 141496 ਤੇ ਪ੍ਰਾਈਵੇਟ ਵਪਾਰੀਆਂ ਵਲੋਂ 61703 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ।

# ਆਯੂਸ਼ਮਾਨ ਅਰੋਗਤਾ ਕੇਂਦਰ ਵਿਖੇ ਪੰਚਾਇਤ ਨੇ ਕਰਵਾਈ ਸ਼ੈਡ ਦੀ ਸੇਵਾ



ਮਹਿਲਕਲਾਂ, 4 ਮਈ (ਜੱਸਾ ਸਿੰਘ ਮਾਣਕੀ):ਸਿਹਤ ਬਲਾਕ ਮਹਿਲਕਲਾਂ ਹੇਠ ਪੈਂਦੇ ਪਿੰਡ ਰਾਏਸਰ ਦੇ ਆਯੂਸ਼ਮਾਨ ਆਰੋਗਿਆ ਕੇਂਦਰ ਵਿਖੇ ਪਿੰਡ ਰਾਏਸਰ ਪੰਜਾਬ ਦੀ ਪੰਚਾਇਤ ਵੱਲੋਂ ਸ਼ੈਡ ਪਵਾਕੇ ਸ਼ਲਾਘਾਯੋਗ ਉਪਰਾਲਾ ਕਰਦਿਆਂ ਹੋਇਆਂ ਸਿਹਤ ਸੇਵਾਵਾਂ ਲੈਣ ਲਈ ਆਉਣ ਵਾਲੇ ਮਰੀਜ਼ਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ੈਡ ਦੀ ਸੇਵਾ ਕਰਵਾਈ ਗਈ। ਇਸ ਮੌਕੇ ਐਸਐਮਓ ਮਹਿਲਕਲਾਂ ਡਾ. ਗੁਰਤੇਜਿੰਦਰ ਕੌਰ ਨੇ ਪਿੰਡ ਦੀ ਪੰਚਾਇਤ ਦਾ ਧੰਨਵਾਦ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਲਟੀਪਰਪਜ਼ ਹੈਲਥ ਵਰਕਰ ਮਨਪ੍ਰੀਤ ਸਿੰਘ ਨੇ ਦੱਸਿਆ ਸਿਹਤ ਕੇਂਦਰ ਵਿਖੇ ਆਉਣ ਵਾਲੇ ਮਰੀਜ਼ਾਂ ਨੂੰ ਗਰਮੀ ਅਤੇ ਧੁੱਪ ਵਿੱਚ ਬੈਠਣਾ ਪੈਂਦਾ ਸੀ ਜਿਸ ਕਰਕੇ ਮਰੀਜ਼ਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਪਰ ਹੁਣ ਪਿੰਡ ਦੀ ਪੰਚਾਇਤ ਦੇ ਸਹਿਯੋਗ ਸਦਕਾ ਸ਼ੈਡ ਦੀ ਸਹੂਲਤ ਹੋਣ ਕਾਰਨ ਉਹਨਾਂ ਨੂੰ ਬੈਠਣਾ ਆਸਾਨ ਹੋ ਜਾਵੇਗਾ। ਉਨ੍ਹਾਂ ਪਿੰਡ ਦੀ ਪੰਚਾਇਤ ਦਾ ਧੰਨਵਾਦ ਕੀਤਾ।

# 15 ਨਸ਼ੀਲੀਆਂ ਸ਼ੀਸ਼ੀਆਂ ਬਰਾਮਦ




ਤਪਾ ਮੰਡੀ, 4 ਮਈ (ਭੂਸ਼ਨ ਘੜੈਲਾ):ਤਪਾ ਪੁਲਿਸ ਨੇ 15 ਨਸ਼ੀਲੀਆਂ ਸ਼ੀਸ਼ੀਆਂ ਸਮੇਤ ਇਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਗੁਪਤ ਸੂਚਨਾ ਦੇ ਆਧਾਰ ਤੇ ਸੀਮਾ ਉਰਫ ਭੋਲੀ ਪਤਨੀ ਸੱਗੂ ਉਰਫ ਕਾਕੂ ਵਾਸੀ ਰਾਮ ਬਾਗ ਦੀ ਬੈਕ ਸਾਇਡ ਸੈਸੀ ਬਸਤੀ ਬਰਨਾਲਾ ਤੋਂ 15 ਨਸ਼ੀਲੀਆਂ ਸ਼ੀਸ਼ੀਆਂ ਬਰਾਮਦ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮੌਕੇ ਸਹਾਇਕ ਥਾਣਾ ਇੰਚਾਰਜ ਰੇਨੂ ਪਰੋਚਾ ਨੇ ਦੱਸਿਆ ਕਿ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਲਗਾਤਾਰ ਜਾਰੀ ਰਹੇਗੀ ਅਤੇ ਕਿਸੇ ਵੀ ਨਸ਼ਾ ਤਸਕਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਗੁਰੂਪਿਆਰ ਸਿੰਘ ਆਦਿ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



# ਸੂਬਾ ਸਰਕਾਰ ਨੇ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣ ਲਈ 3500 ਕਰੋੜ ਦਾ ਬਜਟ ਰੱਖਿਆ : ਤਰੁਨਪ੍ਰੀਤ ਸਿੰਘ ਸੌਂਦ

☛ਪੰਜਾਬ ਦੇ ਲੋਕ ਨਸ਼ਿਆਂ ਖਿਲਾਫ਼ ਸ਼ੁਰੂ ਕੀਤੀ ਜੰਗ 'ਚ ਰਾਜ ਸਰਕਾਰ ਦਾ ਡਟ ਕੇ ਦੇ ਰਹੇ ਨੇ ਸਾਥ : ਕੈਬਨਿਟ ਮੰਤਰੀ

☛ਕੈਬਨਿਟ ਮੰਤਰੀ ਬਲਜੀਤ ਕੌਰ ਵੱਲੋਂ ਰਾਜ ਦੀਆਂ ਸਮੁੱਚੀਆਂ ਔਰਤਾਂ ਨੂੰ ਨਸ਼ਿਆਂ ਖ਼ਿਲਾਫ਼ ਅੱਗੇ ਆਉਣ ਸੱਦਾ



ਮਲੇਰੋਕਟਲਾ, 4 ਮਈ (ਚ.ਨ.ਸ.) : ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਨੂੰ ਖੁਸ਼ਹਾਲ ਅਤੇ ਨਸ਼ਾ ਰਹਿਤ ਬਣਾਉਣ ਲਈ ਵਿੱਢੀ ਮੁਹਿੰਮ ਦੀ ਰਾਜ ਦੇ ਲੋਕਾਂ ਵੱਲੋਂ ਖੂਬ ਸ਼ਲਾਘਾ ਕੀਤੀ ਜਾ ਰਹੀ ਹੈ। ਪੰਜਾਬ ਦੀ ਧਰਤੀ ਜੁਝਾਰੂ ਲੋਕਾਂ ਦੀ ਧਰਤੀ ਹੈ ਅਤੇ ਪੰਜਾਬੀ ਨਸ਼ਿਆਂ ਖਿਲਾਫ਼ ਸ਼ੁਰੂ ਕੀਤੀ ਜੰਗ ਵਿੱਚ ਰਾਜ ਸਰਕਾਰ ਦਾ ਡਟ ਕੇ ਸਾਥ ਦੇ ਰਹੇ ਹਨ। ਪੰਜਾਬ ਅੰਦਰ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀ ਜਾਵੇਗਾ, ਰਾਜ ਸਰਕਾਰ ਇਸਦੇ ਲਈ ਸਿਰਤੋੜ ਯਤਨ ਕਰ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸਿਡਨੀ ਗਾਰਡਨ, ਖੰਨਾ ਰੋਡ ਮਾਲੇਰੋਕਟਲਾ ਵਿਖੇ ਜ਼ਿਲ੍ਹਾ ਪੱਧਰੀ ਵਿਲੇਜ ਡਿਫੈਂਸ ਕਮੇਟੀ ਅਤੇ ਵਾਰਡ ਸੁਰੱਖਿਆ ਕਮੇਟੀਆਂ ਦੀ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਵਚਨਬੱਧ ਹੈ। ਸੂਬਾ ਸਰਕਾਰ ਨੇ ਨਹਿਰੀ ਪਾਣੀ ਹਰ ਖੇਤ ਤੱਕ ਪਹੁੰਚਾਉਣ ਲਈ 3500 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਗੱਲ ਹੋਵੇ, ਭਾਵੇਂ ਪੰਜਾਬ ਦੇ ਪਾਣੀਆਂ ਦੀ ਜਾਂ ਰਾਜ ਦੇ ਲੋਕਾਂ ਦੀ ਭਲਾਈ ਅਤੇ ਵਿਕਾਸ ਕੰਮਾਂ ਦੀ ਸਰਕਾਰ ਹਰ ਪੱਖ ਤੋਂ ਪੰਜਾਬੀਆਂ ਦੇ ਮੋਢੇ ਨਾਲ ਮੋਢੇ ਲਾ ਕੇ ਖੜੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਲੋਕਾਂ ਦੇ ਭਲੇ ਲਈ ਮਿਸਾਲੀ ਕੰਮ ਕੀਤਾ ਹੈ, ਜਿੰਨਾ ਪਿਛਲੀਆਂ ਸਰਕਾਰਾਂ ਨੇ 75 ਸਾਲ ਵਿੱਚ ਨਹੀਂ ਕੀਤਾ ਸੀ। ਸ੍ਰ. ਤਰੁਨਪ੍ਰੀਤ ਸਿੰਘ ਸੌਂਦ ਨੇ ਪਿੰਡਾਂ ਤੇ ਸ਼ਹਿਰੀ ਪੱਧਰ 'ਤੇ ਬਣੀਆਂ ਡਿਫੈਂਸ ਕਮੇਟੀਆਂ ਨੂੰ ਨਸ਼ਿਆਂ ਖਿਲਾਫ ਇਸ ਯੁੱਧ ਵਿੱਚ ਮੋਹਰੀ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਕਿਹਾ ਕਿ ਤੁਹਾਡੇ ਸਭ ਦੇ ਬੁਲੰਦ ਹੌਂਸਲਿਆ ਸਦਕਾ ਇਸ ਜੰਗ 'ਤੇ ਫਤਿਹ ਹਾਸਿਲ ਹੋਵੇਗੀ ਅਤੇ ਪੰਜਾਬ ਅੰਦਰ ਨਸ਼ਿਆਂ ਦਾ ਧੰਦਾ ਕਰਨ ਵਾਲਿਆਂ ਲਈ ਕੋਈ ਥਾਂ ਨਹੀ। ਕੈਬਨਿਟ ਮੰਤਰੀ ਨੇ ਸਮੂਹ ਹਾਜ਼ਰੀਨ ਨੂੰ ਨਸ਼ਿਆਂ ਖਿਲਾਫ ਸਹੁੰ ਚੁਕਾਈ ਅਤੇ ਨਸ਼ਾ ਮੁਕਤੀ ਯਾਤਰਾ ਨੂੰ ਹਰੇਕ ਪਿੰਡ, ਵਾਰਡ ਤੱਕ ਲਿਜਾ ਕੇ ਲੋਕ ਲਹਿਰ ਬਣਾਇਆ ਜਾਵੇ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਵਿਰਾਜ਼ ਐਸ. ਤਿੜਕੇ ਨੇ ਜ਼ਿਲ੍ਹੇ ਵਿੱਚ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਜਾਗਰੂਕਤਾ ਮੁਹਿੰਮ, ਨਸ਼ਿਆਂ ਦੇ ਸ਼ਿਕਾਰ ਲੋਕਾਂ ਦੇ ਇਲਾਜ, ਪੁਨਰਵਾਸ ਅਤੇ 7 ਮਈ ਤੋਂ ਸਮੁੱਚੇ ਜ਼ਿਲ੍ਹੇ ਵਿੱਚ ਹੋਣ ਵਾਲੀ ਨਸ਼ਾ ਮੁਕਤੀ ਯਾਤਰਾ ਦੀ ਜਾਣਕਾਰੀ ਸਾਂਝੀ ਕੀਤੀ ਅਤੇ ਲੋਕਾਂ ਨੂੰ ਇਸ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ। ਐਸ.ਐਸ.ਪੀ ਗਗਨ ਅਜੀਤ ਸਿੰਘ ਮਲੇਰਕੋਟਲਾ ਨੇ ਆਪਣੇ ਸੰਬੋਧਨ ਵਿੱਚ ਜ਼ਿਲ੍ਹਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਖਿਲਾਫ਼ ਕੀਤੀਆ ਰਹੀਆਂ ਕਾਰਵਾਈਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਰਾਜ ਅੰਦਰ ਪੁਲਿਸ ਵੱਲੋਂ ਤਸਕਰਾਂ ਖਿਲਾਫ਼ ਕੀਤੀਆਂ ਕਾਰਵਾਈਆਂ ਅਤੇ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦਾ ਨਸ਼ਿਆਂਖਿਲਾਫ਼ ਵੀਡੀਓ ਸੰਦੇਸ਼ ਦਿਖਾਇਆ ਗਿਆ। ਇਸ ਮੌਕੇ ਵਿਧਾਇਕ ਮੋਗਾ ਅਮਨਦੀਪ ਕੌਰ ਅਰੋੜਾ, ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ, ਵਿਧਾਇਕ ਅਮਰਗੜ ਪ੍ਰੋ: ਜਸਵੰਤ ਸਿੰਘ ਗੱਜਣਮਾਜਰਾ, ਵਿਧਾਇਕ ਅਮਰਗੜ ਪ੍ਰੋ: ਜਸਵੰਤ ਸਿੰਘ ਗੱਜਣਮਾਜਰਾ, ਚੇਅਰਮੈਨ ਯੋਜਨਾ ਬੋਰਡ ਸਾਕਿਬ ਅਲੀ ਰਾਜਾ, ਪ੍ਰਧਾਨ ਨਗਰ ਕੌਂਸਲ ਅਹਿਮਦਗੜ੍ਹ ਵਿਕਾਸ ਕਿਸ਼ਨ ਸ਼ਰਮਾ, ਚੇਅਰਮੈਨ ਨਵਜੋਤ ਸਿੰਘ ਮੰਡੇਰ, ਪ੍ਰਧਾਨ ਨਗਰ ਪੰਚਾਇਤ ਅਮਰਗੜ੍ਹ ਜਸਪਾਲ ਕੌਰ, ਕੇਵਲ ਸਿੰਘ , ਚੇਅਰਮੈਨ ਮਾਰਕੀਟ ਕਮੇਟੀ ਮਾਲੇਰਕੋਟਲਾ ਜਾਫਰ ਅਲੀ, ਚੇਅਰਮੈਨ ਮਾਰਕੀਟ ਕਮੇਟੀ ਅਹਿਮਦਗੜ੍ਹ ਕਮਲਜੀਤ ਸਿੰਘ ਉੱਭੀ, ਚੇਅਰਮੈਨ ਮਾਰਕੀਟ ਕਮੇਟੀ ਅਮਰਗੜ ਹਰਪ੍ਰੀਤ ਸਿੰਘ ਹੈਪੀ ਨੰਗਲ, ਚੇਅਰਮੈਨ ਮਾਰਕੀਟ ਕਮੇਟੀ ਸੰਦੌੜ ਕਰਮਜੀਤ ਸਿੰਘ ਕੁਠਾਲਾ,ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ,ਏ.ਡੀ.ਸੀ. ਨਵਦੀਪ ਕੌਰ, ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ, ਐਸ.ਡੀ.ਐਮ. ਰਾਕੇਸ ਪ੍ਰਕਾਸ ਗਰਗ, ਐਸ.ਡੀ.ਐਮ. ਅਮਰਗੜ੍ਹ ਸੁਰਿੰਦਰ ਕੌਰ, ਆਰਡੀਨੇਟਰ ਯੁੱਧ ਨਸ਼ੇ ਵਿਰੁੱਧ ਜ਼ਿਲ੍ਹਾ ਮਾਲੇਰਕੋਟਲਾ ਨਿਸਾਰ ਅਹਿਮਦ ਛੰਨਾ, ਸਿੰਗਾਰਾ ਸਿੰਘ ਰੁੜਕਾ ਅਤੇ ਗੁਰਪ੍ਰੀਤ ਸਿੰਘ ਬਨਭੌਰਾ ਸਮੇਤ ਵੱਡੀ ਗਿਣਤੀ ਆਗੂ ਅਤੇ ਅਧਿਕਾਰੀ ਹਾਜ਼ਰ ਸਨ।

## 'ਪੰਜਾਬ ਸਿੱਖਿਆ ਕ੍ਰਾਂਤੀ'

# ਕਰੋੜਾਂ ਦੀ ਲਾਗਤ ਨਾਲ ਚੱਲ ਰਹੇ ਵਿਕਾਸ ਕਾਰਜਾਂ ਨੇ ਸਕੂਲਾਂ ਦੀ ਬਦਲੀ ਦਿਸ਼ਾ : ਪ੍ਰੋ. ਗੱਜਣਮਾਜਰਾ



ਮਲੇਰਕੋਟਲਾ, 4 ਮਈ (ਚ.ਨ.ਸ.) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਰਾਜ 'ਚ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਵੱਲ ਇਕ ਠੋਸ ਕਦਮ ਪੁੱਟਦਿਆਂ ਪੰਜਾਬ ਸਰਕਾਰ ਵੱਲੋਂ 'ਪੰਜਾਬ ਸਿੱਖਿਆ ਕ੍ਰਾਂਤੀ' ਪ੍ਰੋਗਰਾਮ ਤਹਿਤ ਪੂਰੇ ਮਾਲੇਰਕੋਟਲਾ ਜ਼ਿਲ੍ਹੇ ਵਿੱਚ ਉਲੀਕੇ ਗਏ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨਾਂ ਦੀ ਲੜੀ 'ਚ ਵਿਧਾਇਕ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਨੇ ਪਿੰਡ ਚੁਪਕੀ, ਉਮਰਪੁਰਾ, ਨੱਥੂਮਾਜਰਾ ਅਤੇ ਬੌੜ ਹਾਈ ਖੁਰਦ ਦੇ ਸਰਕਾਰੀ ਸਕੂਲਾਂ ਵਿਖੇ ਸਰਕਾਰੀ ਸਕੂਲਾਂ ਵਿੱਚ ਕਰੀਬ 28 ਲੱਖ 95 ਹਜ਼ਾਰ ਤੋਂ ਵੱਧ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਵੱਡੇ ਸੁਧਾਰ ਕੀਤੇ ਗਏ ਹਨ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਤੋਂ ਬਿਨਾਂ ਸਕੂਲਾਂ ਦੇ ਅਧਿਆਪਕਾਂ ਨੂੰ ਦੇਸ਼ ਵਿਦੇਸ਼ ਤੋਂ ਵਧੀਆ ਸਿਖਲਾਈ ਦਵਾਈ ਜਾ ਰਹੀ ਹੈ ਤਾਂ ਜੋ ਸਾਡੇ ਮਨੁੱਖੀ ਸ਼ਕਤੀ ਦੇ ਹੁਨਰ ਵਿੱਚ ਹੋਰ ਵਾਧਾ ਹੋਵੇ ਅਤੇ ਸਾਡੇ ਅਧਿਆਪਕ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ ਦੀ ਸਿੱਖਿਆ ਮੁਹੱਈਆ ਕਰਵਾ ਸਕਣ। ਜ਼ਿਕਰਯੋਗ ਹੈ ਕਿ ਪ੍ਰੋਫੈਸਰ ਗੱਜਣਮਾਜਰਾ ਨੇ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਚੁਪਕਾ ਵਿਖੇ ਕਰੀਬ 03 ਲੱਖ 25 ਹਜ਼ਾਰ ਰੁਪਏ ਦੀ ਲਾਗਤ ਨਾਲ ਚਾਰਦਿਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਉਮਰਪੁਰਾ ਵਿਖੇ ਕਰੀਬ 4 ਲੱਖ ਰੁਪਏ ਦੀ ਲਾਗਤ ਨਾਲ ਚਾਰਦਿਵਾਰੀ ਨਾਲ ਚਾਰਦਿਵਾਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੱਥੋਮਾਜਰਾ ਵਿਖੇ ਕਰੀਬ 7 ਲੱਖ 36 ਹਜਾਰ ਰੁਪਏ ਦੀ ਲਾਗਤ ਨਾਲ ਚਾਰਦਿਵਾਰੀ, ਕਮਰੇ ਦਾ ਨਵੀਨੀਕਰਨ ਅਤੇ ਪਖਾਨੇ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਬੌੜ ਹਾਈ ਖੁਰਦ ਵਿਖੇ ਕਰੀਬ 13 ਲੱਖ 43 ਹਜ਼ਾਰ ਰੁਪਏ ਦੀ ਲਾਗਤ ਨਾਲ ਨਵੇਂ ਕਮਰੇ ਦੀ ਉਸਾਰੀ, ਚਾਰਦਿਵਾਰੀ, ਕਮਰੇ ਦਾ ਨਵੀਨੀਕਰਨ ਅਤੇ ਪਖਾਨਿਆਂ ਦੀ ਉਸਾਰੀ ਦਾ ਉਦਘਾਟਨ ਕੀਤਾ। ਇਸ ਮੌਕੇ ਸਰਪੰਚ ਪਿੰਡ ਨੱਥੂਮਾਜਰਾ ਹਰਕਮਲ ਸਿੰਘ ਧਾਲੀਵਾਲ, ਐਮ.ਐਲ.ਏ. ਪੀ.ਏ ਅਜ਼ੀਤੋਜ ਸਿੰਘ, ਸਾਬਕਾ ਡਿਪਟੀ ਡਾਇਰੈਕਟਰ ਚਰਨਜੀਤ ਸਿੰਘ, ਆਮ ਆਦਮੀ ਪਾਰਟੀ ਆਗੂ ਸਿਕੰਦਰ ਸਿੰਘ, ਪ੍ਰਿੰਸੀਪਲ ਕਿਰਨ ਬਾਲਾ, ਹੈਡਮਾਸਟਰ ਗੁਰਜੰਟ ਸਿੰਘ, ਸਹਾਇਕ ਜ਼ਿਲ੍ਹਾ ਸਮਾਰਟ ਸਕੂਲ ਕੋਆਰਡੀਨੇਟਰ ਮੁਹੰਮਦ ਅਸਦ, ਬੀ.ਐਨ.ਓ ਮੁਹੰਮਦ ਇਮਰਾਨ, ਬੀ.ਐਨ.ਓ ਜਾਹਿਦ ਸ਼ਫੀਕ, ਕੰਪਿਊਟਰ ਫੈਕਲਟੀ ਜਗਦੀਪ ਸਿੰਘ ਤੋਂ ਇਲਾਵਾ ਸਕੂਲਾਂ ਦੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਮੌਜੂਦ ਸਨ।

# ਪੁਲਿਸ ਡੀ.ਏ.ਵੀ. ਪਬਲਿਕ ਸਕੂਲ ਦੇ ਗੁਰਸ਼ਾਂਤ ਨੇ ਚਮਕਾਇਆ ਸਕੂਲ ਦਾ ਨਾਮ

ਪਟਿਆਲਾ, 4 ਮਈ (ਵਿਨੋਦ ਸ਼ਰਮਾ) : ਪੁਲਿਸ ਡੀ ਏ ਵੀ ਪਬਲਿਕ ਸਕੂਲ ਪਟਿਆਲਾ ਦੇ ਅੱਠਵੀਂ ਜਮਾਤ ਦੇ ਗੁਰਸ਼ਾਂਤ ਨੇ ਕਿੱਕ ਬਾਕਸਿੰਗ ਵਿੱਚ ਸੋਨ ਤਮਗਾ ਜਿੱਤ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਉਸ ਦੀ ਇਸ ਜਿੱਤ ਨੇ ਸਕੂਲ ਦੇ ਬਾਕੀ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਮੁੱਖ ਅਧਿਆਪਕ ਸਰਦਾਰ ਰਾਜਵੰਤ ਸਿੰਘ ਨੇ ਪ੍ਰਸ਼ੰਸਾ ਕਰਦੇ ਹੋਏ ਉਸ ਦੀ ਪਿੱਠ ਥਾਪੜੀ ਅਤੇ ਸਕੂਲ ਦੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਉਤਸਾਹਿਤ ਕੀਤਾ।



# ਪੰਜਾਬ ਕੋਲ ਦੂਜੇ ਰਾਜਾਂ ਨੂੰ ਦੇਣ ਲਈ ਇੱਕ ਬੂੰਦ ਵੀ ਵਾਧੂ ਪਾਣੀ ਨਹੀਂ : ਵਿਜੇ ਸਾਂਪਲਾ

ਪਾਣੀ ਦੇ ਮੁੱਦੇ ਨੂੰ ਲੈ ਕੇ ਭਾਜਪਾ ਸੀਨੀਅਰ ਯੁਵਾ ਨੇਤਾ ਡਾ. ਕਾਂਸਲ ਵੱਲੋਂ ਵਿਜੇ ਸਾਂਪਲਾ ਨਾਲ ਮੁਲਾਕਾਤ



ਪਟਿਆਲਾ, 4 ਮਈ (ਰੁਪਾਣਾ) : ਸਾਬਕਾ ਕੇਂਦਰੀ ਰਾਜ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਸ਼੍ਰੀ ਵਿਜੇ ਸਾਂਪਲਾ ਨੇ ਪੰਜਾਬ ਦੇ ਪਾਣੀਆਂ ਨੂੰ ਹਰਿਆਣਾ ਜਾਂ ਹੋਰ ਰਾਜਾਂ ਨੂੰ ਦੇਣ ਦੇ ਮਾਮਲੇ ਵਿੱਚ ਪੰਜਾਬ ਭਾਜਪਾ ਦਾ ਸਟੈਂਡ ਸਪੱਸ਼ਟ ਕਰਦਿਆਂ ਕਿਹਾ ਕਿ ਭਾਜਪਾ ਪੰਜਾਬ ਦੇ ਹਿਤਾਂ ਦੀ ਰਾਖੀ ਦ੍ਰਿੜਤਾ ਨਾਲ ਕਰ ਰਹੀ ਹੈ ਤੇ ਉਸ ਦਾ ਸਪੱਸ਼ਟ ਸਟੈਂਡ ਹੈ ਕਿ ਪੰਜਾਬ ਕੋਲ ਦੂਜੇ ਰਾਜਾਂ ਨੂੰ ਵਾਧੂ ਪਾਣੀ ਦੇਣ ਲਈ ਇੱਕ ਬੂੰਦ ਵੀ ਵਾਧੂ ਪਾਣੀ ਨਹੀਂ ਹੈ ਨਾਲ ਹੀ ਸਾਂਪਲਾ ਨੇ ਕਿਹਾ ਪੰਜਾਬ ਦਾ ਪਾਣੀ ਪੰਜਾਬ ਦਾ ਸੀ, ਪੰਜਾਬ ਦਾ ਹੈ ਤੇ ਪੰਜਾਬ ਦਾ ਹੀ ਰਹੇਗਾ। ਭਾਜਪਾ ਦੇ ਸੀਨੀਅਰ ਯੁਵਾ ਨੇਤਾ ਡਾ. ਗੁਰਵਿੰਦਰ ਕਾਂਸਲ ਨੇ ਸਾਬਕਾ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਨਾਲ ਗੱਲਬਾਤ ਦੌਰਾਨ ਪੰਜਾਬ ਦੇ ਹਿਤਾਂ ਦੀ ਗੱਲ ਕਰਦਿਆਂ ਪਾਣੀ ਦੇ ਮੁੱਦੇ ਨੂੰ ਲੈ ਕੇ ਆਖਿਆ ਕਿ ਪੰਜਾਬ ਪਹਿਲਾਂ ਹੀ ਪਾਣੀ ਦੀ ਕਮੀ ਨਾਲ ਲੜਾਈ ਲੜ ਰਿਹਾ ਹੈ ਤੇ ਇਸ ਦੌਰਾਨ ਬੀ. ਬੀ. ਐਮ. ਬੀ. ਵੱਲੋਂ ਹਰਿਆਣਾ ਨੂੰ 8500 ਕਿਊਸਕ ਪਾਣੀ ਦੇਣ ਦੇ ਫੈਸਲੇ ਨਾਲ ਪੰਜਾਬ ਦੇ ਹਿਤਾਂ ਨੂੰ ਭਾਰੀ ਠੇਸ ਪੁੱਜੀ ਹੈ ਤੇ ਪੰਜਾਬ ਦੇ 115 ਜ਼ੋਨ ਪਹਿਲਾਂ ਹੀ ਡਾਰਕ ਜ਼ੋਨ ਘੋਸ਼ਿਤ ਕੀਤੇ ਜਾ ਚੁੱਕੇ ਹਨ ਇਸਲਈ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਸਵਾਲ ਹੀ ਨਹੀਂ ਉੱਠਦਾ। ਇਸ ਅਹਿਮ ਮੁਲਾਕਾਤ ਦੌਰਾਨ ਦਿਸ਼ਾਂਤ ਕਾਂਸਲ, ਆਯੂਸ਼ ਭਾਂਬਰੀ, ਰਾਹੁਲ ਬਾਂਸਲ , ਵਿਕਾਸ ਮਿੱਤਲ ਅਤੇ ਐਸ. ਕੇ. ਭਾਰਦਵਾਜ ਵੀ ਹਾਜ਼ਰ ਸਨ।

# ਡਾ. ਧਰਮਵੀਰ ਗਾਂਧੀ ਵੱਲੋਂ ਪੰਜਾਬ ਦੇ ਦਰਿਆਈ ਹੱਕਾਂ ਦੀ ਬਹਾਲੀ ਦੀ ਮੰਗ

ਪਟਿਆਲਾ, 4 ਮਈ (ਰੁਪਾਣਾ) : ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐੱਮਬੀ) ਵੱਲੋਂ ਹਰਿਆਣਾ ਨੂੰ ਵਾਧੂ 8,500 ਕਿਊਸਿਕ ਪਾਣੀ ਛੱਡਣ ਦੇ ਹਾਲੀਆ ਫ਼ੈਸਲੇ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਭਿਆਨਕ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਿਹਾ ਹੈ। ਇਹ ਫ਼ੈਸਲਾ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਦੇ ਹਿਤਾਂ ਦੇ ਖ਼ਿਲਾਫ਼ ਲਿਆ ਗਿਆ ਹੈ। ਪਟਿਆਲਾ ਵਿਖੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਡਾ.ਧਰਮਵੀਰ ਗਾਂਧੀ ਨੇ ਕਿਹਾ ਕਿ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਨੂੰ ਉਸਦੇ ਕਾਨੂੰਨੀ ਹੱਕ ਵਾਲੇ ਦਰਿਆਈ ਪਾਣੀ ਤੋਂ ਲਗਾਤਾਰ ਵਾਂਝਾ ਕੀਤਾ ਗਿਆ ਹੈ। ਡਾ. ਗਾਂਧੀ ਨੇ ਇਹ ਵੀ ਸਾਫ਼ ਕੀਤਾ ਕਿ ਇਹ ਕੋਈ ਇਕੱਲੀ ਘਟਨਾ ਨਹੀਂ ਹੈ, ਬਲਕਿ ਇਹ ਪੰਜਾਬ ਦਾ ਪਾਣੀ ਖੋਹਣ ਦੀਆਂ ਲਗਾਤਾਰ, ਗੈਰ-ਸੰਵੈਧਾਨਿਕ, ਗੈਰ-ਕਾਨੂੰਨੀ ਅਤੇ ਗੈਰ-ਹਰਿਆਈ ਕੋਸ਼ਿਸ਼ਾਂ ਦੀ ਲੜੀ ਹੈ। ਕੇਂਦਰ ਨੇ ਹੌਲੀ-ਹੌਲੀ ਬੀਬੀਐਮਬੀ ਅਤੇ ਹੋਰ ਪਾਣੀ ਪ੍ਰਬੰਧਨ ਸੰਸਥਾਵਾਂ ਵਿੱਚੋਂ ਪੰਜਾਬ ਦੀ ਪ੍ਰਤੀਨਿਧਤਾ ਖਤਮ ਕਰ ਦਿੱਤੀ ਹੈ। ਇਹ ਕੇਵਲ ਸੰਘੀ ਢਾਂਚੇ ਦੀ ਉਲੰਘਣਾ ਨਹੀਂ, ਸਗੋਂ ਅੰਤਰਰਾਸ਼ਟਰੀ ਤੌਰ 'ਤੇ ਮੰਨਿਆ ਗਿਆ ਦਰਿਆਈ ਅਧਿਕਾਰਾਂ ਦਾ ਵੀ ਉਲੰਘਣ ਹੈ। ਡਾ. ਗਾਂਧੀ ਨੇ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਪਾਰਟੀ ਇਸ ਸੰਘਰਸ਼ ਵਿੱਚ ਪੰਜਾਬ ਦੀ ਜਨਤਾ ਦੇ ਨਾਲ ਇੱਕਜੁੱਟ ਹੋ ਕੇ ਖੜੀ ਹੈ ਅਤੇ ਅੰਦਰੂਨੀ ਤੌਰ 'ਤੇ ਸੰਸਦ ਵਿੱਚ ਤੇ ਬਾਹਰੀ ਤੌਰ 'ਤੇ ਹਰ ਮੰਚ 'ਤੇ ਪੰਜਾਬ ਦੇ ਪਾਣੀ ਹੱਕਾਂ ਦੀ ਬਹਾਲੀ ਲਈ ਆਪਣੀ ਅਵਾਜ਼ ਉਠਾਉਂਦੀ ਰਹੇਗੀ।

# ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਨੇ ਅੰਦਰ ਵੱਖ-ਵੱਖ ਜਗ੍ਹਾ 'ਤੇ ਮਈ ਦੇ ਸ਼ਹੀਦਾਂ ਦੀ ਯਾਦ 'ਚ ਲਹਿਰਾਇਆ ਝੰਡਾ




ਸਮਾਣਾ, 4 ਮਈ (ਵਿਜੇ ਕੁਮਾਰ/ ਜਵੰਦਾ) : ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਮਈ ਦਿਵਸ ਦੇ ਸ਼ਹੀਦਾਂ ਦੀ ਯਾਦ ਵਿਚ ਅੱਜ ਪਟਿਆਲਾ, ਸਮਾਣਾ,ਨਾਭਾ, ਪਾਤੜਾਂ, ਰਾਜਪੁਰਾ ਤੇ ਘਨੌਰ ਸਮੇਤ ਵੱਖ ਵੱਖ ਥਾਵਾਂ 'ਤੇ ਨਾਅਰਿਆਂ ਦੀ ਗੂੰਜ ਨਾਲ ਲਾਲ ਝੰਡਾ ਲਹਿਰਾਇਆ ਗਿਆ। ਇਸ ਪ੍ਰੋਗਰਾਮ ਵਿੱਚ ਪੀ,ਡਬਲਿਯੂ. ਡੀ. ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ, ਜੰਗਲਾਤ ਵਰਕਰ ਯੂਨੀਅਨ, ਗੋਰਮਿੰਟ ਟੀਚਰ ਯੂਨੀਅਨ, ਪਸ਼ੂ ਪਾਲਣ ਵਰਕਰ ਯੂਨੀਅਨ, ਜਮਹੂਰੀ ਕਿਸਾਨ ਸਭਾ,ਨਿਰਮਾਣ ਮਜ਼ਦੂਰ ਯੂਨੀਅਨ, ਮਨਰੇਗਾ ਵਰਕਰ ਯੂਨੀਅਨ ਅਤੇ ਭੱਠਾ ਮਜ਼ਦੂਰ ਯੂਨੀਅਨ ਤੇ ਸਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਵੱਡੀ ਗਿਣਤੀ ਵਿੱਚ ਆਗੂਆਂ ਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ। ਇਸ ਇੱਕਤਰਤਾਂ ਨੂੰ ਸੰਬੋਧਨ ਕਰਦਿਆਂ ਦਰਸ਼ਨ ਬੇਲੂ ਮਾਜਰਾ ਹਰੀ ਸਿੰਘ ਦੌਣ ਕਲਾ ਹਰਵੀਰ ਸੁਨਾਮ ਜਸਵਿੰਦਰ ਸਿੰਘ ਸੋਜਾ, ਰਾਜਪਾਲ ਰਸੋਈ, ਸੁੱਚਾ ਸਿੰਘ ਕੋਲ, ਲਖਵਿੰਦਰ ਖਾਨਪੁਰ, ਧਰਮਪਾਲ ਲੋਟ, ਪ੍ਰਗਟ ਸਿੰਘ ਸਮਾਣਾ,ਕੁਲਦੀਪ ਸਿੰਘ ਘੱਗਾ ਸੁਖਬੀਰ ਸਿੰਘ ਢੀਡਸਾ, ਗਰਮੇਲ ਸਿੰਘ ਘਨੌਰ, ਜਗਦੇਵ ਸਿੰਘ ਦਰਸਨ ਸਿੰਘ ਗੁਰਚਰਨ ਸਿੰਘ ਭੱਟੀ ਫਤਿਹਗੜ੍ਹ ਸਾਹਿਬ, ਗੁਰਮੀਤ ਸਿੰਘ ਆਦਿ ਨੇ ਸੰਬੋਧਨ ਕੀਤਾ ਸਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਮੁਲਾਜ਼ਮ, ਮਜ਼ਦੂਰ, ਨੋਜਵਾਨ, ਵਿਦਿਆਰਥੀਆਂ ਤੇ ਕਿਸਾਨ ਵਿਰੋਧੀ ਨੀਤੀਆਂ ਦੀ ਨਿੰਦਾ ਕਰਦੇ ਹੋਏ ਮੰਗ ਕੀਤੀ ਗਈ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, ਮਜ਼ਦੂਰਾਂ ਅਤੇ ਕਿਸਾਨਾਂ ਦੇ ਵਿਰੋਧੀ ਕਾਲੇ ਕਾਨੂੰਨ ਵਾਪਸ ਲਏ ਜਾਣ, ਸਹੀਦਾਂ ਯਾਦ ਚ, ਕੀਤੇ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਸਾਥੀ ਮਲਕੀਤ ਸਿੰਘ ਭੂਟਾਲ, ਕਰਮ ਸਿੰਘ ਨਾਭਾ,ਗੁਰਮੀਤ ਸਿੰਘ, ਰਣਧੀਰ ਸਿੰਘ, ਜਸਵੀਰ ਪੰਜੋਲਾ, ਜਸਵੰਤ ਸਿੰਘ,ਜਰਨੈਲ ਸਿਘ ਭੁਨਰਹੇੜੀ ਆਦਿ ਨੇ ਸ਼ਿਕਰਤ ਕੀਤੀ।

# ਘੇਰ ਕੇ ਕੁੱਟਮਾਰ ਕਰਨ ਸਬੰਧੀ ਮਾਮਲਾ ਦਰਜ

ਪਟਿਆਲਾ, 4 ਮਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਗੁਰਪ੍ਰੀਤ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਪਿੰਡ ਭੁਨਰਹੇੜੀ ਨੇ ਕਥਿਤ ਦੋਸ਼ੀਆਂ ਦੀਪੀ , ਗੁਰਬੰਤ ਸਿੰਘ,ਮੋਗਲੀ , ਵਕੀਲ ਮਸ਼ਾਲ, ਅਮਨਾ ਵਾਸੀ ਭੁਨਰਹੇੜੀ ਅਤੇ 4/5 ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੀ ਕਾਰ 'ਤੇ ਸਵਾਰ ਹੋ ਕੇ ਆਪਣੇ ਘਰ ਪਾਸ ਜਾ ਰਿਹਾ ਸੀ, ਜੋ ਕਥਿਤ ਦੋਸ਼ੀਆਂ ਨੇ ਉਸ ਨੂੰ ਘੇਰ ਕੇ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆ ਧਮਕੀਆਂ ਵੀ ਦਿੱਤੀਆਂ ਤੇ ਉਸ ਦੇ ਗਲ ਵਿੱਚ ਪਾਈ ਸੋਨੇ ਦੀ ਚੈਨ ਅਤੇ 9 ਹਜ਼ਾਰ ਰੁਪਏ ਖੋਹ ਕੇ ਫਰਾਰ ਹੋ ਗਏ। ਪੁਲਿਸ ਨੇ ਧਾਰਾ 115(2), 127(2), 351(2), 304 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਸਕੂਲ ਦੇ ਸਾਬਕਾ ਵਿਦਿਆਰਥੀਆਂ ਨੇ ਗੋਲਡਨ ਜੁਬਲੀ ਮਨਾ ਕੇ ਪੁਰਾਣੀਆਂ ਯਾਦਾਂ ਕੀਤੀਆਂ ਸਾਂਝੀਆਂ



ਸਮਾਣਾ, 4 ਮਈ (ਵਿਜੇ ਕੁਮਾਰ) : ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਦਨ ਮਿੱਤਲ ਦੀ ਅਗਵਾਈ 'ਚ ਪਬਲਿਕ ਸੀਨੀ: ਸੈਕੰਡਰੀ ਸਕੂਲ ਦੇ 1974-75 ਬੈਚ 'ਚ ਜਿਨ੍ਹਾਂ ਵਿਦਿਆਰਥੀਆਂ ਨੇ ਦਸਵੀਂ ਪਾਸ ਕੀਤੀ ਸੀ, ਉਨ੍ਹਾਂ ਦੀਆਂ ਯਾਦਾਂ ਨੂੰ ਸਾਂਝਾ ਕਰਨ ਲਈ ਇਕ ਗੋਲਡਨ ਜੂਬਲੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਗਮ ਵਿਚ 60 ਦੇ ਕਰੀਬ ਵੱਖ-ਵੱਖ ਸਰਕਾਰੀ ਵਿਭਾਗਾਂ ਤੋਂ ਸੇਵਾ ਮੁਕਤ ਹੋਏ ਅਧਿਕਾਰੀਆਂ, ਕਰਮਚਾਰੀਆਂ ਤੇ ਕਾਰੋਬਾਰੀਆਂ ਨੇ ਸ਼ਮੂਲੀਅਤ ਕਰ ਇਕ-ਦੂਜੇ ਨੂੰ ਮਿਲ ਕੇ ਆਪਣੀਆਂ ਸਕੂਲੀ ਯਾਦਾਂ ਸਾਂਝੀਆਂ ਕੀਤੀਆ। ਉਕਤ ਸਾਬਕਾ ਵਿਦਿਆਰਥੀਆਂ ਦਾ ਮੈਨੇਜਮੈਂਟ, ਸਕੂਲ ਸਟਾਫ ਤੇ ਵਿਦਿਆਰਥੀਆਂ ਨੇ ਫੁੱਲਾਂ ਦੀ ਵਰਖਾ ਕਰਕੇ ਸਕੂਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ। ਆਯੋਜਿਤ ਇਸ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਸ਼ਮੂਲੀਅਤ ਕਰਦਿਆਂ ਜਯੋਤੀ ਪ੍ਰਚੰਡ ਕੀਤੀ। ਜਿਨ੍ਹਾਂ ਸਕੂਲ 'ਚੋਂ 1975 ਵਿਚ ਦਸਵੀਂ ਪਾਸ ਕਰਨ ਵਾਲੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕੀਤੀ। ਇਸ ਮੌਕੇ ਸੰਸਥਾ ਪ੍ਰਧਾਨ ਮਦਨ ਮਿੱਤਲ ਨੇ ਬੋਲਦਿਆਂ ਦੱਸਿਆ ਕਿ ਸਾਬਕਾ ਵਿਦਿਆਰਥੀਆਂ ਨੇ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਜਿੱਥੇ ਸਕੂਲ ਦਾ ਮਾਣ ਵਧਾਇਆ ਹੈ। ਉੱਥੇ ਹੀ ਸਮੂਹ ਵਿਦਿਆਰਥੀਆਂ ਨੇ ਆਪਣੀ-ਆਪਣੀ ਥਾਂ 'ਤੇ ਸੂਬੇ, ਦੇਸ਼ ਅਤੇ ਵਪਾਰਕ ਕੰਮਾਂ ਰਾਹੀ ਸਮਾਜ ਦੀ ਸੇਵਾ ਕੀਤੀ। ਇਸ ਮੌਕੇ ਦਿਨੇਸ਼ ਸੂਦ, ਸਾਬਕਾ ਡੀ.ਐਸ.ਪੀ.ਨਾਹਰ ਸਿੰਘ ਫਤਿਹਮਾਜਰੀ, ਜੋਗਿੰਦਰਪਾਲ, ਸ਼ਸ਼ੀ ਭੂਸ਼ਣ ਸਿੰਗਲਾ, ਰਾਜਿੰਦਰ ਗਰਗ, ਰਾਜਿੰਦਰ ਪ੍ਰਸ਼ਾਦ ਆਦਿ ਬੁਲਾਰਿਆਂ ਨੇ ਜਿਥੇ ਉਨ੍ਹਾਂ ਦੇ ਰਹੇ ਅਧਿਆਪਕਾਂ ਨੂੰ ਯਾਦ ਕੀਤਾ। ਉਥੇ ਉਨ੍ਹਾਂ ਨਾਲ ਪੜ੍ਹ ਕੇ ਵਿਛੜੇ ਸਾਥੀਆਂ ਦੇ ਨਾਮ ਦੀਆਂ ਮੋਮਬਤੀਆਂ ਜਲਾ ਕੇ ਸਰਧਾਂਜਲੀ ਭੇਟ ਕੀਤੀ। ਇਸ ਮੌਕੇ ਸਕੂਲ ਪ੍ਰਿੰਸੀਪਲ ਸੁਨੀਤਾ ਗਰਗ ਨੇ ਜਿਥੇ ਸਮਾਗਮ ਵਿਚ ਸ਼ਾਮਲ ਮਹਿਮਾਨਾਂ ਦਾ ਧੰਨਵਾਦ ਕੀਤਾ ਉਥੇ ਮੈਨੇਜ਼ਮੈਂਟ ਕਮੇਟੀ ਵੱਲੋਂ ਸਾਬਕਾ ਵਿਦਿਆਰਥੀਆਂ ਨੂੰ ਸਨਮਾਨ ਚਿੰਨ ਭੇਟ ਕਰਕੇ ਸਨਮਾਨਿਤ ਵੀ ਕੀਤਾ। ਇਸ ਮੌਕੇ ਸਾਬਕਾ ਵਿਦਿਆਰਥੀ ਤਰਸੇਮ ਚੰਦ ਨੇ ਆਪਣੇ ਪਿਤਾ ਸਵ: ਰਾਮ ਮੂਰਤੀ ਪਟਵਾਰੀ ਦੀ ਯਾਦ ਵਿਚ ਸਕੂਲ ਦਾ ਇਕ ਕਮਰਾ ਬਣਾਉਣ ਦਾ ਐਲਾਨ ਕੀਤਾ।

# ਜ਼ਮੀਨ 'ਚੋਂ ਮਿੱਟੀ ਪੁੱਟ ਕੇ ਚੋਰੀ ਕਰਕੇ ਵੇਚਣ 'ਤੇ ਮਾਮਲਾ ਦਰਜ

ਪਟਿਆਲਾ, 4 ਮਈ (ਵਿਨੋਦ ਸ਼ਰਮਾ) : ਸ਼ਾਮਲਾਟ ਜ਼ਮੀਨ ਵਿੱਚੋਂ ਮਿੱਟੀ ਪੁੱਟ ਕੇ ਚੋਰੀ ਕਰਕੇ ਵੇਚਣ ਸਬੰਧੀ ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਕੋਲ ਦਫਤਰ ਬੀ.ਡੀ.ਪੀ.ਓ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਪਟਿਆਲਾ ਨੇ ਕਥਿਤ ਦੋਸ਼ੀਆਂ ਧਰਮਿੰਦਰ ਸਿੰਘ, ਸਤਵਿੰਦਰ ਸਿੰਘ , ਕੁਲਵਿੰਦਰ ਸਿੰਘ, ਅਵਤਾਰ ਸਿੰਘ, ਗੁਰਪ੍ਰੀਤ ਸਿੰਘ ਵਾਸੀ ਪਿੰਡ ਚਲੈਲਾ, ਗਨੇਸ਼ ਬਰਿਕਸ ਕੰਪਨੀ ਪਿੰਡ ਗੁਨੀਆ ਮਾਜਰਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕਥਿਤ ਦੋਸ਼ੀਆਂ ਨੇ ਪਿੰਡ ਚਲੈਲਾ ਦੀ ਸ਼ਾਮਲਾਟ ਜ਼ਮੀਨ ਵਿੱਚੋਂ ਮਿੱਟੀ ਪੁੱਟ ਕੇ ਚੋਰੀ ਕਰਕੇ ਵੇਚ ਕੇ ਸਰਕਾਰੀ ਪ੍ਰਾਪਰਟੀ ਨੂੰ ਨੁਕਸਾਨ ਪੁਹੰਚਾਇਆ ਹੈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# ਭੁੱਕੀ ਸਮੇਤ ਔਰਤ ਕਾਬੂ, ਇੱਕ ਦਿਨਾ ਪੁਲਿਸ ਰਿਮਾਂਡ 'ਤੇ

ਸਮਾਣਾ, 4 ਮਈ (ਵਿਜੇ ਕੁਮਾਰ) : ਸਿਟੀ ਪੁਲਿਸ ਨੇ ਇਕ ਔਰਤ ਨੂੰ 1 ਕਿਲੋ 800 ਗ੍ਰਾਮ ਭੁੱਕੀ ਸਣੇ ਕਾਬੂ ਕਰਕੇ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਔਰਤ ਦੀ ਪਹਿਚਾਣ ਮਨਦੀਪ ਕੌਰ ਨਿਵਾਸੀ ਪਿੰਡ ਮੁਰਾਦਪੁਰ ਵਜੋਂ ਹੋਈ। ਸਿਟੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਬ- ਇੰਸਪੈਕਟਰ ਕੁਲਦੀਪ ਸਿੰਘ ਨੇ ਪੁਲਸ ਪਾਰਟੀ ਸਣੇ ਭਵਾਨੀਗੜ੍ਹ ਰੋਡ 'ਤੇ ਗਸ਼ਤ ਦੌਰਾਨ ਮੁਲਜ਼ਮ ਵੱਲੋਂ ਗੜ੍ਹੀ ਸਾਹਿਬ ਜਾਂਦੀ ਸੂਏ ਦੀ ਕੱਚੀ ਪਟੜੀ 'ਤੇ ਭੁੱਕੀ ਵੇਚਣ ਸੰਬਧੀ ਮਿਲੀ ਸੂਚਨਾ 'ਤੇ ਰੇਡ ਕੀਤੀ ਅਤੇ 1ਕਿੱਲੋ 800 ਗ੍ਰਾਮ ਬਰਾਮਦ ਹੋਣ 'ਤੇ ਮੁਲਜ਼ਮ ਔਰਤ ਨੂੰ ਹਿਰਾਸਤ ਵਿਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮ ਔਰਤ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਹੋਰ ਪੁੱਛਗਿੱਛ ਲਈ ਇੱਕ ਦਿਨ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ।



# ਜਨਹਿੱਤ ਸੰਮਤੀ ਨੇ ਮੁਫ਼ਤ ਮੈਡੀਕਲ ਕੈਂਪ ਲਗਾਇਆ



ਪਟਿਆਲਾ, 4 ਮਈ (ਅਮਰਜੀਤ) : ਪਟਿਆਲਾ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨਹਿਤ ਸਮਿਤੀ ਵੱਲੋਂ ਮੁਫ਼ਤ ਮੈਡੀਕਲ ਜਾਂਚ ਕੈਂਪ ਬਾਰਾਦਰੀ ਗਾਰਡਨ ਪਟਿਆਲਾ ਵਿਖੇ ਜਨਹਿੱਤ ਸੰਮਤੀ ਦੇ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਦੀ ਸਰਪ੍ਰਸਤੀ ਹੇਠ ਮਣੀਪਾਲ ਹਸਪਤਾਲ ਦੀ ਟੀਮ ਦੇ ਸਹਿਯੋਗ ਨਾਲ ਲਗਾਇਆ ਗਿਆ ।ਇਸ ਕੈਂਪ 'ਚ 100 ਤੋਂ ਉਪਰ ਵਿਅਕਤੀਆਂ ਦਾ ਬੀ.ਪੀ, ਸ਼ੂਗਰ, ਈ ਸੀ ਜੀ ਅਤੇ ਜਨਰਲ ਚੈੱਕਅਪ ਕਰਕੇ ਦਵਾਈਆ ਵੰਡੀਆਂ ਗਈਆਂ । ਇਸ ਮੌਕੇ ਐਡਵੋਕੇਟ ਐਚ.ਐਨ ਮਹਿਸਮਪੁਰੀ, ਵਰਿੰਦਰ ਆਹਲੂਵਾਲੀਆ, ਪ੍ਰੋ. ਸੁਭਾਸ਼ ਚੰਦਰ ਸ਼ਰਮਾ, ਇੰਦਰਜੀਤ ਦੂਆ, ਜਤਵਿੰਦਰ ਗਰੇਵਾਲ, ਜੀ.ਐਸ.ਬੇਦੀ, ਪਰਮਜੀਤ ਸਿੰਘ, ਜਸਵੰਤ ਸਿੰਘ ਕੌਲੀ, ਸੁਨੀਲ ਵਧਵਾ, ਪੂਰਨ ਸਵਾਮੀ, ਹਰਪਾਲਮਾਨ, ਸਤੀਸ਼ ਚੰਦਰ ਜੋਸ਼ੀ ਹਾਜ਼ਰ ਸਨ। ਇਸ ਮੌਕੇ ਜਰਨਲ ਸਕੱਤਰ ਵਿਨੋਦ ਸ਼ਰਮਾ ਨੇ ਦੱਸਿਆ ਕਿ ਸੰਸਥਾ ਵਲੋਂ ਲੋੜਵੰਦ ਲੋਕਾਂ ਲਈ ਸਮੇਂ-ਸਮੇਂ ਸਿਰ ਮੈਡੀਕਲ ਕੈਂਪ, ਖ਼ੂਨਦਾਨ ਕੈਂਪਾਂ ਦਾ ਆਯੋਜਨ ਕਰਕੇ ਲੋੜਵੰਦਾਂ ਦੀ ਮਦਦ ਕੀਤੀ ਜਾਂਦੀ ਹੈ, ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਜਨਹਿੱਤ ਸੰਮਤੀ ਲੋੜਵੰਦ ਵਿਦਿਆਰਥੀਆਂ ਦੀ ਮਦਦ, ਲੋੜਵੰਦ ਲੜਕੀਆਂ ਦੇ ਵਿਆਹਾਂ ਵਿਚ ਮਦਦ, ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਕੰਬਲ, ਸਟੇਚਰ, ਦਵਾਈਆਂ, ਵੀਲਚੇਅਰ ਅਤੇ ਹੋਰ ਹਰ ਸੰਭਵ ਮਦਦ ਕੀਤੀ ਜਾਂਦੀ ਹੈ।

## ਦੇਵਮਾਨ ਵੱਲੋਂ ਢੀਂਗੀ, ਲੱਧਾਹੇੜੀ ਤੇ ਤੂੰਗਾਂ 'ਚ

# 'ਸਿੱਖਿਆ ਕ੍ਰਾਂਤੀ' ਤਹਿਤ ਵਿਕਾਸ ਕਾਰਜਾਂ ਦੇ ਉਦਘਾਟਨ

ਨਾਭਾ, 4 ਮਈ(ਗੁਰਚਰਨ ਸਿੰਘ ਚੌਧਰੀਮਾਜਰਾ) : ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਅੱਜ ਆਪਣੇ ਹਲਕੇ ਦੇ ਪਿੰਡਾਂ ਅਧੀਨ ਪੈਂਦੇ ਪਿੰਡਾਂ ਢੀਂਗੀ,ਲੱਧਾਹੇੜੀ ਅਤੇ ਤੂੰਗਾਂ ਦੇ ਸਕੂਲਾਂ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ।ਇਸ ਮੌਕੇ ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ: ਭਗਵੰਤ ਮਾਨ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਵਿੱਚ ਸਿੱਖਿਆ ਸਬੰਧੀ ਇਨਕਲਾਬੀ ਤਬਦੀਲੀਆਂ ਆ ਰਹੀਆਂ ਹਨ । ਗੁਰਦੇਵ ਸਿੰਘ ਦੇਵ ਮਾਨ ਨੇ ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢੀਂਗੀ ਵਿੱਚ 7 ਲੱਖ 51 ਹਜ਼ਾਰ ਦੀ ਲਾਗਤ ਨਾਲ ਇਕ ਕਮਰੇ ਦਾ ਉਦਆਟਨ , ਸਰਕਾਰੀ ਪ੍ਰਾਈਮਰੀ ਸਕੂਲ ਲੱਧਾਹੇੜੀ 'ਚ 7 ਲੱਖ 51 ਹਜ਼ਾਰ ਰੁਪਏ, ਸਰਕਾਰੀ ਪ੍ਰਾਈਮਰੀ ਸਕੂਲ ਲੱਧਾਹੇੜੀ 'ਚ 7 ਲੱਖ 51 ਹਜ਼ਾਰ ਰੁਪਏ, ਸਰਕਾਰੀ ਮਿਡਲ ਸਕੂਲ ਲੱਧਾਹੇੜੀ ਦੀ ਚਾਰ ਦਿਵਾਰੀ 'ਤੇ 4 ਲੱਖ 12 ਹਜ਼ਾਰ ਰੁਪਏ ਅਤੇ ਸਰਕਾਰੀ ਹਾਈ ਸਕੂਲ ਤੂੰਗਾਂ 'ਚ 4 ਲੱਖ 14 ਹਜ਼ਾਰ ਰੁਪਏ ਦੀ ਲਾਗਤ ਨਾਲ ਬਣੀ ਚਾਰ ਦਿਵਾਰੀ ਦਾ ਉਦਘਾਟਨ ਕੀਤਾ। ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਦੇ ਉਦੇਸ਼ ਨੂੰ ਲੈ ਕੇ ਪੰਜਾਬ ਸਰਕਾਰ ਨਿਰੰਤਰ ਯਤਨਸ਼ੀਲ ਹੈ। ਇਸ ਮੌਕੇ ਕੋਆਰਡੀਨੇਟਰ ਰਾਮ ਕ੍ਰਿਸ਼ਨ , ਦੇਵ ਮਾਨ ਦੇ ਭਰਾ ਕਪਿਲ ਮਾਨ, ਚੇਅਰਮੈਨ ਮਾਰਕਿਟ ਕਮੇਟੀ ਦੀਪਾ ਰਾਮਗੜ੍ਹ, ਪਿੰਡਾਂ ਦੇ ਪੰਚ , ਸਰਪੰਚ ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ, ਵਿਦਿਆਰਥੀ , ਮਾਪੇ ਅਤੇ ਹੋਰ ਪਤਵੰਤੇ ਮੌਜੂਦ ਸਨ ।

# ਤਿੰਨ ਦਿਵਸੀ ਨਾਟ ਮਹੋਤਸਵ ਦੇ ਉਦਘਾਟਨ 'ਚ ਪਦਮਸ਼੍ਰੀ ਪ੍ਰਾਣ ਸੱਭਰਵਾਲ ਬਤੌਰ ਸਨਮਾਨਤ ਮਹਿਮਾਨ ਸ਼ਾਮਲ ਹੋਏ

ਪਟਿਆਲਾ, 4 ਮਈ (ਚ.ਨ.ਸ.) : ਉੱਤਰ ਖੇਤਰੀ ਸਭਿਆਚਾਰਕ ਕੇਂਦਰ ਅਤੇ ਰਾਸ਼ਟਰੀਆ ਨਾਟਯ ਵਿਦਿਆਲਾ ਦਿੱਲੀ ਦੇ ਸਹਿਯੋਗ ਨਾਲ ਤਿੰਨ ਦਿਵਸੀ ਗਰਮ ਰੁੱਤ ਨਾਟਿ ਮਹੋਤਸਵ ਦੇ ਉਦਘਾਟਨ ਵਿੱਚ ਪਦਮ ਸ਼੍ਰੀ ਪ੍ਰਾਣ ਸੱਭਰਵਾਲ ਬਤੌਰ ਸਨਮਾਨਿਤ ਮਹਿਮਾਨ ਸ਼ਾਮਲ ਹੋਏ। ਸ਼੍ਰੀ ਅਜੇ ਕੁਮਾਰ ਦੇ ਸੰਗੀਤ ਅਤੇ ਕੁਸ਼ਲ ਨਿਰਦੇਸ਼ਨ 'ਚ ਪੇਸ਼ 'ਮਾਈ ਰੀ ਮੈਂ ਕੈਸੇ ਕਹੂੰ' ਦੇ ਕਲਕਾਰਾਂ ਨੂੰ, ਐਨ.ਜ਼ੈਡ.ਸੀ.ਸੀ.ਦੇ ਵਿਦਵਾਨ ਕੁਸ਼ਲ ਪ੍ਰਸ਼ਾਸਕ ਸ਼੍ਰੀ ਐਮ. ਫੁਰਕਾਨ ਖਾਨ ਸਾਹਿਬ ਦੇ ਨਾਲ ਸਨਮਾਨਿਤ ਕਰਦਿਆਂ, ਇਸ ਮਿਸਾਲੀ, ਦਿਲਖਿਚਵੀਂ ਪੇਸ਼ਕਾਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ। ਸ਼੍ਰੀ ਸੱਭਰਵਾਲ ਨੇ ਕਿਹਾ ਐਨ.ਜ਼ੈਡ.ਸੀ.ਸੀ. ਦੇ ਇਤਿਹਾਸ ਵਿੱਚ ਐਨ.ਐਸ.ਡੀ. ਦਾ ਪਟਿਆਲਾ ਵਿਖੇ ਇਹ ਪਹਿਲਾ ਫੈਸਟੀਵਲ ਹੈ, ਜਿਸ ਲਈ ਪਟਿਆਲਵੀਆਂ ਅਤੇ ਕਲਾਕਾਰਾਂ ਵੱਲੋਂ ਡਾਇਰੈਕਟਰ ਐਨ.ਜ਼ੈਡ.ਸੀ.ਸੀ. ਸ਼੍ਰੀ ਐਮ ਫੁਰਕਾਨ ਖਾਨ ਸਾਹਿਬ ਨੂੰ ਹਾਰਦਿਕ ਵਧਾਈ ਅਤੇ ਸ਼ੁੱਭਇਛਾਵਾਂ ਭੇਟ ਹਨ। ਸ਼੍ਰੀ ਸੱਭਰਵਾਲ ਨੇ ਦਸਿਆ ਕਿ ਦੇਸ਼ ਵਿਦੇਸ਼ਾਂ ਵਿੱਚ ਪ੍ਰਸਿੱਧ ਨੈਸ਼ਨਲ ਸਕੂਲ ਆਫ ਡਰਾਮਾ, ਜਿਸ ਨਾਲ ਉਹ ਆਪ ਮੁੱਢ ਤੋਂ ਜੁੜੇ ਹੋਏ ਹਨ, ਵੱਲੋਂ ਇਹ ਮਹੋਤਸਵ ਇੱਕ ਮਹਾਨ ਉਪਹਾਰ ਅਤੇ ਪ੍ਰੇਰਨਾ ਹੈ।



# ਪਹਿਲਗਾਮ 'ਚ ਹੋਏ ਦਹਿਸ਼ਤੀ ਹਮਲੇ ਦੀ ਨਿੰਦਾ

ਪਟਿਆਲਾ, 4 ਮਈ (ਚ.ਨ.ਸ.) : ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਪਟਿਆਲਾ ਨੇ ਕਸ਼ਮੀਰ ਦੇ ਪਹਿਲਗਾਮ ਵਿਖੇ ਹੋਏ ਦਹਿਸ਼ਤੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਿਆਂ ਕੀਤੀ ਤੇ ਇਸ ਹਮਲੇ ਵਿੱਚ ਮਾਰੇ ਗਏ ਬੇਕਸੂਰ ਲੋਕਾਂ ਦੇ ਦੁਖੀ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਹਮਦਰਦੀ ਜ਼ਾਹਿਰ ਕੀਤੀ ਹੈ। ਇਕਾਈ ਦੀ ਪ੍ਰਧਾਨ ਬੀਬੀ ਕੁਲਵੰਤ ਕੌਰ ਤੇ ਵਿੱਤ ਮੁਖੀ ਸਤੀਸ਼ ਕੁਮਾਰ ਆਲੋਵਾਲ, ਰਾਮ ਸਿੰਘ ਬੰਗ, ਗੁਰਵਿੰਦਰ ਸਿੰਘ ਅਤੇ ਓਮ ਪ੍ਰਕਾਸ਼ ਨੇ ਮੀਡੀਆ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਹਿਲਗਾਮ ਹਮਲੇ ਦੇ ਸਾਰੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ ਤੇ ਇਸ ਘਟਨਾਕ੍ਰਮ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਇਸ ਮੌਕੇ ਇਕਾਈ ਦੇ ਮੀਡੀਆ ਮੁਖੀ ਰਾਮ ਸਿੰਘ ਬੰਗ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੀ ਇਹ ਖਾਸ ਜਿੰਮੇਵਾਰੀ ਬਣਦੀ ਹੈ ਕਿਉਂਕਿ ਵੰਡ ਪਾਓ ਤਾਕਤਾਂ ਖਿਲਾਫ ਸਖਤ ਕਾਰਵਾਈ ਕਰਨ ਤਾਂ ਕਿ ਫਿਰਕੂ ਜਾਂ ਸ਼ਰਾਰਤੀ ਤੱਤਾਂ ਨੂੰ ਮੁੜ ਸਿਰ ਚੁੱਕਣ ਦਾ ਹੌਂਸਲਾ ਨਾ ਪਵੇ। ਸੁਸਾਇਟੀ ਦੇ ਆਗੂਆਂ ਨੇ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ।

# ਪੁਲਿਸ ਵੱਲੋਂ 250 ਗ੍ਰਾਮ ਸੁਲਫਾ ਬ੍ਰਾਮਦ

ਪਟਿਆਲਾ, 4 ਮਈ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਰਵੀ ਕੁਮਾਰ ਵਾਸੀ ਗਲੀ ਨੰ. 09 ਰੰਗੇ ਸ਼ਾਹ ਕਲੋਨੀ ਪਟਿਆਲਾ ਵਿਰੁੱਧ ਧਾਰਾ 20, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਇੰਦਰਜੀਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਵੱਡੀ ਨਦੀ ਪੁਲ ਸਨੌਰ ਰੋਡ ਪਟਿਆਲਾ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 250 ਗ੍ਰਾਮ ਸੁਲਫਾ ਬ੍ਰਾਮਦ ਹੋਇਆ।



# ਪਟਿਆਲਾ-ਆਸ/ਪਾਸ



'ਯੁੱਧ ਨਸ਼ਿਆਂ ਵਿਰੁੱਧ'

# ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਸਾਰਾ ਪੰਜਾਬ ਹੋਇਆ ਇਕਜੁੱਟ : ਹਰਪਾਲ ਸਿੰਘ ਚੀਮਾ

## ☛ਵਿੱਤ ਮੰਤਰੀ ਚੀਮਾ ਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਪਿੰਡਾਂ ਦੇ ਪਹਿਰੇਦਾਰਾਂ ਤੇ ਵਾਰਡ ਡਿਫੈਂਸ ਕਮੇਟੀਆਂ ਨਾਲ ਅਹਿਮ ਬੈਠਕ



ਪਟਿਆਲਾ, 4 ਮਈ (ਗੁਰਮੁੱਖ ਰੁਪਾਣਾ) : ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਐਲਾਨ ਕੀਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨਾਲ ਲੜਾਈ ਫ਼ੈਸਲਾਕੁੰਨ ਦੌਰ 'ਚ ਪੁੱਜ ਗਈ ਹੈ। ਅੱਜ ਆਪਣੇ ਕੈਬਨਿਟ ਦੇ ਸਾਥੀ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨਾਲ ਪਟਿਆਲਾ ਵਿਖੇ ਵਿਲੇਜ ਡਿਫੈਂਸ ਕਮੇਟੀਆਂ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨਾਲ ਇਕ ਅਹਿਮ ਬੈਠਕ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਅੱਜ ਨਸ਼ਿਆਂ ਵਿਰੁੱਧ ਸਾਰਾ ਪੰਜਾਬ ਇਕਜੁਟ ਹੋ ਗਿਆ ਹੈ। ਦੋਵੇਂ ਮੰਤਰੀਆਂ ਨੇ ਜ਼ੋਰ ਨਾਲ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਜਿੱਥੇ ਨਸ਼ਾ ਤਸਕਰਾਂ ਦੇ ਘਰ ਤੇ ਹੌਂਸਲੇ ਤੋੜੇ ਹਨ, ਉਥੇ ਹੀ ਪਿਛਲੀਆਂ ਸਰਕਾਰਾਂ ਨੇ ਨਸ਼ਾ ਤਸਕਰ ਪਾਲੇ ਹੋਏ ਸਨ। ਹਰਪਾਲ ਸਿੰਘ ਚੀਮਾ ਨੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਨਾਲ ਵਿਸ਼ਾਲ ਇਕੱਤਰਤਾ ਨੂੰ ਨਸ਼ਿਆਂ ਵਿਰੁੱਧ ਸਹੁੰ ਚੁਕਾਉਂਦਿਆਂ ਲੋਕਾਂ ਨੂੰ ਸੱਦਾ ਦਿੱਤਾ ਕਿ 'ਯੁੱਧ ਨਸ਼ਿਆਂ ਵਿਰੁੱਧ' ਬਣੀ ਲੋਕ ਲਹਿਰ ਨੂੰ ਕਾਮਯਾਬ ਕਰਕੇ ਦੇਸ਼ ਦਾ ਪਹਿਲਾ ਨਸ਼ਾ ਮੁਕਤ ਸੂਬਾ ਬਣਾਇਆ ਜਾਵੇ। ਵਿੱਤ ਮੰਤਰੀ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਪੱਕੀ ਠਾਣ ਲਈ ਹੈ ਕਿ ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਨੂੰ ਨਸ਼ਿਆਂ ਨਾਲ ਬਰਬਾਦ ਨਹੀਂ ਹੋਣ ਦਿੱਤਾ ਜਾਵੇਗਾ। ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਦਾ ਖੁਲਾਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰੀ 'ਚ ਕਿਸੇ ਦੀ ਵੀ ਸ਼ਮੂਲੀਅਤ ਸਾਹਮਣੇ ਆਈ ਤਾਂ ਉਹ ਬਖ਼ਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਸਿਆਸੀ ਹੋਵੇ ਜਾਂ ਅਫ਼ਸਰਸ਼ਾਹੀ 'ਚੋਂ ਹੋਵੇ। ਪੱਤਰਕਾਰਾਂ ਵੱਲੋਂ ਪੁੱਛੇ ਇਕ ਸਵਾਲ ਦੇ ਜਵਾਬ 'ਚ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਸਮੇਂ ਨਸ਼ਿਆਂ ਦੇ ਬੀਜ ਪੰਜਾਬ 'ਚ ਬੀਜੇ ਗਏ ਤੇ ਕਾਂਗਰਸ ਪਾਰਟੀ ਦੀ ਸਰਕਾਰ ਨੇ ਇਸ ਬੂਟੇ ਨੂੰ ਪਾਣੀ ਦਿੱਤਾ ਪਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹੁਣ ਇਹ ਬੂਟਾ ਜੜੋਂ ਪੁੱਟਣ ਦਾ ਤਹੱਈਆ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਮਾਨ ਸਰਕਾਰ ਪੰਜਾਬ 'ਚ ਪਾਣੀ, ਕਿਸਾਨੀ ਤੇ ਨੌਜਵਾਨੀ ਬਚਾਉਣ ਦੀ ਲੜਾਈ ਲੜ ਰਹੀ ਹੈ, ਜਦੋਂਕਿ ਭਾਜਪਾ ਪੰਜਾਬ ਦੇ ਪਾਣੀਆਂ ਉਪਰ ਡਾਕਾ ਮਾਰਨ ਲੱਗੀ ਹੈ ਪਰੰਤੂ ਪੰਜਾਬ ਸਰਕਾਰ ਅਜਿਹੀਆਂ ਕੋਝੀਆਂ ਸਾਜਸ਼ਾਂ ਦਾ ਮੂੰਹ ਤੋੜ ਜਵਾਬ ਦੇਵੇਗੀ। ਵਿੱਤ ਮੰਤਰੀ ਸ. ਚੀਮਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੀ.ਬੀ.ਐਮ.ਬੀ. ਦੇ ਮੁੱਦੇ 'ਤੇ ਲਏ ਸਖ਼ਤ ਸਟੈਂਡ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੂੰ ਪਾਣੀਆਂ ਦਾ ਅਸਲ ਰਾਖਾ ਕਰਾਰ ਦਿੰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਤਾਂ ਐਸ.ਵਾਈ.ਐਲ. ਬਣਾਉਣ ਲਈ ਇੰਦਰਾ ਗਾਂਧੀ ਨੂੰ ਚਾਂਦੀ ਦੀ ਕਹੀ ਫੜਾਈ ਸੀ ਤੇ ਬਾਅਦ 'ਚ ਪਾਣੀਆਂ ਦੇ ਅਖੌਤੀ ਰਾਖੇ ਦਾ ਢੌਂਗ ਰਚਿਆ ਸੀ। ਜਦੋਂਕਿ ਬਾਦਲਾਂ ਨੇ ਪੰਜਾਬ ਦਾ ਪਾਣੀ ਹਰਿਆਣਾ ਨੂੰ ਦੇਣ ਬਦਲੇ ਗੁੜਗਾਉਂ 'ਚ ਜ਼ਮੀਨ ਹਾਸਲ ਕੀਤੀ। ਇਸ ਤੋਂ ਪਹਿਲਾਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਜ਼ਿਲ੍ਹੇ ਦੀ ਵਿਸ਼ਾਲ ਇਕੱਤਰਤਾ ਦੇਖਦਿਆਂ ਉਮੀਦ ਪ੍ਰਗਟਾਈ ਕਿ ਪਟਿਆਲਾ ਜ਼ਿਲ੍ਹਾ ਪੰਜਾਬ ਦਾ ਪਹਿਲਾ ਨਸ਼ਾ ਮੁਕਤ ਜ਼ਿਲ੍ਹਾ ਬਣੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਸਦਕਾ ਹੁਣ ਆਮ ਆਦਮੀ ਸਿਰ ਚੁੱਕਕੇ ਤੁਰਦਾ ਹੈ ਜਦਕਿ ਨਸ਼ਾ ਤਸਕਰ ਮੂੰਹ ਛੁਪਾ ਰਹੇ ਹਨ, ਹੁਣ ਡਰੋਨ ਆਉਂਦੇ ਹਨ ਪਰ ਨਸ਼ੇ ਚੁੱਕਣ ਵਾਲੇ ਨਹੀਂ ਹੁੰਦੇ। ਉਨ੍ਹਾਂ ਨਸ਼ਾ ਤਸਕਰਾਂ ਨੂੰ ਚਿਤਾਵਨੀ ਵੀ ਦਿੱਤੀ ਕਿ ਉਹ ਜਾਂ ਪੰਜਾਬ ਛੱਡਣ ਜਾਂ ਨਸ਼ਿਆਂ ਦਾ ਕਾਲਾ ਕਾਰੋਬਾਰ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਇਹ ਬੀੜਾ ਉਠਾਇਆ ਹੈ ਕਿ ਨਸ਼ੇ ਦੇ ਆਦੀਆਂ ਦਾ ਨਸ਼ਾ ਛੁਡਾ ਕੇ ਨਸ਼ਿਆਂ ਦੀ ਮੰਗ ਘਟਾਈ ਜਾਵੇ ਤੇ ਸਪਲਾਈ ਲਾਈਨ ਤੋੜੀ ਜਾਵੇ ਤਾਂ ਕਿ ਕੋਈ ਵਿਅਕਤੀ ਨਸ਼ੇ ਦੀ ਓਵਰਡੋਜ਼ ਨਾਲ ਨਾ ਮਰੇ। ਉਨ੍ਹਾਂ ਦੱਸਿਆ ਕਿ ਰਾਜ ਅੰਦਰ ਨਸ਼ਾ ਮੁਕਤੀ ਕੇਂਦਰਾਂ ਦੇ ਬਿਸਤਰਿਆਂ ਦੀ ਗਿਣਤੀ ਤਿੱਗਣੀ ਕੀਤੀ ਜਾ ਰਹੀ ਹੈ ਅਤੇ ਸਾਰੇ ਨਸ਼ਾ ਮੁਕਤੀ ਕੇਂਦਰਾਂ ਨੂੰ ਮਾਡਲ ਬਣਾਇਆ ਜਾ ਰਿਹਾ ਹੈ ਤੇ ਹੁਨਰ ਵਿਕਾਸ ਕੇਂਦਰ ਬਣਾ ਕੇ ਨਸ਼ੇ ਦੇ ਆਦੀਆਂ ਦਾ ਨਸ਼ਾ ਛੁਡਵਾ ਕੇ ਉਨ੍ਹਾਂ ਨੂੰ ਰੁਜ਼ਗਾਰ ਨਾਲ ਜੋੜਿਆ ਜਾ ਰਿਹਾ ਹੈ। ਸਿਹਤ ਮੰਤਰੀ ਨੇ ਦੱਸਿਆ ਕਿ ਰਾਜ ਦੇ ਸਾਰੇ ਵਿਧਾਇਕ ਤੇ ਆਗੂ 7 ਮਈ ਤੋਂ ਸਾਰੇ ਪਿੰਡਾਂ 'ਚ ਜਾਣਗੇ ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਘਰ-ਘਰ ਲੈਕੇ ਜਾਇਆ ਜਾਵੇਗਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਸਾਬਕਾ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਲੋਕਾਂ ਨੂੰ ਨਸ਼ਾ ਤਸਕਰਾਂ ਦਾ ਸਮਾਜਿਕ ਬਾਈਕਾਟ ਕਰਨ ਦਾ ਸੱਦਾ ਦਿੱਤਾ। ਆਮ ਆਦਮੀ ਪਾਰਟੀ ਦੇ ਨਸ਼ਾ ਮੁਕਤੀ ਮੋਰਚੇ ਦੇ ਮਾਲਵਾ ਜੋਨ ਦੇ ਕੁਆਰਡੀਨੇਟਰ ਤੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਨੇ ਨਸ਼ਾ ਮੁਕਤੀ ਮੋਰਚੇ ਦੀ ਕਾਰਗੁਜ਼ਾਰੀ ਬਾਰੇ ਚਾਨਣਾ ਪਾਇਆ। ਡੀ.ਆਈ.ਜੀ. ਪਟਿਆਲਾ ਰੇਂਜ ਡਾ. ਨਾਨਕ ਸਿੰਘ ਨੇ ਦੱਸਿਆ ਕਿ ਪਟਿਆਲਾ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਕੀਤੀ ਕਾਰਵਾਈ ਦੱਸਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਦੀ ਜਾਣਕਾਰੀ ਪੁਲਿਸ ਨਾਲ ਜ਼ਰੂਰ ਸਾਂਝੀ ਕਰਨ ਅਤੇ ਸੇਫ ਪੰਜਾਬ ਵਟਸਐਪ ਨੰਬਰ 9779100200 'ਤੇ ਵੀ ਦੇ ਸਕਦੇ ਹਨ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਿੰਡਾਂ ਦੇ ਪਹਿਰੇਦਾਰ ਤੇ ਵਾਰਡ ਡਿਫੈਂਸ ਕਮੇਟੀਆਂ ਦੀ ਬਣਤਰ ਤੇ ਟੀਚਿਆਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪੰਜਾਬ ਸਰਕਾਰ ਦੀ ਨਸ਼ਾ ਮੁਕਤੀ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਤਤਪਰ ਹੈ। ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਚੇਤਨ ਸਿੰਘ ਜੌੜਾਮਾਜਰਾ, ਗੁਰਦੇਵ ਸਿੰਘ ਦੇਵ ਮਾਨ, ਗੁਰਲਾਲ ਘਨੌਰ, ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਨਸ਼ਾ ਮੁਕਤੀ ਮੋਰਚੇ ਦੇ ਮੁੱਖ ਬੁਲਾਰੇ ਬਲਤੇਜ ਪੰਨੂ, ਪੀ.ਆਰ.ਟੀ.ਸੀ. ਚੇਅਰਮੈਨ ਰਣਜੋਧ ਸਿੰਘ ਹਡਾਣਾ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ, ਆਪ ਦੇ ਸ਼ਹਿਰੀ ਪ੍ਰਧਾਨ ਤੇਜਿੰਦਰ ਮਹਿਤਾ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਵਾਈਸ ਚੇਅਰਮੈਨ ਕਨਵੇਅਰ ਇੰਦਰਜੀਤ ਸਿੰਘ ਸੰਧੂ, ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ, ਪੀ.ਆਰ.ਟੀ.ਸੀ. ਵਾਈਸ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ, ਮਨਿੰਦਰਜੀਤ ਵਿੱਕੀ ਘਨੌਰ, ਬਲਕਾਰ ਸਿੰਘ ਗੱਜੂਮਾਜਰਾ, ਮਹਿਗਾ ਸਿੰਘ ਬਰਾੜ, ਸੁਰਿੰਦਰਪਾਲ ਸ਼ਰਮਾ, ਯਾਦਵਿੰਦਰ ਗੋਲਡੀ ਲਾਦੇਨ, ਦਵਿੰਦਰਪਾਲ ਮਿੱਕੀ, ਪਿੰਡ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਸਾਰੇ ਹਲਕਿਆਂ ਤੋਂ ਆਏ ਮੈਂਬਰਾਂ ਸਮੇਤ ਜ਼ਿਲ੍ਹੇ ਦੇ ਪੰਚ-ਸਰਪੰਚ, ਸਮੂਹ ਕੌਂਸਲਰ, ਵੱਡੀ ਗਿਣਤੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਤੇ ਵਲੰਟੀਅਰਾਂ ਤੋਂ ਇਲਾਵਾ ਨਗਰ ਨਿਗਮ ਦੇ ਕਮਿਸ਼ਨਰ ਪਰਮਵੀਰ ਸਿੰਘ, ਏ.ਡੀ.ਸੀਜ਼ ਇਸ਼ਾ ਸਿੰਗਲ ਤੇ ਨਵਰੀਤ ਕੌਰ ਸੇਖੋਂ, ਐਸ.ਪੀ ਪਲਵਿੰਦਰ ਸਿੰਘ ਚੀਮਾ ਤੇ ਗੁਰਬੰਸ ਸਿੰਘ ਬੈਂਸ ਸਮੂਹ ਐਸ.ਡੀ.ਐਮਜ਼ ਤੇ ਹੋਰ ਜ਼ਿਲ੍ਹਾ ਅਧਿਕਾਰੀ ਮੌਜੂਦ ਸਨ।

# ਸਾਲਾਨਾ ਜੋੜ ਮੇਲ 16 ਤੋਂ

ਘਨੌਰ, 4 ਮਈ (ਰਾਜਿੰਦਰ ਸਿੰਘ ਕੰਬੋਜ): ਧੰਨ-ਧੰਨ ਅਮਰ ਸ਼ਹੀਦ ਬਾਬਾ ਅਮਰਜੀਤ ਸਿੰਘ ਅਤੇ ਬਾਬਾ ਜੰਗ ਸਿੰਘ ਜੀ ਦੀ ਮਿੱਠੀ ਅਤੇ ਨਿੱਘੀ ਯਾਦ ਨੂੰ ਸਮਰਪਿਤ ਸਾਲਾਨਾ ਜੋੜ ਮੇਲ 16 ਮਈ ਤੋਂ ਗੁਰਦੁਆਰਾ ਸਿੰਘ ਸ਼ਹੀਦਾਂ ਹਲਕਾ ਘਨੌਰ ਵਿੱਚ ਪੈਂਦੇ ਪਿੰਡ ਮੰਡੀ ਖੁਰਦ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਾਲਾਨਾ ਜੋੜ ਮੇਲ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰਬੰਧਕਾਂ ਨੇ ਦੱਸਿਆ ਕਿ ਬਾਬਾ ਹਰਬੰਸ ਸਿੰਘ ਜੀ ਮੁੱਖ ਸੇਵਾਦਾਰ ਦੇ ਸਹਿਯੋਗ ਨਾਲ 16 ਮਈ ਤੋਂ ਤਿੰਨ ਦਿਨਾਂ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦੌਰਾਨ 16 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 18 ਮਈ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਉਣ ਉਪਰੰਤ ਕੀਰਤਨ ਦਰਬਾਰ ਕਰਵਾਇਆ ਜਾਵੇਗਾ। ਜਿਸ ਵਿੱਚ ਇੰਟਰਨੈਸ਼ਨਲ ਢਾਡੀ ਜਥਾ ਭਾਈ ਮਲਕੀਤ ਸਿੰਘ ਬੀ ਏ, ਗਿਆਨੀ ਸੁਖਦੇਵ ਸਿੰਘ ਕਥਾਵਾਚਕ ਸੁਰਸਿੰਘ ਵਾਲੇ, ਗਿਆਨੀ ਚਰਨਜੀਤ ਸਿੰਘ ਕਥਾਵਾਚਕ ਗੁਰਦੁਆਰਾ ਅੰਬ ਸਾਹਿਬ ਮੋਹਾਲੀ ਵਾਲੇ, ਬਾਬਾ ਦਲਜੀਤ ਸਿੰਘ ਮੰਡੀ ਖੁਰਦ ਵਾਲੇ, ਭਾਈ ਤਰਵਿੰਦਰ ਸਿੰਘ ਜੀ ਮੰਡੀ ਖੁਰਦ ਵਾਲਿਆਂ ਤੋਂ ਇਲਾਵਾ ਹੋਰ ਬਹੁਤ ਸਾਰੇ ਰਾਗੀ ਢਾਡੀ ਅਤੇ ਕਵੀਸ਼ਰੀ ਜਥੇ ਪਹੁੰਚ ਕੇ ਆਪਣੇ ਕਥਾ ਕੀਰਤਨ ਅਤੇ ਗੁਰਮਤ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਬਿਨਾਂਹੇੜੀ ਸਕੂਲ 'ਚ ਇੰਟਰ ਹਾਊਸ ਟੂਰਨਾਮੈਂਟ ਕਰਵਾਇਆ



ਨਾਭਾ, 4 ਮਈ (ਗੁਰਚਰਨ ਸਿੰਘ ਚੌਧਰੀਮਾਜਰਾ): ਬੀਤੇ ਦਿਨੀਂ ਬੱਚਿਆਂ ਦੇ ਸਰਬਪੱਖੀ ਵਿਕਾਸ ਨੂੰ ਮੁੱਖ ਰੱਖਦੇ ਹੋਏ ਸਕੂਲ ਵਿੱਚ ਵੱਖ-ਵੱਖ ਖੇਡ ਗਤੀ ਵਿਧੀਆਂ ਦਾ ਆਯੋਜਨ ਕੀਤਾ ਗਿਆ ਅਤੇ ਬੱਚਿਆਂ ਵਿੱਚ ਖੇਡਾਂ ਦੀ ਰੁਚੀ ਨੂੰ ਪੈਦਾ ਕਰਨ ਅਤੇ ਖੇਡਾਂ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਅੰਡਰ 14 ਅਤੇ ਅੰਡਰ 19 ਟੀਮਾਂ ਦੇ ਇੰਟਰ ਹਾਊਸ ਵਾਲੀਬਾਲ ਟੂਰਨਾਮੈਂਟ ਕਰਵਾਏ ਗਏ, ਜਿਸ ਵਿੱਚ ਅੰਡਰ 14 ਅਤੇ ਅੰਡਰ 19 ਦੀਆਂ ਦੋਨਾਂ ਟੀਮਾਂ ਵਿੱਚੋਂ ਜੁਝਾਰ ਹਾਊਸ ਦੇ ਬੱਚਿਆਂ ਵੱਲੋਂ ਪਹਿਲਾਂ ਸਥਾਨ ਹਾਸਲ ਕਰਕੇ ਵਿਨਰ ਟਰਾਫੀ ਜਿੱਤੀ ਗਈ, ਜੇਤੂ ਵਿਦਿਆਰਥੀਆਂ ਨੂੰ ਸਕੂਲ ਐਮ.ਡੀ ਭੂਪਿੰਦਰ ਸਿੰਘ ਚੱਢਾ ਪ੍ਰਿੰਸੀਪਲ ਸਤਵਿੰਦਰਪ੍ਰੀਤ ਵੱਲੋਂ ਬਹੁਤ ਬਹੁਤ ਵਧਾਈ ਦਿੰਦੇ ਹੋਏ ਜੇਤੂ ਟਰਾਫੀ ਦਿੱਤੀ ਅਤੇ ਸਾਰੇ ਵਿਦਿਆਰਥੀਆਂ ਨੂੰ ਵੱਖ ਵੱਖ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਗਿਆ।

# ਵਿੱਤ ਮੰਤਰੀ ਵੱਲੋਂ ਜ਼ਿਲ੍ਹੇ ਦੇ ਸਮੂਹ ਅਧਿਕਾਰੀਆਂ ਨੂੰ ਵਿਧਾਇਕਾਂ ਤੇ ਚੁਣੇ ਨੁਮਾਇੰਦਿਆਂ ਨਾਲ ਬਿਹਤਰ ਤਾਲਮੇਲ ਕਰਕੇ ਵਿਕਾਸ ਕਾਰਜ ਨੇਪਰੇ ਚੜ੍ਹਾਉਣ ਦੀ ਹਦਾਇਤ

## ➢ਮਾਨ ਸਰਕਾਰ 'ਚ ਕਿਸੇ ਵੀ ਤਰ੍ਹਾਂ ਦਾ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਹਰਪਾਲ ਸਿੰਘ ਚੀਮਾ



ਪਟਿਆਲਾ, 4 ਮਈ (ਗੁਰਮੁੱਖ ਰੁਪਾਣਾ) : ਪੰਜਾਬ ਦੇ ਵਿੱਤ ਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਪਟਿਆਲਾ ਜ਼ਿਲ੍ਹੇ ਦੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਮੂਹ ਵਿਧਾਇਕ ਸਾਹਿਬਾਨ ਤੇ ਹੋਰ ਚੁਣੇ ਨੁਮਾਇੰਦਿਆਂ ਨਾਲ ਬਿਹਤਰ ਤਾਲਮੇਲ ਕਰਦੇ ਹੋਏ ਜ਼ਿਲ੍ਹੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਨੂੰ ਮਿਥੇ ਸਮੇਂ ਵਿੱਚ ਮੁਕੰਮਲ ਕਰਵਾਉਣਾ ਯਕੀਨੀ ਬਣਾਉਣ। ਪਟਿਆਲਾ ਜ਼ਿਲ੍ਹੇ ਦੇ ਇੰਚਾਰਜ ਮੰਤਰੀ ਵਜੋਂ ਐਡਵੋਕੇਟ ਚੀਮਾ ਨੇ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਵਿਧਾਇਕ ਪਟਿਆਲਾ ਅਜੀਤ ਪਾਲ ਸਿੰਘ ਕੋਹਲੀ, ਚੇਤਨ ਸਿੰਘ ਜੌੜਾਮਾਜਰਾ, ਗੁਰਲਾਲ ਸਿੰਘ ਘਨੌਰ, ਹਰਮੀਤ ਸਿੰਘ ਪਠਾਣਮਾਜਰਾ, ਗੁਰਦੇਵ ਸਿੰਘ ਦੇਵ ਮਾਨ, ਮੇਅਰ ਕੁੰਦਨ ਗੋਗੀਆ, ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਜੱਸੀ ਸੋਹੀਆ ਵਾਲਾ ਸਮੇਤ ਡੀ.ਆਈ.ਜੀ. ਪਟਿਆਲਾ ਰੇਂਜ ਡਾ. ਨਾਨਕ ਸਿੰਘ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ ਅਤੇ ਪੀ.ਡੀ.ਏ. ਦੇ ਸੀ.ਏ. ਮਨੀਸ਼ਾ ਰਾਣਾ ਸਮੇਤ ਹੋਰ ਜ਼ਿਲ੍ਹਾ ਅਧਿਕਾਰੀਆਂ ਨਾਲ ਪਟਿਆਲਾ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਅਤੇ ਯੁੱਧ ਨਸ਼ਿਆਂ ਵਿਰੁੱਧ ਦੀ ਜਾਇਜ਼ਾ ਬੈਠਕ 'ਚ ਸਪਸ਼ਟ ਕੀਤਾ ਕਿ ਮਾਨ ਸਰਕਾਰ ਕਿਸੇ ਵੀ ਤਰ੍ਹਾਂ ਦਾ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕਰੇਗੀ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਿਹਤ ਮੰਤਰੀ ਤੇ ਸਮੂਹ ਵਿਧਾਇਕਾਂ ਵੱਲੋਂ ਉਠਾਏ ਵੱਖ ਵੱਖ ਮੁੱਦਿਆਂ ਅਤੇ ਵਿਕਾਸ ਕਾਰਜਾਂ 'ਚ ਦੇਰੀ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਕੰਮ ਵਿੱਚ ਦੇਰੀ ਵੀ ਭ੍ਰਿਸ਼ਟਾਚਾਰ ਮੰਨਿਆ ਜਾਵੇਗਾ, ਜਿਸ ਲਈ ਸਮੂਹ ਅਧਿਕਾਰੀ ਵਿੱਤੀ ਸਾਲ 2022-23 ਤੇ 2023-24 ਦੇ ਲੰਬਿਤ ਕਾਰਜਾਂ ਬਾਰੇ ਰਿਪੋਰਟ ਸੌਂਪਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਅਧਿਕਾਰੀ ਵੱਲੋਂ ਜਾਣ ਬੁੱਝ ਕੇ ਦੇਰੀ ਜਾਂ ਅਣਗਹਿਲੀ ਕੀਤੀ ਪਾਈ ਗਈ ਤਾਂ ਉਸ ਵਿਰੁੱਧ ਕਾਰਵਾਈ ਕਰਨ ਤੋਂ ਝਿਜਕਿਆਂ ਨਹੀਂ ਜਾਵੇਗਾ। ਡਾ. ਬਲਬੀਰ ਸਿੰਘ ਨੇ ਅਰਬਨ ਅਸਟੇਟ ਦੀਆਂ ਸੜਕਾਂ ਤੇ ਵਿਕਾਸ ਕਾਰਜਾਂ ਸਮੇਤ, ਛੋਟੀ ਤੇ ਵੱਡੀ ਨਦੀ ਦੇ ਨਵੀਨੀਕਰਨ, ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਨਹਿਰੀ ਪਾਣੀ ਪ੍ਰੋਜੈਕਟ ਕਰਕੇ ਤੋੜੀਆਂ ਸੜਕਾਂ ਅਤੇ ਮੌਨਸੂਨ ਦੇ ਮੱਦੇਨਜ਼ਰ ਡਰੇਨਾਂ ਤੇ ਨਦੀਆਂ ਦੀ ਸਫ਼ਾਈ, ਚੇਤਨ ਸਿੰਘ ਜੌੜਾਮਾਜਰਾ ਨੇ ਨਾਜਾਇਜ਼ ਕੱਟੀਆਂ ਜਾ ਰਹੀਆਂ ਕਲੋਨੀਆਂ, ਹਰਮੀਤ ਸਿੰਘ ਪਠਾਨਮਾਜਰਾ ਨੇ ਪ੍ਰਸ਼ਾਸਨਿਕ ਤੇ ਵਿਕਾਸ ਕਾਰਜਾਂ ਵਿੱਚ ਦੇਰੀ, ਗੁਰਲਾਲ ਸਿੰਘ ਘਨੌਰ ਦੇ ਮਨਰੇਗਾ ਪ੍ਰੋਜੈਕਟਾਂ ਸਬੰਧੀ ਸਮੱਸਿਆਵਾਂ ਅਤੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਨਾਭਾ ਸ਼ਹਿਰ 'ਚ ਸੀਵਰੇਜ ਦੀ ਸਮੱਸਿਆ ਸਮੇਤ ਹੋਰ ਸਥਾਨਕ ਮੁੱਦੇ ਉਠਾਏ। ਇਸ 'ਤੇ ਵਿੱਤ ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਵਿਧਾਇਕ ਸਾਹਿਬਾਨਾਂ ਨੂੰ ਸਾਰੇ ਵਿਕਾਸ ਪ੍ਰੋਜੈਕਟਾਂ, ਜ਼ਿਲ੍ਹੇ ਅੰਦਰ ਪਿੰਡਾਂ ਦੇ 1204 ਛੱਪੜਾਂ ਦੀ ਸਫਾਈ ਤੇ ਪਾਣੀ ਬਦਲੀ ਬਾਰੇ ਜਾਣੂ ਕਰਵਾਉਣ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਸਕੀਮਾਂ ਦਾ ਲਾਭ ਹੇਠਲੇ ਪੱਧਰ 'ਤੇ ਲਾਭਪਾਤਰੀਆਂ ਨੂੰ ਦੇਣ ਲਈ ਵਿਧਾਇਕਾਂ ਤੇ ਚੁਣੇ ਨੁਮਾਇੰਦਿਆਂ ਨਾਲ ਤਾਲਮੇਲ ਕਰਕੇ ਕੰਮ 'ਚ ਤੇਜ਼ੀ ਲਿਆਂਦੀ ਜਾਵੇ। ਵਿੱਤ ਮੰਤਰੀ ਨੇ ਮੰਡੌਲੀ ਤੇ ਪੱਬਰਾ ਵਿਖੇ ਨਹਿਰੀ ਪਾਣੀ ਪ੍ਰੋਜੈਕਟ ਦਾ ਕਾਰਜ ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੂੰ ਇਕ ਮਹੀਨੇ 'ਚ ਮੁਕੰਮਲ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਇਸ ਕੰਮ 'ਚ ਹੋਰ ਦੇਰੀ ਲਈ ਸਬੰਧਤ ਅਧਿਕਾਰੀ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਵੇਗਾ। ਉਨ੍ਹਾਂ ਸਰਕਾਰੀ ਰਜਿੰਦਰਾ ਹਸਪਤਾਲ ਵਿਖੇ ਅੱਗ ਨਾਲ ਸੜੇ ਜਾਂ ਕਿਸੇ ਹੋਰ ਕਾਰਨ ਝੁਲਸੇ ਮਰੀਜ਼ਾਂ ਦੇ ਇਲਾਜ ਲਈ ਨਵੇਂ ਬਣਨ ਵਾਲੇ ਬਰਨ ਯੂਨਿਟ ਦੇ ਕੰਮ 'ਚ ਦੇਰੀ ਦਾ ਵੀ ਗੰਭੀਰ ਨੋਟਿਸ ਲਿਆ ਅਤੇ ਲੋਕ ਨਿਰਮਾਣ ਵਿਭਾਗ ਦੇ ਇਲੈਕਟ੍ਰਿਕ ਵਿੰਗ ਸਮੇਤ ਜਨ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਸਖਤ ਹਦਾਇਤ ਕੀਤੀ ਕਿ ਇਸ ਕੰਮ ਵਿੱਚ ਹੋਰ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਉਦਯੋਗ ਵਿਭਾਗ ਅਤੇ ਹੋਰ ਸਬੰਧਤ ਜ਼ਿਲ੍ਹਾ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਜ਼ਿਲ੍ਹੇ 'ਚ ਲੱਗੇ ਜਾਂ ਲੱਗਣ ਵਾਲੇ ਉਦਯੋਗਾਂ ਨੂੰ ਰਿਆਇਤਾਂ ਦੇਣ ਸਮੇਤ ਸਨਅਤਾਂ ਦੇ ਨਾਲ ਸਬੰਧਤ ਕੰਮਾਂ ਨੂੰ ਵੀ ਮਿੱਥੇ ਸਮੇਂ ਵਿੱਚ ਨਿਪਟਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਉਹ ਪਟਿਆਲਾ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਦੀ ਸਮੀਖਿਆ ਲਈ ਹਰੇਕ ਮਹੀਨੇ ਬੈਠਕ ਕਰਕੇ ਕੰਮਾਂ ਦੀ ਸਮੀਖਿਆ ਕਰਨਗੇ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਵਿਸ਼ਵਾਸ ਦਿਵਾਇਆ ਕਿ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਤੇ ਮੀਟਿੰਗ 'ਚ ਮਿਲੀਆਂ ਹਦਾਇਤਾਂ ਮੁਤਾਬਕ ਜ਼ਿਲ੍ਹੇ ਦੇ ਲੋਕਾਂ ਨੂੰ ਬਿਹਤਰ ਤੇ ਪਾਰਦਰਸ਼ੀ ਪ੍ਰਸ਼ਾਸਨ ਤੇ ਸਮਾਂ ਬੱਧ ਵਿਕਾਸ ਕਾਰਜ ਕਰਵਾਉਣੇ ਯਕੀਨੀ ਬਣਾਏ ਜਾਣਗੇ। ਇਸ ਮੌਕੇ ਸਾਬਕਾ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਬਲਤੇਜ ਪੰਨੂ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ, ਆਪ ਦੇ ਸ਼ਹਿਰੀ ਪ੍ਰਧਾਨ ਤੇਜਿੰਦਰ ਮਹਿਤਾ, ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ, ਬਲਕਾਰ ਸਿੰਘ ਗੱਜੂਮਾਜਰਾ, ਏ.ਡੀ.ਸੀਜ਼ ਇਸ਼ਾ ਸਿੰਗਲ ਤੇ ਨਵਰੀਤ ਕੌਰ ਸੇਖੋਂ, ਐਸ.ਪੀ ਪਲਵਿੰਦਰ ਸਿੰਘ ਚੀਮਾ ਤੇ ਗੁਰਬੰਸ ਸਿੰਘ ਬੈਂਸ ਸਮੂਹ ਐਸ.ਡੀ.ਐਮਜ਼ ਤੇ ਹੋਰ ਜ਼ਿਲ੍ਹਾ ਅਧਿਕਾਰੀ ਮੌਜੂਦ ਸਨ।

# ਵਿਧਾਇਕਾ ਨੀਨਾ ਮਿੱਤਲ ਨੇ ਰਾਜਪੁਰਾ ਰੇਲਵੇ ਲਾਈਨ 'ਤੇ ਨਵੇਂ ਬਣੇ ਆਰ.ਓ.ਬੀ. ਪੁਲ ਨੂੰ ਕੀਤਾ ਲੋਕਅਰਪਣ

## ਜਨਤਾ ਸਕੂਲ ਨੇੜੇ ਉਕਤ ਪੁਲ ਦੇ ਚਾਲੂ ਹੋਣ ਨਾਲ ਸ਼ਹਿਰ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ



ਰਾਜਪੁਰਾ, 4 ਮਈ (ਧਿਆਨ ਸਿੰਘ ਸੈਦਖੇੜੀ): ਰਾਜਪੁਰਾ ਵਾਸੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਅੱਜ ਅਖੀਰਕਾਰ ਪੂਰੀ ਹੋ ਗਈ ਜਦੋਂ ਵਿਧਾਇਕਾ ਨੀਨਾ ਮਿੱਤਲ ਨੇ ਰਾਜਪੁਰਾ ਰੇਲਵੇ ਲਾਈਨ ਉੱਤੇ ਨਵੇਂ ਬਣੇ ਰੋਡ ਓਵਰ ਬ੍ਰਿਜ (ਆਰ.ਓ.ਬੀ.) ਦਾ ਉਦਘਾਟਨ ਕੀਤਾ। ਜਨਤਾ ਸਕੂਲ ਵਾਲੇ ਓਵਰ ਬ੍ਰਿਜ ਨੂੰ ਚਾਲੂ ਕਰਕੇ ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਰਾਜਪੁਰਾ ਵਾਸੀਆਂ ਨੂੰ ਕੀਮਤੀ ਸੋਗਾਤ ਦਿੱਤੀ ਹੈ। ਇਹ ਆਧੁਨਿਕ ਢੰਗ ਨਾਲ ਨਵੀਨੀਕਰਨ ਕੀਤਾ ਗਿਆ ਬ੍ਰਿਜ 2588.80 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ। ਇਸ ਪ੍ਰਾਜੈਕਟ ਦੇ ਪੂਰੇ ਹੋਣ ਨਾਲ ਰਾਜਪੁਰਾ ਅਤੇ ਨਜ਼ਦੀਕੀ ਇਲਾਕਿਆਂ ਵਿੱਚ ਆਵਾਜਾਈ ਸੁਗਮ ਹੋਣ ਦੇ ਨਾਲ ਨਾਲ ਟ੍ਰੈਫਿਕ ਜਾਮ ਅਤੇ ਦੁਰਘਟਨਾਵਾਂ 'ਚ ਵੀ ਕਮੀ ਆਵੇਗੀ। ਵਿਧਾਇਕਾਂ ਮੈਡਮ ਨੀਨਾ ਮਿੱਤਲ ਵਲੋਂ ਰਾਜਪੁਰਾ ਚ ਜਨਤਾ ਸਕੂਲ ਨੇੜਲਾ ਰੇਲਵੇ ਪੁਲ ਆਮ ਜਨਤਾ ਦੇ ਲਈ ਖੋਲ੍ਹ ਦਿੱਤਾ ਗਿਆ। ਪੁੱਲ ਖੋਲ੍ਹੇ ਜਾਣ 'ਤੇ ਜਿੱਥੇ ਦੁਕਾਨਦਾਰਾ ਨੂੰ ਵੱਡੀ ਰਾਹਤ ਮਿਲੀ ਹੈ, ਉਥੇ ਸਰਹਿੰਦ ਤੋਂ ਰਾਜਪੁਰਾ ਸ਼ਹਿਰ ਅੰਦਰ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਟ੍ਰੈਫਿਕ ਸਮੱਸਿਆ ਤੋਂ ਨਿਜ਼ਾਤ ਮਿਲੇਗੀ। ਇਹ ਆਰ.ਓ.ਬੀ. ਲੋਕ ਨਿਰਮਾਣ ਵਿਭਾਗ ਅਤੇ ਬਿਜਲੀ ਵਿਭਾਗ, ਪੰਜਾਬ ਦੀ ਸਾਂਝੀ ਕੋਸ਼ਿਸ਼ ਅਤੇ ਮੰਤਰੀਆਂ ਦੇ ਯਤਨਾਂ ਨਾਲ ਪੂਰਾ ਕੀਤਾ ਗਿਆ ਹੈ। ਨਵੀਨੀਕਰਨ ਦੇ ਦੌਰਾਨ ਲੁੱਕ ਵਾਲਾ ਮਿਕਸਚਰ ਪਾ ਕੇ ਬ੍ਰਿਜ ਦੀ ਮਜ਼ਬੂਤ ਨੂੰ ਯਕੀਨੀ ਬਣਾਇਆ ਗਿਆ। ਉਦਘਾਟਨ ਸਮਾਗਮ ਦੌਰਾਨ ਵਿਧਾਇਕਾ ਨੀਨਾ ਮਿੱਤਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਵਾਜਾਈ ਦੇ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਆਰ.ਓ.ਬੀ. ਨਿਰਮਾਣ ਨਾ ਸਿਰਫ ਆਮ ਜਨਤਾ ਦੀ ਆਸਾਨੀ ਲਈ ਹੈ, ਬਲਕਿ ਇਹ ਵਿਕਾਸ ਦੀ ਨਵੀਂ ਰਾਹਦਾਰੀ ਵੀ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਓਵਰ ਬ੍ਰਿਜ ਦੇ ਨਿਰਮਾਣ ਦੇ ਸਮੇਂ ਦੌਰਾਨ ਨੇੜਲੀ ਮਾਰਕੀਟ ਦੇ ਦੁਕਾਨਦਾਰਾਂ ਨੂੰ ਕਾਫੀ ਪ੍ਰੇਸ਼ਾਨੀ ਝੱਲਣੀ ਪਈ ਸੀ, ਪ੍ਰੰਤੂ ਜਨਤਾ ਸਕੂਲ ਦੇ ਉਕਤ ਓਵਰ ਬ੍ਰਿਜ ਅੱਜ ਆਮ ਲੋਕਾਂ ਨੂੰ ਅਰਪਣ ਕਰਨ ਨਾਲ ਜਿਥੇ ਦੁਕਾਨਦਾਰਾਂ ਨੇ ਲਾਭ ਮਿਲੇਗਾ, ਉਥੇ ਰੋਜ਼ਮਰ੍ਹਾ ਦੇ ਕੰਮਕਾਜ ਲਈ ਸ਼ਹਿਰ ਆਉਣ ਜਾਣ ਵਾਲੇ ਰਾਹਗੀਰ ਅਤੇ ਸਕੂਲੀ ਬੱਚੇ ਦੂਰ ਦੁਰਾਡੇ ਤੋਂ ਘੁੰਮ ਕੇ ਆਪਣੇ ਸਥਾਨ ਤੇ ਪਹੁੰਚਣ ਦੀ ਬਜਾਏ ਸਿੱਧਾ ਰਸਤੇ ਘੱਟ ਸਮੇਂ ਵਿੱਚ ਪਹੁੰਚਣਗੇ। ਉਨ੍ਹਾਂ ਨੇ ਵਿਭਾਗਾਂ ਦੀ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਸ ਪ੍ਰਾਜੈਕਟ ਨੂੰ ਨਿਰਧਾਰਤ ਸਮੇਂ ਵਿੱਚ ਪੂਰਾ ਕਰਨਾ ਇਕ ਵੱਡੀ ਉਪਲਬਧੀ ਹੈ।ਸਥਾਨਕ ਨਿਵਾਸੀਆਂ ਨੇ ਵੀ ਇਸ ਪ੍ਰਾਜੈਕਟ ਦੀ ਪੂਰੀ ਹੋਣ ਉੱਤੇ ਖੁਸ਼ੀ ਜਤਾਈ ਅਤੇ ਰਾਜਪੁਰਾ ਵਿਧਾਇਕਾਂ ਮੈਡਮ ਨੀਨਾ ਮਿੱਤਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਸਨਮਾਨ ਵੀ ਕੀਤਾ। ਬ੍ਰਿਜ ਨੂੰ ਲੋਕ ਅਰਪਣ ਕਰਦੇ ਹੋਏ, ਨੀਨਾ ਮਿੱਤਲ ਨੇ ਭਵਿੱਖ ਵਿੱਚ ਹੋਰ ਵਿਕਾਸ ਪ੍ਰੋਜੈਕਟਾਂ ਦੀ ਵੀ ਘੋਸ਼ਣਾ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਅਤੇ ਪਾਰਟੀ ਅਹੁਦੇਦਾਰ ਅਤੇ ਸ਼ਹਿਰ ਦੇ ਪਤਵੰਤੇ ਸੱਜਣ ਵੱਡੀ ਗਿਣਤੀ ਵਿਚ ਮੌਜੂਦ ਸਨ।

# ਸਵੈ-ਰੁਜ਼ਗਾਰ ਸਿਖਲਾਈ ਸੈਮੀਨਾਰ ਲਗਾਇਆ



ਪਟਿਆਲਾ, 4 ਮਈ (ਦੀਪਕ ਜੈਦਕਾ) :ਪਟਿਆਲਾ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨਹਿਤ ਸਮਿਤੀ ਵੱਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਦੀ ਸਰਪ੍ਰਸਤੀ ਹੇਠ ਪ੍ਰਭਾਤ ਪ੍ਰਵਾਨਾ ਹਾਲ ਵਿਖੇ ਇਕ ਸਵੈ ਰੁਜ਼ਗਾਰ ਸਿਖਲਾਈ ਸੈਮੀਨਾਰ ਲਗਾਇਆ ਗਿਆ। ਇਸ ਸੈਮੀਨਾਰ ਵਿੱਚ 70 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਇਸ ਸੈਮੀਨਾਰ ਵਿਚ ਥਾਪਰ ਕਾਲਜ ਦੇ ਬੱਚਿਆਂ ਵੱਲੋਂ ਅਪਣਾ ਰੋਜ਼ਗਾਰ ਸ਼ੁਰੂ ਕਰਨ ਲਈ ਅਹਿਮ ਜਾਣਕਾਰੀ ਦਿੱਤੀ ਗਈ। ਇਸ ਮੌਕੇ ਪ੍ਰਧਾਨ ਐਸ ਕੇ ਗੌਤਮ ਨੇ ਆਏ ਹੋਏ ਸਾਰੇ ਬੱਚਿਆਂ ਦਾ ਵੈਲਕਮ ਕੀਤਾ ਤੇ ਕਿਹਾ ਕਿ ਅੱਜ ਦੇ ਯੁੱਗ ਵਿਚ ਸਵੈ ਰੋਜ਼ਗਾਰ ਬਹੁਤ ਜ਼ਰੂਰੀ ਹੈ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਸਮਾਜ ਸੇਵਿਕਾ ਮੈਡਮ ਸਤਇੰਦਰਪਾਲ ਕੌਰ ਵਾਲੀਆ, ਮਾਣਿਕ ਸਿੰਗਲਾ, ਪ੍ਰੀਤ ਮੋਹਨ ਸਿੰਘ, ਸਤੀਸ਼ ਜੋਸ਼ੀ ਨੇ ਸ਼ਿਰਕਤ ਕੀਤੀ । ਇਸ ਮੌਕੇ ਜਰਨਲ ਸਕੱਤਰ ਵਿਨੋਦ ਸ਼ਰਮਾ ਜੀ ਨੇ ਦੱਸਿਆ ਕਿ ਆਉਣ ਵਾਲੇ ਸਮੇ ਵਿਚ ਸੰਸਥਾ ਵੱਲੋਂ ਅਜਿਹੇ ਸੈਮੀਨਾਰ ਲਗਾਏ ਜਾਂਦੇ ਰਹਿਣਗੇ ਤਾਂ ਜੋ ਨੌਜਵਾਨ ਬੱਚਿਆਂ ਨੂੰ ਪ੍ਰੇਰਣਾ ਮਿਲਦੀ ਰਹੇ ਇਸ ਤੋਂ ਇਲਾਵਾ ਸੰਸਥਾ ਵੱਲੋਂ ਲੋੜਵੰਦ ਲੋਕਾਂ ਲਈ ਸਮੇਂ-ਸਮੇਂ ਸਿਰ ਮੈਡੀਕਲ ਕੈਂਪ, ਖ਼ੂਨਦਾਨ ਕੈਂਪਾਂ ਦਾ ਆਯੋਜਨ ਕਰਕੇ ਲੋੜਵੰਦਾਂ ਦੀ ਮਦਦ ਕੀਤੀ ਜਾਂਦੀ ਹੈ, ਪਟਿਆਲਾ ਜ਼ਿਲ੍ਹੇ ਵਿੱਚ ਲੋੜਵੰਦਾਂ ਦੀ ਮਦਦ ਲਈ ਵੀਲਚੇਅਰ, ਟਰਾਈਸਾਈਕਲ, ਲੋੜਵੰਦ ਵਿਦਿਆਰਥੀਆਂ ਦੀ ਮਦਦ, ਲੋੜਵੰਦ ਲੜਕੀਆਂ ਦੇ ਵਿਆਹਾਂ ਵਿਚ ਮਦਦ, ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਕੰਬਲ, ਸਟੇਚਰ, ਦੀਵਾਈਆਂ, ਵੀਲਚੇਅਰ ਅਤੇ ਹੋਰ ਹਰ ਸੰਭਵ ਮਦਦ ਕੀਤੀ ਜਾਂਦੀ ਹੈ ।

# 900 ਗ੍ਰਾਮ ਭੁੱਕੀ ਸਮੇਤ ਔਰਤ ਕਾਬੂ

ਸਮਾਣਾ, 4 ਮਈ (ਵਿਜੇ ਕੁਮਾਰ) ਯੁੱਧ ਨਸ਼ਿਆ ਵਿਰੁੱਧ ਅਭਿਆਨ ਤਹਿਤ ਘੱਗਾ ਪੁਲਸ ਨੇ ਇੱਕ ਮਾਮਲੇ 'ਚ ਭੁੱਕੀ ਚੂਰਾ ਵੇਚਣ ਦੇ ਕਾਰੋਵਾਰ 'ਚ ਲੱਗੀ ਇੱਕ ਔਰਤ ਨੂੰ 900 ਗ੍ਰਾਮ ਭੁੱਕੀ ਸਣੇ ਕਾਬੂ ਕਰਕੇ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਔਰਤ ਦੀ ਪਹਿਚਾਨ ਕੰਤੋ ਦੇਵੀ ਪਤਨੀ ਜਸਵੀਰ ਸਿੰਘ ਨਿਵਾਸੀ ਪਿੰਡ ਦੇਦਨਾ ਵਜੋਂ ਹੋਈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਘੱਗਾ ਪੁਲਸ ਦੇ ਏ. ਐਸ. ਆਈ. ਸੇਰ ਸਿੰਘ ਨੇ ਪੁਲਸ ਪਾਰਟੀ ਸਣੇ ਪਿੰਡ ਦੇਦਨਾ 'ਚ ਗਸਤ ਦੌਰਾਨ ਮੁਲਜ਼ਮ ਔਰਤ ਕੰਤੋ ਦੇਵੀ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਅਤੇ ਚੈੱਕ ਕਰਨ 'ਤੇ ਉਸ ਕੋਲੋ 900 ਗਰਾਮ ਭੁੱਕੀ ਬਰਾਮਦ ਹੋਣ ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮੁਲਜ਼ਮ ਔਰਤ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰ ਮਿਲੇ ਹੁਕਮ ਅਨੁਸਾਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

# ਤੇਜ਼ ਰ.ਫਤਾਰ ਟਰੱਕ ਦੀ ਟੱਕਰ ਨਾਲ ਗੱਡੀ ਦਾ ਨੁਕਸਾਨ

ਪਟਿਆਲਾ, 4 ਮਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਪਾਰੀਤੋਸ਼ ਗੋਰੀ ਪੁੱਤਰ ਮਨੋਜ ਕੁਮਾਰ ਵਾਸੀ ਗਲੀ ਨੰ. 1-ਏ/5 ਗੁਰੂ ਨਾਨਕ ਨਗਰ ਪਟਿਆਲਾ ਨੇ ਟਰੱਕ ਦੇ ਅਣਪਛਾਤੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਦੋਸਤ ਸਮੇਤ ਕਾਰ 'ਤੇ ਸਵਾਰ ਹੋ ਕੇ ਸਾਧੂ ਬੇਲਾ ਰੋਡ ਅਰਬਨ ਅਸਟੇਟ ਪਟਿਆਲਾ ਕੋਲ ਜਾ ਰਿਹਾ ਸੀ, ਜੋ ਕਥਿਤ ਦੋਸ਼ੀ ਡਰਾਇਵਰ ਨੇ ਆਪਣਾ ਟਰੱਕ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੀ ਗੱਡੀ ਵਿੱਚ ਮਾਰਿਆ, ਜਿਸ ਕਾਰਨ ਗੱਡੀ ਦਾ ਨੁਕਸਾਨ ਹੋ ਗਿਆ। ਪੁਲਿਸ ਨੇ ਧਾਰਾ 281,324(5) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਦੁਕਾਨ ਦੇ ਬਾਹਰੋਂ ਸਮਾਨ ਚੋਰੀ

ਪਟਿਆਲਾ, 4 ਮਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਕੋਲ ਨਰੇਸ਼ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਅਜਾਦ ਨਗਰ ਪਟਿਆਲਾ ਨੇ ਕਥਿਤ ਦੋਸ਼ੀਆਂ ਵਿੱਕੀ ਵਾਸੀ ਗਲੀ ਨੰ. 6 ਭਾਰਤ ਨਗਰ ਪਟਿਆਲਾ, ਹਰਮਨ ਸਿੰਘ ਵਾਸੀ ਪਿੰਡ ਜਲਬੇੜਾ ਥਾਣਾ ਸਨੌਰ, ਰੂਪਨ ਸਿੰਘ ਵਾਸੀ ਸ਼ਕਤੀ ਨਗਰ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੀ ਬਾਂਸਲ ਕਰਿਆਨਾ ਸਟੋਰ ਦੇ ਨਾਮ 'ਤੇ ਬੰਨਾ ਰੋਡ ਪਟਿਆਲਾ ਵਿਖੇ ਹੈ। ਕਥਿਤ ਦੋਸ਼ੀ ਬਿਨ੍ਹਾ ਨੰਬਰੀ ਮੋਟਰਸਾਈਕਲ 'ਤੇ ਆਏ ਅਤੇ ਉਸ ਦੀ ਦੁਕਾਨ ਦੇ ਬਾਹਰ ਰੱਖੇ ਚੋਲਾ ਦੇ 2 ਕੱਟੇ ਵਜਨੀ 30/30 ਕਿਲੋ ਚੋਰੀ ਕਰਕੇ ਲੈ ਗਏ। ਪੁਲਿਸ ਨੇ ਧਾਰਾ 303 (2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ।

# ਮਿਹਨਤ ਹੀ ਸ.ਫਲਤਾ ਦੀ ਕੁੰਜੀ : ਹਰਚੰਦ ਸਿੰਘ ਬਰਸਟ

## ਪਟਿਆਲਾ ਸੋਸ਼ਲ ਵੈਲਫੇਅਰ ਸੁਸਾਇਟੀ ਵੱਲੋਂ ਸਰਕਾਰੀ ਮਹਿੰਦਰਾ ਕਾਲਜ ਵਿਖੇ ਸਨਮਾਨ ਸਮਾਰੋਹ

*ਯੂ.ਪੀ.ਐੱਸ.ਸੀ. ਦੀ ਪ੍ਰੀਖਿਆ ਪਾਸ ਕਰਨ ਵਾਲੇ ਲਾਰਸਨ ਸਿੰਗਲਾ ਦਾ ਸਨਮਾਨ*



ਪਟਿਆਲਾ, 4 ਮਈ (ਰੁਪਾਣਾ) : ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਅਧਿਆਪਕਾਂ, ਡਾਕਟਰਾਂ ਅਤੇ ਸਮਾਜ ਦੀ ਭਲਾਈ ਵਿੱਚ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕਰਨ ਲਈ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਵਿੱਚ ਸ. ਹਰਚੰਦ ਸਿੰਘ ਬਰਸਟ, ਚੇਅਰਮੈਨ ਪੰਜਾਬ ਮੰਡੀ ਬੋਰਡ ਅਤੇ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ (ਆਪ), ਪੰਜਾਬ ਵੱਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਇਸ ਦੌਰਾਨ ਅਧਿਆਪਕਾਂ, ਡਾਕਟਰਾਂ ਅਤੇ ਹੋਰ ਮਾਣਯੋਗ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸਦੇ ਨਾਲ ਹੀ ਸ. ਬਰਸਟ ਵੱਲੋਂ ਯੂਪੀਐਸਸੀ ਦੀ ਪ੍ਰੀਖਿਆ ਪਾਸ ਕਰਨ ਵਾਲੇ ਲਾਰਸਨ ਸਿੰਗਲਾ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸ. ਬਰਸਟ ਨੇ ਲਾਰਸਨ ਸਿੰਗਲਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈਆਂ ਦਿੰਦਿਆਂ ਹੋਇਆਂ ਕਿਹਾ ਕਿ ਲਾਰਸਨ ਸਿੰਗਲਾ ਨੇ ਯੂਪੀਐਸਸੀ ਦੀ ਪ੍ਰੀਖਿਆ ਪਾਸ ਕਰਕੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮਿਹਨਤ ਹੀ ਕਾਮਯਾਬੀ ਦੀ ਕੁੰਜੀ ਹੈ ਅਤੇ ਨੌਜਵਾਨਾਂ ਨੂੰ ਆਪਣਾ ਟੀਚਾ ਨਿਰਧਾਰਿਤ ਕਰਕੇ ਉਸ ਨੂੰ ਹਾਸਲ ਕਰਨ ਲਈ ਪੂਰੀ ਮਿਹਨਤ ਕਰਨੀ ਚਾਹੀਦੀ ਹੈ, ਤਾਂ ਜੋ ਉਹ ਕਾਮਯਾਬ ਹੋ ਕੇ ਸਮਾਜ ਦੀ ਭਲਾਈ ਵਿੱਚ ਆਪਣਾ ਯੋਗਦਾਨ ਪਾ ਸਕਣ। ਉਨ੍ਹਾਂ ਸਾਰਿਆਂ ਨੂੰ ਸਮਾਜ ਦੀ ਭਲਾਈ ਲਈ ਅੱਗੇ ਆ ਕੇ ਵਿਸ਼ੇਸ਼ ਯੋਗਦਾਨ ਦੇਣ ਦੀ ਅਪੀਲ ਕੀਤੀ। ਚੇਅਰਮੈਨ ਨੇ ਕਿਹਾ ਕਿ ਪੰਜਾਬ ਵਿੱਚੋਂ ਨਸ਼ੇ ਦੇ ਖਾਤਮੇ ਲਈ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ, ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਇਆ ਜਾ ਸਕੇ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਉਣ ਅਤੇ ਲੋਕਾਂ ਨੂੰ ਵੀ ਇਸ ਸਬੰਧੀ ਜਾਗਰੂਕ ਕਰਨ। ਉਨ੍ਹਾਂ ਕਿਹਾ ਕਿ ਬਚਿੱਆਂ ਨੂੰ ਐਨਰਜੀ ਡਰਿੰਕ ਤੋਂ ਵੀ ਦੂਰ ਰੱਖਣ ਦੀ ਲੋੜ ਹੈ। ਬੱਚੇ ਸ਼ੁਰੂਆਤ ਵਿੱਚ ਤਾਂ ਐਨਰਜੀ ਡਰਿੰਕ ਪੀ ਲੈਂਦੇ ਹਨ, ਪਰ ਫਿਰ ਉਹ ਇਸ ਦੇ ਆਦਿ ਹੋ ਜਾਂਦੇ ਹਨ। ਇਹ ਐਨਰਜੀ ਡਰਿੰਕ ਬੱਚਿਆਂ ਲਈ ਹਾਨੀਕਾਰਕ ਸਾਬਤ ਹੁੰਦਾ ਹੈ। ਉਨ੍ਹਾਂ ਸਾਰਿਆਂ ਨੂੰ ਹਰੀਆਂ ਸਬਜ਼ੀਆਂ ਅਤੇ ਫਲ ਖਾਣ ਲਈ ਪ੍ਰੇਰਿਤ ਕੀਤਾ ਤਾਂ ਜੋ ਤੰਦਰੁਸਤ ਰਹਿ ਕੇ ਇੱਕ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਮੌਕੇ ਉਹਨਾਂ ਨੇ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਸਮਾਜ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਵੀ ਸ਼ਲਾਘਾ ਕੀਤੀ। ਅੰਤ ਵਿੱਚ ਸੁਸਾਇਟੀ ਮੈਂਬਰਾਂ ਵੱਲੋਂ ਸ. ਬਰਸਟ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਨਜੀਤ ਸਿੰਘ ਨਾਰੰਗ ਆਈ.ਏ.ਐਸ. ਰਿਟ., ਵਿਜੇ ਕੁਮਾਰ ਗੋਇਲ ਪ੍ਰਧਾਨ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ, ਡਾ. ਪਰਸ਼ੋਤਮ ਗੋਇਲ ਜਨਰਲ ਸਕੱਤਰ, ਅਜੀਤ ਸਿੰਘ ਭੱਟੀ, ਹਰਬੰਸ ਬਾਂਸਲ, ਡਾ. ਅਨਿਲ ਗੋਇਲ, ਡਾ. ਗੀਨਾ ਗੋਇਲ, ਸੰਤੋਸ਼ ਸਿੰਗਲਾ, ਬਲਰਾਜ ਸ਼ਰਮਾ, ਡਾ. ਅਮ੍ਰਿਤ ਸਮਰਾ, ਪ੍ਰੋ. ਸੰਦੀਪ, ਡਾ. ਮਨਮੋਹਨ, ਤਰਸੇਮ ਮਿੱਤਲ ਸਮਤੇ ਹੋਰ ਲੋਕ ਵੀ ਮੌਜੂਦ ਰਹੇ।

# ਵੱਖ-ਵੱਖ ਥਾਵਾਂ ਤੋਂ ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 4 ਮਈ (ਵਿਨੋਦ ਸ਼ਰਮਾ) : ਪੁਲਿਸ ਨੇ ਵੱਖ-ਵੱਖ ਥਾਵਾਂ ਤੋਂ ਨਸ਼ੀਲਾ ਪਾਊਡਰ ਬ੍ਰਾਮਦ ਕੀਤਾ ਹੈ। ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸਿਮਰਨਜੀਤ ਸਿੰਘ ਵਾਸੀ ਗਲੀ ਨੰ. 6 ਗਾਂਧੀ ਨਗਰ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ. ਚੈਨਸੁੱਖ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪੁੱਡਾ ਗਰਾਊਂਡ ਪਟਿਆਲਾ ਕੋਲ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 15 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

ਇਸੇ ਤਰ੍ਹਾਂ ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਰਾਜਨ ਵਾਸੀ ਬਡੂੰਗਰ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਸੂਬਾ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਨਜ਼ੂਲ ਕਲੋਨੀ ਪਟਿਆਲਾ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ 22 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

# ਮਹਿੰਦਰਾ ਕਾਲਜ 'ਚ ਲੋਕ ਕਹਾਣੀ 'ਦਾਸਤਾਨ-ਏ-ਚੌਬੋਲੀ' ਦੀ ਪੇਸ਼ਕਾਰੀ

ਪਟਿਆਲਾ, 4 ਮਈ (ਰੁਪਾਣਾ) : ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿੱਚ ਬੀਤੇ ਦਿਨੀਂ ਮੌਖਿਕ ਕਹਾਣੀ ਸੁਣਾਉਣ ਦੀ ਇੱਕ ਵਿਸ਼ੇਸ਼ ਸ਼ਾਮ ਦੇਖਣ ਨੂੰ ਮਿਲੀ ਜਦੋਂ ਮੁੰਨਾ ਧੀਮਾਨ ਅਤੇ ਨੂਰ ਰਾਪਰੀਆ, ਜਿਨ੍ਹਾਂ ਨੇ ਦਸਤੰਗੋਈ ਕਲਾ ਨੂੰ ਕਾਲਜ ਦੇ ਖਚਾਖਚ ਭਰੇ ਸਭਾ ਭਵਨ ਵਿਖੇ ਦਰਸ਼ਕਾਂ ਦੇ ਸਾਹਮਣੇ ਦਾਸਤਾਨ-ਏ-ਚੌਬੋਲੀ ਰਾਹੀਂ ਪੇਸ਼ ਕੀਤਾ। ਮਹਾਨ ਰਾਜਸਥਾਨੀ ਲੋਕ ਕਹਾਣੀ ਚੌਬੋਲੀ ਦੀ ਦਾਸਤਾਨ-ਏ-ਚੌਬੋਲੀ ਪੇਸ਼ਕਾਰੀ, ਪ੍ਰਸਿੱਧ ਰਾਜਸਥਾਨੀ ਲੇਖਕ ਵਿਜੇਦਾਨ ਦੇਥਾ ਦੁਆਰਾ ਰਚਿਤ ਸੰਸਕਰਣ 'ਤੇ ਅਧਾਰਤ ਹੈ। ਕਹਾਣੀ ਚੌਬੋਲੀ ਨਾਮ ਦੀ ਇੱਕ ਰਾਜਕੁਮਾਰੀ 'ਤੇ ਕੇਂਦਰਿਤ ਹੈ ਜਿਸਨੇ ਸਹੁੰ ਖਾਧੀ ਹੈ ਕਿ ਉਹ ਸਿਰਫ ਇੱਕ ਅਜਿਹੇ ਆਦਮੀ ਨਾਲ ਵਿਆਹ ਕਰੇਗੀ ਜੋ ਉਸਨੂੰ ਇੱਕ ਰਾਤ ਵਿੱਚ ਚਾਰ ਵਾਰ ਬੋਲ ਸਕਦਾ ਹੈ। ਚੌਵੀ ਰਾਜਕੁਮਾਰਾਂ ਦੇ ਯਤਨਾਂ ਅਤੇ ਅਸਫਲਤਾ ਤੋਂ ਬਾਅਦ, ਇੱਕ ਬਹਾਦਰ ਅਤੇ ਬਹਾਦਰ ਠਾਕੁਰ, ਜੋ ਹਰ ਰੋਜ਼ ਆਪਣੀ ਪਤਨੀ ਦੇ ਨੱਕ ਦੀ ਨੱਥ ਵਿੱਚ 108 ਤੀਰ ਚਲਾਉਣ ਲਈ ਮਸ਼ਹੂਰ ਸੀ, ਆਪਣੀ ਕਿਸਮਤ ਅਜ਼ਮਾਉਂਦਾ ਹੈ। ਇੱਕ ਕਹਾਣੀ ਦੇ ਅੰਦਰ ਇੱਕ ਕਹਾਣੀ, ਚੌਬੋਲੀ ਭਾਰਤੀ ਜੀਵਨ 'ਤੇ ਇੱਕ ਮਜ਼ਾਕੀਆ, ਕੌੜਾ ਅਤੇ ਗੀਤਕਾਰੀ ਰੂਪ ਹੈ। ਦਾਸਤਾਨ ਮਹਿਮੂਦ ਫਾਰੂਕੀ ਦੁਆਰਾ ਰੂਪਾਂਤਰਿਤ ਅਤੇ ਨਿਰਦੇਸ਼ਿਤ ਕੀਤਾ ਗਿਆ ਹੈ ਅਤੇ ਮੁੰਨਾ ਧੀਮਾਨ ਅਤੇ ਨੂਰ ਰਾਪਰੀਆ ਦੁਆਰਾ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਹ ਪ੍ਰੋਗਰਾਮ ਪ੍ਰਿੰਸੀਪਲ ਡਾ. ਮਨਿੰਦਰ ਸਿੱਧੂ ਦੀ ਦੂਰਦਰਸ਼ੀ ਅਗਵਾਈ ਹੇਠ ਰਾਸਾ ਦੇ ਸਹਿਯੋਗ ਨਾਲ ਕਾਲਜ ਵੱਲੋਂ ਆਪਣੇ 150ਵੇਂ ਵਰ੍ਹੇਗੰਢ ਦੇ ਜਸ਼ਨਾਂ ਦੇ ਇੱਕ ਹਿੱਸੇ ਵਜੋਂ ਆਯੋਜਿਤ ਕੀਤਾ ਗਿਆ ਸੀ। ਇਸ ਸ਼ੋਅ ਦਾ ਕਾਲਜ ਫੈਕਲਟੀ, ਮੌਜੂਦਾ ਅਤੇ ਸਾਬਕਾ ਵਿਦਿਆਰਥੀਆਂ ਸਮੇਤ ਲਗਭਗ 250 ਲੋਕਾਂ ਨੇ ਆਨੰਦ ਮਾਨਿਆ ।